# ਸਿੱਖ ਆਚਾਰ ਵਿਹਾਰ: ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਵਿਸ਼ੇਸ਼ ਹਵਾਲੇ ਨਾਲ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਸੋਸ਼ਲ ਸਾਇੰਸਿਜ਼ ਫੈਕਲਟੀ ਅਧੀਨ

ਪੀਐੱਚ.ਡੀ. ਦੀ ਡਿਗਰੀ ਲਈ ਪ੍ਰਸਤੁਤ

**ਖੋਜ-ਪ੍ਰਬੰਧ**

(2020)


**ਨਿਗਰਾਨ**

ਡਾ. ਅਮਰਜੀਤ ਸਿੰਘ

ਪ੍ਰਿੰਸੀਪਲ

ਗੁਰੂ ਕਾਸ਼ੀ, ਗੁਰਮਤਿ ਇੰਸਟੀਚਿਊਟ,

ਤਲਵੰਡੀ ਸਾਬੋ

**ਖੋਜਾਰਥੀ**

ਮੇਜਰ ਸਿੰਘ

**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**


Scanned by CamScanner

# ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਮੇਜਰ ਸਿੰਘ ਨੇ ਪ੍ਰਸਤੁਤ ਖੋਜ-ਪ੍ਰਬੰਧ **'ਸਿੱਖ ਆਚਾਰ ਵਿਹਾਰ: ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਵਿਸ਼ੇਸ਼ ਹਵਾਲੇ ਨਾਲ'** ਮੇਰੀ ਨਿਗਰਾਨੀ ਅਧੀਨ ਸੰਪੂਰਨ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਰਚਨਾ ਹੈ ਅਤੇ ਉਸ ਦੀ ਮਿਹਨਤ ਦਾ ਪ੍ਰਤਿਫ਼ਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਪੀਐੱਚ.ਡੀ. ਦੀ ਡਿਗਰੀ ਲਈ ਯੋਗ ਸਮਝਦੇ ਹੋਏ ਮੁਲਾਂਕਣ ਲਈ ਪ੍ਰਸਤੁਤ ਕਰਨ ਦੀ ਪ੍ਰਵਾਨਗੀ ਦਿੰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ-ਪ੍ਰਬੰਧ ਕਿਸੇ ਡਿਗਰੀ ਜਾਂ ਡਿਪਲੋਮੇ ਲਈ ਪੇਸ਼ ਨਹੀਂ ਕੀਤਾ ਗਿਆ।

ਮਿਤੀ 09-07-2020

ਨਿਗਰਾਨ

Scanned by CamScanner

# ਕਵੀ ਸੰਤੋਖ ਸਿੰਘ ਦਾ ਜੀਵਨ ਅਤੇ ਰਚਨਾ ਸੰਸਾਰ

ਸਿੱਖ ਅਕਾਦਮਿਕਤਾ ਦੀ ਨਿਰੰਤਰਤਾ ਵਿਚ ਵੱਖ-ਵੱਖ ਸਿੱਖ ਚਿੰਤਕਾਂ ਨੇ ਸਮੇਂ-ਸਮੇਂ 'ਤੇ ਅਹਿਮ ਤੇ ਉਸਾਰੂ ਰੋਲ ਅਦਾ ਕੀਤਾ ਹੈ। ਅਜਿਹੀਆਂ ਸ਼ਖ਼ਸੀਅਤਾਂ ਸਿੱਖ ਧਰਮ ਦੇ ਸਥਾਪਤ ਹੋਏ ਸਦੀਵੀ ਅੰਗ ਵਾਂਗ ਹਨ ਜੋ ਸਿੱਖ ਵਿਰਾਸਤ ਦਾ ਫ਼ਖ਼ਰ ਹਨ। ਭਾਈ ਗੁਰਦਾਸ ਜੀ ਤੋਂ ਆਰੰਭ ਹੋਣ ਵਾਲੀ ਸਿੱਖ ਵਿਦਵਾਨਾਂ ਦੀ ਲੜੀ ਨੇ ਸਿੱਖ ਧਰਮ ਦੀ ਅਕਾਦਮਿਕ ਪੱਖ ਤੋਂ ਆਪਣੀ ਕਲਮ ਰਾਹੀਂ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਵਿਚ ਯੋਗਦਾਨ ਪਾਇਆ। ਅਜਿਹੇ ਸਿੱਖ ਵਿਦਵਾਨਾਂ ਵਿਚ ਭਾਈ ਸੰਤੋਖ ਸਿੰਘ ਦਾ ਇਕ ਅਹਿਮ ਸਥਾਨ ਹੈ। ਉਹ ਸਿੱਖ ਧਰਮ ਦੇ ਅਜਿਹੇ ਗੂੜ੍ਹ ਚਿੰਤਕ ਸਨ, ਜਿੰਨ੍ਹਾਂ ਦੀਆਂ ਰਚਨਾਵਾਂ ਵਿੱਚੋਂ ਉਨ੍ਹਾਂ ਦੀ ਵਿਦਵਤਾ ਦੇ ਦੀਦਾਰੇ ਕੀਤੇ ਜਾ ਸਕਦੇ ਹਨ। ਉਨ੍ਹਾਂ ਨੇ ਸਿੱਖ ਧਰਮ ਨੂੰ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਰੂਪ ਵਿਚ ਇਕ ਮਹਾਨ ਵਡ-ਅਕਾਰੀ ਇਤਿਹਾਸਕ ਕਾਵਿ ਗ੍ਰੰਥ ਪ੍ਰਦਾਨ ਕੀਤਾ ਜੋ ਇਸ ਦੇ ਰਚਨਾ ਕਾਲ ਤੋਂ ਹੀ ਸਿੱਖ ਧਰਮ ਦੇ ਸ਼ਰਧਾਵਾਨਾਂ ਲਈ ਪਠਨ-ਪਾਠਨ ਦਾ ਵਿਸ਼ਾ ਰਿਹਾ ਹੈ। ਇਸ ਅਧਿਆਇ ਵਿਚ ਭਾਈ ਸੰਤੋਖ ਸਿੰਘ ਦੇ ਜੀਵਨ ਅਤੇ ਉਨ੍ਹਾਂ ਦੀਆਂ ਰਚਨਾਵਾਂ ਬਾਰੇ ਇਕ ਸੰਖੇਪ ਜਾਣਕਾਰੀ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।

**ਜਨਮ**

ਭਾਈ ਸੰਤੋਖ ਸਿੰਘ ਦਾ ਜਨਮ ਭਾਈ ਦੇਵਾ ਸਿੰਘ[1] ਦੇ ਘਰ, ਮਾਤਾ ਰਾਜਦੇਈ ਦੀ ਕੁੱਖੋਂ ਨੂਰ ਦੀ ਸਰਾਂ ਵਿਖੇ ਹੋਇਆ।[2] ਨੂਰ ਦੀ ਸਰਾਂ ਤਰਨਤਾਰਨ ਤੋਂ ਝਬਾਲ ਵਾਲੇ ਪਾਸੇ 6.04 ਕਿਲੋਮੀਟਰ 'ਤੇ ਹੈ। ਇਹ ਪਿੰਡ ਉਸੇ ਨੂਰਦੀਨ ਦੇ ਨਾਂ 'ਤੇ ਬੰਨ੍ਹਿਆ ਗਿਆ ਸੀ ਜਿਸ ਦਾ ਪੁੱਤਰ ਅਮੀਰਦੀਨ ਤਰਨਤਾਰਨ ਦੇ ਸਰੋਵਰ ਲਈ ਬਣਾਈਆਂ ਇੱਟਾਂ ਨੂੰ ਧਿੰਗੋ-ਜ਼ੋਰੀ ਆਪਣੀ ਸਰਾਂ ਅਤੇ ਘਰ ਬਣਾਉਣ ਲਈ ਲੈ ਗਿਆ ਸੀ, ਪਰ ਬਾਅਦ ਵਿਚ ਜੱਸਾ ਸਿੰਘ ਰਾਮਗੜ੍ਹੀਆ ਨੇ ਉਹੀ ਇੱਟਾਂ ਲਿਆ ਕੇ ਸਰੋਵਰ ਨੂੰ ਲੁਆਈਆਂ ਸਨ।[3] ਇਸੇ ਇਤਿਹਾਸਕ ਸਥਾਨ

---

1 ਦੇਵਾ ਸਿੰਘ ਪਿਤ ਤੇ ਜਨਮ, ਕਵੀ ਸੰਤੋਖ ਸਿੰਘ ਨਾਮ।

ਵੀਰ ਸਿੰਘ (ਭਾਈ), *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਚੌਥੀ,* ਪੰਨਾ 1258

2 *ਜਿਲਦ ਪਹਿਲੀ,* ਪੰਨੇ 88- 89

3 ਕਿਰਪਾਲ ਸਿੰਘ (ਡਾ.), *ਸ੍ਰੀ ਗੁਰ ਨਾਨਕ ਪ੍ਰਕਾਸ਼: ਇਤਿਹਾਸਕ ਪਰਿਪੇਖ,* ਪੰਨਾ 10

'ਤੇ ਪਿੰਡ ਤੋਂ ਬਾਹਰਵਾਰ ਸ਼ਾਹੀ ਸੜਕ ਦੇ ਚੌਂਕ ਵਿਚ ਭਾਈ ਬੋਤਾ ਸਿੰਘ ਤੇ ਗਰਜਾ ਸਿੰਘ ਨੇ ਸਿੱਖਾਂ ਦੀ ਹੋਂਦ ਨੂੰ ਦਰਸਾਉਣ ਲਈ ਸ਼ਹੀਦੀ ਪਾਈ ਸੀ।[4] ਭਾਈ ਵੀਰ ਸਿੰਘ[5] ਤੇ ਭਾਈ ਕਾਨ੍ਹ ਸਿੰਘ[6] ਦੇ ਕਥਨ ਅਨੁਸਾਰ ਭਾਈ ਸਾਹਿਬ ਦੀ ਜਨਮ ਤਾਰੀਖ ਸੰਮਤ 1845 ਬਿਕਰਮੀ (1788 ਈ.) ਹੈ। ਆਪ ਜੀ ਦੇ ਜਨਮ ਸਥਾਨ ਨੂੰ ਲੈ ਕੇ ਵਿਦਵਾਨ ਇਕ ਮਤ ਨਹੀਂ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ ਭਾਈ ਸੰਤੋਖ ਸਿੰਘ ਦਾ ਜਨਮ ਸਥਾਨ ਸ੍ਰੀ ਅੰਮ੍ਰਿਤਸਰ ਮੰਨਿਆ ਹੈ।[7] ਦੂਸਰੇ ਵਿਚਾਰ ਅਨੁਸਾਰ ਉਨ੍ਹਾਂ ਦਾ ਜਨਮ ਸਥਾਨ ਬੂੜੀਆ ਵੀ ਮੰਨਿਆ ਗਿਆ ਹੈ। ਜਿਸਦਾ ਆਧਾਰ ਭਾਈ ਸੰਤੋਖ ਸਿੰਘ ਦੀ ਇਹ ਨਿਮਨਲਿਖਿਤ ਪੰਗਤੀ ਹੈ

***"ਤਿਹ ਤੀਰ ਬੂਰੀਆ ਨਗਰ ਇਕ ਕਵਿ ਨਿਕੇਤ ਲਖੀਏ ਤਹਾਂ॥*** [8]

ਭਾਈ ਵੀਰ ਸਿੰਘ ਦੀ ਡੂੰਘੀ ਖੋਜ ਪਿੱਛੋਂ ਭਾਈ ਸੰਤੋਖ ਸਿੰਘ ਦਾ ਜਨਮ ਸਥਾਨ ਨੂਰ ਦੀ ਸਰ੍ਹਾਂ (ਜ਼ਿਲਾ ਤਰਨਤਾਰਨ) ਪ੍ਰਮਾਣਿਤ ਕੀਤਾ ਹੈ ਜੋ ਕਿ ਮੰਨਣਯੋਗ ਹੈ। ਹਰਿਦੁਆਰ ਦੇ ਪਾਂਡੇ ਮੰਗਲ ਦੱਤ ਦੀਆਂ ਵਹੀਆਂ ਤੋਂ ਇਹ ਪ੍ਰਮਾਣਿਤ ਹੋ ਜਾਂਦਾ ਹੈ ਕਿ ਇਨ੍ਹਾਂ ਦਾ ਪਰਿਵਾਰ ਮੂਲ ਰੂਪ ਵਿਚ 'ਨੂਰਦੀ' ਪਿੰਡ ਦਾ ਹੀ ਰਹਿਣ ਵਾਲਾ ਸੀ।'[9]

**ਮੁੱਢਲੀ ਸਿੱਖਿਆ**

ਕਵੀ ਜੀ ਨੇ ਮੁੱਢਲੀ ਗੁਰਮੁਖੀ ਦੀ ਵਿੱਦਿਆ ਆਪਣੇ ਪਿਤਾ ਭਾਈ ਦੇਵਾ ਸਿੰਘ ਜੀ ਤੋਂ ਪ੍ਰਾਪਤ ਕੀਤੀ। ਭਾਈ ਦੇਵਾ ਸਿੰਘ ਜੀ ਗੁਰਬਾਣੀ ਅਤੇ ਗੁਰ ਇਤਿਹਾਸ ਦੇ ਸਿਆਣੇ ਵਿਦਵਾਨ ਸਨ। ਉਹ ਬ੍ਰਜ ਭਾਸ਼ਾ ਅਤੇ ਵੇਦਾਂਤ ਵਿਚ ਵੀ ਨਿਪੁੰਨ ਸਨ।

ਮਿਸਲਾਂ ਦੇ ਸਰਦਾਰਾਂ ਅਤੇ ਵਿਦਵਾਨਾਂ ਵਿਚ ਭਾਈ ਦੇਵਾ ਸਿੰਘ ਜੀ ਦਾ ਸਤਿਕਾਰ ਸੀ। ਇਸ ਤਰ੍ਹਾਂ

---

4 ਕਾਹਲੋਂ, ਰੁਪਿੰਦਰ ਕੌਰ (ਡਾ.), *ਮਹਾਕਵੀ ਸੰਤੋਖ ਸਿੰਘ ਰਚਿਤ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਅਨੁਕ੍ਰਮਣਿਕਾ,* ਪੰਨਾ 12

5 *ਜਿਲਦ ਪਹਿਲੀ,* ਪੰਨਾ 1

6 ਨਾਭਾ, ਕਾਨ੍ਹ ਸਿੰਘ (ਭਾਈ), *ਮਹਾਨ ਕੋਸ਼,* ਪੰਨਾ 244

7 *ਉਹੀ,* ਪੰਨਾ 244

8 *ਜਿਲਦ ਚੌਥੀ,* ਪੰਨਾ 1257

9 ਗੋਇਲ, ਜੈ ਭਗਵਾਨ (ਡਾ.), *ਮਹਾਂ ਕਵੀ ਸੰਤੋਖ ਸਿੰਘ ਜੀਵਨ ਤੇ ਰਚਨਾ,* ਪੰਨਾ 2

ਕਵੀ ਜੀ ਨੇ ਗੁਰਬਾਣੀ ਦਾ ਬੋਧ ਘਰ ਵਿਚ ਹੀ ਕਰ ਲਿਆ ਸੀ। ਕਵੀ ਜੀ ਨੂੰ ਬਚਪਨ ਵਿਚ ਵਿਦਵਾਨ ਪਿਤਾ ਗੁਰੂ ਸਾਹਿਬਾਨ ਅਤੇ ਸ਼ਹੀਦਾਂ ਦੀਆਂ ਸਾਖੀਆਂ ਵੀ ਸੁਣਾਉਂਦੇ ਰਹਿੰਦੇ ਸਨ।[10]

ਭਾਈ ਕਾਨ੍ਹ ਸਿੰਘ ਦਾ ਕਥਨ ਹੈ ਕਿ ਭਾਈ ਦੇਵਾ ਸਿੰਘ ਨੂੰ ਵੇਦਾਂਤ ਅਤੇ ਗੁਰਬਾਣੀ ਦਾ ਚੰਗਾ ਗਿਆਨ ਪ੍ਰਾਪਤ ਸੀ। ਉਹ ਸਤਿਸੰਗੀ ਵਿਅਕਤੀ ਸਨ ਅਤੇ ਨਿਰਮਲੇ ਸੰਤਾ ਦੀ ਸੰਗਤ ਵਿਚ ਰਹਿਆ ਕਰਦੇ ਹਨ। ਇਸ ਵਿਚ ਸ਼ੱਕ ਨਹੀਂ ਕਿ ਉਨ੍ਹਾਂ ਦੀ ਵਿਦਵਤਾ ਅਤੇ ਸੰਤ ਸੁਭਾਅ ਦਾ ਪ੍ਰਭਾਵ ਭਾਈ ਸੰਤੋਖ ਸਿੰਘ ਉੱਤੇ ਵੀ ਪਿਆ।'[11]

**ਉਚੇਰੀ ਸਿੱਖਿਆ**

ਉਚੇਰੀ ਸਿੱਖਿਆ ਅੰਮ੍ਰਿਤਸਰ ਵਿਖੇ ਗਿਆਨੀ ਸੰਤ ਸਿੰਘ ਦੁਆਰਾ ਪ੍ਰਾਪਤ ਕੀਤੀ। ਕਵੀ ਜੀ ਦੇ ਚਾਚਾ ਰਾਮ ਸਿੰਘ ਅੰਮ੍ਰਿਤਸਰ ਵਿਖੇ ਨਿਵਾਸ ਰੱਖਦੇ ਸਨ। ਇਸ ਲਈ ਆਪ ਕੁਝ ਦੇਰ ਉਹਨਾਂ ਕੋਲ ਠਹਿਰੇ ਅਤੇ ਇਸ ਉਪਰੰਤ ਆਪ ਆਪਣੇ ਵਿੱਦਿਅਕ ਗੁਰੂ ਸੰਤ ਸਿੰਘ ਦੇ ਅੰਮ੍ਰਿਤਸਰ ਵਿਖੇ ਬੁੰਗੇ ਵਿਚ ਵਿੱਦਿਆ ਪ੍ਰਾਪਤ ਕਰਨ ਲਈ ਰਹੇ।'[12] ਕਵੀ ਜੀ ਨੇ ਆਪਣੇ ਵਿੱਦਿਆ ਦਾਤਾ ਸੰਤ ਸਿੰਘ ਬਾਰੇ ਜ਼ਿਕਰ ਕੀਤਾ ਹੈ-

ਸ੍ਰੀ ਮਤਿ ਸਿਮਰਨ ਰਤਿ ਗੁਰੂ ਸੰਤ ਸਿੰਘ ਸੁਭ ਨਾਮ।
ਬਿੱਦਯਾ ਜਿਨ ਤੇ ਮੈਂ ਪਠੀ ਤਿਨ ਪਦ ਕਰੋਂ ਪ੍ਰਣਾਮ।। 101।।[13]

ਇਸ ਤੋਂ ਇਲਾਵਾ ਕਵੀ ਸੰਤੋਖ ਸਿੰਘ ਨੇ ਆਪਣੇ ਇਸ ਗ੍ਰੰਥ ਦੀ ਆਰੰਭਤਾ ਕਰਨ ਲਈ ਗੁਰੂ ਸਾਹਿਬਾਨਾਂ ਪ੍ਰਤੀ ਮੰਗਲ ਉਚਾਰੇ ਹਨ ਜੋ ਕਿ ਉਨ੍ਹਾਂ ਦੀ ਸ਼ਰਧਾ ਦੇ ਪ੍ਰਤੀਕ ਹਨ। ਆਪਣੇ ਵਿੱਦਿਅਕ ਗੁਰੂ ਬਾਰੇ ਵੀ 14ਵੇਂ ਨੰਬਰ ਤੇ ਉਨ੍ਹਾਂ ਦੀ ਪ੍ਰਸੰਸਾ ਵਿਚ ਇਕ ਮੰਗਲ ਉਚਾਰਿਆ ਜੋ ਕਿ ਇਸ ਪ੍ਰਕਾਰ ਹੈ-

ਨਿਤ ਹੀ ਭਗਤਿ ਰਤ, ਨਾਮ ਕੀਨੋ ਬ੍ਰਿਤਿ ਚਿਤ
ਸੰਤਨ ਸੋਂ ਹਿਤ ਅਤਿ, 'ਸੰਤ ਸਿੰਘ' ਨਾਮ ਹੈ।

---

[10] ਸਰਬਜਿੰਦਰ ਸਿੰਘ,(ਡਾ.), (ਸੰਪਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ, ਧਰਮ ਚਿੰਤਕ ਵਿਸ਼ੇਸ਼ ਅੰਕ,* ਪੰਨਾ 169,

[11] ਗੋਇਲ, ਜੈ ਭਗਵਾਨ, *ਮਹਾਂ ਕਵੀ ਸੰਤੋਖ ਸਿੰਘ ਜੀਵਨ ਤੇ ਰਚਨਾ,* ਪੰਨਾ 1

[12] ਨਈਅਰ, ਗੁਰਬਚਨ ਸਿੰਘ (ਡਾ.), *ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ,* ਪੰਨਾ 314

[13] *ਜਿਲਦ ਚੌਥੀ,* ਪੰਨਾ 1256

ਸੁਜਨ, ਦਿਆਲ, ਧੀਰ, ਧਰਮ ਬਿਸਾਲ ਧਰਿ,

ਜਾਸ ਬੈਸ ਬਾਲ ਹੂੰ ਤੇ ਭਜਨ ਸੋਂ ਕਾਮ ਹੈ।

ਜਾਂਕੇ ਚਰਨੋਦਕ ਕੀ ਬੂੰਦ ਮੈਂ ਬਦਨ ਪਾਇ

ਸੁਮਤਿ ਸਦਨ ਭਯੋ, ਕਦਨ ਬਿਰਾਮ ਹੈ।

ਤਾਂਕੇ ਅਰਬਿੰਦ ਪਦ ਸੁੰਦਰ ਮੁਕੰਦ ਦੁੰਦ

ਬੰਦ ਕਰ ਬੰਦਨਾਂ ਸਦਾ ਮੈ ਸੁਖ ਧਾਮ ਹੈ।। 33।।[14]

ਇੱਥੇ ਹੀ ਭਾਈ ਜੀ ਨੇ ਬ੍ਰਜ਼ ਭਾਸ਼ਾ ਅਤੇ ਸੰਸਕ੍ਰਿਤ ਵਿਚ ਯੋਗਤਾ ਪ੍ਰਾਪਤ ਕੀਤੀ। 10 ਸਾਲਾਂ ਅੰਦਰ ਆਪ ਹਿੰਦੀ, ਪੰਜਾਬੀ ਤੇ ਕਾਵਿ ਦੇ ਚੰਗੇ ਕਵੀ ਬਣ ਗਏ। ਭਾਈ ਸਾਹਿਬ 21 ਸਾਲ ਦੀ ਉਮਰ ਵਿਚ ਕਾਸ਼ੀ ਵਿੱਦਿਆ ਪ੍ਰਾਪਤ ਕਰਨ ਲਈ ਗਏ ਅਤੇ ਲਗਭਗ 5 ਸਾਲ ਭਾਰਤੀ ਦਰਸ਼ਨ ਦਾ ਅਧਿਐਨ ਕੀਤਾ। ਆਪ ਸ਼ਾਸਤਰ ਦੇ ਨਾਲ-ਨਾਲ ਸ਼ਸਤ੍ਰ ਅਤੇ ਯੁੱਧ ਵਿੱਦਿਆ ਵਿਚ ਵੀ ਨਿਪੁੰਣ ਹੋ ਗਏ।[15] ਇਸ ਤੋਂ ਇਲਾਵਾ ਆਪ ਘੋੜ ਵਿੱਦਿਆ, ਆਯੁਰਵੇਦ, ਸੰਗੀਤ ਅਤੇ ਛੰਦ ਸ਼ਾਸਤ੍ਰ ਦੇ ਨਿਯਮਾਂ ਦੇ ਵੀ ਵਿਸ਼ੇਸ਼ੱਗ ਬਣੇ।[16]

**ਬੂੜੀਆ ਨਿਵਾਸ**

ਵਿੱਦਿਆ ਪ੍ਰਾਪਤੀ ਤੋਂ ਬਾਅਦ ਭਾਈ ਸੰਤੋਖ ਸਿੰਘ ਨੇ ਬੂੜੀਆ ਨਾਮਕ ਨਗਰ ਵਿਚ ਆਪਣਾ ਟਿਕਾਣਾ ਕੀਤਾ। ਇਹ ਦਰਿਆ ਯਮੁਨਾ ਦੇ ਕਿਨਾਰੇ ਭੰਗੀ ਮਿਸਲ ਦੇ ਸਰਦਾਰ ਰਾਜਾ ਭਗਵਾਨ ਸਿੰਘ ਦੀ ਰਾਜਧਾਨੀ ਸੀ।'[17] ਭਾਈ ਵੀਰ ਸਿੰਘ ਅਨੁਸਾਰ[18] ਕਵੀ ਜੀ ਬੂੜੀਆ ਰਿਆਸਤ ਵਿਚ ਜਾਣ ਦਾ ਸਬੱਬ, ਦਿਆਲਗੜ੍ਹ ਦੇ ਜਰਨੈਲ ਦਿਆਲ ਸਿੰਘ ਦੇ ਰਾਹੀਂ ਬਣਿਆ ਜੋ ਭਾਈ ਸੰਤੋਖ ਦੀ ਜਾਤੀ ਨਾਲ ਸੰਬੰਧ ਰੱਖਦਾ ਸੀ ਅਤੇ ਉਨ੍ਹਾਂ ਦੇ ਪਿਤਾ ਦਾ ਜਾਣਕਾਰ ਸੀ। ਇਸ ਸੰਬੰਧੀ ਭਾਈ ਵੀਰ ਸਿੰਘ ਲਿਖਦੇ ਹਨ- *ਇਸਦਾ (ਦਿਆਲ*

---

[14] *ਜਿਲਦ ਦੂਜੀ,* ਪੰਨਾ 63

[15] ਜੱਗੀ, ਰਤਨ ਸਿੰਘ (ਡਾ.), *ਸਿੱਖ ਪੰਥ ਵਿਸ਼ਵਕੋਸ਼ (ਭਾਗ ਪਹਿਲਾ),* ਪੰਨਾ 367

[16] ਹਰਮੀਤ ਸਿੰਘ (ਡਾ.), *ਮਹਾਂਕਵੀ ਸੰਤੋਖ ਸਿੰਘ ਦਾ ਰਚਨਾ ਸੰਸਾਰ,* ਪੰਨਾ 106

[17] ਸਰਬਜਿੰਦਰ ਸਿੰਘ (ਡਾ.), (ਸੰਪਾ.), *ਵਿਸ਼ਵ ਧਰਮ ਬਾਲੀ ਗ੍ਰੰਥ, ਸੰਪ੍ਰਦਾਇ ਅਤੇ ਚਿੰਤਰ (ਭਾਗ ਦੂਜਾ),* ਪੰਨਾ 303.

[18] *ਜਿਲਦ ਪਹਿਲੀ,* ਪੰਨਾ 85

*ਸਿੰਘ) ਰਸੂਖ ਤੇ ਸਤਿਕਾਰ ਦਿਆਲ ਗੜ੍ਹ ਵਿਚ ਬਹੁਤ ਸੀ। ਭਾਈ ਦੇਵਾ ਸਿੰਘ ਨਾਲ ਪਿਛਲੇ ਤਅੱਲਕਾਤ ਹੋਣ ਕਰਕੇ ਕਵੀ ਜੀ ਨੂੰ ਇਹ ਸੱਜਣ ਦਿਆਲ ਗੜ੍ਹ ਲੈ ਗਿਆ ਤੇ ਸਰਦਾਰ ਭਗਵਾਨ ਸਿੰਘ ਦੇ ਦਰਬਾਰ ਦੇ ਕਵੀ ਹੋਣ ਦਾ ਮਾਨ ਕਵੀ ਜੀ ਨੂੰ ਪ੍ਰਾਪਤ ਹੋਇਆ। ਇਸ ਮਹਾਨ ਸਰਦਾਰ ਪਾਸ ਆਪ ਸਨ, ਜਦੋਂ ਸਢੌਰੇ ਤੋਂ ਪੀਰ ਬੁੱਧੂ ਸ਼ਾਹ ਦੇ ਵੰਸ਼ਜ ਅੱਪੜੇ ਤੇ ਉਦੋਂ ਕਵੀ ਜੀ ਦੱਸਦੇ ਹਨ ਕਿ ਸੰਮਤ 1870 ਸੀ। ਤਦੋਂ ਦਯਾਲ ਗੜ੍ਹ ਬੂੜੀਆ ਤੇ ਦੋ ਬਸਤੀਆਂ ਹੋਰ ਸਭ ਨੂੰ ਬੂੜੀਆ ਸੱਦ ਲੈਂਦੇ ਸਨ। ਕਵੀ ਜੀ ਦੀ ਰਿਹਾਇਸ਼, ਖੋਜ ਕਰਨ ਤੋਂ ਦਯਾਲ ਗੜ੍ਹ ਵਿਚ ਸਹੀ ਹੋਈ ਹੈ।*[19]

ਮੈਕਾਲਿਫ ਨੇ ਭਾਈ ਸੰਤੋਖ ਸਿੰਘ ਨੂੰ ਆਸਰਾ ਦੇਣ ਵਾਲੇ ਸਰਦਾਰ ਦਾ ਨਾਮ ਭਗਵਾਨ ਸਿੰਘ ਦੀ ਥਾਂ ਮੇਘ ਸਿੰਘ ਲਿਖਿਆ[20] ਹੈ ਜਿਸ ਸੰਬੰਧੀ ਡਾ. ਜੈ ਭਗਵਾਨ ਗੋਇਲ ਨੇ ਵੀ ਸਹਿਮਤੀ ਪ੍ਰਗਟ ਕੀਤੀ ਹੈ। ਡਾ. ਗੋਇਲ ਨੇ ਭਾਈ ਵੀਰ ਸਿੰਘ ਦੁਆਰਾ ਦਿੱਤੇ ਗਏ ਕਵੀ ਜੀ ਦੇ ਦਿਆਲਗੜ੍ਹ ਵਿੱਚ ਰਹਿਣ ਵਾਲੇ ਵਿਚਾਰ ਤੋਂ ਵੱਖਰਾ ਵਿਚਾਰ ਦਿੱਤਾ ਹੈ। ਉਨ੍ਹਾਂ ਨੇ ਬੂੜੀਆ ਅਤੇ ਦਿਆਲਗੜ੍ਹ ਨੂੰ ਦੋ ਵੱਖ-ਵੱਖ ਥਾਂਵਾਂ ਮੰਨਿਆ ਹੈ ਅਤੇ ਦਿਆਲਗੜ੍ਹ ਨਾਮ ਦਾ ਭਾਈ ਸੰਤੋਖ ਸਿੰਘ ਦੀ ਰਚਨਾ ਵਿੱਚ ਜ਼ਿਕਰ ਨਾ ਹੋਣ ਕਾਰਨ ਬੂੜੀਆ ਨੂੰ ਉਨ੍ਹਾਂ ਦਾ ਨਿਵਾਸ ਸਥਾਨ ਮੰਨਿਆ ਹੈ। ਇਸ ਸੰਬੰਧੀ ਉਹ ਲਿਖਦੇ ਹਨ- *ਬੂੜੀਆ ਵਿੱਚ ਲੋਕਾਂ ਦਾ ਕਹਿਣਾ ਹੈ ਕਿ ਉਹ ਕਥਾ ਆਦਿ ਕਰਕੇ ਆਪਣਾ ਨਿਰਵਾਹ ਕਰਦੇ ਸਨ। ਮੇਘ ਸਿੰਘ ਨਾਂ ਦੇ ਇੱਕ ਧਨੀ ਸਰਦਾਰ ਤੋਂ ਵੀ ਇਨ੍ਹਾਂ ਨੂੰ ਸਹਾਇਤਾ ਮਿਲਦੀ ਰਹਿੰਦੀ ਸੀ। ਮੈਕਾਲਿਫ ਸਾਹਿਬ ਨੇ ਇਨ੍ਹਾਂ ਦਾ ਮੇਘ ਸਿੰਘ ਪਾਸ ਰਹਿਣ ਦਾ ਵਰਣਨ ਕੀਤਾ ਹੈ। ਭਾਈ ਸੰਤੋਖ ਸਿੰਘ ਨੇ ਖੁਦ ਵੀ ਉਸ ਸਮੇਂ ਆਪਣਾ ਕਿਸੇ ਮਹਾਨ ਸਰਦਾਰ ਪਾਸ ਠਹਿਰਨ ਦਾ ਸੰਕੇਤ ਤਾਂ ਕੀਤਾ ਹੈ ਪਰ ਰਾਜ ਆਸ਼ਰਿਤ ਹੋਣ ਦਾ ਨਹੀਂ। ਸੰਭਵ ਹੈ ਉਹ ਮਹਾਨ ਸਰਦਾਰ ਮੇਘ ਸਿੰਘ ਹੀ ਹੋਣ।*[21] ਉਪਰੋਕਤ ਵਿਚਾਰ ਦੀ ਰੌਸ਼ਨੀ ਵਿਚ ਕਵੀ ਜੀ ਦੀ ਰਿਹਾਇਸ਼ ਬੂੜੀਆ ਵਿਚ ਮੰਨਣਾ ਯੋਗ ਹੋਵੇਗਾ ਜਿਥੇ ਉਹ ਬਿਨ੍ਹਾਂ ਕਿਸੇ ਰਾਜ ਆਸਰੇ ਦੇ ਸਰਦਾਰ ਮੇਘ ਸਿੰਘ ਪਾਸ ਰਹਿੰਦੇ ਸਨ। ਬੂੜੀਆ ਨਿਵਾਸ ਦੌਰਾਨ ਹੀ ਕਵੀ ਜੀ ਨੇ 'ਨਾਮ ਕੋਸ਼' ਅਤੇ 'ਸ੍ਰੀ ਗੁਰ ਨਾਨਕ ਪ੍ਰਕਾਸ਼' ਨਾਮਕ ਗ੍ਰੰਥਾਂ ਦੀ ਰਚਨਾ ਕੀਤੀ।

---

[19] *ਉਹੀ,* ਪੰਨਾ 85

[20] Max Arthur Macauliffe, *The Sikh Religion*, P.IXXVI (Introduction)

[21] ਗੋਇਲ, ਜੈ ਭਗਵਾਨ, *ਮਹਾਂ ਕਵੀ ਸੰਤੋਖ ਸਿੰਘ ਜੀਵਨ ਤੇ ਰਚਨਾ,* ਪੰਨਾ 5

**ਵਿਆਹ ਅਤੇ ਸੰਤਾਨ**

ਭਾਈ ਸੰਤੋਖ ਸਿੰਘ ਦਾ ਵਿਆਹ ਬੂੜੀਆ ਵਿਖੇ ਜਗਾਧਰੀ ਵਿਚ ਰਹਿਣ ਵਾਲੀ ਰੁਹੀਲੇ ਗੋਤ ਦੀ ਬੀਬੀ ਰਾਮ ਕੌਰ ਨਾਲ 1821 ਈ: ਵਿਚ ਹੋਇਆ ਅਤੇ ਆਪ ਜੀ ਦੇ ਪੰਜ ਪੁੱਤਰ ਅਜੈ ਸਿੰਘ, ਬਿਜੈ ਸਿੰਘ, ਬਲਦੇਵ ਸਿੰਘ, ਮਕਸੂਦ ਸਿੰਘ, ਅਨੁਰੁਧ ਸਿੰਘ ਅਤੇ ਤਿੰਨ ਲੜਕੀਆਂ ਖੇਮ ਕੌਰ, ਮੇਮਨ ਕੌਰ ਤੇ ਮਾਨ ਕੌਰ ਸਨ।[22]

**ਆਰਥਿਕ ਮੰਦੀ ਵਾਲੀ ਹਾਲਤ**

ਭਾਈ ਸੰਤੋਖ ਸਿੰਘ ਦੇ ਲਿਖੇ ਦੋ ਬੰਦਾਂ ਤੋਂ ਇਹ ਗੱਲ ਵੀ ਸਾਹਮਣੇ ਆਉਂਦੀ ਹੈ ਕਿ ਉਨ੍ਹਾਂ ਨੂੰ ਆਪਣੇ ਜੀਵਨ ਵਿਚ ਆਰਥਿਕ ਤੰਗੀ ਵਾਲਾ ਸਮਾਂ ਵੀ ਵੇਖਣਾ ਪਿਆ। ਕੁੱਝ ਲਿਖਾਰੀਆਂ ਨੇ ਇਹ ਸਮਾਂ ਬੂੜੀਆ ਨਿਵਾਸ ਦੌਰਾਨ ਮੰਨਿਆ ਹੈ ਜਦੋਂ ਭਾਈ ਸੰਤੋਖ ਸਿੰਘ ਸ੍ਰੀ ਗੁਰ ਨਾਨਕ ਪ੍ਰਕਾਸ਼ ਦੀ ਰਚਨਾ ਕਰ ਰਹੇ ਸਨ। ਪਰ ਰਚਨਾ ਸੰਪੂਰਨ ਹੋਣ ਤੋਂ ਬਾਅਦ ਸਿੱਖ ਸਰਦਾਰਾਂ ਅਤੇ ਸਿੱਖ ਰਿਆਸਤਦਾਨਾਂ ਵੱਲੋਂ ਇਸ ਮਿਹਨਤ ਦੀ ਬਣਦੀ ਕਦਰ ਨਾ ਪਾਈ ਗਈ ਜਿਸ ਕਾਰਨ ਘਰ ਦੀ ਹਾਲਤ ਤਰਸਯੋਗ ਹੋ ਗਈ। ਘਰ ਪਰਿਵਾਰ ਅਤੇ ਮਿੱਤਰ-ਪ੍ਰੇਮੀ ਮੂੰਹ ਫੇਰ ਗਏ ਅਤੇ ਕਰਜਾ ਵਾਪਸ ਲੈਣ ਵਾਲੇ ਮੰਦੀ ਭਾਸ਼ਾ ਦਾ ਪ੍ਰਯੋਗ ਕਰਦੇ। ਇਸ ਸਮੇਂ ਨੂੰ ਕਵੀ ਵਲੋਂ ਇਸ ਬੰਦ ਵਿਚ ਇਸ ਪ੍ਰਕਾਰ ਦਰਸਾਇਆ ਗਿਆ ਹੈ-

ਛੂਟਯੋ ਹੈ ਪ੍ਰਾਕਰਮ ਔ ਬਿਸਰਯੋ ਹੈ ਨੇਮ ਧਰਮ।
ਖੋਈ ਹਯਾਉ ਸ਼ਰਮ ਅਤਿ ਦੁਖ ਪਾਈਅਤਿ ਹੈ।
ਘਰ ਕੇ ਰੁਸਾਨੇ, ਸਭ ਆਪਨੇ ਬਿਗਾਨੇ ਭਏ। ਨਾਰੀ ਦੇਤ ਤਾਹਨੇ, ਸੁਨਿ ਸਿਰਿ ਨਾਈਅਤਿ ਹੈ।
ਮਿਤ੍ਰ ਹੂੰ ਛਪਾਏ ਨੈਨ, ਸੂਧੇ ਹੂੰ ਨ ਬੋਲੈ ਬੈਨ। ਮਨ ਮਹਿ ਨ ਪਰੈਂ ਜਾ ਕੇ ਢਿਗ ਜਾਈਅਤਿ ਹੈ।
ਦਵਾਰ ਪੈ ਕਰਜ ਦਾਰ ਠਾਂਢੇ ਮੁਖ ਦੇਤਿਗਾਰ। ਬਿਨਾਂ ਰੋਜਗਾਰ ਰੋਜ ਗਾਰ ਖਾਇਅਤਿ ਹੈਂ।1।
ਰੋਜ਼ੀ ਦੀ ਗਰਜ਼ ਰਜੁ ਰਾਜਨ ਕੀ ਰਾਜੀਯਤਿ। ਪਾਜੀ ਪਾਇ ਪੂਜ ਪਰ ਪੀਰ ਪਾਈਯਤਿ ਹੈ।
ਦਾਸ ਕੌਨ ਦੂਸਰੋ ਨ ਦੇਖੀਆ ਗ਼ਰਜ਼ ਸਮ। ਬਰਜਿ ਹਟਾਵੈ ਤਾਂ ਪੈ ਫੇਰ ਜਾਈਯਤਿ ਹੈ।

---

[22] ਪਦਮ, ਪਿਆਰਾ ਸਿੰਘ, *ਮਹਾਂ ਕਵੀ ਭਾਈ ਸੰਤੋਖ ਸਿੰਘ,* ਪੰਨਾ 9

ਜੀਵਕਾ ਅਧੀਨ ਦੀਨ ਦੀਨਤਾ ਮੈਂ ਦਾਹ ਕੋਨ। ਲੋਗ ਔ ਲੁਗਾਈਯਨ ਮੈਂ ਯੂੰਹੀ ਗਾਈਯਤਿ ਹੈ।

ਗੁਨ ਕੋ ਗਰੂਰ ਕੂਰ, ਸਾਹਿਬ ਸ਼ਹੂਰ ਭੂਰ। ਅਪਨੀ ਜਰੂਰ ਪੈ ਜਰੂਰ ਜਾਈਯਤਿ ਹੈ॥2॥[23]

**ਪਟਿਆਲਾ ਨਿਵਾਸ**

ਭਾਈ ਵੀਰ ਸਿੰਘ ਜੀ ਦੀ ਖੋਜ ਅਨੁਸਾਰ ਆਪ ਪਟਿਆਲੇ ਆਪਣੇ ਪਰਿਵਾਰ ਨਾਲ ਰਹਿੰਦੇ ਰਹੇ ਹਨ। ਉਨ੍ਹਾਂ ਨੇ ਭਾਈ ਸਾਹਿਬ ਦੀ ਰਿਹਾਇਸ਼ ਦਾ ਵੀ ਪਤਾ ਲਾਇਆ ਹੈ। ਇਹ ਸਥਾਨ ਡੂੰਮਾਂ ਮਰਾਸੀਆਂ ਦੀ ਗਲੀ ਵਿਚ ਹੈ। ਭਾਈ ਜੀ ਇਸੇ ਮੁਹੱਲੇ ਵਿਚ ਪ੍ਰਸਿੱਧ ਸੰਤ ਬੀਰ ਸਿੰਘ ਜੀ ਦੇ ਡੇਰੇ ਕਥਾ ਕਰਦੇ ਤੇ ਵਿੱਦਿਆ ਦਾ ਦਾਨ ਦਿੰਦੇ ਸਨ। ਇਹ ਵੀ ਕਿਹਾ ਜਾਂਦਾ ਹੈ ਕਿ ਆਪ ਜੀ ਦੀਆਂ ਕਵਿਤਾਵਾਂ ਸੁਣ ਕੇ ਪਟਿਆਲਾ ਦਰਬਾਰ ਵਿਚ ਭਾਈ ਸਾਹਿਬ ਨੂੰ ਮਾਣ ਸਨਮਾਨ ਮਿਲਣ ਲੱਗਾ ਤੇ ਆਪ ਰਾਜ ਕਵੀਆਂ ਵਿਚ ਸ਼ਾਮਲ ਸਨ, ਰਸਦ ਤੇ ਰੁਜ਼ੀਨਾ ਮਿਲਦਾ ਸੀ ਪਰ ਦਰਬਾਰ ਵਿਚ ਉੱਚ ਜਾਤ ਵਾਲੇ ਘੁਮੰਡੀ ਵਿਦਵਾਨ ਆਪ ਨਾਲ ਈਰਖਾ ਕਰਨ ਲੱਗ ਪਏ।[24] ਭਾਈ ਵੀਰ ਸਿੰਘ ਅਨੁਸਾਰ[25] ਪਟਿਆਲਾ ਦਰਬਾਰ ਦੇ ਜਾਤੀ ਅਭਿਮਾਨ ਵਾਲੇ ਮਾਹੌਲ ਅਤੇ ਕੈਥਲ ਪਤੀ ਭਾਈ ਉਦੈ ਸਿੰਘ ਦੇ ਸੱਦੇ 'ਤੇ ਆਪ ਪਟਿਆਲਾ ਤੋਂ ਕੈਥਲ ਰਿਆਸਤ ਵਿਚ ਚਲੇ ਗਏ।

## ਕੈਥਲ ਨਿਵਾਸ

ਕਵੀ ਜੀ ਦੇ ਗੁਣਾਂ ਦੀ ਕੀਰਤੀ ਸੁਣਕੇ ਤੇ ਰਚਨਾ ਵੇਖ ਕੇ ਕੈਥਲ ਪਤੀ (ਭਾਈ ਉਦਯ ਸਿੰਘ) ਜੀ ਨੇ ਆਪ ਨੂੰ ਪਟਿਆਲਾ ਪਤੀ ਮਹਾਰਾਜ ਕਰਮ ਸਿੰਘ ਜੀ ਤੋਂ ਮੰਗ ਲਿਆ ਤੇ ਉਨ੍ਹਾਂ ਨੇ ਆਪ ਨੂੰ ਖੁਸ਼ੀ ਨਾਲ ਕੈਥਲ ਘੱਲ ਦਿੱਤਾ।[26] ਕੈਥਲ ਪਤੀ ਭਾਈ ਉਦੈ ਸਿੰਘ ਨੇ ਆਪਣੀ ਰਿਆਸਤ ਵਿਚ ਬੁਲਾ ਕੇ ਆਦਰ ਸਨਮਾਨ ਨਾਲ ਆਪਣੇ ਕੋਲ ਰੱਖਿਆ, ਜਿਸ ਦੀ ਪੁਸ਼ਟੀ ਭਾਈ ਸੰਤੋਖ ਸਿੰਘ ਨੇ ਵੀ ਕੀਤੀ ਹੈ-

ਉਦਯ ਸਿੰਘ ਬਡ ਭੂਪ ਬਹਾਦਰ।

---

23 ਗੁਰਦਿੱਤ ਸਿੰਘ (ਗਿਆਨੀ), *ਸਿੰਘ ਸਭਾ ਪੱਤ੍ਰਿਕਾ,* ਪੰਨੇ 70-72

24 *ਜਿਲਦ ਪਹਿਲੀ,* ਪੰਨਾ 100

25 *ਉਹੀ,* ਪੰਨਾ 104

26 *ਉਹੀ,* ਪੰਨਾ 104

ਕਵਿ ਬੁਲਾਇ ਰਾਖਯੋ ਢਿਗ ਸਾਦਰ।[27]

ਭਾਈ ਉਦਯ ਸਿੰਘ ਵਿੱਦਿਆ ਅਤੇ ਸਾਹਿਤ ਨਾਲ ਪ੍ਰੇਮ ਕਰਨ ਵਾਲੇ ਧਰਮੀ ਮਹਾਰਾਜਾ ਸਨ। ਜਿਨ੍ਹਾਂ ਨੇ ਭਾਈ ਸੰਤੋਖ ਸਿੰਘ ਦੇ ਗੁਣਾਂ ਦੀ ਕਦਰ ਕੀਤੀ। ਭਾਈ ਸੰਤੋਖ ਸਿੰਘ ਜੀ ਨੇ ਆਪਣੇ ਰਚੇ ਸਾਹਿਤ ਵਿਚ ਕੈਥਲ ਨਰੇਸ਼ ਤੇ ਕੈਥਲ ਬਾਰੇ ਵੀ ਜ਼ਿਕਰ ਕੀਤਾ ਹੈ। ਗਰਬ ਗੰਜਨੀ ਟੀਕੇ ਦੇ ਪੰਨੇ 2,3 'ਤੇ ਕੈਥਲ ਰਾਜ ਵੰਸ਼ ਦਾ ਸੰਖੇਪ ਹਾਲ ਕਾਵਿ ਵਿਚ ਲਿਖਿਆ ਹੈ। ਭਾਈ ਉਦਯ ਸਿੰਘ ਰਾਜਾ ਲਾਲ ਸਿੰਘ ਦੇ ਸਪੁੱਤਰ ਸਨ। ਭਾਈ ਵੀਰ ਸਿੰਘ ਅਨੁਸਾਰ ਭਾਈ ਉਦਯ ਸਿੰਘ[28] ਵੱਖ-ਵੱਖ ਗੁਣਾਂ ਦੇ ਧਾਰਨੀ ਇਕ ਧਾਰਮਿਕ ਬਿਰਤੀ ਵਾਲੇ ਮਹਾਰਾਜਾ ਸਨ। ਭਾਈ ਸੰਤੋਖ ਸਿੰਘ ਜੀ ਨੇ ਵੀ ਆਪਣੀ ਰਚਨਾ ਗਰਬ ਗੰਜਨੀ ਵਿਚ ਭਾਈ ਉਦਯ ਸਿੰਘ ਦੇ ਗੁਣਾਂ ਦੀ ਪ੍ਰਸੰਸਾ[29] ਕੀਤੀ ਹੈ।

ਅਜਿਹੇ ਧਰਮੀ ਅਤੇ ਸਾਹਿਤ ਦੇ ਕਦਰਦਾਨ ਭਾਈ ਉਦੈ ਸਿੰਘ ਦੀ ਕੈਥਲ ਰਿਆਸਤ ਵਿਚ ਭਾਈ ਸੰਤੋਖ ਸਿੰਘ ਨੇ ਲਗਭਗ 18-20 ਵਰਿਆਂ ਦਾ ਸਾਹਿਤਕ ਜੀਵਨ ਬਤੀਤ ਕੀਤਾ। ਕੈਥਲ ਨਾਲ ਭਾਈ ਸੰਤੋਖ ਸਿੰਘ ਦਾ ਇਕ ਖ਼ਾਸ ਸਨੇਹ ਸੀ। ਇਸ ਸਥਾਨ ਦੀ ਉਪਮਾ ਕਰਦੇ ਹੋਏ ਕਵੀ ਜੀ ਲਿਖਦੇ ਹਨ-

ਤੀਰ ਤੀਰ ਤੀਰਥ ਕੀ ਭੀਰ ਬਡ ਪੀਰ ਹਰਿ,

ਨੀਰ ਭਰੇ ਸੁੰਦਰ ਸੁਹਾਵਤਿ ਸੁਪਾਨਕੀ।

ਸੰਤ ਹੈਂ ਮਹੰਤ ਭਗਵੰਤ ਕੀ ਭਗਤਿਵੰਤਿ,

---

27 *ਉਹੀ,* ਪੰਨਾ 104

28 ਆਪ ਵਿਦਵਾਨਾਂ ਦੇ ਕਦਰਦਾਨ ਸਨ। ਧਰਮੀ ਤੇ ਨਿਆਪਾਲਕ ਸਨ। ਜਨਤਾ ਦੀਆਂ ਦੁਖ ਤਕਲੀਫਾਂ ਨੂੰ ਸੁਣਕੇ ਦੂਰ ਕਰਦੇ ਸਨ। ਸਾਰੇ ਧਰਮਾਂ ਦੇ ਮਹਾਂਪੁਰਖਾਂ ਦਾ ਮਾਣ ਸਤਿਕਾਰ ਕਰਦੇ ਸਨ। ਆਪ ਰਾਜਾ ਕਹਾਉਣ ਦੀ ਥਾਂ ਆਪਣੇ ਆਪ ਨੂੰ ਭਾਈ ਸਾਹਿਬ ਅਖਵਾਉਣਾ ਪਸੰਦ ਕਰਦੇ ਸਨ। ਆਪ ਧੀਰਜ ਵਾਲੇ, ਗੁਣਾਂ ਦੇ ਗਾਹਕ, ਤੇ ਗੁਰਬਾਣੀ ਦੇ ਗਿਆਤਾ ਸਨ।

-*ਉਹੀ,* ਪੰਨਾ 105

29 ਤਾਂਕੋ ਸੁਤ ਉਦਯ ਸਿੰਘ ਜੈਸੇ ਉਦਯ ਸਿਘ ਭਯੋ, ਰਿਦੇ ਕੋ ਮ੍ਰਿਦੁਲ ਧੀਰ ਧਾਰਿਬੇ ਕੋ ਧਰ ਸੇ। ਗੁਨ ਗ੍ਰਾਹ, ਗੁਨ ਗਾਹ, ਗੁਨ ਗ੍ਰਿਹ, ਗੁਨ ਗੌਰ, ਗੁਰੂ ਗਿਰਾ ਗੇਯ, ਗਤਿ ਗੰਮਯ ਗਾਰ ਗਿਰ ਸੇ। ਦਸੋ ਦਿਸ ਦੌਰੇ ਜਸ ਦਾਨ ਦੈਬੋ ਦਿਨ ਦਿਨ, ਦਾਰਿਦ ਦੁਰਦ ਦਰਬੇ ਕੋ ਸ਼ੇਰ ਦਰਸੇ। ਬਾਲ ਬੈਸ ਬਪੁ ਕੈਂ ਬਿਲੋਕਿ ਲੋਕ ਬਿਸਮਤਿ: ਬ੍ਰਿੱਧਨਿ ਸੀ ਬੁੱਧਿ ਮੁਖ ਬਾਰਿਜ ਬਦਰਸੇ।

-*ਉਹੀ,* ਪੰਨਾ 105

ਅੰਤਕ ਕੇ ਅੰਤ ਕੋ ਨ ਪਾਇ ਪੀਰ ਪ੍ਰਾਨ ਕੀ।

ਪਰਮ ਪਵਿੱਤ੍ਰ ਹੈਂ ਬਚਿੱਤ੍ਰ ਦੇਵਤਾਨਿ ਥਾਨ,

ਜੱਤ੍ਰ ਤੱਤ੍ਰ ਚਿੱਤ੍ਰ ਚਿੱਤ੍ਰ ਦੇਤਿ ਮਤਿ ਸਯਾਨ ਕੀ।

ਉਪਮਾ ਮਹਾਨ ਕੀ ਨ ਆਨ ਮੈਂ ਸਮਾਨਕੀ,

ਪੁਰਾਨ ਮੈਂ ਪ੍ਰਮਾਨ ਕੀ ਸੁ ਕੈਥਲ ਸਥਾਨਕੀ॥159॥[30]

ਭਾਈ ਉਦੈ ਸਿੰਘ ਨੇ ਕੈਥਲ ਨਿਵਾਸ ਦੌਰਾਨ ਭਾਈ ਸੰਤੋਖ ਸਿੰਘ ਨੂੰ ਦੁਨਿਆਵੀ ਸੁੱਖ ਸੁਵਿਧਾਵਾਂ ਅਤੇ ਸਾਹਿਤ ਸਿਰਜਣਾ ਲਈ ਅਨੁਕੂਲ ਮਾਹੌਲ ਪ੍ਰਦਾਨ ਕੀਤਾ। ਇਸ ਰਿਆਸਤ ਵਿਚ ਭਾਈ ਸੰਤੋਖ ਸਿੰਘ ਨੂੰ ਆਦਰ ਸਨਮਾਨ ਵਾਲਾ ਜੀਵਨ ਪ੍ਰਾਪਤ ਹੋਇਆ। ਕੈਥਲ ਰਿਆਸਤ ਵੱਲੋਂ ਉਨ੍ਹਾਂ ਨੂੰ ਹਾਥੀ ਦੇ ਰੂਪ ਵਿਚ ਸਰਕਾਰੀ ਸਵਾਰੀ, ਰਿਹਾਇਸ਼ ਲਈ ਇਕ ਵਧੀਆ ਹਵੇਲੀ (ਜਿਸ ਦੀ ਢਿਉੜੀ ਵਿਚੋਂ ਉਸ ਸਮੇਂ ਹਾਥੀ ਦਾ ਹੰਦਾਂ ਅੰਦਰ ਪ੍ਰਵੇਸ਼ ਹੋ ਜਾਂਦਾ ਸੀ) ਅਤੇ ਰੋਜ਼ਾਨਾ ਜੇਬ ਖਰਚ ਲਈ 2 ਰੁਪਏ ਅਤੇ ਛੇ ਮਹੀਨੇ ਬਾਅਦ ਅੱਧੇ ਪਿੰਡ ਦੀ ਆਮਦਨ ਪ੍ਰਾਪਤ ਹੁੰਦੀ ਸੀ। ਰਿਆਸਤ ਵੱਲੋਂ ਭਾਈ ਸੰਤੋਖ ਸਿੰਘ ਨੂੰ ਖੁੱਲੀਆਂ ਰਸਦਾਂ ਲੱਗੀਆਂ ਹੋਇਆ ਸਨ।[31] ਜਿਸ ਕਾਰਨ ਭਾਈ ਸੰਤੋਖ ਸਿੰਘ ਜੀ ਆਰਥਕ ਪੱਖੋਂ ਸੁਖਾਲੇ ਹੋ ਗਏ। ਅਜਿਹੇ ਸੁਖਾਵੇਂ ਮਾਹੌਲ ਵਿਚ ਭਾਈ ਸੰਤੋਖ ਸਿੰਘ ਨੇ ਗਰਬ ਗੰਜਨੀ ਟੀਕਾ, ਬਾਲਮੀਕੀ ਰਮਾਇਣ (ਅਨੁਵਾਦ), ਆਤਮ ਪੁਰਾਨ ਟੀਕਾ ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਵਰਗੀਆਂ ਮਹੱਤਵਪੂਰਨ ਰਚਨਾਵਾਂ ਦੀ ਰਚਨਾ ਕੀਤੀ।

### ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਸੰਪੂਰਨਤਾ ਅਤੇ ਕਵੀ ਜੀ ਦਾ ਦੇਹਾਂਤ

ਕੈਥਲ ਨਿਵਾਸ ਦੌਰਾਨ ਜਿੱਥੇ ਭਾਈ ਸੰਤੋਖ ਸਿੰਘ ਨੇ ਰਾਜਸੀ ਸੁੱਖ ਸੁਵਿਧਾਵਾਂ ਵਿਚ ਰਹਿ ਕੇ ਸਾਹਿਤ ਦੀ ਰਚਨਾ ਕੀਤੀ ਉੱਥੇ ਕੈਥਲ ਰਿਆਸਤ ਦੀ ਲੁੱਟ ਵਾਲੇ ਘਟਨਾ ਕ੍ਰਮ ਨੂੰ ਵੀ ਆਪਣੇ ਅੱਖੀਂ ਵੇਖਿਆ। ਕੈਥਲ ਦੀ ਇਹ ਲੁੱਟ ਭਾਈ ਉਦਯ ਸਿੰਘ ਦੇ ਬੇ-ਔਲਾਦ ਚੜ੍ਹਾਈ ਕਰ ਜਾਣ ਤੋਂ ਬਾਅਦ ਹੋਈ। ਜਦੋਂ ਅੰਗ੍ਰੇਜ਼ ਇਸ ਰਿਆਸਤ 'ਤੇ ਕਬਜਾ ਕਰਨ ਲੱਗੇ ਸਨ। ਰਿਆਸਤ ਦੀ ਇਸ ਲੁੱਟ ਸਮੇਂ ਭਾਈ ਸੰਤੋਖ ਸਿੰਘ ਜੀ

---

[30] *ਉਹੀ,* ਪੰਨਾ 106

[31] *ਉਹੀ,* ਪੰਨਾ 104

ਦੁਆਰਾ ਅਰੰਭ ਕੀਤਾ ਹੋਇਆ ਗੁਰ ਪ੍ਰਤਾਪ ਸੂਰਜ ਗ੍ਰੰਥ ਸੰਪੂਰਨ ਨਹੀਂ ਹੋਇਆ ਸੀ। ਅਜਿਹੀ ਹਾਲਤ ਵਿਚ ਆਪਣੀ ਸਿਹਤ ਢਿਲੀ ਹੋਣ ਦੇ ਬਾਵਜੂਦ ਵੀ ਕਵੀ ਜੀ ਨੇ ਗੁਰੂ ਆਸਰੇ ਰਾਹੀਂ ਇਹ ਗ੍ਰੰਥ ਸੰਪੂਰਨ ਕੀਤਾ। ਭਾਈ ਸੰਤੋਖ ਸਿੰਘ ਅਨੁਸਾਰ ਇਹ ਗ੍ਰੰਥ 1900 ਬਿ. (1843 ਈ.) ਦੇ ਸਾਵਨ ਮਹੀਨੇ ਵਿਚ ਪੂਰਾ ਹੋਇਆ ਜਿਸ ਨੂੰ ਉਨ੍ਹਾਂ ਨੇ ਕੈਥਲ ਦੀ ਲੁੱਟ ਵਾਲੀ ਘਟਨਾ ਦੇ ਵੇਰਵੇ ਨਾਲ ਇਸ ਪ੍ਰਕਾਰ ਅੰਕਿਤ ਕੀਤਾ ਹੈ-

ਸ਼ੂਨ ਸ਼ੂਨ ਗ੍ਰੈਹ ਆਤਮਾ ਸੰਮਤ ਆਦਿ ਪਛਾਨ।
ਮਧੂ ਮਾਸ ਸ਼ੱਤ੍ਰੂਨ ਕਰਿ ਭਾ ਉਤਪਾਤ ਮਹਾਨ॥
ਪਰੀ ਲੂਟ ਕਪਿਥਲ ਵਿਖੇ ਮਿਲੇ ਚੋਰਿ ਬਟਪਾਰ।
ਆਪ ਆਪ ਕੋ ਭਜ ਚਲੇ ਤਜਿ ਪੁਰਿ ਸਭਿ ਇਕਬਾਰ॥
ਸਿੰਘ ਫਿਰੰਗੀ ਗਹਿ ਲਏ ਕੈਦ ਕਰੇ ਵਥੁ ਛੀਨ।
ਸੰਤਨ ਕੇ ਅਸਥਾਨ ਬੀ ਲੂਟਿ ਕੂਟਿ ਭੈ ਦੀਨ॥
ਅਸ ਅਪਦਾ ਕੇ ਦਿਨਨਿ ਮਹਿਂ ਸਤਿਗੁਰ ਭਏ ਸਹਾਇ।
ਭਯੋ ਨਾ ਬੰਕੋ ਬਾਰ ਭੀ ਦੈ ਦੈ ਹਾਥਿ ਬਚਾਇ॥[32]
ਸਾਵਨ ਮਹਿਂ ਇਸ ਗ੍ਰੰਥ ਕੀ ਭਈ ਸਮਾਪਤਿ ਆਇ॥
ਬਿਘਨ ਬ੍ਰਿੰਦ ਤੇ ਬਚ ਰਹੇ ਸ੍ਰੀ ਕਰਤਾਰ ਸਹਾਇ॥[33]

ਇਸ ਗ੍ਰੰਥ ਦੀ ਸੰਪੂਰਨਤਾ ਤੋਂ ਬਾਅਦ ਉਨ੍ਹਾਂ ਨੇ ਆਪਣੀ ਹਾਰਦਿਕ ਇੱਛਾ ਪੂਰੀ ਕਰਦੇ ਹੋਏ ਇਹ ਗ੍ਰੰਥ ਪਰਿਵਾਰ ਸਮੇਤ ਸ੍ਰੀ ਹਰਿਮੰਦਰ ਸਾਹਿਬ ਦੀ ਯਾਤਰਾ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਭੇਟਾ ਕੀਤਾ। ਭਾਈ ਸੰਤੋਖ ਸਿੰਘ ਦੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਭੇਟਾ ਕਰਨ ਲਈ, ਸ੍ਰੀ ਹਰਿਮੰਦਰ ਸਾਹਿਬ ਪਹੁੰਚਣ ਦੀਆਂ ਦੋ ਸਮਕਾਲੀ ਗਵਾਹੀਆਂ ਪ੍ਰਾਪਤ ਹੁੰਦੀਆਂ ਹਨ। ਪਹਿਲੀ ਗਵਾਹੀ, ਭਾਈ ਮਤਾਬ ਸਿੰਘ ਹਡਾਲੀ, ਜ਼ਿਲ੍ਹਾ ਸ਼ਾਹਪੁਰ ਦੇ ਬਾਬਾ ਭਾਈ ਸੰਤ ਸਿੰਘ ਦੀ ਹੈ ਜੋ ਕਿਸੇ ਕਾਰਜ ਲਈ ਗੁਰਦਾਸਪੁਰ ਗਏ ਹੋਏ

---

32 *ਜਿਲਦ ਚੌਦਵੀਂ*, ਪੰਨੇ 6411-6412

33 *ਉਹੀ*, ਪੰਨੇ 6413-6414

ਸਨ। *ਜਦੋਂ ਉਹ ਗੁਰਦਾਸਪੁਰੋਂ ਵਾਪਸ ਅੰਮ੍ਰਿਤਸਰ ਪੁੱਜੇ ਤਾਂ ਸੁਣਿਆ ਕਿ ਲੋਕੀਂ ਕਵੀ ਸੰਤੋਖ ਸਿੰਘ ਜੀ ਨੂੰ ਫੁੱਲਾਂ ਦੇ ਹਾਰ ਲੈਕੇ ਲੈਣ ਜਾ ਰਹੇ ਹਨ ਤੇ ਆਪ ਬੀ ਹਾਰ ਲੈਕੇ ਸੰਗਤ ਦੇ ਨਾਲ ਤੁਰ ਪਏ ਤੇ ਦਰਵਾਜ਼ਿਓਂ ਬਾਹਰ ਜਾ ਕੇ ਮਿਲੇ। ਕਵੀ ਜੀ ਆਪਣੀ ਸਵਾਰੀ ਤੋਂ ਉੱਤਰ ਕੇ ਬੈਠੇ ਹੋਏ ਸਨ। ਸਰੀਰ ਦੁਰਬਲ ਸੀ ਸੰਗਤ ਨੇ ਪੀਨਸ ਪੇਸ਼ ਕੀਤੀ। ਆਪ ਨੇ ਪੀਨਸ ਤੇ ਚੜ੍ਹ ਕੇ ਯਾਤਰਾ ਕਰਨੀ ਮੁਨਾਸਬ ਨਾ ਸਮਝੀ। ਸੰਗਤ ਦੇ ਬਹੁਤ ਜੋਰ ਦੇਣ ਪਰ ਆਗਿਆ ਪਾਲਣ ਨਮਿੱਤ ਆਪ ਪਈ ਪੀਨਸ ਵਿੱਚ ਇੱਕ ਵੇਰ ਬੈਠ ਕੇ ਉੱਠ ਬੈਠੇ ਤੇ ਫੇਰ ਸਨੇ ਸਨੇ ਸ੍ਰੀ ਹਰਿਮੰਦਰ ਸਾਹਿਬ ਪਹੁੰਚ ਗਏ।*[34]

ਦੂਸਰੀ ਗਵਾਹੀ ਸੰਤ ਕਰਮ ਦਾਸ ਬਿੱਝਾਂ ਵਾਲਿਆਂ ਦੀ ਹੈ ਜੋ ਬਾਬਾ ਸ਼ਾਮ ਦਾਸ ਬਿੱਝਾਂ ਰਾਹੀਂ ਪ੍ਰਾਪਤ ਹੋਈ ਹੈ। ਇਸ ਵਿੱਚ ਕਵੀ ਜੀ ਦੀ ਇਸ ਯਾਤਰਾ ਦਾ ਜ਼ਿਕਰ ਇਸ ਪ੍ਰਕਾਰ ਮਿਲਦਾ ਹੈ – *ਅਸੀਂ ਇੱਕ ਵੇਰ ਸ੍ਰੀ ਅੰਮ੍ਰਿਤਸਰ ਜੀ ਦੀ ਯਾਤਰਾ ਨੂੰ ਗਏ ਸਾਂ। ਪੁਲ ਪਰ ਬੈਠੇ ਸਾਂ ਕਿ ਕੁਝ ਪੁਜਾਰੀ ਸਿੰਘ ਅੰਦਰੋਂ ਸਿਹਰੇ ਹੱਥ ਵਿਚ ਲਈ ਕਾਹਲੀ ਕਾਹਲੀ ਦਰਸ਼ਨੀ ਡਿਉੜੀ ਨੂੰ ਜਾ ਰਹੇ ਸਨ ਤੇ ਸ਼ਹਿਰ ਦੇ ਹੋਰ ਪ੍ਰਤਿਸ਼ਠਤ ਸੱਜਣ ਬੀ ਨਾਲ ਜਾ ਰਹੇ ਸਨ ਤਾਂ ਅਸੀਂ ਪੁੱਛਿਆ ਕਿ ਚੌਧਰੀ ਜੀ ਕਾਹਲੀ ਕਾਹਲੀ ਕਿਉਂ ਤੇ ਕਿੱਧਰ ਜਾ ਰਹੇ ਹੋ? ਤਾਂ ਇੱਕ ਪੁਜਾਰੀ ਸਿੰਘ ਨੇ ਦੱਸਿਆ ਕਿ ਸੂਰਜ ਪ੍ਰਕਾਸ਼ ਦੇ ਕਰਤਾ ਸ੍ਰੀ ਭਾਈ ਸੰਤੋਖ ਸਿੰਘ ਜੀ ਸ੍ਰੀ ਅੰਮ੍ਰਿਤਸਰ ਆਏ ਹਨ, ਤੇ ਅਸੀਂ ਉਸ ਗੁਰੂ ਪਿਆਰੇ ਨੂੰ ਲੈਣ ਜਾ ਰਹੇ ਹਾਂ।*

*"ਪੁਜਾਰੀ ਸਿੰਘ ਤੇ ਹੋਰ ਸਾਰੇ ਚਲੇ ਗਏ। ਕੁਝ ਸਮਾਂ ਬੀਤ ਗਿਆ। ਅਸੀਂ ਅਜੇ ਪੁੱਲ 'ਤੇ ਬੈਠੇ ਸਾਂ ਤਾਂ ਕੀ ਦੇਖਦੇ ਹਾਂ ਕਿ ਕਵੀ ਜੀ ਆ ਰਹੇ ਹਨ, ਸਰੀਰ ਲਿੱਸਾ ਸੀ ਤੇ ਬਹੁਤ ਸਹਿਜੇ ਸਹਿਜੇ ਤੁਰਦੇ ਸਨ। ਪੁਜਾਰੀ ਸਿੰਘ ਤੇ ਹੋਰ ਸਿੰਘ ਸਤਿਕਾਰ ਨਾਲ ਆਪ ਦੇ ਮਗਰ ਮਗਰ ਜਾ ਰਹੇ ਸਨ। ਉਸ ਵੇਲੇ ਆਪ ਦੇ ਤੇੜ ਕਛਹਿਰਾ ਸੀ, ਸਿਰ ਤੇ ਸਿੱਧੀ ਦਸਤਾਰ ਸੀ, ਦਾਹੜਾ ਚੰਗਾ ਸੁਹਣਾ ਸੀ, ਸਰੀਰ ਬਹੁਤ ਲੰਮਾ ਨਹੀਂ ਸੀ। ਆਪ ਸਨੇ ਸਨੇ ਅੰਦਰ ਚਲੇ ਗਏ, ਯਾਤ੍ਰਾ ਕੀਤੀ, ਅਰਦਾਸਾ ਸੁਧਾਇਆ ਤੇ ਫੇਰ ਡੇਰੇ ਚਲੇ ਗਏ।"*[35]

ਗੁਰ ਪ੍ਰਤਾਪ ਸੂਰਜ ਗ੍ਰੰਥ ਦੀ ਸੰਪੂਰਨਤਾ ਤੋਂ ਕੁੱਝ ਮਹੀਨਿਆਂ ਬਾਅਦ ਹੀ ਭਾਈ ਸੰਤੋਖ ਸਿੰਘ ਇਸ

---

34 *ਜਿਲਦ ਪਹਿਲੀ*, ਪੰਨਾ 160

35 *ਉਹੀ*, ਪੰਨਾ 160

ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਭਾਈ ਵੀਰ ਸਿੰਘ ਅਨੁਸਾਰ[36] ਗ੍ਰੰਥ ਸਮਾਪਤੀ ਹੋਣ ਤੋਂ ਤਿੰਨ ਮਹੀਨੇ ਬਾਅਦ ਕਵੀ ਜੀ ਦਾ ਦੇਹਾਂਤ ਹੋ ਗਿਆ। ਗਿਆਨੀ ਖ਼ਜ਼ਾਨ ਸਿੰਘ ਨੇ ਉਨ੍ਹਾ ਦੇ ਅਕਾਲ ਚਲਾਣੇ ਦਾ ਸਮਾਂ 6 ਕੱਤਰ 1900 ਬਿ. (21 ਅਕਤੂਬਰ 1843 ਈ.) ਹੈ। ਇਸ ਸਮੇਂ ਉਨ੍ਹਾਂ ਦੀ ਉਮਰ 56 ਸਾਲ 1 ਮਹੀਨਾ ਸੀ।[37]

**ਰਚਨਾਵਾਂ**

ਭਾਈ ਸੰਤੋਖ ਸਿੰਘ ਨੇ ਆਪਣੀਆਂ ਰਚਨਾਵਾਂ ਦੇ ਰੂਪ ਵਿਚ ਸਾਹਿਤ ਜਗਤ ਨੂੰ ਇਕ ਵੱਡਾ ਖਜ਼ਾਨਾ ਪ੍ਰਦਾਨ ਕੀਤਾ। ਉਨ੍ਹਾਂ ਨੇ ਮੂਲ ਰਚਨਾਵਾਂ ਦੀ ਰਚਨਾ ਵੀ ਕੀਤੀ ਅਤੇ ਭਾਸ਼ਾ ਪੱਖੋਂ ਕਠਿਨ ਰਚਨਾਵਾਂ ਦਾ ਅਨੁਵਾਦ ਵੀ ਕੀਤਾ। ਉਨ੍ਹਾਂ ਦੀਆਂ ਰਚਨਾਵਾਂ ਵਿਚ ਜਿੱਥੇ ਇਤਿਹਾਸਕ ਪੱਖ ਹੈ ਉੱਥੇ ਨਾਲ ਹੀ ਅਧਿਆਤਮਕ ਪੱਖ ਵੀ ਨਾਲ ਹੀ ਵੇਖਣ ਨੂੰ ਮਿਲਦਾ ਹੈ। ਭਾਈ ਸੰਤੋਖ ਸਿੰਘ ਦੀਆਂ ਛੇ ਰਚਨਾਵਾਂ ਪ੍ਰਾਪਤ ਹੁੰਦੀਆਂ ਹਨ ਜੋ ਕਿ ਇਸ ਪ੍ਰਕਾਰ ਹਨ-

1) ਨਾਮਕੋਸ਼ (ਅਨੁਵਾਦਿਤ)
2) ਸ੍ਰੀ ਗੁਰੁ ਨਾਨਕ ਪ੍ਰਕਾਸ਼
3) ਗਰਬ ਗੰਜਨੀ ਟੀਕਾ
4) ਬਾਲਮੀਕੀ ਰਮਾਇਣ (ਅਨੁਵਾਦ)
5) ਆਤਮ ਪੁਰਾਣ (ਟੀਕਾ)
6) ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਲੜੀ ਨੰਬਰ 1, 3, 4, 5 ਵਾਲੀਆਂ ਚਾਰ ਰਚਨਾਵਾਂ ਟੀਕੇ/ ਅਨੁਵਾਦ ਹਨ ਜਿਨ੍ਹਾਂ ਨੂੰ ਅਸੀਂ ਆਧਾਰਿਤ ਰਚਨਾਵਾਂ ਕਹਿ ਸਕਦੇ ਹਾਂ। ਲੜੀ ਨੰਬਰ 2 ਅਤੇ 6 ਵਾਲੀਆਂ ਰਚਨਾਵਾਂ ਗੁਰ ਇਤਿਹਾਸ ਨਾਲ ਸੰਬੰਧਿਤ ਮਹਾਂਕਾਵਿ ਹਨ ਜਿਨ੍ਹਾਂ ਵਿਚ ਵਿਸਥਾਰਤ ਢੰਗ ਨਾਲ ਗੁਰੂ ਸਾਹਿਬਾਨ ਦੇ ਇਤਿਹਾਸ ਨੂੰ ਪੇਸ਼

---

[36] *ਉਹੀ,* ਪੰਨਾ 161

[37] ਖ਼ਜ਼ਾਨ ਸਿੰਘ, ਗਿਆਨੀ, *ਜੀਵਨ ਕਥਾ ਚੂੜਾਮਣਿ ਕਵੀ ਸੰਤੋਖ ਸਿੰਘ ਜੀ,* ਪੰਨਾ 40

ਕੀਤਾ ਗਿਆ ਹੈ। ਇਨ੍ਹਾਂ ਛੇ ਰਚਨਾਵਾਂ ਤੋਂ ਇਲਾਵਾ ਪੰਜ ਹੋਰ ਫੁਟਕਲ ਰਚਨਾਵਾਂ ਹਨ ਜਿਨ੍ਹਾਂ ਦਾ ਵੇਰਵਾ ਭਾਈ ਵੀਰ ਸਿੰਘ ਜੀ ਨੇ ਦਿੱਤਾ ਹੈ ਪਰ ਇਨ੍ਹਾਂ ਸੰਬੰਧੀ ਵਧੇਰੇ ਜਾਣਕਾਰੀ ਨਾ ਹੋਣ ਕਰਕੇ ਇਨ੍ਹਾਂ ਨੂੰ ਕਵੀ ਜੀ ਦੀਆਂ ਪ੍ਰਮੁੱਖ ਰਚਨਾਵਾਂ ਦੀ ਸ਼੍ਰੇਣੀ ਵਿਚ ਨਹੀਂ ਰੱਖਿਆ ਗਿਆ ਹੈ। ਇਹ ਰਚਨਾਵਾਂ ਇਸ ਪ੍ਰਕਾਰ ਹਨ-

1) ਸ੍ਰੀ ਗੁਰੂ ਗੋਬਿੰਦ ਸਿੰਘ ਪ੍ਰਸੰਗ
2) ਸ੍ਰੀ ਗੁਰੂ ਉਸਤਤ (ਇਨ੍ਹਾਂ ਦੋਵੇਂ ਖਰੜਿਆਂ ਬਾਰੇ ਭਾਈ ਵੀਰ ਸਿੰਘ ਜੀ ਦਾ ਕਹਿਣਾ ਹੈ ਕਿ ਇਹ ਖਰੜੇ ਉਨ੍ਹਾਂ ਨੂੰ ਪਿਤਾ ਡਾ. ਚਰਨ ਸਿੰਘ ਦੇ ਪੁਸਤਕ ਸੰਗ੍ਰਹਿ ਵਿਚੋਂ ਪ੍ਰਾਪਤ ਹੋਏ ਸਨ।)
3) ਪ੍ਰਸ਼ਨ ਵਿਧੀ
4) ਘਰ ਬਣਾਉਣ ਦੀ ਵਿਧੀ
5) ਗ੍ਰਹਿ ਨਛੱਤਰ ਅਤੇ ਰਾਸਾਂ ਵੇਖ ਕੇ ਕੁੰਡਲੀ ਭਰਨਾ (ਨਾਮ ਤੋਂ ਬਿਨਾ ਰਚਨਾ)

ਇਸ ਤੋਂ ਇਲਾਵਾ ਇਕ ਹੋਰ ਰਚਨਾ ਜੋ ਕਿ ਪੰਜਾਬੀ ਵਿਚ ਲਿਖੀ ਹੋਈ ਸ਼ੀਹਰਫ਼ੀ ਹੈ। ਜਿਸ ਦਾ ਜ਼ਿਕਰ ਅੱਗੇ ਚਲ ਕੇ ਕੀਤਾ ਜਾਵੇਗਾ।

ਕਵੀ ਜੀ ਦੀਆਂ ਛੇ ਰਚਨਾਵਾਂ ਦੇ ਸੰਖੇਪ ਵੇਰਵਾ ਇਸ ਪ੍ਰਕਾਰ ਹੈ-

**ਨਾਮ ਕੋਸ਼**

ਭਾਈ ਸੰਤੋਖ ਸਿੰਘ ਦੀ ਇਹ ਪਹਿਲੀ ਪੁਸਤਕ ਸੰਸਕ੍ਰਿਤ ਦੇ ਪ੍ਰਸਿੱਧ ਵਿਦਵਾਨ ਅਤੇ ਕੋਸ਼ਕਾਰ ਭਾਈ ਅਮਰ ਸਿੰਘ ਦੀ 'ਅਮਰ ਕੋਸ਼' ਨਾਂ ਦੀ ਰਚਨਾ ਦਾ ਸੰਸਕ੍ਰਿਤ ਤੋਂ ਬ੍ਰਜ ਭਾਸ਼ਾ ਵਿਚ ਅਨੁਵਾਦ ਹੈ। ਛੰਦਾਂ ਦੀ ਗਿਣਤੀ ਡੇਢ ਹਜ਼ਾਰ ਤੋਂ ਉਪਰ ਹੈ। ਗ੍ਰੰਥ ਦਾ ਅਰੰਭ '੧ਓਂ' ਤੋਂ ਹੋਇਆ ਹੈ। ਉਸ ਤੋਂ ਬਾਅਦ ਕੁਝ ਛੰਦਾਂ ਵਿਚ ਆਪਣੇ ਇਸ਼ਟ ਦੇਵ, ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂਆਂ ਦੀ ਕ੍ਰਮ ਅਨੁਸਾਰ ਉਸਤਤ ਅਤੇ ਵੰਦਨਾ ਕੀਤੀ ਹੈ। ਇਨ੍ਹਾਂ ਛੰਦਾਂ ਵਿਚ ਗੁਰੂ ਨਾਨਕ ਦੇਵ ਨੂੰ 'ਦੰਭ ਖੰਡ- ਵਿਨਾਸਨ', 'ਗਤੀਕਾਰ', ਸਿੱਖ ਹਿਤਕਾਰੀ', ਗੁਰੂ ਹਰਿਗੋਬਿੰਦ ਸਿੰਘ ਨੂੰ 'ਨਿਸੰਗਧਾਰੀ', ਚੰਦ੍ਰਹਾਸ ਧਾਰੀ', ਹਿੰਦ ਦਾ ਆਲੰਬ', ਸੁਪੰਥ ਪ੍ਰਕਾਸੀ' ਅਤੇ ਕਲੀਗਧਰ ਗੁਰੂ ਗੋਬਿੰਦ ਸਿੰਘ ਨੂੰ 'ਦੁਖ ਹਤੂ' ਗਿਰ ਰਾਜਨ ਨਾਸੀ', 'ਦਾਸਨ ਕੇ ਗਤਿਦਾ ਅਵਿਨਾਸ਼ੀ' ਆਦਿ

ਵਿਸ਼ੇਸ਼ਣਾਂ ਨਾਲ ਸੁਸ਼ੋਭਿਤ ਕੀਤਾ ਹੈ।[38] ਇਸ ਨੂੰ ਲਿਖਣ ਦਾ ਕਾਰਜ ਭਾਈ ਜੀ ਨੇ ਬੂੜੀਏ ਨਿਵਾਸ ਸਮੇਂ ਸ਼ੁਰੂ ਕੀਤਾ ਸੀ ਅਤੇ ਇਸ ਦੀ 1878 ਬਿ: (1821 ਈ.) ਨੂੰ ਸੁਧਾਸਰ (ਅੰਮ੍ਰਿਤਸਰ) ਵਿਚ ਸਮਾਪਤੀ ਹੋਈ ਜਿਸ ਦੀ ਪੁਸ਼ਟੀ ਕਵੀ ਜੀ ਨੇ ਇਸ ਪ੍ਰਕਾਰ ਕੀਤੀ ਹੈ-

ਯਮੁਨਾ ਤਟ ਜੋ ਬੂਰੀਆ ਗ੍ਰਿੰਥ ਕਰਨ ਲਗ ਤਾਂਹਿ।
ਆਨ ਸੁਧਾਸਰ ਤੀਰ ਪੁਨ ਕਰੀ ਸਮਾਪਤਿ ਯਾਹਿ।
ਸੰਮਤ ਦਸ ਅਸ਼ਟਾ ਸਹਜ ਬਹੁਰ ਅਠੱਤਰਾ ਬੀਤ।
ਕਿਯੋ ਗ੍ਰਿੰਥ ਪੂਰਨ ਭਲੇ ਗੁਨੀ ਪਢਹਿੰ ਧਰਿ ਚੀਤ।[39]

ਇਸ ਕੋਸ਼ ਵਿਚ ਭਾਈ ਸੰਤੋਖ ਸਿੰਘ ਨੇ ਕਿਸੇ ਵਸਤੂ ਆਦਿ ਦੇ ਪ੍ਰਾਪਤ ਹੋਣ ਵਾਲੇ ਵਿਭਿੰਨ ਨਾਵਾਂ ਨੂੰ ਕਵਿਤਾ ਰੂਪ ਵਿਚ ਛੰਦਾ ਬੰਦੀ ਰਾਹੀਂ ਇਕ ਥਾਂ ਇਕੱਠਾ ਕੀਤਾ ਹੈ। ਉਦਾਹਰਣ ਵਜੋਂ ਸ਼ਿਵ ਦੇ ਪ੍ਰਾਪਤ ਹੋਣ ਵਾਲੇ 48 ਨਾਵਾਂ ਨੂੰ ਦਰਸਾਉਣ ਵਾਲਾ ਇਹ ਬੰਦ ਵੇਖਿਆ ਜਾ ਸਕਦਾ ਹੈ-

ਰੁਦ੍ਰ, ਸ਼ਿਵ, ਸੂਲੀ, ਮ੍ਰਿੜ, ਸ਼ਵ, ਕਿਰਸਾਨ ਰੇਤ ਚੰਤ੍ਰ ਸੇਖ, ਧੂਰ ਜਟੀ, ਈਸ਼, ਗੰਗ ਧਰ ਹੈ।
ਉਮਾਪਤਿ, ਪਸ਼ੂਪਤਿ, ਭਾਰਗ, ਕਪਾਲ। ਭ੍ਰਿਤ ਕ੍ਰਤਾਵਾਸ, ਬ੍ਰਖ ਕੇਤ, ਸਿਤਕੰਠ, ਹਰ ਹੈ।
ਨੀਲਕੰਠ, ਬਿਪਾਖਯ, ਬਾਮਦੇਵ, ਮਹਾਂਦੇਵ, ਈਸ਼ਾਨ, ਉਗ੍ਰ, ਪੰਚਸਰ ਹਰ ਹੈ।
ਪ੍ਰਥਮ, ਅਧਿਪ, ਭਵਖੰਡਨ, ਪਰਸ ਸੰਭੂ, ਕ੍ਰਿਤ ਧਵੰਸੀ, ਬਯੋਮਕੋਸ਼, ਗਿਰਿਸ, ਸ਼ੰਕਰ ਹੈ।
ਚੌਪਈ- ਅੰਧਕ, ਰਿਪੂ ਪਿਨਾਕੀ ਰਹੋ। ਤ੍ਰਿਲੋਚਨ ਸੁ ਮ੍ਰਿਤੰਜਯ ਲਹੋ।
ਤਿਰਯੰਬਕ, ਤ੍ਰਿਪੁਰਾਂਤਕ ਜਾਨ। ਭੂਤੇਸਵਰ, ਸਰਵੱਗਯ ਬਖਾਨ।
ਭੀਮ, ਮਥਾਣੂ, ਨਾਲ ਲੋਹਿਤ ਭਨ। ਉਗਰੀ ਕੰਠ, ਮਪਰਦੀ ਗੁਨਮਾਨ,
ਚਾਪਿਸ ਅਸ਼ਟ ਨਾਮ ਗਿਨ ਲਹੋ। ਨਾਮ ਕਪਰਦ ਜੁਆਂ ਜੂਟ ਕਹੋ।[40]

ਇਸ ਪੁਸਤਕ ਨੂੰ ਅਕਾਸ਼ ਵਰਗ, ਭੂਮੀ ਵਰਗ ਤੇ ਸੰਕੀਰਣ ਵਰਗ ਆਦਿ ਕਈ ਮੁਖ ਭਾਗਾਂ ਵਿਚ

---

38 ਗੋਇਲ, ਜੈ ਭਗਵਾਨ, *ਮਹਾਂ ਕਵੀ ਸੰਤੋਖ ਸਿੰਘ ਜੀਵਨ ਤੇ ਰਚਨਾ,* ਪੰਨਾ 10

39 *ਜਿਲਦ ਪਹਿਲੀ,* ਪੰਨਾ 96

40 ਗੁਰਦਿੱਤ ਸਿੰਘ (ਗਿਆਨੀ), (ਸੰਪਾ.), *ਸਿੰਘ ਸਭਾ ਪੱਤ੍ਰਿਕਾ,* ਪੰਨਾ 176

ਵੰਡਿਆ ਗਿਆ ਹੈ। ਸੰਸਕ੍ਰਿਤ ਦੇ ਵਿਦਿਆਰਥੀਆਂ ਲਈ ਅਮਰ ਕੋਸ਼ ਇਕ ਬੜੀ ਲੋੜੀਂਦੀ ਚੀਜ਼ ਸਮਝੀ ਜਾਂਦੀ ਰਹੀ ਹੈ। ਜਾਪਦਾ ਹੈ ਸੰਸਕ੍ਰਿਤ ਦੇ ਵਿਦਿਆਰਥੀਆਂ ਦੀ ਔਖ ਨੂੰ ਅਨੁਭਵ ਕਰ ਕੇ ਆਪ ਨੇ ਇਸ ਦਾ ਉਲਥਾ ਬ੍ਰਜ ਭਾਸ਼ਾ ਵਿਚ ਕਰ ਦਿਤਾ ਤਾਂ ਕਿ ਵਿਦਿਆਰਥੀ ਛੰਦਾਂ ਨੂੰ ਕੰਠਾਗ੍ਰ ਕਰ ਕੇ ਲਾਹਾ ਲੈ ਸਕਣ।[41] ਕਵੀ ਜੀ ਦੁਆਰਾ ਆਪਣੀ ਕਲਮ ਦਾ ਲਿਖਿਆ ਹੋਇਆ ਅਸਲ ਨੁਸਖਾ ਭਾਈ ਵੀਰ ਸਿੰਘ ਜੀ ਨੂੰ ਉਨ੍ਹਾਂ ਦੇ ਪਿਤਾ ਜੀ ਦੇ ਸੰਦਯ ਵਿਚੋਂ ਮਿਲਿਆ ਸੀ।[42] ਡਾ. ਜੈ ਭਗਵਾਨ ਗੋਇਲ ਨੇ ਇਸ ਰਚਨਾ ਦੇ ਹੱਥ ਲਿਖਤ ਖਰੜਿਆਂ ਦੀਆਂ ਕਾਪੀਆਂ ਜਿੱਥੇ-ਜਿੱਥੇ ਮੌਜੂਦ ਹਨ ਉਨ੍ਹਾਂ ਦਾ ਵੇਰਵਾ[43] ਦਿੱਤਾ ਹੈ-

1) ਸੈਂਟਰਲ ਲਾਇਬ੍ਰੇਰੀ ਪਟਿਆਲਾ
2) ਮੋਤੀ ਬਾਗ ਲਾਇਬ੍ਰੇਰੀ ਪਟਿਆਲਾ
3) ਸ. ਸਮਸ਼ੇਰ ਸਿੰਘ ਦੇ ਨਿੱਜੀ ਪੁਸਤਕ ਸੰਗ੍ਰਹਿ ਵਿਖੇ ਦੋ ਕਾਪੀਆਂ

**ਗੁਰ ਨਾਨਕ ਪ੍ਰਕਾਸ਼**

ਇਹ ਰਚਨਾ, ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਨਾਲ ਸੰਬੰਧਤ ਸੁੰਦਰ ਛੰਦਾਬੰਦੀ ਵਾਲੀ ਕਾਵਿਕ ਰਚਨਾ ਹੈ ਜੋ ਭਾਈ ਸੰਤੋਖ ਸਿੰਘ ਦਾ ਗੁਰ ਇਤਿਹਾਸ ਲਿਖਣ ਵੱਲ ਪਹਿਲਾ ਯਤਨ ਸੀ। ਇਸ ਗ੍ਰੰਥ ਦੀ ਰਚਨਾ ਲਈ ਕਵੀ ਜੀ ਨੇ ਸ੍ਰੀ ਅੰਮ੍ਰਿਤਸਰ ਵਿਖੇ ਪਹੁੰਚ ਕੇ ਗੁਰੂ ਨਾਨਕ ਜਨਮ ਸਾਖੀਆਂ, ਵਾਰਾਂ ਭਾਈ ਗੁਰਦਾਸ, ਜਨਮ ਸਾਖੀ-ਗੁਰੂ ਨਾਨਕ ਭਾਈ ਮਨੀ ਸਿੰਘ, ਗੁਰ ਬਿਲਾਸ ਪਾਤਸ਼ਾਹੀ ਛੇਵੀਂ (ਕਵਿ ਸੋਹਨ), ਗੁਰ ਮਹਿਮਾ ਪ੍ਰਕਾਸ਼ (ਬਾਵਾ ਸਰੂਪ ਦਾਸ) ਆਦਿ ਖੋਜ ਸਮੱਗਰੀ ਇਕੱਤਰਤ ਕਰਕੇ ਗੁਰੂ ਨਾਨਕ ਜੀਵਨ ਸਬੰਧੀ ਸਾਖੀਆਂ ਨੂੰ ਕਾਵਿਕ ਰੂਪ ਦੇ ਕੇ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਤਿਆਰ ਕੀਤਾ।[44] ਗੁਰੂ ਨਾਨਕ ਪ੍ਰਕਾਸ਼ ਗੁਰੂ ਨਾਨਕ ਦੇ ਚਰਿੱਤਰ-ਗਾਇਨ, ਕਥਾ ਵਰਨਣ, ਅਧਿਆਤਮਕ ਵਿਚਾਰ, ਧਾਰਮਿਕ ਭਾਵਨਾ, ਯੁੱਗ-ਦਸ਼ਾ ਦੇ ਵਿਸ਼ਾਲ ਚਿਤਰਣ ਅਤੇ ਕਾਵਿ ਕਲਾ ਆਦਿ ਸਭ ਦ੍ਰਿਸ਼ਟੀਆਂ ਤੋਂ ਇੱਕ ਮਹੱਤਵਪੂਰਨ ਰਚਨਾ ਹੈ। ਗੁਰੂ

---

[41] *ਉਹੀ,* ਪੰਨਾ 29

[42] *ਜਿਲਦ ਪਹਿਲੀ,* ਪੰਨਾ 96

[43] ਗੋਇਲ, ਜੈ ਭਗਵਾਨ, *ਗੁਰੂ ਪ੍ਰਤਾਪ ਸੂਰਜ ਕੇ ਕਾਵਯ ਪਕਸ਼ ਦਾ ਅਧਿਯਨ,* ਪੰਨਾ 21

[44] ਸਰਬਜਿੰਦਰ ਸਿੰਘ (ਡਾ.),(ਸੰਪਾ), *ਵਿਸ਼ਵ ਧਰਮ ਬਾਨੀ ਸੰਪ੍ਰਦਾਇ ਅਤੇ ਚਿੰਤਕ, (ਭਾਗ ਦੂਜਾ),* ਪੰਨਾ 303

ਨਾਨਕ ਦੇਵ ਜੀ ਦੇ ਜੀਵਨ ਅਤੇ ਸਿੱਖਿਆ 'ਤੇ ਆਧਾਰਿਤ ਇਸ ਪ੍ਰਬੰਧਾਤਮਕ ਰਚਨਾ ਵਿੱਚ ਇਸ ਦੇ 130 ਅਧਿਆਇ ਹਨ ਅਤੇ ਕੁੱਲ 9700 ਬੰਦ ਹਨ। 'ਇਹ ਗ੍ਰੰਥ ਪੂਰਵਾਰਧ ਅਤੇ ਉਤਰਾਰਧ ਦੋ ਭਾਗਾਂ ਵਿੱਚ ਵੰਡਿਆ ਹੋਇਆ ਹੈ। ਪੂਰਵਾਰਧ ਵਿੱਚ 73 ਅਤੇ ਉਤਰਾਰਧ ਵਿੱਚ 57 ਅਧਿਆਇ ਹਨ। ਕਵੀ ਜੀ ਨੇ ਇਸ ਵਿੱਚ ਲਗਭਗ 20 ਪ੍ਰਕਾਰ ਦੇ ਛੰਦ ਵਰਤੇ ਹਨ, ਪਰ ਜ਼ਿਆਦਾ ਵਰਤੋਂ ਸੋਰਠਾ, ਚੌਪਈ, ਕਬਿੱਤ, ਸਵੱਯਾ ਆਦਿ ਦੀ ਕੀਤੀ ਹੈ।[45] ਡਾ. ਗੋਇਲ ਅਨੁਸਾਰ ਇਹ ਇਕ ਭਗਤੀ ਪ੍ਰਧਾਨ ਕਾਵਿ ਹੈ ਅਤੇ ਇਸ ਦਾ ਮੁਖ ਰਸ ਸ਼ਾਂਤ ਰਸ ਹੈ। ਦੂਜੇ ਰਸ ਗੌਣ ਰੂਪ ਵਿਚ ਆਏ ਹਨ। ਇਨ੍ਹਾਂ ਦੀ ਪੂਰਤੀ ਵੀ ਸ਼ਾਂਤ ਰਸ ਵਿਚ ਹੀ ਹੋ ਜਾਂਦੀ ਹੈ।[46] ਇਸ ਗ੍ਰੰਥ ਵਿਚਲੀ ਸਮੱਗਰੀ ਦਾ ਮੁੱਖ ਆਧਾਰ ਭਾਈ ਬਾਲਾ ਜਨਮ ਸਾਖੀ ਹੈ। ਇਸ ਜਨਮ ਸਾਖੀ ਤੋਂ ਇਲਾਵਾ ਭਾਈ ਗੁਰਦਾਸ ਜੀ ਦੀਆਂ ਵਾਰਾਂ, ਮਹਿਮਾ ਪ੍ਰਕਾਸ਼, ਮਿਹਰਵਾਨ ਵਾਲੀ ਅਤੇ ਵਿਲਾਇਤ ਵਾਲੀ ਜਨਮ ਸਾਖੀ ਨੂੰ ਵੀ ਇਸ ਗ੍ਰੰਥ ਦੀ ਰਚਨਾ ਲਈ ਸਮੱਗਰੀ ਨੂੰ ਪ੍ਰਯੋਗ ਵਜੋਂ ਲਿਆਂਦਾ ਗਿਆ ਹੈ।

ਗ੍ਰੰਥ ਦਾ ਅਰੰਭ ਸਿੱਖ ਪਰੰਪਰਾ ਅਨੁਸਾਰ ੧ਓ ਸਤਿਗੁਰ ਪ੍ਰਸਾਦਿ ਨਾਲ ਹੋਇਆ ਹੈ। ਸੰਪੂਰਨ ਪਹਿਲੇ ਅਧਿਆਇ ਵਿਚ 88 ਛੰਦਾਂ ਵਿਚ ਵਿਭਿੰਨ ਮੰਗਲਾਚਰਣ ਹਨ। ਮੰਗਲਾਚਰਣ ਦਾ ਕ੍ਰਮ ਇਸ ਪ੍ਰਕਾਰ ਹੈ- 'ਅਕਾਲ- ਪੁਰਖ', 'ਸਰਸਵਤੀ', 'ਇਸ਼ਟ ਦੇਵ ਨਾਨਕ' ਅਤੇ ਹੋਰ ਨੌਂ ਗੁਰੂਆਂ ਦੇ ਅਲੱਗ ਅਲੱਗ ਮੰਗਲ, ਕਵੀ ਦੇ ਵਿੱਦਿਆ ਗੁਰੂ ਸੰਤ ਸਿੰਘ, ਨਾਮ- ਮਹਿਮਾ, ਨਾਮ-ਰਹਿਤ ਵਿਅਕਤੀਆਂ ਦੀ ਦਸ਼ਾ, ਨਾਮ- ਸਿਮਰਨ ਕਰਨ ਵਾਲੇ ਵਿਅਕਤੀਆਂ ਪ੍ਰਹਿਲਾਦ, ਹਨੂਮਾਨ ਆਦਿ ਭਗਤਾਂ, ਬਾਲਮੀਕ, ਨਾਰਦ, ਸਨਕ, ਅਗਸਤ ਆਦਿ ਰਿਸ਼ੀ-ਮੁਨੀਆਂ, ਤ੍ਰਿਲੋਚਨ, ਸੰਨਾ, ਕਬੀਰ ਆਦਿ ਸੰਤਾਂ ਦੇ ਮੰਗਲ, ਵਾਹਿਗੁਰੂ ਸ਼ਬਦ ਦਾ ਮਹੱਤਵ, ਵਿਆਖਿਆ ਅਤੇ ਕਥਾ ਨਿਰਦੇਸ਼ ਅੰਕਿਤ ਹਨ। ਇਸ ਗ੍ਰੰਥ ਦੇ ਹਰੇਕ ਅਧਿਆਇ ਦੇ ਸ਼ੁਰੂ ਵਿਚ ਗੁਰੂ ਚਰਨ ਮਹਿਮਾ, ਸ਼ਾਰਦਾ ਜਾਂ ਕਥਾ ਆਦਿ ਨਾਲ ਸੰਬੰਧਿਤ ਮੰਗਲਾਚਰਣ ਆਏ ਹਨ ਅਤੇ ਗ੍ਰੰਥ ਦਾ ਅੰਤ ਗੁਰੂਆਂ ਦੇ ਮੰਗਲਾਚਰਣ ਤੋਂ ਹੋਇਆ ਹੈ।[47] ਭਾਈ ਵੀਰ ਸਿੰਘ ਅਨੁਸਾਰ[48] ਸ੍ਰੀ ਗੁਰ ਨਾਨਕ ਪ੍ਰਕਾਸ਼ ਵਿਚ ਆਏ ਮੰਗਲ

---

[45] ਗੋਇਲ, ਜੈ ਭਗਵਾਨ, *ਮਹਾਂਕਵੀ ਸੰਤੋਖ ਸਿੰਘ ਜੀਵਨ ਤੇ ਰਚਨਾ,* ਪੰਨਾ 99

[46] ਗੋਇਲ, ਜੈ ਭਗਵਾਨ, *ਭਾਈ ਸੰਤੋਖ ਸਿੰਘ ਰਚਿਤ ਗੁਰ ਪ੍ਰਤਾਪ ਸੂਰਜ ਸੰਖਿਪਤ,* ਪੰਨਾ 24

[47] ਗੋਇਲ, ਜੈ ਭਗਵਾਨ, *ਮਹਾਂ ਕਵੀ ਸੰਤੋਖ ਸਿੰਘ ਜੀਵਨ ਤੇ ਰਚਨਾ,* ਪੰਨੇ 10-11

[48] *ਜਿਲਦ ਪਹਿਲੀ,* ਪੰਨੇ 97-98

ਅਤੇ ਗੁਰੂ ਉਸਤਤ ਦੇ ਛੰਦ ਗ੍ਰੰਥ ਰਚਨ ਵੇਲੇ ਦੇ ਨਹੀਂ, ਕਈ ਛੰਦ ਗ੍ਰੰਥ ਰਚਨਾ ਤੋਂ ਪਹਿਲਾਂ ਦੇ ਹਨ ਜੋ ਇਸ ਗ੍ਰੰਥ ਤੋਂ ਪਹਿਲਾਂ ਅਤੇ ਬੂੜੀਏ ਨਿਵਾਸ ਦੇ ਦਿਨਾਂ ਦੇ ਰਚੇ ਹੋਏ ਸਨ।

ਭਾਸ਼ਾ ਪੱਖੋਂ ਸਿਰਫ ਮੰਗਲਾ ਚਰਣਾਂ ਵਿਚ ਉਨ੍ਹਾਂ ਭਾਸ਼ਾ ਜ਼ਿਆਦਾ ਆਲੰਕਾਰਿਕ ਅਤੇ ਕਠਿਨ ਵਰਤੀ ਹੈ ਪਰ ਬਾਕੀ ਰਚਨਾ ਦੀ ਭਾਸ਼ਾ ਅਤੇ ਸ਼ੈਲੀ ਬੜੀ ਸੁਭਾਵਿਕ, ਸਰਲ ਅਤੇ ਉਤਸ਼ਾਹ ਭਰੀ ਹੈ। ਸ੍ਰੀ ਗੁਰੂ ਨਾਨਕ ਪ੍ਰਕਾਸ਼ ਵਿਚੋਂ ਇਕ ਹਵਾਲਾ ਇਸ ਖਿਆਲ ਦੀ ਪੁਸ਼ਟੀ ਕਰਦਾ ਹੈ ਕਿ ਭਾਈ ਸਾਹਿਬ ਨੇ ਇਸ ਰਚਨਾ ਲਈ ਕਿਤਨੀ ਮਿਹਨਤ ਕੀਤੀ, ਥਾਂ ਥਾਂ ਸਮੱਗਰੀ ਇਕੱਤਰ ਕੀਤੀ-

ਆਦਿ ਸੁਧਾਸਰ ਜੇ ਦਿਸ ਥਾਨਾ॥
ਖੋਜਿ ਖੋਜਿ ਨੀਕੇ ਬਿਧਿ ਨਾਨਾ॥
ਲਿਖੀ ਦੇਖਿ ਕੇਤੀ ਬਹੁ ਥਾਈ॥
ਕੇਤਹੀ ਸੁੰਨੀ ਜੁ ਮਨ ਮਹਿ ਭਾਈ॥
ਬੀਨਿ ਬੀਨਿ ਗੁਰ ਮਹਿਮਾ ਆਛੀ॥
ਮਾਖਨ ਜਿਉ ਲੀਨੀ ਤਜਿ ਛਾਛੀ॥
ਕਵਿਤਾ ਤਾਕੀ ਰੁਚਿਤ ਬਨਾਈ॥
ਸਤਿਗੁਰੁ ਸਿਖਨ ਕੇ ਮਨ ਭਾਈ॥[49]

ਪ੍ਰਸਤਾਵਨਾ ਵਾਲੀ ਜਿਲਦ ਵਿਚ ਇਸ ਗੱਲ ਦੇ ਹਵਾਲੇ ਵੀ ਪ੍ਰਾਪਤ ਹੁੰਦੇ ਹਨ ਕਿ ਭਾਈ ਸੰਤੋਖ ਸਿੰਘ ਇਸ ਗ੍ਰੰਥ ਦੇ ਪ੍ਰਸੰਗਾਂ ਦੀ ਰਚਨਾ ਦੇ ਨਾਲ-ਨਾਲ ਇਨ੍ਹਾਂ ਨੂੰ ਸੰਗਤ ਵਿਚ ਕਥਾ ਦੇ ਰੂਪ ਵਿਚ ਸੁਣਾਇਆ ਵੀ ਕਰਦੇ ਸਨ ਤਾਂ ਕਿ ਇਨ੍ਹਾਂ ਪ੍ਰਸੰਗਾਂ ਨਾਲ ਸੰਬੰਧਤ ਸ਼ੰਕਿਆਂ ਅਤੇ ਪ੍ਰਸ਼ਨਾਂ ਦੀ ਜਾਣਕਾਰੀ ਪ੍ਰਾਪਤ ਕਰਕੇ ਇਨ੍ਹਾਂ ਦਾ ਸਮਾਧਾਨ ਕੀਤਾ ਜਾ ਸਕੇ ਜੋ ਕਿ ਜ਼ਰੂਰੀ ਵੀ ਸੀ ਕਿਉਂਕਿ ਇਸ ਨੇ ਸਿੱਖ ਜਗਤ ਦੀ ਵਿਰਾਸਤ ਦਾ ਭਾਗ ਬਣਨਾ ਸੀ। ਭਾਈ ਵੀਰ ਸਿੰਘ ਲਿਖਦੇ ਹਨ- ਸ੍ਰੀ ਗੁਰ ਨਾਨਕ ਪ੍ਰਕਾਸ਼ ਦੀ ਰਚਨਾ ਦੇ ਦਿਨਾਂ ਵਿਚ ਇਸ ਗ੍ਰੰਥ ਦੇ ਪ੍ਰਸੰਗਾਂ ਦੀ ਕਥਾ ਕਰਨ ਤੋਂ ਬਾਅਦ ਸ੍ਰੋਤਿਆਂ ਨਾਲ ਪ੍ਰਸ਼ਨ ਉੱਤਰ ਵੀ ਹੁੰਦੇ ਸੀ।

---

[49] *ਜਿਲਦ ਚੌਥੀ,* ਪੰਨਾ 1257

ਇਸ ਸਾਰੀ ਗੱਲ ਦੇ ਬਾਹਰਲੇ ਸਬੂਤਾਂ ਤੋਂ ਵੱਖਰੇ ਉਨ੍ਹਾਂ ਦੀ ਰਚਨਾਂ ਵਿਚ ਕਾਫੀ ਸਬੂਤ ਮੌਜੂਦ ਹਨ। ਕਵੀ ਇਹ ਸ੍ਰੀ ਗੁਰ ਨਾਨਕ ਪ੍ਰਕਾਸ਼ ਦੀ ਮਨੋਰਥ ਪੂਰਨਹਾਰ ਕਥਾ ਸ਼੍ਰੋਤਿਆਂ ਨੂੰ ਹਰ ਰੋਜ਼ ਸੁਨਾਇਆ ਕਰਦੇ ਸਨ, ਤਾਂ ਇਕ ਦਿਨ ਸ਼੍ਰੋਤਿਆਂ ਨੇ ਸੰਸਾ ਪ੍ਰਗਟ ਕੀਤਾ-

ਯਥਾ: ਕਹਿਤ ਕਥਾ ਕਵਿ ਕਾਮਦਾ ਗੁਰ ਸਿੱਖਨ ਕੇ ਪਾਸ॥

ਸ਼੍ਰੋਤਨ ਓਰ ਸੰਸਾ ਭਯੋ ਜਿਨ ਮਨ ਸੁਨਨਿ ਹੁਲਾਸ॥5॥

ਇਸ ਤੋਂ ਇਹ ਵੀ ਵਿਦਤ ਹੋ ਗਿਆ ਕਿ ਸ੍ਰੋਤੇ ਕਥਾ ਬੜੇ ਚਾਅ ਨਾਲ ਸੁਣਦੇ ਸਨ, ਹੁਣ ਸ਼੍ਰੋਤਿਆਂ ਦੇ ਸੰਸੇ ਤੇ ਆਪਣੇ ਉੱਤਰ ਨੂੰ ਕਵੀ ਜੀ ਐਉਂ ਲਿਖਦੇ ਹਨ:-

ਸ੍ਰੀ ਨਾਨਕ ਬਰ ਪਰਮ ਬਿਲਾਸਾ।

ਬਹੁ ਪੋਥੀ ਪਰ ਹੈ ਇਤਿਹਾਸਾ।

ਸੋ ਤੋ ਲਿਖਯੋ ਅਵਰ ਬਿਧਿ ਤਹਿੰਵਾ।

ਤੁਮ ਮੁਖ ਸੋਂ ਅਵਰਹਿ ਬਿਧਿ ਕਹਿਵਾ॥6॥

ਇਹ ਸੰਸਾ ਹਮਰੋ ਉਰ ਆਯੋ।

ਕਿਉਂ ਤੁਮ ਅਨਤਹਿ ਗਤਹਿ ਅਲਾਯੋ।

ਸੋ ਕਹਿ ਕਰਿ ਸਭਿ ਦੇਹੁ ਮਿਟਾਇ।

ਗੁਰ ਪਦ ਨਿਸ਼ਚਾ ਜਿਸ ਤੇ ਆਇ॥7॥

ਤਿਨ ਤੇ ਸੁਨਿ ਕਵਿ ਬਚਨ ਬਖਾਨਾ

ਤੁਮਰੀ ਧੰਨ ਸੁਮਤਿ ਮਤਿਵਾਨਾ।

ਭਲੋ ਸੰਦੇਹ ਆਪ ਮਨ ਠਾਨਾ।

ਉਤਰ ਸੁਨਹੁ ਦੇਯ ਨਿਜ ਕਾਨਾ॥8॥

ਦੋਹਰਾ– ਪ੍ਰਥਮੇ ਤੁਮ ਸੰਦੇਹ ਕੋ ਸਭਿ ਬਿਧਿ ਕਰੌਂ ਬਿਨਾਸ।

ਬਦਨਹਿ ਤੇ ਉਚਰੋਂ ਬਹੁਰ ਸ੍ਰੀ ਨਾਨਕ ਪਰਕਾਸ਼॥9॥

ਆਪ ਜੀ ਨੇ ਆਪਣੀਆਂ ਰਚਨਾਵਾਂ ਵਿਚ ਕਥਾ ਵਾਰਤਾ ਕਰਨ ਦਾ ਜ਼ਿਕਰ ਕਈ ਥਾਵਾਂ ‘ਤੇ ਕੀਤਾ ਹੈ। ਸੰਗਤਾਂ ਨੂੰ ਗੁਰਸਿੱਖਾਂ ਦਾ ਇਤਿਹਾਸ ਸੁਣਾਉਣ ਤੋਂ ਪਹਿਲਾਂ ਲਿਖਦੇ ਹਨ:

ਸ੍ਰੋਤਾ ਸੁਨਿ ਕਰਿ ਸ਼ੁਭ ਇਤਿਹਾਸ॥
ਚਿਤ ਮਹਿਂ ਚੌਂਪ ਬਿਸਾਲ ਪ੍ਰਕਾਸ਼॥
ਸਿੱਖਯਨਿ ਗਨ ਕੇ ਸੁਨਿ ਕਰਿ ਨਾਮੁ॥
ਜਿਨ ਕਉ ਪ੍ਰਾਪਤਿ ਉੱਤਮ ਧਾਮੁ॥33॥
ਗਯਾਨਵਾਨ ਪੂਰਨ ਪਦ ਪਾਯੋ॥
ਜਿਨ ਸਿੱਖਨ ਸਤਿਗੁਰੂ ਰਿਝਾਯੋ॥
ਤਿਨ ਕੀ ਕਰਹੁ ਬਾਰਤਾ ਸਾਰੀ॥
ਜੋ ਜੋ ਭਏ ਪਰਮ ਉਪਕਾਰੀ॥34॥
ਸੋ ਸਭ ਕਰਹੁ ਕਥਾ ਰਮਣੀਕਾ॥
ਸੁਨਤ ਪ੍ਰੀਤ ਤੇ ਜਿਮ ਹੁਇ ਨੀਕਾ॥
ਸ੍ਰੋਤਨਿ ਕੇ ਸੁਨਿਕੋ ਸਭਿ ਬੈਨ॥
ਬਕਤਾ ਭਯੋ ਪ੍ਰਫੁਲਯਤ ਨੈਨ॥36॥
ਨਿਸ਼ਚੈ ਪ੍ਰੇਮ ਲਖਯੋ ਭੁਮ ਸਾਚੋ॥
ਚਿਤ ਰਾਚੋ ਹਿਤ ਸੁਨਨਿ ਉਬਾਚੋ॥
ਯਾਤੇ ਮੈਂ ਬਰਨੌਂ ਸਭਿ ਕਥਾ॥
ਸਿੱਖਯਨ ਗਨ ਪ੍ਰਸੰਗ ਹੈਂ ਯਥਾ॥37॥ [50]

ਇਸ ਗ੍ਰੰਥ ਨੂੰ ਸਿੱਖ ਸੰਗਤਾਂ ਅਤੇ ਕਵੀਆਂ ਵਲੋਂ ਇਨਾਂ ਜ਼ਿਆਦਾ ਪਸੰਦ ਕੀਤਾ ਗਿਆ ਕਿ ਉਹ ਕਵੀ ਜੀ ਨੂੰ ਗ੍ਰੰਥ ਦੀ ਪ੍ਰਸੰਸਾ ਖ਼ਤ ਭੇਜ ਕੇ ਕਰਨ ਲੱਗੇ। ਅਜਿਹਾ ਹੀ ਇਕ ਖ਼ਤ ਭਾਈ ਵੀਰ ਸਿੰਘ ਜੀ ਨੂੰ ਪ੍ਰਾਪਤ ਹੋਇਆ

[50] *ਜਿਲਦ ਪਹਿਲੀ*, ਪੰਨੇ 143-144-145

ਹੈ ਜੋ ਇਸ ਪ੍ਰਕਾਰ ਹੈ-

ੴ ਸਤਿਗੁਰਪ੍ਰਸਾਦਿ।।

ਦੋਹਰਾ- ਸਤਿਗੁਰ ਤਵ ਰੱਛਯਾ ਕਰੈ ਪੂਰੈ ਮਨ ਕੀ ਇਸ਼ਟ।।

ਗੁਰ ਚਰਿੱਤ੍ਰ ਲਿਖ ਕਾਵਯ ਮੇਂ ਮੁਖ ਸਸਿ ਕਾਵਯਾਭਿਸ਼ਟ।।1।।

ਰਾਵਰਿ ਕਵਿਤਾ ਮਧੁਰ ਅਤਿ ਯਮਕ ਅਲੰਕ੍ਰਿਤ ਪਾਸ।।

ਮਨ ਹੋਹਤਿ ਕਵਿ ਕੋਵਿਦਹਿ ਭਾਵ ਬਡੇ ਜਹਿਂ ਭਾਸ।।2।।

ਗੁਰ ਨਾਨਕ ਜਸ ਜੋ ਰਚਯੋ ਸੁੰਦਰ ਅੰਮ੍ਰਿਤ ਵਾਕ।।

ਕਵਿਤ ਭਾਵ ਤਾਂ ਮੈਂ ਰਖੇ ਮਨਹਰਿ ਭੂਪਥ ਰਾਂਕ।।3।।

ਕਬਿਤ- ਕਵਿਤਾ ਅਪਾਰ ਹੈ ਕਿ ਗੁਨ ਕੋ ਪਹਾਰ ਹੈ

ਕਿ ਮਾਧੁਰੀ ਅਗਾਰ ਹੈ ਕਿ ਭਾਵ ਕਾਵ ਕੋਸ਼ ਹੈ।

ਭੂਖਨ ਹੈਂ ਕਵਿ ਕੇ, ਕਿ ਦੂਖਨ ਹਾ ਕਵਿ ਕੇ

ਬਿਦੂਖਨ ਕੇ ਬੀਚ ਬੀ ਪ੍ਰਸਿੱਧ ਹਰਿ ਦੋਸ਼ ਹੈ।

ਬਾਨੀ ਹੀ ਉਤੰਗ ਹੈ, ਸੁ ਅੰਕ ਹੀਉ ਰੰਗ ਹੈ

ਅਨੰਗ ਅੰਗ ਭੰਗ ਕੇ ਬਿਸੂਤ੍ਰਨ ਨਿਸੋਸ ਹੈ।

ਨਾਨਕ ਅਰਥ ਜੋਊ ਕੀਨੋ ਕਲੀ ਕਲ ਸੋਊ

ਨਾਮ ਤੋ ਸੰਤੋਖ ਸਿੰਘ ਧੀਯਵਰ ਕੋਸ਼ ਹੈ।।4।।[51]

ਇਹ ਗ੍ਰੰਥ 1880 ਬਿਕਰਮੀ (1823ਈ.) ਦੇ ਕੱਤਕ ਮਹੀਨੇ ਦੀ ਪੂਰਨਮਾਸ਼ੀ ਨੂੰ ਪੂਰਾ ਹੋਇਆ ਜਿਸ ਦਾ ਵੇਰਵਾ ਇਸ ਗ੍ਰੰਥ ਵਿਚ ਇਸ ਪ੍ਰਕਾਰ ਪ੍ਰਾਪਤ ਹੁੰਦਾ ਹੈ-

ਏਕ ਆਂਕ ਅਰ ਅਸ਼ਟ ਕਰਿ ਬਹੁਰ ਅਸ਼ਟ ਪਰ ਸੂਨ।

ਕਾਤਿਕ ਪੂਰਨਮਾ ਬਿਖੇ ਭਯੋ ਗ੍ਰੰਥ ਬਿਨ ਊਨ।। 110।।[52]

---

51 *ਉਹੀ,* ਪੰਨੇ 98, 99

52 *ਜਿਲਦ ਚੌਥੀ,* ਪੰਨਾ 1257

ਉਪਰੋਕਤ ਵਿਚਾਰ ਤੋਂ ਸਹਿਜੇ ਹੀ ਇਹ ਅਨੁਮਾਨ ਲੱਗ ਜਾਂਦਾ ਹੈ ਕਿ ਇਸ ਗ੍ਰੰਥ ਦੀ ਲੋਕ ਪ੍ਰਿਯਤਾ ਕਿੰਨੀ ਹੋ ਗਈ ਸੀ। ਗੁਰੂ ਨਾਨਕ ਦੇਵ ਜੀ ਦੇ ਜੀਵਨ ਬਿਰਤਾਂਤ ਤੋਂ ਬਾਅਦ ਅਗਲੇ ਗੁਰੂ ਸਾਹਿਬਾਨ ਦੇ ਜੀਵਨ ਬ੍ਰਿਤਾਂਤ ਲਿਖਣ ਦੀ ਮੰਗ ਸੰਗਤਾਂ ਵਲੋਂ ਕੀਤੀ ਜਾਣ ਲੱਗੀ। ਸੰਗਤਾਂ ਵੱਲੋਂ ਗੁਰੂ ਸਾਹਿਬਾਨ ਦੀਆਂ ਜੀਵਨੀਆਂ ਨੂੰ ਜਾਨਣ ਦੀ ਲਾਲਸਾ ਨੇ ਕਵੀ ਨੂੰ ਅੱਗੇ ਦਾ ਇਤਿਹਾਸ ਲਿਖਣ ਲਈ ਪ੍ਰੇਰਿਤ ਕੀਤਾ।

ਇਸ ਗ੍ਰੰਥ ਦੇ ਖਰੜੇ ਜਿਨ੍ਹਾਂ ਥਾਵਾਂ ਤੇ ਮੌਜੂਦ ਹਨ ਉਸ ਦਾ ਵੇਰਵਾ ਇਸ ਪ੍ਰਕਾਰ ਹੈ-

1) ਭਾਈ ਕਾਨ੍ਹ ਸਿੰਘ ਨਾਭਾ ਲਾਇਬ੍ਰੇਰੀ, ਬ੍ਰਿਜੇਸ਼ ਭਵਨ, ਨਾਭਾ।
2) ਸੈਂਟਰਲ ਲਾਇਬ੍ਰੇਰੀ, ਪਟਿਆਲਾ, ਨੰ: 2162
3) ਮੋਤੀ ਬਾਗ ਲਾਇਬ੍ਰੇਰੀ, ਪਟਿਆਲਾ।
4) ਭਾਸ਼ਾ ਵਿਭਾਗ, ਪਟਿਆਲਾ।

ਇਹ ਗ੍ਰੰਥ ਹੁਣ ਦੇ ਸਮੇਂ ਵਿਚ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਾਂ ਸੂਰਜ ਪ੍ਰਕਾਸ਼ ਦੇ ਨਾਮ ਨਾਲ ਪ੍ਰਚੱਲਿਤ ਹੈ।

**ਗਰਬ ਗੰਜਨੀ ਟੀਕਾ**

ਇਹ ਰਚਨਾ ਜਪੁ ਜੀ ਬਾਣੀ ਦਾ ਅਲੰਕ੍ਰਿਤ ਟੀਕਾ ਹੈ ਜਿਸ ਦੀ ਰਚਨਾ ਕਵੀ ਸੰਤੋਖ ਸਿੰਘ ਨੇ ਆਪਣੇ ਕੈਥਲ ਨਿਵਾਸ ਦੌਰਾਨ ਕੀਤੀ। ਇਸ ਟੀਕੇ ਦਾ ਅਰਥ ਹੈ ਹੰਕਾਰ ਦਾ ਨਾਸ਼ ਕਰਨ ਵਾਲਾ। ਜਿਸ ਦਾ ਮੁੱਢ ਉਦਾਸੀ ਸਾਧੂ ਅਨੰਦਘਨ ਦੇ ਗੁਰਮਤਿ ਸਿਧਾਂਤ ਵਿਰੋਧੀ ਜਪੁ ਜੀ ਬਾਣੀ ਦੇ ਟੀਕੇ ਦੇ ਜਵਾਬੀ ਰੂਪ ਵਿਚ ਬੱਝਾ। ਅਨੰਦਘਨ ਦੀਆਂ ਗੁਰਮਤਿ ਵਿਰੋਧੀ ਗੱਲਾਂ ਪੜ੍ਹਨ ਤੋਂ ਬਾਅਦ ਕੈਥਲ ਪਤੀ ਉਦਯ ਸਿੰਘ ਦੁਆਰਾ ਉਸ ਦਾ ਹੰਕਾਰ ਦੂਰ ਕਰਨ ਅਤੇ ਗੁਰਮਤਿ ਵਿਰੋਧੀ ਗੱਲਾਂ ਦਾ ਜਵਾਬ ਦੇਣ ਲਈ ਕਹਿਣ ਤੇ ਭਾਈ ਸੰਤੋਖ ਸਿੰਘ ਨੇ ਇਸ ਦੀ ਰਚਨਾ ਕੀਤੀ-

ਸ੍ਰੀ ਗ੍ਰੰਥ ਸਾਹਿਬ ਗੁਰਬਾਨੀ।
ਸਰਬ ਸ਼ਿਰੋਮਨਿ ਜਪੁ ਜੀ ਜਾਨੀ।
ਅਰਥ ਗੰਭੀਰ ਮਹਾਨ ਮਹਾਨੋ।
ਅਸ ਲਖਿ ਕਵਿ ਸੋਂ ਬਚਨ ਬਖਾਨੇ:

ਅਲੰਕਾਰ ਯੁਤ ਟੀਕਾ ਰਚੀਏ।

ਨਿਰਨੌਂ ਅਰਥ ਧਰਹੁ ਮਤਿ ਖਚੀਏ।

ਹੋਛ ਅਸ਼ੰਕਾ ਯਾ ਮਹਿ ਜੇਤੀ।

ਬੁਧਿ ਬਲ ਕਰਹੁ ਹਰਹੁ ਅਬ ਤੇਤੀ।

ਸੁਨਿ ਕਰਿ ਬਚਨ ਨ੍ਰਿਪਤਿਕੋ ਨੀਕਾ।

ਕਵਿ ਨੇ ਰੁਚਿਕ ਰਚਯੋ ਜਪੁ ਟੀਕਾ।[53]

ਇਸ ਟੀਕੇ ਦਾ ਆਰੰਭ '੧ਓ ਸਤਿਗੁਰ ਪ੍ਰਸਾਦਿ' ਨਾਲ ਕੀਤਾ ਗਿਆ ਹੈ। ਇਸ ਤੋਂ ਬਾਅਦ ਅਕਾਲ ਪੁਰਖ ਅਤੇ 10 ਗੁਰੂ ਸਾਹਿਬਾਨ ਦੀ ਬੰਦਨਾ ਕੀਤੀ ਗਈ ਹੈ। ਭਾਈ ਸੰਤੋਖ ਸਿੰਘ ਨੇ ਜਪੁ ਬਾਣੀ ਦੇ ਅਲੰਕਾਰਾਂ ਦੇ ਵੇਰਵੇ ਸਹਿਤ ਅਰਥ ਕਰਨ ਤੋਂ ਪਹਿਲਾਂ ਆਪਣੇ ਵਿੱਦਿਆ ਦਾਤੇ ਗਿਆਨੀ ਸੰਤ ਸਿੰਘ ਨੂੰ ਪ੍ਰਣਾਮ ਕੀਤਾ ਹੈ ਅਤੇ ਕੈਥਲ ਰਾਜ ਵੰਸ਼ ਦਾ ਵਰਣਨ ਕਰਨ ਤੋਂ ਬਾਅਦ ਇਸ ਬਾਣੀ ਦਾ ਟੀਕਾ ਕੀਤਾ ਹੈ।

ਅਨੰਦਘਨ ਦੀਆਂ ਗੁਰਮਤਿ ਵਿਰੋਧੀ ਗੱਲਾਂ ਦਾ ਕਵੀ ਜੀ ਨੇ ਦਲੀਲ ਪੂਰਵਕ ਢੰਗ ਨਾਲ ਖੰਡਨ ਕੀਤਾ ਹੈ। ਗੁਰੂ ਨਾਨਕ ਸਾਹਿਬ ਦੇ ਛੇ ਗੁਰੂ ਵਾਲੀ ਅਨੰਦਘਨ ਦੀ ਗੁਰਮਤਿ ਵਿਰੋਧੀ ਗੱਲ ਦਾ ਖੰਡਨ ਕਰਦੇ ਹੋਏ ਭਾਈ ਸੰਤੋਖ ਸਿੰਘ ਲਿਖਦੇ ਹਨ- *ਜੇ ਕਰਿ ਇਨ ਛਿਅਨ ਕੋ ਗੁਰੂ ਮਾਨਤੇ ਕਿਤੇ ਤੌ ਕਹਿਤੇ "ਹੇ ਸਿਖ, ਬ੍ਰਹਮਾ ਕੇ ਭੋਜਨ ਕਰੁ ਵਾ ਸ਼ਿਵਜੀ ਕੇ ਲਿੰਗ ਕੀ ਪੂਜਾ ਕੋ ਅਧਿਕ ਫਲ ਹੈ, ਸੋ ਕਰਤ ਰਹੁ: ਵਾ ਤੀਨੋਂ ਦੇਵੀਆਂ ਕੀ ਉਪਾਸਨਾਂ ਕਰੁ, ਜੋ ਸਿਖ ਹੋਤ ਹੈਂ ਸੋ ਆਪਨੇ ਗੁਰਨ ਕੋ ਉਪਦੇਸ਼ ਬਤਾਵਤ ਹੈਂ:...ਬਿਸ਼ਨ ਸ਼ਿਵ ਕੀ ਪੂਜ ਪਾਹਨ ਕੀ ਜੋ ਹੈ, ਤਿਸ ਕੋ ਬਿਵਰਜਿਤ ਕਰਯੋ ਹੈ,.. ਜੋ ਅਨੰਦਘਨ ਲਿਖ ਗਯੋ ਹੈ ਤਿਸ ਤੇ ਕਿਸੀ ਨੇ ਮਾਨ ਕਰਿ ਅੰਗੀਕਾਰ ਭੀ ਨਹੀਂ ਕਰਿ ਲਯੋ ਹੈ:...ਸੂਧੀ ਬਾਤ ਜਿਸ ਕੋ ਇਸ ਰੀਤਿ ਕੀ ਗਯਾਤਾ ਨਹੀਂ ਸੋ ਅਨੇਕ ਕਲਪਨਾ ਉਠਾਵਤ ਹੈਂ।...ਔਰ ਜੋ ਸ਼ਾਸਤ੍ਰਨ ਮੈ ਹੋ ਕਰਿ ਪਖ ਬਾਦ ਕੋ ਉਠਾਵਤ ਹੈਂ, ਬਹੁਰ ਸਤਿਗੁਰ ਕੇ ਮਤਿ ਕੋ ਰਲਾਯੋ ਚਾਹਤ ਹੈਂ, ਸੋ ਅਨਜਾਨ ਹੀ ਠਗਯੋ ਜਾਇਗੋ, ਨਿਸ਼ਚੇ ਵਾਰੇ ਜੋ ਸਿਖ ਹੈਂ ਸੋ ਤੇ ਸੁਪਨ ਮਾਤਰ ਭੀ ਤਿਨ ਕੋ ਕਹਿਨੇ ਨਹੀਂ ਮਾਨੇਂਗੇਂ*[54]

---

53 *ਸ੍ਰੀ ਜਪੁ ਸਾਹਿਬ ਸਟੀਕ, ਗਰਬ ਗੰਜਨੀ ਟੀਕਾ*, ਪੰਨਾ 9

54 *ਉਹੀ*, ਪੰਨੇ 52-53

ਇਸ ਟੀਕੇ ਦੇ ਨਾਮਕਰਨ ਬਾਰੇ ਭਾਈ ਸੰਤੋਖ ਸਿੰਘ ਲਿਖਦੇ ਹਨ-

*'ਗਰਬ ਗੰਜਨੀ ਕੋ ਅਰਥ: ਇਸ ਕੇ ਪਦਨ ਵਿਚਾਰਨਕਾਰੇ ਕੇ ਅਗਾਰੀ ਜੋ ਕੋਈ ਅਰਥਨ ਕੋ ਗਰਬ ਕਰੈ, ਤਿਸ ਕੋ ਗੰਜਨ ਹੋਇ ਜਾਤ ਹੈ, ਕਯਾ ਤਿਸ ਕੇ ਗਰਬ ਕੋ ਦੂਰ ਕਰ ਦੇਤ ਹੈ। ਦੂਸਰੋ ਅਰਥ ਔਰ: ਇਸ ਕੋ ਪਢਿਕੈ ਆਪਨ ਗਰਬ ਕੋ ਗੰਜਨ ਕਰੈ। ਗਰੀਬੀ ਕੋ ਗਹਿ ਕਰਿ ਮੁਕਤਿ ਕੇ ਮਾਰਗ ਪਰੈ। ਯਾਤੇ ਇਸ ਟੀਕੇ ਕੋ ਨਾਮ 'ਗਰਬ ਗੰਜਨੀ ਧਰਯੋ।*[55]

ਇਹ ਹਿੰਦੀ ਦੀ ਅਜਿਹੀ ਪਹਿਲੀ ਆਲੋਚਨਾਤਮਕ ਪੁਸਤਕ ਹੈ ਜਿਸ ਵਿਚ ਰਚਨਾ ਦੀ ਦਾਰਸ਼ਨਿਕ ਹਵਾਲਿਆਂ ਦੁਆਰਾ ਵਿਆਖਿਆ ਕਰਦੇ ਹੋਏ ਭਾਵ, ਭਾਸ਼ਾ, ਸ਼ਬਦ-ਸ਼ਕਤੀ, ਗੁਣ, ਦੋਸ਼, ਅਲੰਕਾਰ, ਆਦਿ ਦੀ ਦ੍ਰਿਸ਼ਟੀ ਤੋਂ ਉਸ ਦੀ ਕਾਵਿ ਕਲਾ ਦੀ ਸਮੀਖਿਆ ਕੀਤੀ ਗਈ ਹੈ। ਇਸ ਸੰਬੰਧ ਵਿਚ ਖ਼ੁਦ ਕਵੀ ਦਾ ਕਹਿਣਾ ਹੈ ਕਿ ਮੈਂ 'ਜਪੁ ਜੀ' ਦੀਆਂ ਸਾਰੀਆਂ ਤੁਕਾਂ ਦੇ ਵਿਅੰਗ (ਵਿਅੰਜਨਾ) ਲਕਸ਼ਣਾ, ਧੁਨੀ, ਅਲੰਕਾਰ ਆਦਿ ਦੀ ਪ੍ਰੀਖਿਆ ਕਰਕੇ ਇਹ ਟੀਕਾ ਲਿਖ ਰਿਹਾ ਹਾਂ:

ਵਯੰਗ ਲਛਣਾਂ ਬਹੁਰ ਧੁਨਿ ਨੀਕੇ ਦੇਉਂ ਦਿਖਾਈ।।
ਅਲੰਕਾਰ ਸਭ ਤੁਕਨਿ ਕੇ ਲਿਖਯੋ ਪਰਖਿ ਬਨਾਈ।। 21।।[56]

ਇਹ ਟੀਕਾ ਚੇਤ ਵਦੀ 2, ਸੰਮਤ 1886 (ਮਾਰਚ 1825 ਈ.) ਨੂੰ ਸੰਪੂਰਨ ਹੋਇਆ ਜਿਸ ਦਾ ਵੇਰਵਾ ਇਸ ਟੀਕੇ ਦੇ ਅਖੀਰ ਵਿਚ ਪ੍ਰਾਪਤ ਹੁੰਦਾ ਹੈ-

ਟੀਕਾ ਸ੍ਰੀ ਗਰਬ ਗੰਜਨੀ ਪੂਰਨ ਭਯੋ ਰਸਾਲ।।
ਨਮਸਕਾਰ ਸਤਿਗੁਰਨ ਕੋ ਜੋ ਹੈ ਪਰਮ ਕ੍ਰਿਪਾਲੁ।।
ਸੰਮਤ ਰਸ ਬਸ ਬਸ ਰਸ ਚੇਤ ਵਦੀ ਸ਼ੁਭ ਦੂਜ।।
ਸਸਿ ਬਾਸੁਰ ਉਤਸਾਹ ਕਿਯ ਸ੍ਰੀ ਨਾਨਕ ਪਦ ਪੂਜ।।[57]

---

55 *ਉਹੀ,* ਪੰਨਾ 9

56 ਗੋਇਲ, ਜੈ ਭਗਵਾਨ, *ਮਹਾਂ ਕਵੀ ਸੰਤੋਖ ਸਿੰਘ ਜੀਵਨ ਤੇ ਰਚਨਾ,* ਪੰਨਾ 36

57 *ਉਹੀ,* ਪੰਨਾ 178

ਡਾ. ਜੈ ਭਗਵਾਨ ਗੋਇਲ ਅਨੁਸਾਰ ਇਸ ਗ੍ਰੰਥ ਦੇ ਖਰੜੇ ਮੌਜੂਦ ਹੋਣ ਦਾ ਵੇਰਵਾ ਇਸ ਪ੍ਰਕਾਰ ਹੈ:

1) ਭਾਈ ਕਾਨ੍ਹ ਸਿੰਘ ਨਾਭਾ ਲਾਇਬ੍ਰੇਰੀ, ਨਾਭਾ।
2) ਸੈਂਟਰਲ ਲਾਇਬ੍ਰੇਰੀ, ਪਟਿਆਲਾ।
3) ਗਿਆਨੀ ਖਜ਼ਾਨ ਸਿੰਘ, ਪ੍ਰਧਾਨ, ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ।

**ਬਾਲਮੀਕੀ ਰਾਮਾਇਣ ਸਟੀਕ**

ਇਹ ਰਿਸ਼ੀ ਬਾਲਮੀਕਿ ਰਚਿਤ ਸੰਸਕ੍ਰਿਤ ਰਾਮਾਇਣ ਦਾ ਸੁੰਦਰ ਹਿੰਦੀ ਕਵਿਤਾ ਵਿਚ ਅਨੁਵਾਦ ਹੈ ਜੋ 1833 ਈ: ਵਿਚ ਕੈਥਲ ਵਿਚ ਹੀ ਤਿਆਰ ਹੋਇਆ।[58] 'ਗਰਬ ਗੰਜਨੀ' ਦੀ ਰਚਨਾ ਤੋਂ ਬਾਅਦ ਭਾਈ ਸੰਤੋਖ ਸਿੰਘ ਜੀ ਨੇ ਰਾਜਾ ਉਦਯ ਸਿੰਘ ਦੀ ਪ੍ਰੇਰਣਾ ਦੇ ਫਲਸਰੂਪ 'ਬਾਲਮੀਕੀ ਰਾਮਾਇਣ' ਦਾ ਕਵਿਤਾ ਵਿਚ ਅਨੁਵਾਦ ਕੀਤਾ। ਬਾਲਮੀਕੀ ਰਾਮਾਇਣ ਕਰੁਣਾ ਰਸ ਪ੍ਰਧਾਨ ਹੈ। ਮਹਾਂ ਕਵੀ ਭਾਈ ਸੰਤੋਖ ਸਿੰਘ ਨੇ ਬਾਲਮੀਕੀ ਰਾਮਾਇਣ ਨੂੰ ਗੁਰਮੁੱਖੀ ਲਿਪੀ ਵਿਚ ਅਨੁਵਾਦ ਕੀਤਾ। ਰਿਖੀ ਬਾਲਮੀਕ ਦੀ ਮੂਲ ਰਚਨਾ ਰਾਮ ਦੇ ਜੰਗਲਾਂ ਵਿਚ ਜਾਣ ਤੇ ਦਸ਼ਰਥ ਦੇ ਹਿਰਦੇ ਨੂੰ ਛੂਹਣ ਵਾਲੇ ਵਿਰਲਾਪ ਦਾ ਭਾਈ ਸੰਤੋਖ ਸਿੰਘ ਦੁਆਰਾ ਕੀਤਾ ਹੋਇਆ ਅਨੁਵਾਦ ਇਸ ਤਰ੍ਹਾਂ ਹੈ-

**ਚੌਪਈ:** ਕੇਤਿਕ ਬੇਗਿ ਬਤੇਕ ਕਹਿ ਤਾਂਹੀ<br>
ਹੇ ਦੁਰਮਤੇ ਕਸ਼ਟ ਉਪਜਾਹੀਂ<br>
ਰਾਮ ਗਏ ਬਨ ਮਮ ਮ੍ਰਿਤ ਹੋਈ<br>
ਪੂਰਨ ਹੋਇ ਕਾਮਨਾ ਤੋਹੀ

**ਦੋਹਾ:** ਰਾਜ ਤਿਲਕ ਹੋਇ ਰਾਮ ਕੋ ਸੁਧ ਪਹੁੰਚੀ ਸੁਰਲੋਕ<br>
ਕਯਾ ਕਰਿ ਹੋ ਮੈ ਜਗਤ ਕੇ ਨਿੰਦ ਕਰਹਿ ਸਭਿ ਲੋਕ (6)<br>
ਕੈਕਇ ਕੇ ਬਸ ਹੋਇ ਕੈ ਰਾਮ ਦਯੋ ਬਨਬਾਸ<br>
ਅਸ ਕਹਿ ਨਰ ਮਿਲਿ ਪਰਸਪਰਿ ਕਰਹਿ ਮੋਹਿ ਉਪਹਾਸ,

---

58 ਪਦਮ, ਪਿਆਰਾ ਸਿੰਘ, *ਮਹਾਂ ਕਵੀ ਸੰਤੋਖ ਸਿੰਘ,* ਪੰਨਾ 28

**ਚੌਪਈ:** ਯਾ ਬਿਨੁ ਜੈਸੇ ਸਾਚ ਉਬਾਚੋ ਕੋਇ ਨ ਲਖਿਹਿ ਮੋਹੀ ਬਚਿ ਸਾਚੋ

ਸੁਤ ਬਿਨੁ ਮੈਂ ਕਿਯੋ ਖੇਦ ਪ੍ਰਯਾਸਾ

ਮਾਤ ਭਿ ਪੂਤ ਰਾਮ ਸੁਖਰਾਸਾ (8)

ਕ੍ਰੋਧ ਜੀਤ ਵਿਦਵਾਨ ਜੋ ਸੂਰਾ

ਮਹਾ ਤੇਜ ਮਹਿ ਜਿਹ ਤਨ ਪੂਰਾ

ਮਮ ਸੇਵਾ ਤਤਪਰਿ ਦਿਨ ਰਾਤੀ

ਕਮਲ ਪਤ੍ਰ ਲੋਚਨ ਬਖਯਾਤੀ (9)

ਕਸ ਅਸ ਰਾਮ ਦੇਉ ਬਨਵਾਸਾ

ਤਯਾਗਨਿ ਕਰਿਵ ਆਪਨੇ ਪਾਸਾ

ਇਦੀਵਰ ਸਾਮ ਸਲੋਨਾ

ਦੀਰਘ ਬਾਹੂ ਮ੍ਰਿਦ ਜਨੁ ਦੋਨਾ (10)

ਰਾਮ ਚੰਦ ਸੁੰਦਰਿ ਤਨ ਐਸੇ

ਦੰਡਕ ਬਨ ਗਮਨੇ ਪਿਖੋ ਕੈਸੇ

ਦੁਖ ਅਨੁਚਿਤ ਉਚਤੈ ਅਤਿ ਸੁਖ ਕੋ

ਕੈਸੈ ਮੈ ਪਿਖੋ ਰਾਮ ਕੇ ਦੁਖ ਕੋ (11)

**ਦੋਹਰਾ:** ਬ੍ਰਿਹ ਦੁਖ ਦੇਖਨਿ ਤੇ ਪੁਰਾ ਜਾਇ ਛੁਟੀ ਜੇ ਪ੍ਰਾਣ

ਬੜੀ ਬਾਤਿ ਸੌ ਕਉ ਭਲੀ, ਹੋਇਨ ਕਸਟ ਮਹਾਨ। (12)[59]

ਇਸ ਤੋਂ ਇਲਾਵਾ ਰਾਮ ਦੇ ਕੱਟੇ ਹੋਏ ਮਾਇਆਵਈ ਸਿਰ ਨੂੰ ਸਾਹਮਣੇ ਦੇਖ ਕੇ ਅਸ਼ੋਕ ਵਾਟਿਕਾ ਵਿਚ ਦਿਲਚੀਰ ਵਿਰਲਾਪ ਰਾਮ ਕਥਾ ਦੇ ਮਨ ਨੂੰ ਛੂਹਣ ਵਾਲੇ ਅਤੇ ਕਰੁਣਾ ਪੂਰਨ ਪ੍ਰਸੰਗ ਹਨ। ਇਸ ਗ੍ਰੰਥ ਵਿਚ ਕਹਾਣੀ, ਚਰਿੱਤਰ ਉਸਾਰੀ, ਵਸਤੂ ਵਰਨਣ ਅਤੇ ਭਾਵ ਪ੍ਰਦਰਸ਼ਨ ਮੂਲ ਗ੍ਰੰਥ ਅਨੁਸਾਰ ਹੀ ਰੱਖਿਆ

[59] ਗੋਇਲ, ਜੈ ਭਗਵਾਨ, *ਭਾਈ ਸੰਤੋਖ ਸਿੰਘ ਰਚਿਤ ਗੁਰ ਪ੍ਰਤਾਪ ਸੂਰਜ (ਸੰਖਿਪਤ),* ਪੰਨੇ 28-29

ਗਿਆ ਹੈ। ਇਹ ਰਚਨਾ ਕੇਵਲ ਭਾਸ਼ਾ ਅਨੁਵਾਦ ਮਾਤਰ ਨਹੀਂ ਹੈ। ਇਸ ਦੇ ਇਕ ਜਾਂ ਕਈ ਸਲੋਕਾਂ ਦੇ ਭਾਵ ਲੈ ਕੇ ਉਨ੍ਹਾਂ ਨੂੰ ਆਪਣੇ ਸ਼ਬਦਾਂ ਵਿਚ ਛੰਦ-ਬੱਧ ਕੀਤਾ ਗਿਆ ਹੈ। ਕਵੀ ਜੀ ਦੀ ਲਿਖਣੀ ਵਿਚ ਇਕ ਐਸਾ ਜਾਦੂ ਹੈ ਕਿ ਇਹ ਪਹਿਚਾਨਣਾ ਮੁਸ਼ਕਿਲ ਹੋ ਜਾਂਦਾ ਹੈ ਕਿ ਇਹ ਰਚਨਾ ਇਕ ਸਟੀਕ ਹੈ ਜਾਂ ਮੌਲਿਕ ਰਚਨਾ।

ਕਵੀ ਜੀ ਇਹ ਰਾਮਾਯਣ ਲਿਖਣ ਬਾਰੇ ਦੱਸਦੇ ਹਨ ਕਿ ਅਸਾਂ ਰਾਮਾਯਣ ਦਾ ਤਰਜੁਮਾਂ ਕੀਤਾ ਤੇ ਇਸ ਪੋਥੀ ਦੇ ਉਤਾਰੇ ਉਸੇ ਵੇਲੇ ਲੋਕਾਂ ਨੇ ਕਰ ਲਏ। ਇਸ ਗ੍ਰੰਥ ਦੀ ਸਮਾਪਤੀ ਦਾ ਹਾਲ ਆਪ ਨੇ ਇਉਂ ਦਿੱਤਾ ਹੈ:-

ਛਪਯ- ਸੰਮਤ ਬਿੱਕ੍ਰਮ ਜੀਤ ਅਸ਼ਟ ਦਸ ਸਹਸ ਭਣਿੱਜੈ।
ਤੀਸ ਤ੍ਰਿਗੁਣਾ ਕਰਿਯ ਭਯੋ ਪੂਰਨ ਲਖਿ ਲਿੱਜੈ।
ਪੁਨ ਇਕਾਨਵਾ ਚਢਯੋ ਸੰਧਿ ਦੋਇਨ ਕੀ ਮਾਨਹੁ।
ਰੁਤ ਬਸੰਤ ਅਤਿ ਸੁਭਤਿ ਚੈਤ੍ਰ ਸੁਭ ਮਾਸ ਪਛਾਨਹੁ।
ਤਬਿ ਭਹ. ਸਮਾਪਤਿ ਗ੍ਰੰਥ ਕੀ ਰਾਮਾਯਣ ਸੁੰਦਰ ਸਰਸ।
ਕਵਿ ਹਾਥ ਜੋਰਿ ਬਿਨਤੀ ਕਰਤਿ ਚਾਹਤਿ ਚਿਤ ਰਘੁਪਤ ਦਰਸ॥13॥
ਦੋਹਰਾ- ਇਕ ਇਕ ਦਿਨ ਮਹਿ ਸਰਗ ਇਕ ਕਰਯੋ ਸੁ ਛੰਦਨ ਮਾਂਹਿ।
ਯਾਂਤੇ ਬਨਯੋ ਸ਼ਿਤਾਬ ਬਹੁ ਬਿਤੇ ਬਰਖ ਦੋਇ ਨਾਂਹਿ॥14॥ [60]

ਕਵੀ ਜੀ ਸਪੱਸ਼ਟ ਸ਼ਬਦਾਂ ਵਿਚ ਕਹਿੰਦੇ ਹਨ ਕਿ ਉਨ੍ਹਾਂ ਨੇ ਬਾਲਮੀਕੀ ਰਮਾਇਣ ਦਾ ਸਰੂਪ ਇਸ ਦੇ ਅਨੁਸਾਰ ਹੀ ਰੱਖਿਆ ਹੈ। ਅਪਣੇ ਵੱਲੋਂ ਨਾ ਕੁਝ ਘਟਾਇਆ ਹੈ ਤੇ ਨਾ ਹੀ ਵਧਾਇਆ ਹੈ।

ਬਾਲਮੀਕ ਮੁਨਿ ਕੀ ਕ੍ਰਿੱਤ, ਸਰਬ ਜਥਾਰਥ ਜਾਨਿ।
ਜਯੋਂ ਬੀਤੀ ਬਰਨੀ ਤਥਾ, ਬਾਧ ਨ ਘਾਟ ਪਛਾਨ।। 14।।
ਮਨ ਕੀ ਉਕਤਿ ਬਨਾਇਕੇ, ਨਹਿਂ ਕੀਨੇਂ ਇਤਿਹਾਸ।

---

[60] *ਜਿਲਦ ਪਹਿਲੀ,* ਪੰਨਾ 126

ਬੋਲਨਾਦਿ ਤੇ ਜਿਮ ਕ੍ਰਿਯਾ, ਜਥਾ ਜੋਗ ਪਰਕਾਸ਼॥ 15॥[61]

ਇਸ ਗ੍ਰੰਥ ਦੇ 7 ਕਾਂਡ[62] ਹਨ ਜੋ ਕਿ ਇਸ ਪ੍ਰਕਾਰ ਹਨ-

1) ਬਾਲ ਕਾਂਡ- 82
2) ਅਯੁੱਧਿਆ ਕਾਂਡ- 117
3) ਆਰਣਯ ਕਾਂਡ- 75
4) ਕਿਸ਼ਗਿੰਧਾ ਕਾਂਡ- 67
5) ਸੁੰਦਰ ਕਾਂਡ- 68
6) ਲੰਕਾ ਕਾਂਡ- 131
7) ਉੱਤਰ ਕਾਂਡ- 111

ਡਾ. ਜੈ ਭਗਵਾਨ ਗੋਇਲ ਇਸ ਦੇ ਸਰਗਾਂ ਦੀ ਗਿਣਤੀ 651 ਦੱਸਦੇ ਹਨ[63] ਪਰ ਭਾਈ ਵੀਰ ਸਿੰਘ ਨੇ ਇਸ ਦੇ ਸਰਗਾਂ ਦੀ ਗਿਣਤੀ 659 ਦੱਸੀ ਹੈ। ਜੇ ਹਿਸਾਬ ਕਰੀਏ ਤਾਂ 659 ਸਰਗ ਹਨ ਸਾਰੇ ਇਸ ਪੋਥੀ ਦੇ, ਦੋ ਸਾਲਾਂ ਦੇ ਦਿਨ 730 ਹੁੰਦੇ ਹਨ। ਸੋ ਇਹ ਗ੍ਰੰਥ 71 ਦਿਨ ਘੱਟ ਦੋ ਬਰਸਾਂ ਵਿਚ ਤਿਆਰ ਹੋਇਆ। ਜੇ ਸੰਮਤ 90 ਦੇ ਬੀਤਣ ਤੇ 91 ਦੇ ਚੜ੍ਹਨ ਦੀ ਸੰਧਿ ਕਿਤੇ ਚੇਤ ਦੇ ਅੱਧ ਦੇ ਲਗਭਗ ਹੋਵੇ ਤਾਂ ਅਨੁਮਾਨ ਲਗਦਾ ਹੈ ਕਿ ਜੇਠ ਦੇ ਅੰਤ ਜਾਂ ਹਾੜ ਦੇ ਆਰੰਭ ਸੰਮਤ 1888 ਬਿ: ਵਿਚ ਰਾਮਾਯਣ ਆਰੰਭ ਹੋਈ ਹੋਵੇਗੀ। ਇਹ ਅਨੁਮਾਨ ਇਸ ਆਧਾਰ ਤੇ ਹੈ ਕਿ ਕਵੀ ਜੀ ਦੇ ਇਕ ਇਕ ਸਰਗ ਰੋਜ਼ ਕਰਨ ਵਿਚ ਨਾਗਾ ਕਦੇ ਨਾ ਪਿਆ ਹੋਵੇ। ਚੇਤ 90-91 ਵਿਚ ਇਹ ਮੁੱਕੀ ਤੇ ਜੇਠ 1891 ਵਿਚ ਆਪ ਨੂੰ ਮੋਥਲੀ ਪਿੰਡ ਇਨਾਮ ਵਜੋਂ ਮਿਲਿਆ-

ਸੁੰਦਰ ਸਾਦਰ ਗ੍ਰਿੰਥ ਬਨਯੋ ਪਦ ਗੁੰਥਤਿ ਨੈ ਰਸ ਰੀਤਿ ਭਲੀ॥

ਰਾਮ ਕਥਾ ਗੁਨ ਗ੍ਰਾਮ ਭਿਰਾਮ ਮਹਾਂ ਮਤਿਧਾਮ ਅਨੰਦ ਫਲੀ॥

---

61 ਉਧਰਿਤ, *ਜਿਲਦ ਪਹਿਲੀ,* ਪੰਨਾ 130

62 ਗੋਇਲ, ਜੈ ਭਗਵਾਨ, *ਮਹਾਂਕਵੀ ਸੰਤੋਖ ਸਿੰਘ ਜੀਵਨ ਤੇ ਰਚਨਾ,* ਪੰਨੇ 36-37

63 *ਉਹੀ,* ਪੰਨਾ 36

ਰੰਜਨ ਹੈ ਭ੍ਰਮ ਭੰਜਨ ਹੈ ਗਮ ਗੰਜਨ ਹੈ ਪ੍ਰਦ ਗਯਾਨ ਬਲੀ॥

ਕੈਥਲ ਨਾਥ ਪ੍ਰਸੰਨ ਭਯੋ ਪਠਿ ਗ੍ਰਾਮ ਦਯੋ ਤਬਿ ਮੋਰਥਲੀ॥15॥[64]

ਇਸ ਦੇ ਸਬੂਤ ਵਜੋਂ ਉਸ ਸਨਦ ਦਾ ਤਰਜਮਾ ਇਸ ਪ੍ਰਕਾਰ ਹੈ:

*'ਸਰਕਾਰ ਦੇ ਅਹਿਲਕਾਰ ਤੇ ਪਿੰਡ ਮੋਥਲੀ ਦੇ ਜ਼ਿਮੀਦਾਰ ਇਹ ਜਾਣ ਲੈਣ ਕਿ ਉਕਤ ਪਿੰਡ ਸੰਮਤ 1891 ਦੀ ਹਾੜ੍ਹੀ ਦੇ ਆਦਿ ਤੋਂ ਬਾਲਮੀਕ ਰਾਮਾਯਣ ਦੀ ਰਚਨਾ ਪਰ ਬਖਸ਼ਿਆ ਜਾਕੇ ਸੰਤੋਖ ਸਿੰਘ ਦੇ ਨਾਮ ਅਰਦਾਸ ਹੋਕੇ ਦਰਜ ਕੀਤਾ ਗਿਆ ਹੈ। (ਅੱਗੋਂ ਨੂੰ) ਚਾਹੀਦਾ ਹੈ ਕਿ ਪਿੰਡ ਦੀ ਆਮਦਨ ਹਰ ਫਸਲ ਦੀ ਉਕਤ (ਸੰਤੋਖ ਸਿੰਘ ਨੂੰ) ਪੁਸ਼ਤ ਦਰ ਪੁਸ਼ਤ ਦਿੱਤੀ ਜਾਵੇ, ਇਸ ਗਲ 'ਤੇ ਹਜ਼ੂਰ ਦੇ ਹੁਕਮ ਅਨੁਸਾਰ ਸਖਤ ਤਾਕੀਦ ਨਾਲ ਅਮਲ ਕਰਨ। ਲਿਖੀ ਮਿਤੀ ਜੇਠ ਸੁਦੀ ਦਸ ਸੰ:1891 ਪ੍ਰਵਾਨਵਗੀ ਰੂਬਰੂ ਸਰਕਾਰ ਤੇ ਨਰੈਣ ਸਿੰਘ ਤੋਸ਼ੇ ਖਾਨੇ ਵਾਲਾ। ਬਾਲਾ ਕੋਠੀ। ਫ਼ਕਤ।*

*1 ਮੌਜੇ ਮੋਥਲੀ ਸੰਤੋਖ ਸਿੰਘ ਨੂੰ ਬਖਸ਼ਾ ਪ੍ਰਵਾਨਵਗੀ ਸਰਕਾਰ ਕੀ।'* [65]

ਇਸ ਗ੍ਰੰਥ ਦੇ ਖਰੜੇ ਪ੍ਰਾਪਤ ਹੋਣ ਦਾ ਵੇਰਵਾ[66] ਇਸ ਪ੍ਰਕਾਰ ਹੈ-

1) ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ
2) ਮੋਤੀ ਬਾਗ ਲਾਇਬ੍ਰੇਰੀ, ਪਟਿਆਲਾ।

**ਆਤਮ ਪੁਰਾਣ ਸਟੀਕ**

ਆਤਮ ਪੁਰਾਣ ਸੰਸਕ੍ਰਿਤ ਦੀ ਇਕ ਪ੍ਰਸਿੱਧ ਰਚਨਾ ਹੈ ਜਿਸਦਾ ਕਵੀ ਜੀ ਨੇ ਅਨੁਵਾਦ ਕੀਤਾ ਹੈ। 'ਆਤਮ ਪੁਰਾਣ' ਦਾ ਟੀਕਾ ਤਿਆਰ ਕਰਨ ਲਈ ਵੀ ਕਵੀ ਨੂੰ ਰਾਜਾ ਉਦਯ ਸਿੰਘ ਤੋਂ ਉਤਸ਼ਾਹ ਮਿਲਿਆ ਅਤੇ ਇਸ ਵਿਚ ਕਵੀ ਨੇ ਬੜੀ ਰੀਝ ਨਾਲ ਮੂਲ ਗ੍ਰੰਥ ਦੀ ਵਿਸ਼ੇਸ਼ ਸਮੱਗਰੀ ਨੂੰ ਪ੍ਰਸਤੁਤ ਕਰਨ ਦਾ ਸ਼ਲਾਘਾਯੋਗ ਉੱਦਮ ਕੀਤਾ ਹੈ ਪਰ ਇਹ ਸਟੀਕ ਬਾਲਮੀਕ ਰਮਾਇਣ ਦੇ ਅਨੁਵਾਦ ਵਾਂਗ ਉੱਚ ਕੋਟੀ ਦੀ

---

64 *ਜਿਲਦ ਪਹਿਲੀ,* ਪੰਨੇ 126-127

65 *ਉਹੀ,* ਪੰਨਾ 128

66 ਗੋਇਲ, ਜੈ ਭਗਵਾਨ, *ਗੁਰੂ ਪ੍ਰਤਾਪ ਸੂਰਜ ਕੇ ਕਾਵਯ ਪਕਸ਼ ਕਾ ਅਧਿਯਨ,* ਪੰਨਾ 35

ਕਵਿਤਾ ਨਹੀਂ ਬਣ ਸਕਿਆ। ਅੱਜ ਕੱਲ ਇਹ ਟੀਕਾ ਪ੍ਰਾਪਤ ਨਹੀਂ ਹੈ। ਕਵੀ ਜੀ ਗੁਰ ਪ੍ਰਤਾਪ ਸੂਰਜ ਗ੍ਰੰਥ ਰਾਸ 1 ਅੰਸੂ 5 ਵਿਚ ਦੱਸਦੇ ਹਨ ਕਿ ਰਾਮਾਯਣ ਦੇ ਟੀਕੇ ਮਗਰੋਂ ਆਤਮ ਪੁਰਾਣ ਦਾ ਟੀਕਾ ਕੀਤਾ ਗਿਆ ਹੈ। ਇਹ ਰਚਨਾ 1891 ਦੀ ਹੈ। ਇਹ ਇਕ ਤਰ੍ਹਾਂ ਉਪਨਿਸ਼ਧਾਂ ਦਾ ਸੰਚਯ ਹੈ ਤੇ ਵੇਦਾਂਤ ਵਿਦਯਾ ਦਾ ਇਕ ਮੂਲਕ ਗ੍ਰੰਥ ਮੰਨਿਆ ਜਾਂਦਾ ਹੈ। ਇਸ ਦੇ ਨਾਂ ਮਿਲਣ ਦਾ ਕਾਰਨ ਇਹੋ ਮੰਨਿਆ ਜਾਂਦਾ ਰਿਹਾ ਹੈ ਕਿ ਇਸ ਦਾ ਕੋਈ ਦੂਸਰਾ ਉਤਾਰਾ ਨਹੀਂ ਕੀਤਾ ਗਿਆ ਪਰ ਇਸ ਦਾ ਇਕ ਨਮੂਨਾ ਮਾਤ੍ਰ ਮਿਲਣ ਤੇ ਇਹੋ ਆਸ ਕੀਤੀ ਜਾ ਸਕਦੀ ਹੈ ਕਿ ਇਸ ਦਾ ਇਕ ਹੋਰ ਉਤਾਰਾ ਕੀਤਾ ਗਿਆ ਹੈ ਜੋ ਕਿ ਕਿਸੇ ਅਯਾਤ ਥਾਂ 'ਤੇ ਪਿਆ ਹੋਵੇ। ਇਹ ਸ੍ਵੇਤਾਸ੍ਵਤਰ ਉਪਨਿਸ਼ਧ ਦੇ ਕੁੱਝ ਹਿੱਸੇ ਦਾ ਟੀਕਾ ਹੈ ਜੋ ਕਿ ਇਸ ਪ੍ਰਕਾਰ ਹੈ-

*''ਜਾਂ ਕਾਲ ਮੇਂ ਬ੍ਰਹਮ ਸੋਂ ਤਦਗਤਿ ਹੋਣੇ ਮੇਂ ਪ੍ਰਵਿਰਤੇ, ਚਾਹੀਯਤ ਹੈ ਜੋ ਸੁਇੱਛਤ ਬੈਠੇ, ਛਾਤੀ ਅਰ ਸਿਰ ਕੋ ਸੂਧੇ ਰਾਖੇ, ਅਰ ਸ੍ਰੀਰ ਕੇ ਅੰਗੋਂ ਕੋ ਹਿਲਾਵੈ ਨਹੀਂ, ਅਰ ਸੰਪੂਰਨ ਇੰਦ੍ਰੀਓਂ ਕਉ ਸਾਥ ਮਨ ਕੇ ਅਪਨੇ ਵਸ ਮੇਂ ਕਰਿ, ਸਾਥ ਬ੍ਰਹਮ ਕੇ ਜੋ ਮੱਧ ਛਿੱਦ੍ਰ ਮਨ ਕੇ ਹੈ ਤਦਿ ਗਤਿ ਹੋਵੈ ਅਰ ਸਮੁੰਦਰ ਸਮਾਨ ਜੋ ਭ੍ਰਮ ਭਯਾਨਕ ਬੀਚ ਮਨ ਕੇ ਉਪਜਤਿ ਹੈ ਬ੍ਰਹਮ ਰੂਪ ਨਾਵਕਾ ਸੇਂਵਾ ਸੋ ਪਾਰ ਹੋਵੈ। ਅਰ ਮਾਰਗ ਤਦਗਤਿ ਹੋਵਨੇ ਕਾ ਯਹਿ ਹੈ ਜੋ ਪਵਨ ਕੋ ਅਰੋਪਨ ਕਰੇ। ਅਰ ਅੰਤਕਰਨ ਕੀ ਬ੍ਰਿਤਿ ਅਰ ਇੰਦ੍ਰੀਆਂ ਕੋ ਇਕਾਗਰ ਰਖੈ, ਤਾਤਪਰਜ ਯਹ ਹੈ ਜੋ ਸਮ ਦਮ ਕਰੇ। ਅਰ ਨਿੰਦਾ ਕੋ ਵਸ ਕਰੇ ਅਰ ਦ੍ਰਿਸ਼ਟ ਅਵਰ ਠਵਰ ਨਾ ਕਰੇ। ਅਰ ਸ੍ਵਾਸ ਕੋ ਮਾਰਗ ਏਕ ਨਾਸਕਾ ਕੇ ਤੇ ਸਨੇ ਸਨੇ ਦੋੜੇ। ਅਰ ਮਾਰਗ ਮੁਖ ਕੇ ਤੇ ਸ੍ਵਾਸ ਕੌ ਨਾ ਨਿਕਾਸੇ। ਕਰਨ ਹਾਰਾ ਐਸੀ ਉਪਾਸਨਾਂ ਕਾ ਜੈਸੇ ਰਥ ਕੇ ਸਾਥ ਅਤਿ ਬਲੀ ਅਸ੍ਵ ਜੁਤੇ ਹੋਂ ਅਰੂੜ ਜੋ ਵਾ ਪਰ ਹੈਂ, ਸਾਥਿ ਅਤਿ ਪ੍ਰਾਕ੍ਰਮ ਕੇ ਵਾ ਕਉ ਮਾਰਗ ਲੇ ਜਾਤੇ ਹੈ। ਇਸੀ ਪ੍ਰਕਾਰ ਪਵਨ ਅਭਯਾਸੀ ਛੋੜਨ ਹਾਰ ਸ੍ਵਾਸ ਕਾ ਅਤੀ ਦ੍ਰਿੜ ਚਾਹੀਅਤਿ ਹੈ। ਜੋ ਵਾ ਕਉ ਮਨ ਟੇਢੇ ਮਾਰਗ ਨਾਂ ਲੇ ਜਾਵੇ। ਅਰ ਜਾ ਪ੍ਰਿਥਵੀ ਮੇਂ ਬੈਠੇ ਵਾ ਅਸਥਾਨ ਊਚ ਨੀਚ ਨਾ ਹੋਵੇ, ਅਰ ਕੁਹਥਰਾ ਨਾ ਹੋਵੇ, ਅਰ ਸੂਛਮ ਸੂਛਮ, ਪਖਾਨ ਆਦਿਕ ਨਾ ਹੋਵੇਂ, ਅਰ ਪ੍ਰਥਮੀ ਉਸਨ ਨਾ ਹੋਵੈ, ਅਰ ਗਰਦ ਆਦਿਕ ਨਾਂ ਹੋ, ਅਰ ਕਿਸੀ ਕਾ ਸ਼ਬਦ ਆਦਿਕ ਸ੍ਰਵਨੇ ਮੇਂ ਨਾ ਪਹੁਚੈ। ਅਰ ਮਾਰਗ ਮਨੁਖਾਦਿ ਕੋ ਨਾ ਹੋ। ਅਰ ਜਾਂ ਇਸਥਾਨ ਮੇਂ ਮਨ ਸੁਖ ਕੋ ਪਾਵੈ। ਅਰ ਜਾਂ ਇਸਥਾਨ ਕੇ ਦੇਖਣੇ ਤੇ ਨੇਤ੍ਰ ਦੁਖ ਨਾ ਪਾਵੈਂ। ਅਰ ਵਾ ਇਸਥਾਨ ਸੀਤ ਅਰ ਉਸਨ ਅਰ ਪਵਨ ਨਖਿਧ ਅਰ ਭੈ ਤੇ ਰਹਿਤ ਹੋ। ਅਰ ਸਰਬ ਪ੍ਰਕਾਰ ਤੇ ਇਸਥਾਨ ਰਖਯਾ ਕਾ ਹੋ। ਐਸੇ ਗ੍ਰਿਹ ਮੇਂ ਇਸਥਿਤ ਹੋ ਕਰਿ ਅਪਨੇ ਸਾਰੂਪ ਕੀ*

*ਪ੍ਰਾਪਤੀ ਮੇਂ ਯਤਨ ਕਰੈ। ਲੱਖਣ ਪ੍ਰਗਟ ਹੋਨੇ ਬ੍ਰਹਮ ਅਵਸਥਾ ਕੇ ਊਪਰ ਮਨ ਜੋਗ ਅਭਯਾਸੀ ਕੇ ਯਹਿ ਹੈ। ਪ੍ਰਿਥਮ ਹੀ ਅਰੰਭ ਜੋਗ ਕੇ ਸੋ ਯਹਿ ਪਦਾਰਥ ਹੋਤਿ ਹੈ। ਕਬ ਹੀ ਭਾਵਨਾ ਵਾਕੀ ਮੇਂ ਕੁਹੀਰ ਸੀ ਦ੍ਰਿਸ਼ਟ ਪਰਤ ਹੈ। ਕਬ ਹੀ ਧੁਏ ਸੀ ਆਕਰਾ, ਅਰ ਕਬ ਹੀ ਸੂਰਜ ਸਾ ਪ੍ਰਕਾਸ਼ ਅਰ ਕਬ ਹੀ ਅਗਨੀ ਪ੍ਰਕਾਸ਼। ਅਰ ਕਬ ਹੀ ਜੈਸੇ ਪਵਨ ਚਲਤ ਹੈ ਅਰ ਕਬ ਹੀ ਉਸਨ ਕਾਲ ਸੀ ਨਿਸਾ ਅਰ ਕਬ ਹੀ ਪ੍ਰਕਾਸ਼ ਨਿਸਾਕਰ ਕਾ ਜੋ ਪੂਰਣਮਾ ਕੋ ਹੋਤ ਹੈ ਅਰ ਕਬ ਹੀ ਚਮਕਾਰ ਵਿਦੁਤ ਕਾ ਅਰ ਕਬ ਹੀ ਸੁੱਧਤਾ ਬਿਲਉਰ ਕੀ ਸੀ ਦੇਖਤ ਹੈ। ਅਰ ਅਸ਼ਟ ਅੰਗ ਜੋਗ ਕੇ ਹੈ ਤਾਂ ਸੋਂ ਪਾਂਚ ਆਗੈ ਬਰਨਨ ਭਏ। ਪ੍ਰਿਥਮ ਆਸਨ, ਦੁਤੀ ਪ੍ਰਾਣਾਯਾਮ, ਤ੍ਰਿਤੀ ਸਮ ਦਮ, ਚਤੁਰਥ ਅੰਤਹਕਰਨ ਅਰੋਧਤ, ਪੰਚਮ ਨਿੰਦ੍ਰਾ ਵਸ ਅਰ ਤੀਨ ਅਵਰ ਜੋ ਰਹੇ ਹੈਂ ਏਕ ਤਾਂ ਸੋਂ ਧਾਰਨਾ ਹੈ ਅਰ ਜੋਗਤਿ ਧਾਰਨਾ ਕੀ ਯਹਿ ਹੈ। ਤਦ ਯਥਾ ਪ੍ਰਥਮ ਪ੍ਰਿਥਵੀ ਕੇ ਰੂਪ ਕੋ ਯਥਾ ਸ਼ਾਸਤ੍ਰ ਮਨ ਮੇਂ ਧਾਰੈ ਅਰ ਆਪ ਹੀ ਕੌ ਆਪ ਰੂਪ ਜਾਨੈ। ਤਦ ਵਤ ਤੇਜ ਅਰ ਪਵਨ ਅਰ ਅਕਾਸ਼ ਇਨ ਕੀ ਧਾਰਨਾ ਕਰੇ ਅਰ ਜਬ ਪੰਚ ਭੂਤਾਤਮਿਕ ਰੂਪ ਆਪ ਹੀ ਭਇਆ ਵਾਕੋ ਰੋਗ ਅਰ ਜਰਾ ਨਹੀਂ ਹੋਤਿ, ਅਰ ਮ੍ਰਿਤੂ ਵਾਕੋ ਪ੍ਰਾਪਤਿ ਨਹੀਂ ਹੋਤਿ। ਜਾਂ ਤੇ ਜੋ ਸਰੀਰ ਵਾਕਾ ਜੋਗ ਅਗਨਿ ਭਯਾ ਹੈ। ਅਰ ਕਰਤਾ ਇਸ ਧਾਰਨ ਕਾ ਹਲਕਾ ਅਰ ਸੂਖਮ ਹੋਤ ਹੈ ਅਰ ਸਦਾ ਅਰੋਗ ਰਹਿਤ ਹੈ। ਅਰ ਮਨ ਵਾਂ ਕਾ ਕਹੀਂ ਜਾਤ ਨਹੀਂ ਅਰ ਮੁਖ ਵਾਂ ਕੇ ਪ੍ਰਕਾਸ਼ ਰੂਪ ਹੇਤ ਹੈ। ਅਰ ਸੁੰਦਰ ਸ਼ਬਦ ਹੋਤ ਹੈ। ਅਰ ਸਰੀਰ ਵਾਕੇ ਮੋ ਦੁਰਗੰਧ ਹੋਤਿ ਨਹੀਂ ਅਰ ਸੁਗੰਧਿ ਆਵਤਿ ਹੈ। ਮੂਤ੍ਰ ਅਰ ਮਲ ਗੁਹਜ ਇੰਦ੍ਰੀ ਕੀ ਵਾਕੋ ਸੂਖਮ ਹੋਤ ਹੈ। ਯਹਿ ਪਦਾਰਥ ਅਰੰਭ ਹੋ ਜੋਗ ਕੇ ਵਾ ਮੋ ਪ੍ਰਗਟ ਹੋਤ ਹੈ। ਜੈਸੇ ਸੁਫਟਕ ਜੋ ਮ੍ਰਿਤਕਾ ਮੋ ਆਛਾਦਿਤਿ ਹੈ ਅਰ ਪ੍ਰਕਾਸ਼ ਵਾਕਾ ਪ੍ਰਗਟ ਨਹੀਂ ਹੋਤ। ਜਬ ਵਾਕੋ ਸਬ ਸੇ ਸੁਧ ਕੀਜੈਐ ਤਬ ਪ੍ਰਕਾਸ਼ ਵਾਕਾ ਪ੍ਰਗਟ ਹੋਤ ਹੈ। ਇਸੀ ਪ੍ਰਕਾਰ ਜੀਵਾਮਾ ਜੋ ਕੇਵਲ ਪ੍ਰਕਾਸ਼ ਰੂਪ ਪਰਮਾਤਮਾ ਹੈ ਮ੍ਰਿਤਕਾ ਸਮਾਨ ਅਵਿੱਦਯਾ ਜੋ ਅਪਨੇ ਸਰੂਪ ਕੋ ਨਾਂ ਜਾਨਨਾ ਤਾਂਕੇ ਸੰਗ ਸੋਂ ਪ੍ਰਕਾਸ਼ ਵਾਕਾ ਨਹੀਂ ਦੇਖੀਅਤ। ਜਬ ਵਾਕੋ ਸਾਥ ਜਲ ਜੋਗ ਅਰ ਗਿਆਨ ਕੇ ਸੁਭ ਕੀਜੀਅਤਿ ਹੈ ਤਬ ਵਹਿ ਆਤਮਾ ਪ੍ਰਕਾਸ਼ ਪ੍ਰਗਟ ਹੋਤਿ ਹੈ। ਅਰ ਜਬ ਆਤਮਾ ਪ੍ਰਕਾਸ਼ ਪ੍ਰਕਾਸ਼ਤਿ ਭਇਆ ਤਬ ਵਾ ਮੇਂ ਲੈਕਿਕ ਅਰ ਵੈਦਿਕ ਕਰਮ ਸਰਬ ਲੀਨ ਹੋਤਿ ਹੈਂ। ਅਰ ਹਰਖ ਸੋਗ ਤੇ ਰਹਿਤ ਵਾਕੋ ਕ੍ਰਿਯਾ ਕਛੁ ਕਰਨੀ ਰਹੀ ਨਹੀਂ। ਏਕ ਹੀ ਜੋ ਥਾ ਸੋ ਭਇਆ''।*[67]

---

[67] *ਜਿਲਦ ਪਹਿਲੀ,* ਪੰਨੇ 133-135

ਇਹਨਾਂ ਪੰਜਾਂ ਰਚਨਾਵਾਂ ਤੋਂ ਇਲਾਵਾ ਇੰਨ੍ਹਾਂ ਦੀ ਇਕ ਵਿਸ਼ਾਲ ਤੇ ਅੰਤਮ ਦੇਣ ਪ੍ਰਬੰਧ ਕਾਵਿ ਵਾਲੀ ਰਚਨਾ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਹੈ। ਜਿਸ ਦੀ ਕਥਾ ਹਰ ਰੋਜ਼ ਗੁਰਦੁਆਰਿਆਂ ਵਿਚ ਹੁੰਦੀ ਹੈ ਅਤੇ ਸੰਗਤਾਂ ਬੜੇ ਉਤਸ਼ਾਹ ਨਾਲ ਗੁਰਦੁਆਰੇ ਆ ਕੇ ਸੁਣਦੀਆਂ ਹਨ।

## ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ

ਇਹ ਗ੍ਰੰਥ ਭਾਈ ਸੰਤੋਖ ਸਿੰਘ ਦੁਆਰਾ ਰਚਿਆ ਹੋਇਆ ਵੱਡ-ਆਕਾਰੀ ਗ੍ਰੰਥ ਹੈ। ਇੰਜੀ. ਕਰਮਜੀਤ ਸਿੰਘ ਅਨੁਸਾਰ[68] ਪਹਿਲੋਂ ਪਹਿਲ ਇਹ ਗ੍ਰੰਥ ਜੁਬਲ ਦੇ ਰਾਜਾ ਪਦਮ ਚੰਦਰ ਵਲੋਂ ਇਸ ਸਦੀ ਦੇ ਪਹਿਲੇ ਦਹਾਕੇ (19ਵੀਂ ਸਦੀ) ਵਿਚ ਕੋਈ 3000 ਪੰਨਿਆਂ 'ਤੇ ਛਪਿਆ ਜਿਸ ਦੀਆਂ ਛੇ ਸੈਂਚੀਆਂ ਸਨ। ਇਹ ਐਡੀਸ਼ਨ ਕੈਕਸਟਨ ਪ੍ਰੈੱਸ ਲਾਹੌਰ ਵਿੱਚ ਛਪਿਆ ਸੀ। ਉਸ ਤੋਂ ਬਾਅਦ 1934 ਵਿਚ ਇਹ ਗ੍ਰੰਥ ਭਾਈ ਵੀਰ ਸਿੰਘ ਦੇ ਉੱਦਮ ਨਾਲ ਖਾਲਸਾ ਸਮਾਚਾਰ ਵਲੋਂ ਪ੍ਰਕਾਸ਼ਿਤ ਕੀਤਾ ਗਿਆ[69] ਜੋ ਕਿ 14 ਜਿਲਦਾਂ ਵਿਚ ਛੱਪਿਆ।

ਇਸ ਗ੍ਰੰਥ ਵਿਚਲੇ ਇਤਿਹਾਸ ਅਤੇ ਵਿਵਹਾਰ ਵਿੱਚੋਂ ਹੀ ਮਨੁੱਖ ਦੇ ਆਚਾਰ ਵਿਹਾਰ ਦੇ ਦਰਸ਼ਨ ਕੀਤੇ ਜਾ ਸਕਦੇ ਹਨ। 'ਗੁਰ ਪ੍ਰਤਾਪ ਸੂਰਜ' ਭਾਈ ਸੰਤੋਖ ਸਿੰਘ ਦੀ ਆਖਰੀ ਅਤੇ ਸਰਵੋਤਮ ਰਚਨਾ ਹੈ। ਇਸ ਨੂੰ ਕਵੀ ਦਾ ਸ਼ਾਹਕਾਰ ਵੀ ਕਿਹਾ ਜਾ ਸਕਦਾ ਹੈ। ਇਹ ਗ੍ਰੰਥ ਦੋ ਰਚਨਾਵਾਂ 'ਗੁਰ ਨਾਨਕ ਪ੍ਰਕਾਸ਼' ਅਤੇ 'ਗੁਰ ਪ੍ਰਤਾਪ ਸੂਰਜ' ਦਾ ਮਿਲਵਾਂ ਸੰਗ੍ਰਹਿ ਹੈ। ਇਹ ਗ੍ਰੰਥ 'ਸੂਰਜ ਪ੍ਰਕਾਸ਼' ਕਰਕੇ ਜਾਣਿਆ ਜਾਂਦਾ ਹੈ। ਇਸ ਪੁਸਤਕ ਦਾ ਸਿਰਲੇਖ (ਸੂਰਜ ਪ੍ਰਕਾਸ਼) ਮਹਾਨ ਸਿੱਖ ਵਿਦਵਾਨ ਭਾਈ ਗੁਰਦਾਸ[70] ਜੀ ਦੀ ਵਾਰ 1, ਪਉੜੀ 27 ਤੋਂ ਲਿਆ ਗਿਆ ਜਾਪਦਾ ਹੈ। ਜਿਨਾਂ ਨੇ ਗੁਰੂ ਨਾਨਕ ਦੇ ਜਨਮ ਨੂੰ ਸੂਰਜ ਦਾ ਪ੍ਰਕਾਸ਼ ਹੋਣ ਅਤੇ ਆਗਿਆਨਤਾ ਦੇ ਹਨੇਰੇ ਦੇ ਮਿਟਣ ਨਾਲ ਮੁਕਾਬਲਾ ਕੀਤਾ ਹੈ।[71] ਸਿੱਖ ਧਰਮ ਦੇ ਗੌਣ ਸ੍ਰੋਤਾਂ ਵਿਚੋਂ ਜੇਕਰ

---

68 ਕਰਮਜੀਤ ਸਿੰਘ (ਇੰਜ.), *ਸਾਹਿਤ ਗਗਨ ਦੇ ਸੂਰਜ ਮਹਾਂਕਵੀ ਭਾਈ ਸੰਤੋਖ ਸਿੰਘ ਜੀਵਨ ਅਤੇ ਰਚਨਾ,* ਪੰਨਾ 74

69 *ਉਹੀ,* ਪੰਨਾ 11

70 ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪੇ ਅੰਧੇਰੁ ਪਲੋਆ। -ਜੱਗੀ, ਗੁਰਸ਼ਰਨ ਕੌਰ (ਡਾ.), *ਭਾਈ ਗੁਰਦਾਸ ਜੀ,* ਪੰਨਾ 70

71 ਹਰਮੀਤ ਸਿੰਘ, *ਮਹਾਂਕਵੀ ਸੰਤੋਖ ਸਿੰਘ ਦਾ ਰਚਨਾ ਸੰਸਾਰ,* ਪੰਨਾ 13

ਇਸ ਗ੍ਰੰਥ ਨੂੰ ਸਭ ਤੋਂ ਵਿਲੱਖਣ ਅਤੇ ਵਡਮੁੱਲਾ ਮੰਨ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਪੰਜਾਬ ਦੇ ਵਿਸ਼ਾਲ ਯੁੱਧ-ਕਾਵਯ ਮਹਾਂ ਭਾਰਤ ਨੂੰ ਮਹਾਂਰਿਸ਼ੀ ਵਿਆਸ ਨੇ ਵੱਡੇ ਵੱਡੇ ਅਠਾਰਾਂ ਪਰਵਾਂ ਦਾ ਰੂਪ ਦੇ ਕੇ ਪ੍ਰਤੀ ਪਰਵ ਅਨੇਕਾਂ ਅਧਿਆਵਾਂ ਤੇ ਪੁਰਾਣਿਕ ਵਿਆਖਯਾਨਾਂ ਵਿਚ ਵੰਡਿਆ ਤੇ ਇਸ ਤਰ੍ਹਾਂ ਆਪਣੀ ਅਲੌਕਿਕ ਪ੍ਰਤਿਭਾ ਦਾ ਚਮਤਕਾਰ ਵਿਖਾਇਆ ਹੈ, ਪਰ ਮਹਾਂਕਵੀ ਭਾਈ ਸੰਤੋਖ ਸਿੰਘ ਨੇ ਇਸ ਤੋਂ ਵੀ ਬਹੁਤ ਅੱਗੇ ਵੱਧ ਕੇ ਛਾਲ ਮਾਰੀ ਹੈ। ਸੰਤੋਖ ਸਿੰਘ ਜੀ ਨੇ ਇਸ ਗ੍ਰੰਥ ਦਾ ਆਰੰਭ ਵੀ ਮੰਗਲ ਨਾਲ ਕੀਤਾ ਹੈ ਜੋ ਕਿ ਅਕਾਲ ਪੁਰਖ ਪ੍ਰਤੀ ਸੱਚੀ ਭਾਵਨਾ ਨੂੰ ਉਜਾਗਰ ਕਰਦਾ ਹੈ-

ਏਕੁੰਕਾਰਾ ਸਤਿਗੁਰੂ ਤਿਹਿ ਪ੍ਰਸਾਦਿ ਸਚੁ ਹੋਇ।
ਵਾਹਿਗੁਰੂ ਜੀ ਕੀ ਫਤੇ ਵਿਘਨ ਵਿਨਾਸਨ ਸੋਇ।। 1।। [72]

ਇਸ ਗ੍ਰੰਥ ਵਿਚ 20 ਅਧਿਆਇ, 1151 ਅੰਸੂ*, 51829 ਛੰਦ ਲਿਖੇ ਹਨ। ਸੰਪੂਰਨ ਕਥਾ ਨੂੰ ਸੂਰਜ ਦੀ ਚਾਲ ਦੇ ਆਧਾਰ ਤੇ 12 ਰਾਸਾਂ (ਰਾਸ਼ੀਆਂ), 6 ਰੁੱਤਾਂ ਤੇ 2 ਅਯਨਾਂ* ਵਿਚ ਵੰਡ ਕੇ ਇਸ ਤਰ੍ਹਾਂ ਤਰਤੀਬਿਆ ਹੈ ਕਿ ਇਨਸਾਨੀ ਅਕਲ ਦੰਗ ਰਹਿ ਜਾਂਦੀ ਹੈ। ਦਸ ਗੁਰੂ ਸਾਹਿਬਾਨ ਦੇ ਆਤਮ-ਚਰਿੱਤਰ ਇਸ ਤਰ੍ਹਾਂ ਕ੍ਰਮਵਾਰ ਮੂਰਤੀਮਾਨ ਹੋ ਕੇ ਫਿਲਮ ਦੀਆਂ ਚੱਲਦੀਆਂ ਫਿਰਦੀਆਂ ਸਜੀਵ ਤਸਵੀਰਾਂ ਵਾਂਗੂੰ ਆਪਣੇ ਆਪ ਬੜੇ ਪ੍ਰਭਾਵਕ ਢੰਗ ਨਾਲ ਪਾਠਕਾਂ ਅੱਗੇ ਆਉਂਦੇ ਸਪੱਸ਼ਟ ਦ੍ਰਿਸ਼ਟੀਗਤ ਹੁੰਦੇ ਹਨ। ਗੁਰ ਪ੍ਰਤਾਪ ਸੂਰਜ ਧਾਰਮਿਕ ਭਾਵਨਾ ਤੋਂ ਪ੍ਰੇਰਿਤ ਇਕ ਕਥਾ ਪ੍ਰਧਾਨ ਚਰਿੱਤਰ ਕਾਵਿ ਹੈ।

ਅਪਭ੍ਰੰਸ਼ ਵਿਚ ਜੈਨ ਕਵੀਆਂ ਨੇ ਅਨੇਕ ਐਸੇ ਕਾਵਿਆਂ ਦੀ ਰਚਨਾ ਕੀਤੀ ਸੀ ਜਿੰਨ੍ਹਾਂ ਵਿਚ ਕਿਸੀ ਮਹਾਂਪੁਰਸ਼ ਦੇ ਚਰਿੱਤਰ ਦੇ ਮਾਧਿਅਮ ਦੁਆਰਾ ਜੈਨ ਮੱਤ ਦੇ ਧਾਰਮਿਕ ਸਿਧਾਂਤਾਂ ਦਾ ਵਰਨਣ ਕੀਤਾ ਗਿਆ

---

[72] *ਜਿਲਦ ਦੂਜੀ*, ਪੰਨਾ 2

* (ਅੰਸੁ:- ਸੰਗਯਾ-ਕਿਰਣ (2) ਸੂਰਜ (3) ਸੂਤ੍ਰ-ਧਾਗਾ, ਤਾਰ। (4) ਜਿੰਨ੍ਹਾਂ ਗ੍ਰੰਥਾਂ ਨੂੰ ਸੂਰਜ ਦਾ ਨਾਉਂ ਦਿੱਤਾ ਜਾਂਦਾ ਹੈ, ਉਨ੍ਹਾਂ ਦੇ ਅਧਯਾਯ ਰੂਪਕ ਅਲੰਕਾਰ ਅਨੁਸਾਰ "ਅੰਸੂ" ਕਹੇ ਜਾਂਦੇ ਹਨ, ਕਿਉਂਕਿ ਅੰਸੁ ਨਾਮ ਕਿਰਣ ਦਾ ਹੈ।

- ਨਾਭਾ, ਕਾਨ੍ਹ ਸਿੰਘ (ਭਾਈ), *ਮਹਾਨ ਕੋਸ਼*, ਪੰਨਾ 111,

* ਅਯਨ:- ਵਰੇ ਦਾ ਛੀ ਮਹੀਨੇ ਦਾ ਸਮਾ, ਵਿਸੁਰਤ ਰੇਖਾ ਦੇ ਉੱਤਰ ਅਤੇ ਦੱਖਣ ਵੱਲ ਸੂਰਜ ਦੀ ਗਤੀ। (ਉੱਤਰਾਇਣ ਅਤੇ ਦਖਣਾਇਣ।) *ਉਹੀ,* ਪੰਨਾ 78

ਸੀ।[73] ਗੁਰ ਪ੍ਰਤਾਪ ਸੂਰਜ ਇਸੇ ਪ੍ਰਕਾਰ ਦੀ ਰਚਨਾ ਹੈ। ਇਸ ਵਿਚ ਗੁਰੂ ਨਾਨਕ ਦੇਵ ਜੀ ਅਤੇ ਹੋਰ ਨੌਂ ਸਿੱਖ ਗੁਰੂਆਂ ਦਾ ਜੀਵਨ-ਚਰਿੱਤਰ ਅਤੇ ਹੋਰ ਕਈ ਸਿੱਖਾਂ ਦਾ ਚਰਿੱਤਰ ਅਤਿਅੰਤ ਵਿਸਥਾਰ ਨਾਲ ਵਰਨਣ ਹੋਇਆ ਹੈ। ਨਾਲ ਹੀ ਗੁਰੂਆਂ ਦੇ ਧਾਰਮਿਕ ਅਤੇ ਸਮਾਜਿਕ ਵਿਚਾਰਾਂ ਦਾ ਵਰਨਣ ਵਿਸ਼ਾਲਤਾ ਨਾਲ ਕੀਤਾ ਗਿਆ ਹੈ। ਕਵੀ ਦੇ ਅਨੁਸਾਰ ਸਿੱਖ ਗੁਰੂ ਸਾਹਿਬਾਨਾਂ ਦੇ ਪ੍ਰਤਾਪ ਅਤੇ ਗਿਆਨ ਰੂਪੀ ਸੂਰਜ ਦੀਆਂ ਕਿਰਨਾਂ ਸੰਪ੍ਰਦਾਇਕ ਅੰਧ-ਵਿਸ਼ਵਾਸਾਂ, ਧਾਰਮਿਕ ਸੰਕੀਰਣਤਾ, ਭਰਮ, ਪਾਖੰਡ, ਅਗਿਆਨ, ਅਨਿਆਇ ਅਤੇ ਅੱਤਿਆਚਾਰ ਦੇ ਹਨ੍ਹੇਰੇ ਤੋਂ ਦੂਰ ਕਰਨ ਵਾਲੀਆਂ ਹਨ। ਇਸ ਗ੍ਰੰਥ ਵਿਚ ਜਿੱਥੇ ਕਿਤੇ ਕੋਈ ਗੁਰਮਤਿ ਵਿਰੋਧੀ ਜਾਂ ਅਜਿਹੀ ਗੱਲ ਆਈ ਹੈ, ਜਿਸ ਦੀ ਸਾਖੀ ਇਤਿਹਾਸ ਨਹੀਂ ਭਰਦਾ, ਉਥੇ ਡਾ. ਭਾਈ ਵੀਰ ਸਿੰਘ ਨੇ ਫੁਟ ਨੋਟ ਦੇ ਕੇ ਗੱਲ ਨੂੰ ਸਪਸ਼ਟ ਕਰ ਦਿੱਤਾ ਹੈ, ਜਿਸ ਨਾਲ ਕਈ ਭਰਮ ਭੁਲੇਖੇ ਦੂਰ ਹੋ ਜਾਂਦੇ ਹਨ।

ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਭਾਵੇਂ ਬਹੁਤ ਸਾਰੀ ਸਮੱਗਰੀ ਇਤਿਹਾਸ ਦੇ ਨਾਲ-ਨਾਲ ਮਿਥਿਹਾਸਕ ਕਲਪਤ, ਪ੍ਰਸੰਗਕ ਅਤੇ ਅਵਤਾਰ ਕਥਾ ਦਾ ਮਿਸ਼ਰਨ ਹੈ ਪਰੰਤੂ ਇਸ ਸਮੱਗਰੀ ਰਾਹੀਂ ਹੱਥਲੀ ਰਚਨਾ ਵਿਚ ਸਿੱਖ ਗੁਰੂ ਸਾਹਿਬਾਨ ਦੀਆਂ ਮਹੱਤਵਯੋਗ ਪ੍ਰਾਪਤੀਆਂ ਨੂੰ ਕਲਮਬੱਧ ਕੀਤਾ ਗਿਆ ਹੈ। ਇਸ ਰਚਨਾ ਨੂੰ ਭਾਈ ਵੀਰ ਸਿੰਘ ਵਿਗਿਆਨਕ ਇਤਿਹਾਸਕ ਸ਼ੈਲੀ ਦੇ ਰੂਪ ਵਿਚ ਵੇਖਦੇ ਹਨ। ਉਹ ਇਸ ਸੰਬੰਧ ਵਿਚ ਲਿਖਦੇ ਹਨ ਕਿ ਇਤਿਹਾਸਕਾਰ ਦੀ ਸੱਚਾਈ ਅਤੇ ਨੇਕ ਨੀਅਤ ਇਸ ਗੱਲ ਵਿਚ ਹੈ ਕਿ ਜਿਨ੍ਹਾਂ ਗੱਲਾਂ ਨੂੰ ਅਜੇ ਵਿਗਿਆਨਕਾਰਾਂ ਨੇ ਸੰਭਵ ਨਹੀਂ ਮੰਨਿਆ ਅਤੇ ਕਿਸੇ ਕਲਾਧਾਰੀ ਵਿਅਕਤੀ ਸੰਬੰਧੀ ਉਹ ਲਿਖੀਆਂ ਮਿਲਦੀਆਂ ਹਨ ਤਾਂ ਉਨ੍ਹਾਂ ਨੂੰ ਅਸਵੀਕਾਰ ਕਰਨ ਜਾਂ ਰੱਦ ਕਰਨ ਦੀ ਬਜਾਏ ਇਹ ਲਿਖ ਦਿੱਤਾ ਜਾਵੇ ਕਿ ਉਸ ਦੀ ਵਿਚਾਰਧਾਰਾ ਅਨੁਸਾਰ ਉਹ ਸੰਭਵ ਨਹੀਂ ਹੋ ਸਕਦਾ ਹੈ ਕਿ ਕਿਸੇ ਸਮੇਂ ਕਿਸੇ ਕਲਾਧਾਰੀ ਜਾਂ ਅਵਤਾਰੀ ਮਹਾਂਪੁਰਸ਼ ਦੀ ਅਧਿਆਤਮਕ ਸ਼ਕਤੀ ਅਨੁਭਵਯੋਗ ਹੋ ਸਕੇ। ਇਸ ਸਬੰਧੀ ਭਾਈ ਵੀਰ ਸਿੰਘ ਕੁਝ ਦ੍ਰਿਸ਼ਟਾਂਤ ਦਿੰਦੇ ਹੋਏ ਲਿਖਦੇ ਹਨ ਕਿ ਵਿਗਿਆਨਿਕ ਇਤਿਹਾਸ ਵਿਚ ਵੀ ਕਦੇ-ਕਦੇ ਕੁੱਝ ਅਜਿਹੀਆਂ ਘਟਨਾਵਾਂ ਉਪਲਬਧ ਹੁੰਦੀਆਂ ਹਨ। ਹਿਮਾਯੂੰ ਦੀ ਬਿਮਾਰੀ ਸਮੇਂ ਜਦੋਂ ਉਸ ਦੇ ਜੀਵਨ ਸੰਬੰਧੀ ਪੂਰਨ ਨਿਰਾਸ਼ਾ ਸਾਹਮਣੇ ਆਈ ਤਾਂ ਬਾਬਰ ਨੇ ਤਿੰਨ ਚੱਕਰ ਕੱਟਦੇ ਹੋਇਆਂ ਬਿਮਾਰੀ ਨੂੰ ਆਪਣੇ ਉੱਪਰ ਲੈਣ ਲਈ

---

[73] ਗੋਇਲ, ਜੈ ਭਗਵਾਨ, *ਮਹਾਂਕਵੀ ਸੰਤੋਖ ਸਿੰਘ ਜੀਵਨ ਤੇ ਰਚਨਾ,* ਪੰਨਾ 42

ਪਰਾਮਾਤਮਾ ਅੱਗੇ ਅਰਜੋਈ ਕੀਤੀ। ਕਈ ਵਾਰੀ ਇਹ ਦਲੀਲ ਸਵੀਕਾਰ ਕੀਤੀ ਜਾਂਦੀ ਹੈ ਕਿ ਇਸ ਉਪਰੰਤ ਹਿਮਾਯੂੰ ਰਾਜ਼ੀ ਹੋ ਗਿਆ।[74]

'ਗੁਰ ਪ੍ਰਤਾਪ ਸੂਰਜ' ਇਕ ਅਜਿਹੀ ਰਚਨਾ ਹੈ, ਜਿਸ ਦਾ ਅਧਿਐਨ ਅਤੇ ਵਿਵੇਚਨ ਸ਼ਿੰਗਾਰ ਅਤੇ ਅਲੰਕਾਰ ਪ੍ਰਧਾਨ ਰੀਤੀਕਾਲ ਦੇ ਹਿੰਦੀ-ਸਾਹਿਤ ਦੇ ਸੰਬੰਧ ਵਿਚ ਸਾਡੀਆਂ ਨਿਰਧਾਰਤ ਮਾਨਤਾਵਾਂ ਨੂੰ ਇਕ ਦਮ ਝੰਜੋੜ ਦਿੰਦਾ ਹੈ। ਇਹ ਜੀਵਤ ਰਸ ਨਾਲ ਪੂਰਣ ਇਕ ਅਜਿਹੀ ਉੱਚ ਪ੍ਰਬੰਧ ਰਚਨਾ ਹੈ, ਜੋ ਪੂਰਨ ਮਧ ਕਾਲ ਭਾਰਤੀ ਪ੍ਰਬੰਧ ਕਾਵਿ ਪਰੰਪਰਾ ਦੀ ਆਧੁਨਿਕ ਯੁਗ ਵਿਚ ਰਚੀ ਕਾਮਾਇਨੀ ਅਤੇ ਸਾਕੇਤ ਆਦਿ ਪ੍ਰਬੰਧ ਕਾਵਾਂ ਨਾਲੋਂ ਲੜੀ ਜੋੜਨ ਦਾ ਕੰਮ ਕਰਦੀ ਹੈ।[75]

ਇਹ ਗ੍ਰੰਥ ਸਿੱਖ ਵਿਰਾਸਤ ਦੇ ਫ਼ਖ਼ਰ ਨੂੰ ਹੀ ਰੂਪਮਾਨ ਨਹੀਂ ਕਰਦਾ ਸਗੋਂ ਇਸ ਵਿਚ ਸਿੱਖ ਇਤਿਹਾਸ ਅਤੇ ਸਿੱਖ ਵਿਵਹਾਰ ਦਾ ਸੰਪੂਰਨ ਵਰਨਣ ਹੈ। ਸੂਰਜ ਪ੍ਰਕਾਸ਼ 1843 ਵਿਚ ਮੁਕੰਮਲ ਹੋਇਆ ਅਤੇ ਅਕਾਲ ਬੁੰਗਾ (ਤਖ਼ਤ) ਵਿਖੇ ਗਿਆਨੀ ਗੁਰਮੁਖ ਸਿੰਘ (ਜੋ ਖਾਲਸਾ ਦਰਬਾਰ ਦੇ ਇਕ ਦੀਵਾਨ ਦਰਬਾਰੀ ਸਨ) ਸਪੁੱਤਰ ਗਿਆਨੀ ਸੰਤ ਸਿੰਘ ਵਲੋਂ ਪੇਸ਼ ਕੀਤਾ ਗਿਆ। ਗ੍ਰੰਥ ਦੀਆਂ ਕਈ ਕਾਪੀਆਂ ਕੀਤੀਆਂ ਗਈਆਂ ਪਰੰਤੂ ਮੰਨਿਆ ਜਾਂਦਾ ਹੈ ਕਿ ਅਸਲ ਗ੍ਰੰਥ ਮਹਾਰਾਜਾ ਖੜਕ ਸਿੰਘ, ਨਿਹਾਲ ਸਿੰਘ, ਅਤੇ ਧਿਆਨ ਸਿੰਘ ਦੀ ਮੌਤ ਉਪਰੰਤ ਹੋਈ ਰਾਜਨੀਤਕ ਗੜਬੜ ਦੇ ਦੌਰਾਨ ਗਿਆਨੀ ਗੁਰਮੁਖ ਸਿੰਘ ਦੇ ਕਤਲ ਉਪਰੰਤ ਗੁਆਚ ਗਿਆ।'[76] ਗੁਰ ਪ੍ਰਤਾਪ ਸੂਰਜ ਗ੍ਰੰਥ ਬ੍ਰਜ ਭਾਸ਼ਾ ਦਾ ਮਹਾਂ ਕਾਵਿ ਅਤੇ ਰੀਤੀ ਜੁਗ ਦਾ ਵਿਰਾਟ ਪ੍ਰਬੰਧ ਕਾਵਿ ਹੈ। ਇਸ ਵਿਚ ਗੁਰੂ ਕਥਾ, ਭਾਰਤੀ ਸੰਸਕ੍ਰਿਤੀ ਤੇ ਸਮਾਜ ਦਾ ਚਿੱਤਰ ਅੰਕਿਤ ਹੈ। ਇਸ ਵਿਚ ਕਾਵਿ ਦਰਸ਼ਨ ਅਤੇ ਧਰਮ ਦਰਸ਼ਨ ਦਾ ਅਨੋਖਾ ਮੇਲ ਹੈ। ਇਸ ਨੂੰ ਗੁਰ ਇਤਿਹਾਸ ਦਾ ਦਰਪਣ ਅਤੇ ਵਿਸ਼ਵ ਕੋਸ਼ ਮੰਨਿਆ ਜਾ ਸਕਦਾ ਹੈ।

ਇਨ੍ਹਾਂ ਛੇ ਰਚਨਾਵਾਂ ਤੋਂ ਬਿਨ੍ਹਾਂ ਇਕ ਹੋਰ ਰਚਨਾ ਵੀ ਮਿਲਦੀ ਹੈ। ਜੋ ਕਿ ਪੰਜਾਬੀ ਵਿਚ ਲਿਖੀ ਹੋਈ

---

74 ਨਈਅਰ, ਗੁਰਬਚਨ ਸਿੰਘ (ਡਾ.), *ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ,* ਪੰਨਾ 317

75 ਹਰਮੀਤ ਸਿੰਘ, *ਮਹਾਂਕਵੀ ਸੰਤੋਖ ਸਿੰਘ ਦਾ ਰਚਨਾ ਸੰਸਾਰ,* ਪੰਨਾ 85

76 *ਉਹੀ,* ਪੰਨਾ 14

ਸ਼ੀਹਰਫੀ ਹੈ। ਇਸ ਦਾ ਆਧਾਰ ਪਿਆਰਾ ਸਿੰਘ ਪਦਮ ਦੀ ਖੋਜ ਨੂੰ ਰੱਖਿਆ ਗਿਆ ਹੈ। ਉਨ੍ਹਾਂ ਦੀ ਖੋਜ ਅਨੁਸਾਰ ਇਹ ਪੰਜਾਬੀ ਸ਼ੀਹਰਫੀ ਉਨ੍ਹਾਂ ਦੀ ਨਿੱਜੀ ਲਾਇਬ੍ਰੇਰੀ ਵਿਚ ਮੌਜੂਦ ਹੈ।

## ਪੰਜਾਬੀ ਸ਼ੀਹਰਫੀ

ਮਹਾਂ ਕਵੀ ਸੰਤੋਖ ਸਿੰਘ ਜੀ ਪਿੰਡ ਨੂਰ ਦੀ ਸਰਾਂ ਤਹਿਸੀਲ ਤਰਨ ਤਾਰਨ ਜ਼ਿਲ੍ਹਾ ਅੰਮ੍ਰਿਤਸਰ ਦੇ ਜੰਮ ਪਾਲ ਹੋਣ ਕਰਕੇ ਪੱਕੇ ਪੰਜਾਬੀ ਸਨ ਤੇ ਇਸ ਪੰਜਾਂ ਪਾਣੀਆਂ ਦੀ ਧਰਤੀ ਨਾਲ ਉਨ੍ਹਾਂ ਦਾ ਲਹੂ-ਮਾਸ ਦਾ ਗਹਿਰਾ ਸੰਬੰਧ ਸੀ। ਸੈਂਟ੍ਰਲ ਲਾਇਬ੍ਰੇਰੀ ਪਟਿਆਲਾ ਵਿਚ ਭਾਈ ਸੰਤੋਖ ਸਿੰਘ ਦੀ ਇਕ ਕਿਤਾਬ ਪੰਜਾਬੀ ਸ਼ੀਹਰਫੀ ਹੈ, ਜੋ ਕਿ ਠੇਠ ਪੰਜਾਬੀ ਦਾ ਸੋਹਣਾ ਨਮੂਨਾ ਹੈ। ਲੇਖਕ ਪਿਆਰਾ ਸਿੰਘ ਪਦਮ ਇਸ ਸੰਬੰਧੀ ਲਿਖਦੇ ਹਨ ਕਿ ਸਭ ਤੋਂ ਪਹਿਲਾਂ ਅੰਮ੍ਰਿਤਸਰ ਪਹੁੰਚ ਕੇ ਵਿਦਿਆ ਪੜ੍ਹਨ ਸਮੇਂ ਉਨ੍ਹਾਂ ਨੇ ਪੰਜਾਬੀ ਸੀਹਰਫੀ ਲਿਖੀ ਸੀ। ਬਹੁਤੇ ਵਿਦਵਾਨ ਇਸ ਗੱਲ ਨਾਲ ਸਹਿਮਤ ਨਹੀਂ ਹਨ। ਇਸ ਦਾ ਕਾਰਨ ਇਹ ਹੈ ਕਿ ਭਾਈ ਸੰਤੋਖ ਸਿੰਘ ਦਾ ਹੁਣ ਤੱਕ ਜੋ ਵੀ ਸਾਹਿਤ ਪ੍ਰਾਪਤ ਹੋਇਆ ਹੈ ਉਹ ਸਾਰੇ ਦਾ ਸਾਰਾ ਬ੍ਰਜ ਭਾਸ਼ਾ ਵਿਚ ਪ੍ਰਾਪਤ ਹੁੰਦਾ ਹੈ ਪਰ ਇਹ ਠੇਠ ਪੰਜਾਬੀ ਵਿਚ ਹੈ। ਦੂਸਰਾ ਇਹ ਕਿ ਇਸ ਦੇ ਹਰੇਕ ਛੰਦ ਤੇ ਰਚਨਹਾਰੇ ਦਾ ਨਾਮ ਹੈ ਜੋ ਕਿ ਕਿਸੇ ਹੋਰ ਗ੍ਰੰਥ ਵਿਚ ਦੇਖਣ ਨੂੰ ਨਹੀਂ ਮਿਲਿਆ।

ਬ੍ਰਜ ਭਾਸ਼ਾ ਦੇ ਅਤਿ ਚੰਗੇ ਕਵੀ ਹੋਣ ਕਰਕੇ ਉਹ ਮਹਾਂ-ਕਵੀ ਸਨ ਤੇ ਆਪਣੀ ਮਾਂ ਬੋਲੀ ਵਿਚ ਕਵਿਤਾ ਲਿਖਣ ਕਰਕੇ ਉਹ ਕਵਿ ਰਾਜ ਸਨ।[77]

ਇਸ ਤਰ੍ਹਾਂ ਉਸ ਸਮੇਂ ਕੇਵਲ ਭਾਈ ਸੰਤੋਖ ਸਿੰਘ ਜੀ ਹੀ ਕਵੀ ਰਾਜ ਪਦਵੀ ਦੇ ਅਧਿਕਾਰੀ ਨਹੀਂ ਬਣੇ, ਸਗੋਂ ਕਿਤਨੇ ਹੀ ਹੋਰ ਪ੍ਰਾਚੀਨ ਤੇ ਸਮਕਾਲੀ ਕਵੀ ਵੀ ਕਵਿ ਰਾਜ ਸਨ, ਜਿਵੇਂ ਕਿ ਪ੍ਰਿਥਵੀ ਰਾਜ ਰਾਸੋ ਦਾ ਲੇਖਕ ਚੰਦ ਵਰਦਾਈ, ਸੁਜਾਨ ਚਰਿਤ ਦਾ ਲੇਖਕ ਕਵੀ ਸੂਦਨ, ਰਾਜ ਕੁਮਾਰ, ਰਤਨ ਸਿੰਘ ਜੀ, ਸੀਤਾ ਮਊ ਭਾਰਤੇਦੂ ਬਾਬੂ ਹਰਿਸ਼ ਚੰਦ੍ਰ, ਸ੍ਰੀ ਦਸ਼ਮੇਸ਼ ਦੇ ਦਰਬਾਰੀ ਕਵੀ ਰਾਮ-ਸ਼ਿਆਮ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰੀ ਕਵੀ ਭਾਈ ਬੁੱਧ ਸਿੰਘ ਤੇ ਹਾਸ਼ਮ, ਜਿਨ੍ਹਾਂ ਬੁੱਧਿ ਵਾਰਿਧਿ ਤੇ ਹੋਰ ਅਨੇਕਾਂ ਕਵਿਤਾ ਦੇ ਗ੍ਰੰਥ ਲਿਖੇ। ਮਹਾਂ-ਕਵੀ ਗਵਾਲ ਤੇ ਗੁਰੂ ਨਾਨਕ ਦਿਗ ਵਿਜੈ ਦਾ ਲੇਖਕ ਭੁਦਲ (ਮਾਲੇਰਕੋਟਲਾ)

---

[77] ਪਦਮ, ਪਿਆਰਾ ਸਿੰਘ, *ਮਹਾਂ ਕਵੀ ਭਾਈ ਸੰਤੋਖ ਸਿੰਘ,* ਪੰਨਾ 113

ਨਿਵਾਸੀ ਮਹਾਂ-ਕਵਿ ਸੰਤ ਰੇਣ ਆਦਿ ਬ੍ਰਜ਼ ਭਾਸ਼ਾ, ਰਾਜਸਥਾਨੀ, ਪੰਜਾਬੀ ਆਦਿ ਕਈ ਜ਼ਬਾਨਾ ਦੇ ਕਵੀ ਸਨ ਤੇ ਇਨ੍ਹਾਂ ਦੀਆਂ ਮਨੋਹਰ ਪੰਜਾਬੀ ਰਚਨਾਵਾਂ ਮਿਲਦੀਆਂ ਹਨ।[78] ਠੇਠ ਪੰਜਾਬੀ ਵਿਚ ਆਪ ਜੀ ਦੀ ਸ਼ੀਹਰਫੀ ਇਕ ਉੱਤਮ ਨਮੂਨਾ ਹੈ। ਇਹ ਹੁਨਰ ਭਰੀ ਸ਼ੀਹਰਫੀ ਇਸ ਸਮੇਂ ਦੀ ਆਪ ਦੀ ਇਕੋ ਇਕ ਅਮਰ ਯਾਦਗਾਰ ਹੈ। ਬ੍ਰਜ ਭਾਸ਼ਾ ਦੇ ਅਤਿ ਚੰਗੇ ਕਵੀ ਹੋਣ ਕਰਕੇ ਉਹ ਮਹਾਂ ਕਵੀ ਸਨ ਤੇ ਆਪਣੀ ਮਾਂ ਬੋਲੀ ਵਿਚ ਕਵਿਤਾ ਲਿਖਣ ਕਰਕੇ ਉਹ ਕਵੀ ਰਾਜ ਸਨ। ਇਨ੍ਹਾਂ ਦੀ ਸ਼ੀਹਰਫੀ ਦੇ ਆਦਿ ਤੇ ਅੰਤ ਦੇ ਦੋ ਹਵਲੇ ਇਉਂ ਹਨ:-

ਅਲਫ਼ ਇਸ਼ਕ ਦੀ ਤੇਗ ਤਾਂ ਖਰੀ ਔਖੀ, ਸਹੀ ਜਾਣਦੇ ਜਿਨ੍ਹਾਂ ਨੂੰ ਲੱਗੀਆਂ ਨੀ।
ਦੇਹੀ ਭੰਨ ਕੇ ਸੀਨੇ ਨੂੰ ਚੀਰ ਕੇ ਜੀ, ਜਾਨ ਜ਼ਿਗਰ ਦੇ ਉਪਰੋਂ ਵਗੀਆਂ ਨੀਂ।
ਦੇਹੀ ਰਾਤ ਨਾ ਭਾਂਵਦਾ ਹੋਰ ਮੈਨੂੰ, ਜਦੋਂ ਯਾਰ ਦੀ ਅੱਖੀਆਂ ਲੱਗੀਆਂ ਨੀ।
ਸੰਤੋਖ ਸਿੰਘ ਦੇ ਵਾਰਨੇ ਜਾਂਵਦੀਂ ਹਾਂ, ਜਿਨ੍ਹੇ ਕਾਪਣਾਂ ਪਾਇ ਕੇ ਠੱਗੀਆਂ ਨੀ।1। [79]
ਯੇ ਯਾਰ ਮਿਲਿਆ ਗੁਲਜ਼ਾਰ ਹੋਈ, ਜੇੜ੍ਹਾ ਥਾਉਂ ਉਜਾੜ ਬਾਜ਼ਾਰ ਮੀਆਂ।
ਦੁੱਖ ਦੇਖਦੀ ਸਾਂ ਸੋਈ ਸੁੱਖ ਹੋਏ, ਲਾਏ ਰੰਗ ਦੇ ਅੰਗ ਸ਼ਿੰਗਾਰ ਮੀਆਂ।
ਵੈਰੀ ਜਾਣਦੀ ਸਾਂ ਸੋਈ ਮੀਤ ਹੋਏ, ਨਿਤ ਮਾਣਦੀ ਬੈਠ ਬਹਾਰ ਮੀਆਂ।
ਸੰਤੋਖ ਸਿੰਘ ਸਭੇ ਸੁੱਖ ਪਾਏ ਬੈਠੀ, ਤੇਰੇ ਨਾਮ ਦੀ ਲਾਇਕੇ ਤਾਰ ਮੀਆਂ।[80]

## ਗ੍ਰੰਥ ਲਿਖਣ ਵਿਚ ਆਈਆਂ ਮੁਸ਼ਕਲਾਂ

'ਗੁਰਪ੍ਰਤਾਪ ਸੂਰਜ ਗ੍ਰੰਥ' ਲਿਖਣ ਦੇ ਦਿਨਾਂ ਵਿਚ ਕਵੀ ਜੀ ਕੈਥਲ ਤੋਂ ਉਦਾਸ ਹੋ ਕੇ ਕਈ ਵਾਰ ਟੁਰ ਆਏ ਸਨ ਤੇ ਆਏ ਵੀ ਚੁਪ ਚਾਪ ਸੀ। ਜਿੰਨੀ ਵਾਰੀ ਐਸਾ ਹੋਇਆ ਮਹਾਰਾਜਾ ਭਾਈ ਉਦਯ ਸਿੰਘ ਜੀ ਉਨ੍ਹਾਂ ਨੂੰ ਮਨਾ ਕੇ ਵਾਪਸ ਬੁਲਾ ਲੈਂਦੇ। ਉਦਾਸੀ ਇਸ ਗੱਲ ਦੀ ਹੁੰਦੀ ਸੀ ਕਿ ਕਵੀ ਜੀ ਇਸ ਗ੍ਰੰਥ ਦੀ ਰਚਨਾਂ ਵਿਚ

---

[78] ਗੁਰਦਿੱਤ ਸਿੰਘ (ਗਿਆਨੀ), *ਸਿੰਘ ਸਭਾ ਪੱਤ੍ਰਿਕਾ*, ਪੰਨਾ 25

[79] ਪਦਮ, ਪਿਆਰਾ ਸਿੰਘ, *ਮਹਾਂ ਕਵੀ ਸੰਤੋਖ ਸਿੰਘ*, ਪੰਨਾ 113

[80] *ਉਹੀ*, ਪੰਨਾ 123

ਆਪਣੇ ਤੌਰ 'ਤੇ ਚਲਣਾ ਚਾਹੁੰਦੇ ਸਨ ਪਰ ਉਹਨਾਂ ਦੇ ਸਿਰ 'ਤੇ ਚਾਰ ਕੁ ਹੋਰ ਵਿਦਵਾਨਾਂ ਦਾ ਕੁੰਡਾ ਲੱਗਾ ਹੋਇਆ ਸੀ। ਇਹ ਲਗਾਏ ਤਾਂ ਗਏ ਸਨ ਸਹਾਇਤਾ ਵਾਸਤੇ ਪਰ ਇਨ੍ਹਾਂ ਦਾ ਪ੍ਰਭਾਉ ਕੁੰਡੇ ਵਾਲਾ ਸੀ। ਇਹ ਵਹਿਮਣ ਤੇ ਬ੍ਰਹਮਣੀ ਖਿਆਲਾਤ ਦੇ ਸਨ। ਇਹ ਗੁਰਸਿੱਖੀ ਦੇ ਆਦਰਸ਼ਾਂ ਨੂੰ ਸਮਝਦੇ ਨਹੀਂ ਸਨ ਤੇ ਇਸ ਗ੍ਰੰਥ ਨੂੰ ਨਿਰੋਲ ਆਪਣੇ ਖਿਆਲਾਤ ਦਾ ਸ਼ੀਸ਼ਾ ਬਣਾਉਣਾ ਚਾਹੁੰਦੇ ਸਨ। ਕਵੀ ਜੀ ਡਾਹੀ ਨਹੀਂ ਸਨ ਦਿੰਦੇ ਤਾਂ ਕਈ ਵਲਾਂਵਿਆਂ ਵਿਚ ਸ਼ਿਕਾਇਤਾਂ ਹੋ ਜਾਇਆ ਕਰਦੀਆਂ ਸਨ। ਇਸ ਗੱਲ ਦਾ ਤੌਖਲਾ ਕਵੀ ਜੀ ਨੂੰ ਵੀ ਸੀ ਕਿ ਦਸਾਂ ਗੁਰੂ ਸਾਹਿਬਾਂ ਦੇ ਜਸ ਦਾ ਇਹ ਸਾਮਾਨ ਇੱਥੇ ਬੱਝ ਗਿਆ ਹੈ ਤੇ ਜੇ ਮੈਂ ਰਾਜਸੀ ਸਹਾਇਤਾ ਤੋਂ ਦੂਰ ਆਪਣੇ ਆਸਰੇ ਚਲਾ ਗਿਆ ਤਾਂ ਇਹ ਕੰਮ ਕਿਤੇ ਵਿਚੇ ਹੀ ਨਾ ਰਹਿ ਜਾਵੇ, ਇਸ ਕਰਕੇ ਉਨ੍ਹਾਂ ਸਿਰ-ਕੁੰਡਿਆਂ ਨਾਲ ਕਈ ਥਾਂ ਕੁੱਝ ਸਮਝੌਤਾ ਵੀ ਕਰ ਲੈਂਦੇ ਸਨ, ਉਨ੍ਹਾਂ ਦਾ ਆਖਿਆ ਕੁਛ ਪਾ ਦਿੱਤਾ ਕੁਛ ਨਾਂ ਪਾਇਆ। ਪਾਉਣ ਵਿਚ ਕੋਈ ਆਪਣੀ ਉੱਛਲ ਰਖ ਲਈ ਤੇ ਕਿਤੇ ਅੱਗੇ ਪਿਛੇ ਪਾਈਆਂ ਗਲਾਂ ਦਾ ਸਮਾਧਾਨ ਕਰ ਦਿੱਤਾ। ਇਸ ਕਰਕੇ ਕਈ ਗੱਲਾਂ ਪਰਸਪਰ ਵਿਰੋਧੀ ਮਿਲਦੀਆਂ ਹਨ। ਉਨ੍ਹਾਂ ਵਿਦਵਾਨਾਂ ਨਾਲ ਮਤ-ਭੇਦ ਅਤੇ ਅੜਚਨਾ ਪਾਉਣ ਦਾ ਜਿਕਰ ਕਵੀ ਜੀ ਨੇ ਰਾਸ 12 ਦੇ ਅੰਤ ਵਿਚ ਲਿਖਆ ਹੈ:-

ਮੋ ਮਹਿਂ ਸ਼ਕਤਿ ਨ ਹੁਤੀ ਬਿਸਾਲਾ।
ਵਧਤਿ ਲਾਲਸਾ ਰਹੀ ਸੁਚਾਲਾ।
ਅਪਨੀ ਕਥਾ ਆਪ ਬਨਵਾਈ।
ਦਾਸ ਜਾਨਿ ਮੁਝਿ ਦਈ ਬਡਾਈ। 38
ਸੁਰਸਰਿ ਸਮ ਗੁਰ ਕੀਰਤਿ ਪਾਵਨ।
ਜਿਸਕੇ ਮਿਲੇ ਪਾਪ ਗਨ ਜਾਵਨ।
ਨਿੰਦਕ ਮੂਰਖ ਮਤਸਰ ਧਾਰੀ।
ਰਾਸ਼ਭ, ਮਹਿਖ, ਕੋਲ ਸਮ ਭਾਰੀ।39।
ਖੌਰੂ ਪਾਇ ਕੁਬਚ ਕੌ ਭਾਵੈਂ।
ਦੂਖਤਿ ਕਰਨ ਗਾਂਧਲੀ ਕਾਂਖੈਂ।
ਸੋ ਝਖ ਮਾਰਤਿ ਰਹੈਂ ਕੁਪੱਤੇ।

ਬਿਗਰਹਿ ਨਹਿਂ ਕਬਹੂ ਰਸ ਅੱਤੇ। 40।[81]

## ਕਾਵਿ ਕਲਾ

ਗੁਰਪ੍ਰਤਾਪ ਸੂਰਜ ਗ੍ਰੰਥ ਦਾ ਜਦ ਮੁਤਾਲਿਆ ਕਰੀਏ ਤਾਂ ਗੁਰ-ਇਤਿਹਾਸ ਦੀ ਬਹੁਮੁੱਲੀ ਵਾਕਫੀ ਦੇ ਨਾਲ ਕਵੀ ਜੀ ਦੀ ਕਾਵਯ ਉਡਾਰੀ ਦੇ ਬਿਰਤਾਂਤ ਨੂੰ ਪੇਸ਼ ਕਰਨ ਦੀ ਅਨੂਠੀ ਤਰਤੀਬ ਤੱਕ-ਤੱਕ ਦੇ ਅੱਸ਼-ਅੱਸ਼ ਕਰ ਉਠੀਦਾ ਹੈ। ਆਪ ਦੀ ਸਾਰੀ ਰਚਨਾ, ਕੀ ਕਾਵਯ ਦੇ ਦਰੁਸਤ ਲੱਛਣਾ ਵਿਚ ਤੇ ਕੀ ਕਾਵਯ ਦੇ ਭੂਸ਼ਨਾਂ ਵਿਚ ਪੂਰਨ ਤੌਰ 'ਤੇ ਸਜ਼ੀ ਵਜੀ ਹੋਈ ਚਲਦੀ ਹੈ। ਵਰਨਣ ਵਿਚ ਰੋਚਕਤਾ ਤੇ ਰਸਾਲਤਾ ਪੂਰੇ ਜੋਬਨ ਵਿਚ ਹੈ ਤੇ ਕਾਵਯ ਦਾ ਪ੍ਰਵਾਹ ਸਰਲਤਾ ਦੇ ਇਕ ਅਥਾਹ ਤਰੀਕੇ ਨਾਲ ਵਰਨਣ ਕਰਦੇ ਹਨ ਕਿ ਪਾਠਕ ਜਾਂ ਸ੍ਰੋਤਿਆਂ ਦੇ ਹਿਰਦੇ ਦੇ ਨੈਣਾਂ ਅੱਗੇ ਪੂਰੀ ਤਸਵੀਰ ਬੱਝਦੀ ਚਲੀ ਜਾਂਦੀ ਹੈ। ਜਿਸ ਵਿਚ ਸਾਹਮਣੇ ਆਏ ਹਰ ਵਿਅਕਤੀ ਦਾ ਗੁਣ, ਕਰਮ ਤੇ ਆਚਾਰ ਫੁਲਵਾੜੀ ਦੇ ਖਿੜੇ ਅੱਡ-ਅੱਡ ਰੰਗਾਂ ਦੇ ਫੁਲਾਂ ਵਾਂਗ ਆਪੋ ਆਪਣੇ ਅੱਡਰੇ-ਅੱਡਰੇ ਰੂਪ, ਰੰਗ ਨਿਖਰ ਕੇ ਦਿਸ ਰਿਹਾ ਤੇ ਮਹਿਕ ਦੇ ਰਿਹਾ ਹੈ।[82]

ਜੇ ਉਨ੍ਹਾਂ ਦੇ ਛੰਦ ਪ੍ਰਬੰਧ ਵੱਲ ਕੇਵਲ ਸੰਕੇਤ ਹੀ ਕਰਨਾ ਹੋਵੇ ਤਾਂ ਰਸਾਵਲ, ਪਾਧੜੀ, ਤੋਟਕ, ਦਵੈਯਾ, ਤ੍ਰਿਭੰਗ, ਛਪਯ, ਤੋਮਰ, ਚਾਚਰੀ, ਚੋਪਈ, ਦੋਹਰਾ ਸਵੈਯਾ, ਕਬਿਤ ਚਿਤ੍ਰਪਦਾ, ਸੋਰਠਾ, ਭੁਜੰਗ, ਨਿਸ਼ਾਨੀ, ਸਿਰਖੰਡੀ, ਨਰਾਜ, ਚੰਚਲਾ ਚੰਪਕਮਾਲਾ ਆਦਿ ਦਾ ਖਾਸ ਤੌਰ 'ਤੇ ਜ਼ਿਕਰ ਕੀਤਾ ਜਾ ਸਕਦਾ ਹੈ। ਛੰਦ ਪ੍ਰਬੰਧ ਦੇ ਇਹ ਇੰਨੇ ਗਿਆਤਾ ਹਨ ਕਿ ਇਕ ਹੀ ਛੰਦ ਦੀਆਂ ਕਲਾਸਿਕੀ ਰੂਪ ਵਿਚ ਸਾਹਮਣੇ ਆਈਆਂ ਕਈ ਕਿਸਮਾਂ ਨੂੰ ਉਹ ਆਪਣੇ ਕਾਵਿ ਵਿਚ ਵਰਤਦੇ ਹਨ।[83] ਮਨੁੱਖ ਜਾਤੀ ਦੀਆਂ ਨੀਵੀਆਂ ਤੋਂ ਨੀਵੀਆਂ ਹਸਤੀਆਂ ਤੇ ਉੱਚੀਆਂ ਤੋਂ ਉੱਚੀਆਂ ਦੈਵੀ ਵਿਅਕਤੀਆਂ ਦੇ ਚਰਿੱਤਰ ਆਪ ਨੇ ਚਿਤਰੇ ਹਨ, ਉਹ ਵੀ ਐਸੀ ਖੂਬੀ ਨਾਲ ਕਿ ਭੇਦਾਂ ਦੀ ਸੂਖਮ ਚਿਤ੍ਰਕਾਰੀ ਆਪ ਦੀ ਸੂਝ ਬੂਝ ਦਾ ਕਮਾਲ ਦਰਸਾਂਦਾ ਹੈ। ਵਾਕਫੀ ਆਪ ਦੀ ਇਤਨੀ ਭਰਪੂਰ ਹੈ ਕਿ ਕੋਈ ਫਨ, ਕੋਈ ਕਿਤਾ, ਕੋਈ ਵਿੱਦਿਆ, ਕੋਈ ਹੁਨਰ, ਕੋਈ ਸ਼ਾਸਤ੍ਰ ਐਸਾ ਨਹੀਂ

---

[81] *ਜਿਲਦ ਗਿਆਰਵੀਂ,* ਪੰਨੇ 4484-4485

[82] ਗੁਰਦਿੱਤ ਸਿੰਘ (ਗਿਆਨੀ), (ਸੰਪਾ.), *ਸਿੰਘ ਸਭਾ ਪੱਤ੍ਰਿਕਾ,* ਪੰਨਾ 36

[83] ਹਰਮੀਤ ਸਿੰਘ (ਡਾ.), *ਮਹਾਂਕਵੀ ਸੰਤੋਖ ਸਿੰਘ ਦਾ ਰਚਨਾ ਸੰਸਾਰ,* ਪੰਨਾ 20

ਦਿਸਦਾ ਜਿਸ 'ਤੇ ਆਪ ਨੇ ਇਸ ਰਚਨਾ ਵਿਚ ਕਲਮ ਨਾ ਚਲਾਈ ਹੋਵੇ ਤੇ ਫਿਰ ਹਰ ਉਸ ਵਰਨਣ ਵਿਚ ਆਪ ਇਉਂ ਨਾ ਪ੍ਰਤੀਤ ਹੁੰਦੇ ਹੋਣ ਕਿ ਜਿਵੇਂ ਆਪ ਉਸ ਫਨ ਦੇ ਚੋਟੀ ਦੇ ਮਾਹਿਰ ਹਨ। ਪਾਠਕ ਤੇ ਸ਼੍ਰੋਤੇ ਦੀ ਸੁਰਤ ਨੂੰ ਆਪਣੀ ਰਚਨਾ ਦੇ ਨਾਲ ਨਾਲ ਖਿਚੀ ਤੁਰੇ ਜਾਂਦੇ ਹਨ, ਤੇ ਕਦੀ ਉਚਾਟਰੇਪਨ ਨੂੰ ਸਿਰ ਨਹੀਂ ਕੱਢਣ ਦੇਂਦੇ।[84]

ਡਾ. ਜੈ ਭਗਵਾਨ ਗੋਇਲ ਨੇ ਇਸ ਗ੍ਰੰਥ ਦੇ ਹੱਥ ਲਿਖਤ ਖਰੜਿਆਂ ਦਾ ਜੋ ਵੇਰਵਾ[85] ਦਿੱਤਾ ਹੈ ਉਹ ਇਸ ਪ੍ਰਕਾਰ ਹੈ-

1) ਸੰਗ੍ਰਹਿ ਭਾਈ ਵੀਰ ਸਿੰਘ, ਅੰਮ੍ਰਿਤਸਰ।
2) ਭਾਈ ਕਾਨ੍ਹ ਸਿੰਘ ਨਾਭਾ ਲਾਇਬ੍ਰੇਰੀ, ਨਾਭਾ।
3) ਸੈਂਟਰਲ ਪਬਲਿਕ ਲਾਇਬ੍ਰੇਰੀ ਪਟਿਆਲਾ।
4) ਸ੍ਰੀ ਕਰਤਾਰ ਸਿੰਘ ਜਲੰਧਰ।

ਇਨ੍ਹਾਂ ਤੋਂ ਇਲਾਵਾ ਡਿਜੀਟਾਇਜ਼ ਕੀਤੇ ਹੋਏ ਖਰੜੇ ਜੋ ਕਿ ਇੰਟਰਨੈੱਟ 'ਤੇ ਅਤੇ ਗੁਰਦੁਆਰਾ ਪਾਤਸ਼ਾਹੀ ਨੌਵੀਂ ਧਮਧਾਨ ਸਾਹਿਬ ਵਿਖੇ ਵੀ ਮੌਜੂਦ ਹਨ।

ਅਜਿਹੇ ਮਹਾਂ ਮਾਨਵ ਦੀ ਸਿੱਖ ਜਗਤ ਨੂੰ ਦੇਣ ਨਾ ਭੁਲਣਯੋਗ ਹੈ। ਕਵੀ ਜੀ ਨੇ ਆਪਣੀ ਸਾਰੀ ਜ਼ਿੰਦਗੀ ਐਸ਼ੋ ਅਰਾਮ ਨੂੰ ਛੱਡ ਕੇ ਪੰਥ ਦੇ ਲੇਖੇ ਲਾ ਦਿੱਤੀ। ਇਹ ਕੁਰਬਾਨੀ ਕਵੀ ਜੀ ਦੇ ਸੱਚੇ ਸਿੱਖ ਹੋਣ ਦਾ ਸਬੂਤ ਹੈ। ਇਸ ਦੇ ਬਾਵਜੂਦ ਇਨ੍ਹਾਂ ਦੀਆਂ ਲਿਖਤਾਂ ਤੇ ਕਿੰਤੂ-ਪਰੰਤੂ ਕਰਨਾ ਇਸ ਸ਼ਖ਼ਸੀਅਤ ਦਾ ਤਿਰਸਕਾਰ ਹੈ।

---

[84] ਗੁਰਦਿੱਤ ਸਿੰਘ (ਗਿਆਨੀ), *ਸਿੰਘ ਸਭਾ ਪੱਤ੍ਰਿਕਾ,* ਪੰਨਾ 36

[85] ਗੋਇਲ, ਜੈ ਭਗਵਾਨ, *ਗੁਰੂ ਪ੍ਰਤਾਪ ਸੂਰਜ ਕੇ ਕਾਵਯ ਪਕਸ਼ ਕਾ ਅਧਿਯਨ,* ਪੰਨਾ 46

# ਆਚਾਰ ਵਿਹਾਰ: ਅਰਥ, ਪਰਿਭਾਸ਼ਾ ਅਤੇ ਸਰੂਪ

## (ਧਰਮਾਂ ਦੇ ਪ੍ਰਸੰਗ ਵਿਚ)

ਮਨੁੱਖੀ ਜ਼ਿੰਦਗੀ ਵਿਚ ਮਨੁੱਖ ਦੇ ਜੀਵਨ ਨੂੰ ਸਭ ਤੋਂ ਜ਼ਿਆਦਾ ਪ੍ਰਭਾਵਿਤ ਕਰਨ ਵਾਲਾ ਤੱਤ ਧਰਮ ਹੈ। ਮਨੁੱਖ ਜੀਵਨ ਦੀ ਸ਼ੁਰੂਆਤ ਤੋਂ ਲੈ ਕੇ ਪੱਥਰ, ਧਾਤੂ ਤੇ ਪ੍ਰਾਚੀਨ ਕਾਲ, ਮੱਧ ਕਾਲ ਤੇ ਆਧੁਨਿਕ ਕਾਲ ਤੋਂ ਹੀ ਧਰਮ ਮਨੁੱਖ ਨੂੰ ਪ੍ਰਭਾਵਿਤ ਕਰਦਾ ਆਇਆ ਹੈ ਤੇ ਜੀਵਨ ਦੇ ਅੰਤ ਸਮੇਂ ਤੱਕ ਪ੍ਰਭਾਵਿਤ ਕਰਦਾ ਰਹਿੰਦਾ ਹੈ। ਧਰਮ ਸ਼ਬਦ ਦੇ ਅਰਥ ਕਰੀਏ ਤਾਂ ਇਸ ਨੂੰ ਅੰਗਰੇਜ਼ੀ ਭਾਸ਼ਾ ਵਿਚ 'ਰਿਲੀਜਨ' (Religion) ਕਹਿੰਦੇ ਹਨ। ਇਹ ਲਾਤੀਨੀ ਭਾਸ਼ਾ ਦੇ ਦੋ ਸ਼ਬਦਾਂ 'ਰੀ' (Re) ਅਤੇ 'ਲਿਗੇਅਰ' (Ligare) ਦੇ ਮੇਲ ਤੋਂ ਬਣਿਆ ਹੈ। 'ਰੀ' ਦਾ ਅਰਥ ਹੈ ਦੁਬਾਰਾ ਜਾਂ ਪਿੱਛੇ (Again or back) ਅਤੇ 'ਲਿਗੇਅਰ ਦਾ ਅਰਥ ਹੈ 'ਬੰਨਣਾ' (Bind)।[1] ਇਕ ਹੋਰ ਅਰਥ ਮੁਤਾਬਿਕ ਅੱਜ ਅੰਗਰੇਜ਼ੀ ਵਿਚ ਧਰਮ ਦਾ ਸ਼ਬਦ ਬੋਧ Religio=Re+Bind ਜਾਂ Relink ਕੀਤਾ ਗਿਆ ਹੈ।[2] ਇਸ ਤਰ੍ਹਾਂ ਸ਼ਾਬਦਿਕ ਅਰਥਾਂ ਵਿਚ ਧਰਮ ਦਾ ਮਤਲਬ ਹੈ 'ਦੁਬਾਰਾ ਬੰਨ੍ਹਣਾ। ਭਾਰਤੀ ਵਿਚਾਰਧਾਰਾ ਦੇ ਅਨੁਸਾਰ[3] 'ਧਰਮ ਸ਼ਬਦ ਦੇ ਅਰਥ ਬੜੇ ਹੀ ਵਿਆਪਕ ਹਨ। ਅੰਗ੍ਰੇਜ਼ੀ ਦਾ ਸ਼ਬਦ 'ਰੀਲੀਜ਼ਨ' ਇਸ ਦੇ ਸਮਾਨ ਨਹੀਂ ਹੋ ਸਕਦਾ। ਇਸ ਦੇ ਅਨੁਸਾਰ ਧਰਮ ਸ਼ਬਦ ਸੰਸਕ੍ਰਿਤ ਭਾਸ਼ਾ ਦੇ 'ਧ੍ਰਿ' (Dhri) ਧਾਤੂ ਤੋਂ ਨਿਕਲਿਆ ਹੈ ਜਿਸ ਦਾ ਅਰਥ ਹੈ 'ਧਾਰਨ ਕਰਨਾ', ਪਾਲਣ-ਪੋਸ਼ਣ ਕਰਨਾ' (to sustain, to support, to nourish)। ਇਸ ਤਰ੍ਹਾਂ ਧਰਮ ਦਾ ਅਰਥ ਧਾਰਮਿਕ ਆਦੇਸ਼ਾਂ ਜਾਂ ਵਿਵਹਾਰ ਦੇ ਨਿਯਮਾਂ ਨੂੰ ਧਾਰਨ ਕਰਨਾ ਅਤੇ ਉਨ੍ਹਾਂ ਦੇ ਅਨੁਸਾਰ ਆਪਣਾ ਜੀਵਨ ਬਤੀਤ ਕਰਨਾ ਹੋ ਸਕਦਾ ਹੈ। ਪੁਰਾਤਨ ਸਮਿਆਂ ਵਿਚ ਜਦੋਂ ਧਰਮ ਦਾ ਸੰਬੰਧ ਪਵਿੱਤਰ ਨਾਲ ਤੇ ਦੁਸ਼ਟ ਦਾ ਸੰਬੰਧ ਅਪਵਿੱਤਰ ਨਾਲ ਜੁੜ ਗਿਆ ਤਾਂ ਉੱਥੇ ਹੀ ਧਰਮ ਦਾ ਨੈਤਿਕ ਰੂਪ ਉਘੜ ਕੇ ਸਾਹਮਣੇ ਆਇਆ ਕਿ ਚੰਗੇ ਕਰਮ ਕਰਨ ਵਾਲਾ ਪਵਿੱਤਰ ਤੇ ਮਾੜੇ ਕਰਮ ਕਰਨ ਵਾਲਾ ਅਪਵਿੱਤਰ ਹੈ। ਮਹਾਂਭਾਰਤ ਦੇ ਅਨੁਸਾਰ 'ਧਾਰਨ ਧਰਮ ਇਤਿ ਆਹੁ'[4] ਅਰਥਾਤ ਮਨੁੱਖ ਜੋ 'ਨੈਤਿਕ ਨਿਯਮ ਅਤੇ ਸਦਾਚਾਰ) ਧਾਰਨ ਕਰਦਾ ਹੈ। ਉਹੀ ਉਸ ਦਾ ਧਰਮ ਹੈ।

---

1 ਮਨਜੀਤ ਸਿੰਘ, *ਧਰਮ ਦਰਸ਼ਨ,* ਪੰਨਾ 1

2 ਬੇਅੰਤ ਕੌਰ (ਡਾ.), *ਸਿੱਖ ਧਰਮ-ਸ਼ਾਸਤਰ ਦਾ ਤੱਤ ਸਾਰ (ਉੱਤਰ-ਆਧੁਨਿਕ ਪਰਿਪੇਖ),* ਪੰਨਾ 34

3 ਮਨਜੀਤ ਸਿੰਘ, *ਧਰਮ ਦਰਸ਼ਨ,* ਪੰਨਾ 2

4 ਉਧਰਿਤ, *ਉਹੀ,* ਪੰਨਾ 2

ਇਹ ਗੱਲ ਸਪੱਸ਼ਟ ਹੈ ਕਿ ਧਰਮ ਹੀ ਮਨੁੱਖ ਨੂੰ ਜਿਉਣ ਦੀ ਵਿਧੀ ਸਿਖਾਉਂਦਾ ਹੈ ਕਿਉਂਕਿ ਹਰੇਕ ਧਰਮ ਦੀ ਆਪਣੀ-ਆਪਣੀ ਵਿਚਾਰਧਾਰਾ ਅਤੇ ਨੈਤਿਕਤਾ/ਸਦਾਚਾਰ/ਆਚਾਰ ਵਿਹਾਰ ਦੀ ਨਿਯਮਾਵਲੀ ਹੁੰਦੀ ਹੈ। ਜਿਸ ਉੱਤੇ ਧਰਮ ਦੇ ਪੈਰੋਕਾਰਾਂ ਨੇ ਚੱਲਣਾ ਹੁੰਦਾ ਹੈ। ਆਚਾਰ ਵਿਹਾਰ ਮਨੁੱਖੀ ਜੀਵਨ ਦਾ ਇਕ ਜ਼ਰੂਰੀ ਅੰਗ ਹੈ। ਇਸ ਤੋਂ ਬਿਨ੍ਹਾਂ ਮਨੁੱਖੀ ਨੈਤਿਕਤਾ ਵਾਲਾ ਪੱਖ ਸੰਪੂਰਨ ਨਹੀਂ ਹੋ ਸਕਦਾ। ਮਨੁੱਖ ਦੀਆਂ ਕਦਰਾਂ ਕੀਮਤਾਂ ਨੂੰ ਉਸ ਦਾ ਆਚਾਰ ਵਿਹਾਰ ਹੀ ਦਰਸਾਉਂਦਾ ਹੈ। ਕਿਸੇ ਸਮਾਜ ਦੇ ਵਿਅਕਤੀਆਂ ਦਾ ਚੰਗਾ ਆਚਰਣ ਉਸ ਸਮਾਜ ਦੇ ਸੰਪੂਰਨ ਤੌਰ 'ਤੇ ਵਿਕਸਿਤ ਹੋਣ ਦਾ ਸੂਚਕ ਹੁੰਦਾ ਹੈ। ਦੂਸਰੇ ਪਾਸੇ ਮਾੜਾ ਆਚਰਣ ਕਿਸੇ ਸਭਿਆਚਾਰ ਦੇ ਨਕਾਰਾਤਮਕ ਪੱਖ ਅਤੇ ਨੀਵਾਣ ਵੱਲ ਜਾਣ ਨੂੰ ਸਿੱਧ ਕਰਦਾ ਹੈ। ਇਸ ਲਈ ਚੰਗਾ ਆਚਾਰ ਵਿਹਾਰ, ਸਭਿਆਚਾਰ ਦਾ ਜ਼ਰੂਰੀ ਅੰਗ ਹੁੰਦਾ ਹੈ। ਪਾਲ ਟਿਲਿਕ ਦਾ ਮੱਤ ਹੈ ਕਿ ਹਰ ਸੱਭਿਆਚਾਰ ਧਰਮ ਦਾ ਹੀ ਰੂਪ ਹੈ (Religion is the sustance of culture and culture is the form of Religion).[5] ਇਹ ਹਰ ਧਰਮ ਪ੍ਰੰਪਰਾ ਦੇ ਫ਼ਲਸਫੇ ਵਿਚ ਰੀੜ ਦੀ ਹੱਡੀ ਵਾਂਗ ਹੁੰਦਾ ਹੈ। ਜਿਸ ਨੂੰ ਆਪਣੇ ਜੀਵਨ ਵਿਚ ਧਾਰਨ ਕਰਨਾ ਹਰ ਧਰਮ ਦੇ ਅਨੁਯਾਈਆਂ ਲਈ ਜ਼ਰੂਰੀ ਹੁੰਦਾ ਹੈ। ਅਕਾਦਮਿਕ ਤੌਰ 'ਤੇ ਇਸ ਦੇ ਸਮੁੱਚੇ ਪੱਖਾਂ ਨੂੰ ਸਮਝਣ ਲਈ ਇਸ ਦੇ ਸ਼ਬਦੀ ਅਰਥ ਕਰ ਲੈਣੇ ਜਰੂਰੀ ਹਨ।

**ਅਰਥ**

ਜੇਕਰ ਆਚਾਰ ਵਿਹਾਰ ਦੇ ਸ਼ਾਬਦਿਕ ਅਰਥ ਦੀ ਗੱਲ ਕਰੀਏ ਤਾਂ ਕੋਸ਼ਾਂ ਵਿਚ ਇਹ ਸ਼ਬਦ ਇਕੋ ਥਾਂ 'ਤੇ ਇਕੱਠਾ ਨਹੀਂ ਮਿਲਦਾ। ਇਨ੍ਹਾਂ ਨੂੰ ਅੱਡ-ਅੱਡ ਕਰਕੇ ਪ੍ਰਭਾਸ਼ਿਤ ਕੀਤਾ ਗਿਆ ਹੈ। ਅਸਲ ਵਿਚ ਆਚਾਰ ਅਤੇ ਵਿਹਾਰ ਵੱਖਰੇ-ਵੱਖਰੇ ਸ਼ਬਦ ਹਨ। ਪਰੰਤੂ ਇਹ ਇਕ ਦੂਜੇ ਦੇ ਪੂਰਕ ਵੱਜੋਂ ਕਾਰਜ ਕਰਦੇ ਹੋਏ ਇਕ ਸੰਪੂਰਨ ਸ਼ਬਦ ਦੀ ਸਿਰਜਨਾ ਕਰਦੇ ਹਨ। ਭਾਈ ਕਾਨ੍ਹ ਸਿੰਘ ਨਾਭਾ ਨੇ ਆਚਾਰ ਦਾ ਅਰਥ 'ਵਯਵਹਾਰ, ਚਾਲ ਚਲਨ, ਰਹਿਣੀ ਬਹਿਣੀ,'[6] ਅਤੇ ਵਿਹਾਰ ਦਾ ਅਰਥ ਭ੍ਰਮਣ, ਘੁੰਮਣਾ [7] ਕੀਤਾ ਹੈ। ਹਿੰਦੀ ਕੋਸ਼ ਨਾਲੰਦਾ ਵਿਸ਼ਾਲ ਸ਼ਬਦ ਸਾਗਰ ਵਿਚ ਆਚਾਰ ਦਾ ਅਰਥ ਚਰਿੱਤਰ ਅਤੇ ਵਿਹਾਰ ਦਾ ਅਰਥ

---

[5] ਬੇਅੰਤ ਕੌਰ (ਡਾ.), *ਸਿੱਖ ਧਰਮ-ਸ਼ਾਸਤਰ ਦਾ ਤੱਤ ਸਾਰ (ਉੱਤਰ-ਆਧੁਨਿਕ ਪਰਿਪੇਖ)*, ਪੰਨਾ 34

[6] ਨਾਭਾ, ਕਾਨ੍ਹ ਸਿੰਘ (ਭਾਈ), *ਮਹਾਨ ਕੋਸ਼*, ਪੰਨਾ 44

[7] *ਉਹੀ*, ਪੰਨਾ 1095

ਟਹਿਲਣਾ, ਘੁੰਮਣਾ[8] ਕੀਤਾ ਗਿਆ ਹੈ। ਇਸੇ ਕੋਸ਼ ਵਿਚ ਆਚਾਰ ਨਾਲ ਸਹਿ-ਸੰਬੰਧਿਤ ਸ਼ਬਦਾਂ- 'ਆਚਾਰਾ' ਨੂੰ ਆਚਰਣ, ਵਿਵਹਾਰ ਅਤੇ 'ਅਚਾਰੀ' ਨੂੰ ਆਚਾਰ ਕਰਨ ਵਾਲੇ ਅਤੇ ਆਚਾਰ ਵਿਚਾਰ ਨਾਲ ਰਹਿਣ ਵਾਲੇ[9] ਦੇ ਰੂਪ ਵਿਚ ਦਰਸਾਇਆ ਗਿਆ ਹੈ। ਸ੍ਰੀ ਗੁਰੂ ਗ੍ਰੰਥ ਕੋਸ਼ ਵਿਚ ਆਚਾਰ ਦੇ ਅਰਥ 'ਰੀਤ, ਰਹਿਤ, ਰਸਮ ਰਿਵਾਜ'[10] ਅਤੇ ਵਿਉਹਾਰ ਦੇ ਅਰਥ ਆਚਰਨ, ਕੰਮ, ਵਿਵਹਾਰ[11] ਕੀਤੇ ਗਏ ਹਨ। ਡਾ. ਰਤਨ ਸਿੰਘ ਜੱਗੀ ਆਚਾਰ ਨੂੰ ਸਦਾਚਾਰ ਦੇ ਰੂਪ ਵਿਚ ਪੇਸ਼ ਕਰਦੇ ਹੋਏ ਲਿਖਦੇ ਹਨ- 'ਗੁਰਬਾਣੀ ਜਿਸ ਜੀਵਨ-ਜਾਚ ਦੀ ਸਿੱਖਿਆ ਦਿੰਦੀ ਹੈ ਉਸ ਦਾ ਮੂਲ-ਆਧਾਰ ਹੈ ਸਦਾਚਾਰ। ਸਦਾਚਾਰ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਚੰਗਾ ਆਚਰਣ, ਉਤਮ ਬਿਰਤੀ। ਇਸ ਨੂੰ ਸੱਚਾ ਆਚਾਰ ਵੀ ਕਿਹਾ ਜਾਂਦਾ ਹੈ।[12] ਗੁਰਬਾਣੀ ਵਿਚ ਆਚਾਰ ਨੂੰ ਉਤਮ ਦਰਜਾ ਪ੍ਰਦਾਨ ਕੀਤਾ ਗਿਆ ਹੈ।

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।।[13]

'ਆਚਾਰ' ਅੰਗ੍ਰੇਜ਼ੀ ਭਾਸ਼ਾ ਦੇ ਸ਼ਬਦ 'Ethics' ਦਾ ਪੰਜਾਬੀ ਰੁਪਾਂਤਰਨ ਹੈ ਜਿਸ ਦਾ ਭਾਵ ਹੈ- ਨੈਤਿਕਤਾ। ਨੈਤਿਕਤਾ ਅੰਗ੍ਰੇਜ਼ੀ ਦੇ ਸ਼ਬਦ ਮਾਰੈਲਿਟੀ (Morality) ਦਾ ਸਮਾਨਰਥਕ ਸ਼ਬਦ ਹੈ। ਇਸ ਵਿਚਲਾ 'ਮਾਰਲ' ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ 'ਮੋਰਸ' ਤੋਂ ਲਿਆ ਗਿਆ ਹੈ। ਜਿਸ ਦਾ ਅਰਥ ਹੈ 'ਆਦਤ'। ਪਰ ਨੀਤੀ ਸੰਬੰਧੀ ਨਿਯਮਾਂ ਨੂੰ ਐਥਿਕਸ (Ethics) ਕਿਹਾ ਜਾਂਦਾ ਹੈ ਜੋ ਕਿ ਗ੍ਰੀਕ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ 'ਚਰਿੱਤਰ'।[14] ਇਸ ਤਰ੍ਹਾਂ ਨੈਤਿਕਤਾ ਦੇ ਸ਼ਾਬਦਿਕ ਅਰਥ ਚਰਿੱਤਰ, ਆਦਤ, ਆਚਾਰ, ਸ਼ੀਲ, ਸਦਾਚਾਰ ਨੀਤੀ ਸ਼ਾਸਤਰ ਲਏ ਜਾ ਸਕਦੇ ਹਨ। ਜੇਕਰ ਅਸੀਂ ਨੈਤਿਕਤਾ, ਆਚਾਰ ਵਿਹਾਰ, ਕਦਰਾਂ ਕੀਮਤਾਂ, ਸਦਾਚਾਰ ਆਦਿ ਸ਼ਬਦਾਂ ਦੇ ਸਰੂਪ ਬਾਰੇ ਗੱਲ ਕਰੀਏ ਤਾਂ ਦਾਰਸ਼ਨਿਕ ਖੇਤਰ

---

8 ਨਵਲਜੀ, *ਨਾਲੰਦਾ ਵਿਸ਼ਾਲ ਸ਼ਬਦ ਸਾਗਰ*, ਪੰਨਾ 1263

9 *ਉਹੀ*, ਪੰਨਾ 23

10 ਡਾ. ਗੁਰਚਰਨ ਸਿੰਘ (ਸੰਪਾ.), *ਸ੍ਰੀ ਗੁਰੂ ਗ੍ਰੰਥ ਕੋਸ਼*, (ਭਾਗ ਪਹਿਲਾ), ਪੰਨਾ 75

11 *ਉਹੀ, ਭਾਗ ਦੂਜਾ*, ਪੰਨਾ 337

12 ਜੱਗੀ, ਰਤਨ ਸਿੰਘ (ਡਾ.), *ਗੁਰੂ ਗ੍ਰੰਥ ਵਿਸ਼ਵਕੋਸ਼*, ਪੰਨਾ 141

13 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 62

14 ਮੋਗਾ, ਸੋਨਦੀਪ (ਡਾ.), *ਸ੍ਰੀ ਗੁਰੂ ਗ੍ਰੰਥ ਸਾਹਿਬ: ਵਿਸ਼ਵ ਸ਼ਾਂਤੀ ਦਾ ਪ੍ਰਵਚਨ*, ਪੰਨਾ 46

ਵਿਚ ਇਨ੍ਹਾਂ ਨੂੰ ਸੁਖੈਨ ਢੰਗ ਨਾਲ ਸਮਝ ਲਈ ਇਨ੍ਹਾਂ ਨੂੰ ਵੱਖਰੇ-ਵੱਖਰੇ ਉੱਪ ਖੇਤਰ ਵੱਜੋਂ ਨਿਰਧਾਰਿਤ ਕੀਤਾ ਜਾਂਦਾ ਹੈ। ਭਾਵ ਅਤੇ ਵਿਹਾਰਕ ਪੱਖ ਤੋਂ ਇਹ ਸਾਰੇ ਸ਼ਬਦ ਇਕ ਦੂਜੇ ਦੇ ਪੂਰਕ ਵਜੋਂ ਕਾਰਜ ਕਰਦੇ ਹੋਏ ਇਕੋ ਹੀ ਅਰਥ ਰੱਖਦੇ ਹਨ। ਗਿਆਨ ਸੰਚਾਰ ਦੇ ਮਾਧਿਅਮਾਂ ਅਤੇ ਸਾਹਿਤਕ ਤੌਰ 'ਤੇ ਇਨ੍ਹਾਂ ਸਾਰੇ ਸ਼ਬਦਾਂ ਲਈ ਪ੍ਰਵਾਇਤ ਰੂਪ ਵਿਚ 'ਨੀਤੀ ਸ਼ਾਸਤਰ' ਦੀ ਵਰਤੋਂ ਕੀਤੀ ਜਾਂਦੀ ਹੈ। ਫ਼ਲਸਫੇ ਦੇ ਦ੍ਰਿਸ਼ਟੀਕੋਣ ਅਨੁਸਾਰ ਇਸ ਨੂੰ ਕੀਮਤ-ਮੀਮਾਂਸਾ ਜਾਂ ਕੀਮਤ-ਸਿਧਾਂਤ ਦਾ ਨਾਮ ਦਿੱਤਾ ਗਿਆ ਹੈ। ਕੀਮਤ-ਸਿਧਾਂਤ ਦਾ ਸੰਬੰਧ ਕਦਰਾਂ ਨਾਲ ਜੋੜਿਆ ਜਾਂਦਾ ਹੈ। Dewit H. Parker ਦੇ ਕਥਨ ਅਨੁਸਾਰ ''ਕਦਰਾਂ ਅੰਤ੍ਰਿਵ-ਜਗਤ ਨਾਲ ਸੰਬੰਧਿਤ ਹਨ, ਇਹ ਮਨ ਦਾ ਜਗਤ ਹੈ। ਕਦਰ ਇਕ ਅਨੁਭਵ ਹੈ ਜਿਸ ਨੂੰ ਕਦੇ ਵੀ ਇਕ ਚੀਜ਼ ਜਾਂ ਵਸਤੂ ਨਹੀਂ ਕਿਹਾ ਜਾ ਸਕਦਾ।[15]

ਭਾਰਤੀ ਪਰੰਪਰਾ ਵਿਚ ਸ਼ੁਕਰਨੀਤੀ ਅਨੁਸਾਰ ਨੀਤੀ ਸ਼ਾਸਤਰ ਵਿਅਕਤੀ ਅਤੇ ਸਮਾਜ ਨੂੰ ਕੁਮਾਰਗ ਤੋਂ ਸੁਮਾਰਗ ਵੱਲ ਲੈ ਜਾਂਦਾ ਹੈ। ਉਪਨਿਸ਼ਦਾਂ ਵਿਚ ਨੀਤੀ ਸ਼ਾਸਤਰ ਨੂੰ 'ਸ਼ੁਭ ਗੁਣ' ਦੇ ਤੌਰ 'ਤੇ ਸਵੀਕਾਰ ਕੀਤਾ ਗਿਆ ਹੈ। ਮਨੂਸਮ੍ਰਿਤੀ ਵਿਚ ਇਸ ਨੂੰ 'ਸਦਾਚਾਰ' ਮੰਨਿਆ ਗਿਆ ਹੈ। ਚਾਣਕਿਆ ਦੇ ਅਨੁਸਾਰ ਨੈਤਿਕਤਾ ਇਕ ਤਰ੍ਹਾਂ ਨਾਲ ਮਨੁੱਖੀ ਚਰਿਤਰ ਦੇ ਮੁਲਾਂਕਣ ਦੀ ਵਿਧੀ ਹੈ।[16] ਜੇਕਰ ਪੱਛਮੀ ਚਿੰਤਨ ਦੀ ਗੱਲ ਕਰੀਏ ਤਾਂ ਪਲੈਟੋ ਨੇ ਬੁੱਧੀਮਤਾ, ਦ੍ਰਿੜਤਾ, ਸਹਿਣਸ਼ੀਲਤਾ ਅਤੇ ਨਿਆਸ਼ੀਲਤਾ ਵਰਗੇ ਮਨੁੱਖੀ ਗੁਣਾਂ ਨੂੰ ਨੈਤਿਕਤਾ ਵੱਜੋਂ ਪੇਸ਼ ਕੀਤਾ ਹੈ।[17] ਤਾਓ ਮਤ ਦਾ ਵਿਚਾਰ ਹੈ ਕਿ ਆਪਣੇ ਗੁਆਂਢੀ ਦੇ ਹਾਨ ਨੂੰ ਹਾਨ ਤੇ ਲਾਭ ਨੂੰ ਆਪਣਾ ਲਾਭ ਸਮਝੋ।[18]

ਕਾਂਟ ਅਨੁਸਾਰ ਮਨੁੱਖ ਦਾ ਕਰਤੱਵ ਮਨੁੱਖਤਾ ਵੱਲ ਆਪਣੇ ਸਦਾਚਾਰਕ ਫਰਜਾਂ ਦੀ ਪੂਰਤੀ ਤੱਕ ਸੀਮਤ ਹੈ। ਉਸ ਦਾ ਰੱਬ ਪ੍ਰਤੀ ਕੋਈ ਵਿਸ਼ੇਸ਼ ਕਰਤੱਵ ਨਹੀਂ।[19] ਇਸੇ ਤਰ੍ਹਾਂ ਉੱਨੀਵੀਂ ਸਦੀ ਦੇ ਜਰਮਨ

---

15 ਉਧਰਿਤ, ਤਾਰਨ ਸਿੰਘ (ਡਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ,* ਪੰਨਾ 95

16 ਮੋਗਾ, ਸੋਨਦੀਪ (ਡਾ.), *ਸ੍ਰੀ ਗੁਰੂ ਗ੍ਰੰਥ ਸਾਹਿਬ: ਵਿਸ਼ਵ ਸ਼ਾਂਤੀ ਦਾ ਪ੍ਰਵਚਨ,* ਪੰਨਾ 46

17 Darshan Singh (Ed.), *Guru Granth Sahib among the Scriptures of the World,* p.119

18 ਪਦਮ, ਪਿਆਰਾ ਸਿੰਘ, *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼,* ਪੰਨਾ 134

19 ਵਜ਼ੀਰ ਸਿੰਘ (ਡਾ.), *ਧਰਮ ਦਾ ਦਾਰਸ਼ਨਿਕ ਪੱਖ,* ਪੰਨਾ 61

ਚਿੰਤਕ ਨੀਤਸ਼ੇ ਨੇ ਧਰਮ ਭਾਵੀ ਨੈਤਿਕਤਾ ਨੂੰ ਮਨੁੱਖ ਲਈ ਘਾਤਕ ਅਤੇ ਅੱਤ ਹੀਣ ਦਰਸਾਇਆ। ਉਸ ਦਾ ਪਰਮ ਮਨੁੱਖ ਰੱਬ ਤੋਂ ਮੁਨਕਰ, ਸੁਤੰਤਰ ਮਨੁੱਖ ਹੈ, ਸਭ ਸ਼ਕਤੀਆਂ ਤੇ ਸਮਰੱਥਾਵਾਂ ਉਸ ਦੀ ਇੱਛਾ ਦੇ ਅਧੀਨ ਹਨ।[20] ਇਸ ਤੋਂ ਇਲਾਵਾ ਚਾਰਵਾਕੀਏ, ਵਾਮਮਾਰਗੀ ਆਦਿ ਵੀ ਸਦਾਚਾਰਕ ਕੀਮਤਾਂ ਦੇ ਮਹੱਤਵ ਤੋਂ ਇਨਕਾਰੀ ਹਨ।

## ਆਚਾਰ ਵਿਹਾਰ ਅਤੇ ਧਰਮ ਦਾ ਪਰਸਪਰ ਸੰਬੰਧ

ਆਚਾਰ ਵਿਹਾਰ ਅਤੇ ਧਰਮ ਮਨੁੱਖ ਦੀ ਸੰਪੂਰਨ ਸ਼ਖ਼ਸੀਅਤ ਦੇ ਦੋ ਅਤਿਅੰਤ ਮਹੱਤਵਪੂਰਨ ਪਹਿਲੂ ਹਨ। ਮਨੁੱਖੀ ਸਭਿਅਤਾ ਦੇ ਆਦਿ ਤੋਂ ਹੀ ਦੋਵੇਂ ਪਰਸਪਰ ਸੰਬੰਧਾਂ 'ਚ ਬੱਝੇ ਹੋਏ ਹਨ। ਮਨੁੱਖ ਦੇ ਆਦਿ ਕਾਲ ਤੋਂ ਲੈ ਕੇ ਵਰਤਮਾਨ ਤੱਕ ਦੀਆਂ ਮਨੁੱਖੀ ਪਰੰਪਰਾਵਾਂ 'ਤੇ ਨਜ਼ਰ ਮਾਰਿਆਂ ਸਹਿਜੇ ਹੀ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਆਚਰਣ ਕਦੇ ਵੀ ਧਰਮ ਨਾਲੋਂ ਵੱਖਰਾ ਨਜ਼ਰ ਨਹੀਂ ਆਉਂਦਾ ਸਗੋਂ ਧਰਮ ਨਾਲ ਰਲ-ਗਡ ਰੂਪ ਵਿਚ ਵਿਚਰਦਾ ਹੈ। ਮਾਨਵੀ ਸਮਾਜ ਦੇ ਆਚਰਨ ਦੇ ਵਿਕਾਸ ਵਿਚ ਨੈਤਿਕਤਾ ਅਤੇ ਧਰਮ ਦੀ ਭੂਮਿਕਾ ਮਿਲਵੇਂ ਰੂਪ ਵਿਚ ਸਾਹਮਣੇ ਆਉਂਦੀ ਹੈ। ਮਨੁੱਖੀ ਸਭਿਆਚਾਰ ਵਿਚ ਧਰਮ ਅਤੇ ਆਚਰਣ ਉਹ ਵਿਸ਼ੇਸ਼ਤਾਵਾਂ ਹਨ ਜਿਹੜੀਆਂ ਮਨੁੱਖੀ ਜੀਵਨ ਵਿਚ ਅਤਿਅੰਤ ਮਹੱਤਵਪੂਰਨ ਸਥਾਨ ਰੱਖਦੀਆਂ ਹਨ। ਮਨੁੱਖ ਨੂੰ ਇਸ ਸੰਸਾਰ ਵਿਚ ਉਸ ਦੇ ਪਦਾਰਥਕ ਤੇ ਸਜੀਵ ਵਾਯੂਮੰਡਲ ਤੋਂ ਨਿਖੇੜਦੀਆਂ ਹਨ। ਆਚਾਰ ਵਿਹਾਰ ਅਤੇ ਧਰਮ ਦੇ ਅੰਤਰ-ਸੰਬੰਧਾਂ ਬਾਰੇ ਵਿਚਾਰ ਚਰਚਾ ਕਰਨ ਤੋਂ ਪਹਿਲਾਂ ਧਰਮ ਬਾਰੇ ਜਾਣਣਾ ਜ਼ਰੂਰੀ ਹੈ ਕਿ ਧਰਮ ਕੀ ਹੈ? ਇਸ ਦੀ ਉਤਪਤੀ ਕਿਵੇਂ ਹੋਈ? ਮਨੁੱਖੀ ਜੀਵਨ ਵਿਚ ਇਸ ਦੀ ਅਹਿਮੀਅਤ ਦਾ ਕੀ ਕਾਰਣ ਹੈ? ਅਤੇ ਇਹ ਮਨੁੱਖੀ ਜੀਵਨ ਨੂੰ ਕਿਸ ਤਰ੍ਹਾਂ ਪ੍ਰਭਾਵਿਤ ਕਰਦਾ ਹੈ? ਇਸ ਤੋਂ ਵੀ ਅਗਲਾ ਮਹੱਤਵਪੂਰਣ ਪ੍ਰਸ਼ਨ ਇਹ ਹੈ ਕਿ ਆਚਾਰ ਵਿਹਾਰ/ਨੈਤਿਕਤਾ ਨਾਲ ਧਰਮ ਦੀ ਇੰਨੀ ਨੇੜਤਾ ਦਾ ਕੀ ਕਾਰਣ ਹੈ?

ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਵੱਜੋਂ ਅਸੀਂ ਆਪਣੀ ਚਰਚਾ ਧਰਮ ਦੇ ਆਰੰਭ ਨਾਲ ਕਰਾਂਗੇ। ਧਰਮ ਦਾ ਮਨੁੱਖੀ ਜੀਵਨ ਵਿਚ ਮਹੱਤਵਪੂਰਨ ਸਥਾਨ ਹੈ। ਧਰਮ ਨਾਲ ਮਨੁੱਖ ਦੀ ਸਾਂਝ ਜਨਮ ਦੀਆਂ ਰਸਮਾਂ ਨਾਲ

---

[20] *ਉਹੀ,* ਪੰਨਾ 63

ਸ਼ੁਰੂ ਹੋ ਜਾਂਦੀ ਹੈ ਅਤੇ ਜੀਵਨ ਭਰ ਅਤੇ ਮੌਤ ਤੋਂ ਬਾਅਦ ਵੀ ਅੰਤਮ ਰਸਮਾਂ ਨਾਲ ਹੀ ਪੂਰਾ ਹੁੰਦਾ ਹੈ। ਮਨੁੱਖੀ ਜੀਵਨ ਦਾ ਕੋਈ ਵੀ ਪਹਿਲੂ ਅਜਿਹਾ ਨਹੀਂ ਹੈ ਜਿਸ ਉੱਪਰ ਧਰਮ ਦਾ ਪ੍ਰਭਾਵ ਨਾ ਹੋਵੇ। ਇਸ ਲਈ ਜੇਕਰ ਧਰਮ ਨੂੰ ਮਨੁੱਖੀ ਜੀਵਨ ਦੀ ਨਿਰਧਾਰਿਤ ਸ਼ਕਤੀ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਜਦੋਂ ਅਸੀਂ ਪੂਰਵ ਇਤਿਹਾਸਿਕ ਕਾਲ 'ਤੇ ਝਾਤ ਪਾਉਂਦੇ ਹਾਂ ਤਾਂ ਇਹ ਭਲੀ-ਭਾਂਤ ਸਪੱਸ਼ਟ ਹੋ ਜਾਂਦਾ ਹੈ ਕਿ ਕੋਈ ਵੀ ਅਜਿਹਾ ਪ੍ਰਮਾਣ ਸਪੱਸ਼ਟ ਰੂਪ ਵਿਚ ਸਾਹਮਣੇ ਨਹੀਂ ਆਉਂਦਾ ਜਿਸ ਤੋਂ ਇਹ ਸਪੱਸ਼ਟ ਹੋ ਜਾਵੇ ਕਿ ਧਰਮ ਦਾ ਮੁੱਢ ਕਿਵੇਂ ਬੱਝਾ। ਸਿਰਫ਼ ਇਨ੍ਹਾਂ ਹੀ ਕਿਹਾ ਜਾ ਸਕਦਾ ਹੈ ਕਿ ਧਾਰਮਿਕ ਭਾਵ ਮਨੁੱਖ ਜਾਤੀ ਜਿੰਨਾ ਹੀ ਪੁਰਾਣਾ ਹੈ। ਆਰ.ਆਰ.ਮੈਰੇਟ ਦੇ ਅਨੁਸਾਰ, *"ਹਰ ਵਸਤੂ ਦਾ ਆਰੰਭ ਹੁੰਦਾ ਹੈ, ਦਾ ਸਿਧਾਂਤ ਮਨੁੱਖ ਜਾਤੀ ਦੀਆਂ ਸੰਸਥਾਵਾਂ, ਟੱਬਰਾਂ, ਕਬੀਲਿਆਂ, ਰਾਜ ਸਰਕਾਰ, ਕਾਨੂੰਨ, ਸਦਾਚਾਰ, ਕੋਮਲ ਹੁਨਰ, ਅੰਤਲੀ ਤੇ ਸਭ ਤੋਂ ਉਤਲੀ ਗੱਲ ਇਹ ਹੈ ਕਿ ਇਹ ਧਰਮ ਤੇ ਲਾਗੂ ਨਹੀਂ ਹੁੰਦਾ। ਹਰ ਹਾਲਤ ਵਿਚ, ਜੇ ਅਸੀਂ ਵਰਤਮਾਨ ਸਮੇਂ ਤੋਂ ਪਿਛਲੇ ਸਮੇਂ ਵਿਚ ਤੱਕੀਏ ਤਾਂ ਇਨ੍ਹਾਂ ਸਭਨਾਂ ਦੇ ਨਿਸ਼ਾਨ ਕਾਇਮ ਰਹਿੰਦੇ ਹਨ, ਇਥੋਂ ਤੱਕ ਕਿ ਉਹ ਉਸ ਸਮੇਂ ਅਲੋਪ ਹੋ ਜਾਂਦੇ ਹਨ ਜਿਥੇ ਮਨੁੱਖ ਵੀ ਅਲੋਪ ਹੋ ਜਾਂਦਾ ਹੈ"।*[21]

ਆਰ ਆਰ.ਮੈਰੇਟ ਦੀ ਗੱਲ ਦੀ ਪ੍ਰੋੜ੍ਹਤਾ ਐਫ. ਮੈਕਸਮੂਲਰ ਇਸ ਤਰ੍ਹਾਂ ਕਰਦੇ ਹਨ, *'ਧਰਮ ਨਵੀਨ ਕਾਢ ਨਹੀਂ ਹੈ, ਜੇ ਇਹ ਇਤਨਾ ਪੁਰਾਤਨ ਨਹੀਂ ਹੈ ਜਿਤਨਾ ਕਿ ਸੰਸਾਰ ਹੈ, ਤਾਂ ਇਹ ਘੱਟੋ ਘੱਟ ਇਤਨਾ ਪੁਰਾਤਨ ਜ਼ਰੂਰ ਹੈ ਜਿਤਨੀ ਉਹ ਦੁਨੀਆਂ ਹੈ ਜਿਸ ਦਾ ਸਾਨੂੰ ਗਿਆਨ ਹੈ।*[22]

ਉਪਰੋਕਤ ਵਿਦਵਾਨਾਂ ਦੇ ਵਿਚਾਰਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਧਰਮ ਦੇ ਆਰੰਭ ਬਾਰੇ ਸਾਰੇ ਸਿਧਾਂਤ ਕੇਵਲ ਅਨੁਮਾਨ ਹੀ ਹਨ। ਲਗਭਗ ਜਦੋਂ ਤੋਂ ਹੀ ਸਾਨੂੰ ਮਨੁੱਖ ਦੇ ਭਾਵਾਂ ਤੇ ਵਿਚਾਰਾਂ ਬਾਰੇ ਕੁਝ ਜਾਣਕਾਰੀ ਮਿਲਦੀ ਹੈ ਉਦੋਂ ਤੋਂ ਹੀ ਇਹ ਪਤਾ ਲਗਦਾ ਹੈ ਕਿ ਉਸ ਦਾ ਧਰਮ ਹੈ ਸੀ ਅਤੇ ਉਹ ਧਰਮ ਦੇ ਵਸ ਵਿਚ ਸੀ। ਲਗਭਗ ਜਿੰਨੇ ਵੀ ਪ੍ਰਾਚੀਨ ਗ੍ਰੰਥਾਂ ਦੀ ਰਚਨਾ ਹੋਈ ਹੈ ਉਹ ਸਾਰੇ ਧਾਰਮਿਕ ਭਾਵ ਵਾਲੇ ਹਨ। ਧਰਮ ਦੀ ਆਰੰਭਤਾ ਅਤੇ ਮਨੁੱਖੀ ਜੀਵਨ ਵਿਚ ਉਸ ਦੀ ਅਹਿਮੀਅਤ ਦੀ ਪ੍ਰੋੜ੍ਹਤਾ ਕਰਦਿਆਂ

---

21 ਗੁਰਬਚਨ ਸਿੰਘ ਤਾਲਿਬ (ਸੰਪਾ.), *ਧਰਮ ਦੀ ਉੱਤਪਤੀ ਤੇ ਵਿਕਾਸ*, ਪੰਨਾ 4

22 ਐੱਫ ਮੈਸਮੂਲਰ(ਲੇਖਕ), ਤਾਰਨ ਸਿੰਘ(ਅਨੁ),*ਧਰਮ ਦੀ ਉੱਤਪਤੀ ਤੇ ਵਿਕਾਸ, ਭਾਰਤੀ ਧਰਮਾਂ ਦੇ ਪ੍ਰਮਾਣ ਸਹਿਤ*, ਪੰਨਾ3

ਹਰਡਰ ਦਾ ਵਿਚਾਰ ਹੈ ਕਿ *''ਸਾਡੀ ਦੁਨੀਆਂ ਦੇ ਸਾਰੇ ਉਤਮ ਸੱਭਿਆਚਾਰਾਂ ਦੀਆਂ ਜੜ੍ਹਾਂ ਧਾਰਮਿਕ ਰਵਾਇਤਾਂ ਵਿਚ ਹਨ, ਭਾਵੇਂ ਉਹ ਰਵਾਇਤਾਂ ਲਿਖਤੀ ਜਾਂ ਮੌਖਿਕ ਸਾਹਿਤ ਨੇ ਥਾਪੀਆਂ। ਜੇ ਅਸੀਂ ਸਾਹਿਤ ਦੀ ਉਪਜ ਦੇ ਸਮੇਂ ਤੋਂ ਵੀ ਪਿੱਛੇ ਝਾਕੀਏ ਅਤੇ ਉਦੋਂ ਦੇ ਮਨੁੱਖ ਦੇ ਵਿਚਾਰਾਂ ਦੀ ਡੂੰਘਾਈ ਤੀਕ ਜਾਈਏ, ਤਾਂ ਅਸੀਂ ਦੇਖ ਸਕਦੇ ਹਾਂ ਕਿ ਉਦੋਂ ਵੀ ਜਿਸ ਕੱਚੀ ਧਾਤ ਦੇ ਬੇ-ਢੰਗੇ ਮਿਸਾਲੇ ਤੋਂ ਮਨੁੱਖੀ ਮਨ ਨੂੰ ਪ੍ਰਗਟ ਕਰਨ ਵਾਲੇ ਸਿੱਕੇ ਜਾਂ ਖਿਆਲ ਤਿਆਰ ਹੋ ਰਹੇ ਸਨ, ਉਸ ਵਿਚ ਵੀ ਧਰਮ ਦੇ ਅੰਸ਼ ਮੌਜੂਦ ਸਨ।''*[23]

ਧਰਮ ਦਾ ਆਰੰਭ ਮਨੁੱਖ ਦੇ ਕੁਦਰਤ ਦੇ ਵਰਤਾਰੇ ਪ੍ਰਤੀ ਅਨਿਸ਼ਚਿਤਤਾ ਅਤੇ ਹੈਰਾਨੀ ਤੋਂ ਹੋਇਆ ਵੀ ਮੰਨਿਆ ਜਾਂਦਾ ਹੈ। ਆਦਿ ਕਾਲੀਨ ਸਮੇਂ ਵਿਚ ਮਨੁੱਖ ਦੀ ਬੁਨਿਆਦੀ ਜ਼ਰੂਰਤ ਸਵੈ ਸਰੁੱਖਿਆ ਅਤੇ ਭੋਜਨ ਪ੍ਰਾਪਤੀ ਦੀ ਸੀ। ਆਪਣੀਆਂ ਇਨ੍ਹਾਂ ਲੋੜਾਂ ਦੀ ਪ੍ਰਾਪਤੀ ਲਈ ਮਨੁੱਖ ਪੜਾਅ ਦਰ ਪੜਾਅ ਵਿਕਾਸ ਕਰਦਾ ਗਿਆ। ਹਮੇਸ਼ਾ ਹੀ ਉਸ ਲਈ ਪ੍ਰਾਕ੍ਰਿਤਿਕ ਆਲਾ-ਦੁਆਲਾ ਰਹੱਸ ਦਾ ਕੇਂਦਰ ਬਣਿਆ ਰਿਹਾ। ਪ੍ਰਕ੍ਰਿਤਿਕ ਵਰਤਾਰਿਆਂ ਤੋਂ ਉਹ ਭੈਅ ਖਾਂਦਾ ਸੀ ਅਤੇ ਇਨ੍ਹਾਂ ਪਿੱਛੇ ਛੁੱਪੇ ਕਾਰਣਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ। ਜਦ ਸਾਧਾਰਣ ਸਾਧਨ ਉਸ ਦੀ ਇਸ ਜਗਿਆਸਾ ਨੂੰ ਸ਼ਾਂਤ ਕਰਨ ਦੇ ਅਸਮਰਥ ਹੁੰਦੇ ਤਾਂ ਉਹ ਕਾਲਪਨਿਕ ਆਧਾਰਾਂ ਦਾ ਸਹਾਰਾ ਲੱਭਦਾ। ਸਿੱਟੇ ਵੱਜੋਂ ਉਸ ਨੇ ਕਿਸੇ ਐਸੀ ਸੱਤਾ ਜਾਂ ਸ਼ਕਤੀ ਵਿਚ ਵਿਸਵਾਸ਼ ਕਰਨਾ ਆਰੰਭ ਕਰ ਦਿੱਤਾ ਜੋ ਉਸ ਨੂੰ ਲੱਗਿਆ ਕਿ ਸਮੁੱਚੇ ਪ੍ਰਕ੍ਰਿਤਿਕ ਵਰਤਾਰੇ ਦੇ ਪਿੱਛੇ ਛੁਪੀ ਹੋਈ ਸੀ ਅਤੇ ਇਸਨੂੰ ਸੰਚਾਲਿਤ ਵੀ ਕਰਦੀ ਸੀ। ਇਸ ਤਰ੍ਹਾਂ ਮਨੁੱਖ ਦੇ ਭੈਅ ਅਤੇ ਰਹੱਸਮਈ ਸ਼ਕਤੀ ਵਿਚ ਵਿਸ਼ਵਾਸ ਤੋਂ ਹੀ ਧਰਮ ਦਾ ਆਰੰਭ ਹੋਇਆ ਮੰਨਿਆ ਜਾਂਦਾ ਹੈ। ਪ੍ਰੋ: ਸਾਹਿਬ ਸਿੰਘ ਇਸ ਵਿਚਾਰ ਨਾਲ ਅਸਹਿਮਤੀ ਪ੍ਰਗਟ ਕਰਦੇ ਹਨ ਕਿ ਧਰਮ ਦੇ ਆਰੰਭ ਦਾ ਮੂਲ ਕਾਰਨ ਕੁਦਰਤ ਦੀਆਂ ਸ਼ਕਤੀਆਂ ਦਾ ਡਰ ਸੀ। ਉਹਨਾਂ ਦਾ ਵਿਚਾਰ ਹੈ ਕਿ :

*"ਭਲਾ ਜੇ ਇਹ ਮੰਨ ਭੀ ਲਿਆ ਜਾਵੇ ਕਿ ਡਰ ਹੀ ਮੂਲ-ਕਾਰਨ ਹੈ, ਤਾਂ ਭੀ ਇਸ ਪ੍ਰਸ਼ਨ ਦਾ ਉੱਤਰ ਨਹੀਂ ਮਿਲਦਾ ਕਿ ਸ਼ਕਤੀਆਂ ਦੇ ਭੈ ਤੋਂ ਅਲੌਕਿਕ ਜੀਵ ਕਿਵੇਂ ਜੰਮ ਪਏ? ਜੇ ਮਨੁੱਖ ਮੇਘਾਂ ਦੀ ਗਰਜ ਅਤੇ ਬਿਜਲੀ ਤੋਂ ਡਰਦਾ ਸੀ ਤਾਂ ਇਹ ਖਿਆਲ ਕਿੱਥੋਂ ਉੱਠਿਆ ਕਿ ਇਕ ਦੇਵਤਾ ਆਕਾਸ਼ ਵਿਚ ਇਕ ਖ਼ਾਸ ਥਾਂ ਤੇ*

[23] *ਉਹੀ,* ਪੰਨਾ 4

*ਰਹਿੰਦਾ ਹੈ, ਜੋ ਬੱਜਰਧਾਰੀ ਹੈ ਅਤੇ ਮੇਘਾਂ ਦਾ ਰਾਜਾ ਹੈ। ਮਨੁੱਖ ਬੱਜਰ ਨੂੰ ਬੱਜਰ ਜਾਣ ਕੇ ਉਸ ਤੋਂ ਡਰਦੇ, ਮੌਤ ਨੂੰ ਵੇਖ ਕੇ ਮੌਤ ਤੋਂ ਡਰਦੇ, ਪਰ ਇਹ ਇੰਦਰ ਅਤੇ ਜਮਰਾਜ ਆਦਿਕ ਕਿੱਥੋਂ ਪਰਗਟ ਹੋ ਪਏ?"*[24]

ਡਾ: ਸਾਹਿਬ ਸਿੰਘ ਆਪਣੇ ਉਠਾਏ ਗਏ ਇਨ੍ਹਾਂ ਪ੍ਰਸ਼ਨਾਂ ਦਾ ਉੱਤਰ ਦਿੰਦੇ ਹੋਏ ਲਿਖਦੇ ਹਨ: "*ਜਿਸ ਕਿਸੇ ਮਨੁੱਖ ਦੇ ਮਨ ਵਿਚ ਕਦੇ ਧਰਮ-ਭਾਵ ਦਾ ਉਬਾਲ ਆਇਆ ਹੈ, ਉਹ ਉਸ ਦੇ ਅਨੁਭਵ ਤੋਂ ਜਾਣਦਾ ਹੋਵੇਗਾ ਕਿ ਇਸ ਭਾਵ ਦੀ ਉਤਪਤੀ ਦਾ ਕਾਰਨ ਕੋਈ ਓਪਰੀ ਅਤੇ ਡਰਾਉਣੀ ਮਾਇਕ ਸ਼ਕਤੀ ਨਹੀਂ, ਸਗੋਂ ਮਨੁੱਖ ਦੇ ਮਨ ਵਿਚ ਇਕ ਤਰ੍ਹਾਂ ਦੀ 'ਜਾਗ' ਉਤਪੰਨ ਹੁੰਦੀ ਹੈ, ਜੋ ਮਨੁੱਖ ਨੂੰ ਆਪਣੀ ਦੀਨਤਾ, ਇਕੱਲਾਪਨ ਅਤੇ ਪਾਪਾਂ ਦੀ ਰੁਚੀ ਦਾ ਚੇਤਾ ਕਰਾਂਦੀ ਹੈ। ਇਸ ਕਿਸਮ ਦੀ ਜਾਗ ਤੋਂ ਧਰਮ-ਭਾਵ ਪੈਦਾ ਹੁੰਦਾ ਹੈ"।*[25]

ਇਸ ਤਰ੍ਹਾਂ ਡਾ. ਸਾਹਿਬ ਸਿੰਘ ਧਰਮ ਦੇ ਆਰੰਭ ਬਾਰੇ ਪਰੰਪਰਾਗਤ ਵਿਚਾਰਾਂ ਨਾਲ ਸਹਿਮਤ ਨਹੀਂ ਹੁੰਦੇ ਅਤੇ ਧਰਮ ਦੀ ਉੱਤਪਤੀ ਡਰ ਜਾਂ ਭੈਅ ਦੇ ਭਾਵ ਤੋਂ ਨਹੀਂ ਸਗੋਂ ਮਨੁੱਖ ਦੇ ਅੰਦਰ ਧਰਮ-ਭਾਵ ਦੇ ਪੈਦਾ ਹੋਣ ਨਾਲ ਹੋਈ ਮੰਨਦੇ ਹਨ। ਕੁੱਝ ਇਸੇ ਤਰ੍ਹਾਂ ਦੇ ਵਿਚਾਰ ਡਾ. ਗੁਰਬਚਨ ਸਿੰਘ ਤਾਲਿਬ ਨੇ ਵੀ ਪ੍ਰਗਟ ਕੀਤੇ ਹਨ। ਉਨ੍ਹਾਂ ਦੇ ਅਨੁਸਾਰ :

*''ਧਰਮ ਦਾ ਪੁਰਾਤਨ ਰੂਪ ਭਾਵੇਂ ਕੁਝ ਵੀ ਹੋਵੇ; ਇਹ ਧਰਮ ਮਨੁੱਖ ਦੀ ਪਵਿੱਤਰ ਤੇ ਪਾਵਨ ਭਾਵਨਾਂ ਦੇ ਪ੍ਰਗਟਾਉ ਦੀ ਸੂਝ ਦਾ ਸੂਚਕ ਸੀ, ਜਿਹੜੀ ਕਿ ਉਸ ਨੇ ਮਿੱਥ, ਸੰਸਕਾਰਾਂ, ਰਸਮਾਂ, ਸੰਕੇਤਾਂ ਤੇ ਦਰਸ਼ਨ ਰਾਹੀਂ ਪ੍ਰਗਟਾਈ। ਇਸ ਤੋਂ ਵੱਧ ਇਹ ਕਿ ਪਾਵਨ ਭਾਵਨਾ ਦੀ ਇਹ ਸੂਝ ਸਦਾ ਹੀ ਸਦਾਚਾਰਕ ਕੀਮਤਾਂ ਤੇ ਸਮਾਜ ਦੀ ਬਣਤਰ ਨਾਲ ਪੂਰੀ ਤਰ੍ਹਾਂ ਸੰਮਿਲਤ ਰਹੀ ਹੈ।''*[26]

ਇਸ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਮਨੁੱਖ ਦੇ ਬੌਧਿਕ ਵਿਕਾਸ ਦੀ ਆਰੰਭਤਾ ਦੇ ਨਾਲ ਹੀ ਧਰਮ ਦੀ ਉਤਪਤੀ ਹੋਈ ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ। ਕਿਉਂਕਿ ਚੰਗੇ ਅਤੇ ਮਾੜੇ ਬਾਰੇ ਨਿਰਣਾ ਲੈਣਾ ਇਕ ਬੜੀ ਹੀ ਪੁਰਾਤਨ ਸਮੱਸਿਆ ਹੈ ਅਤੇ ਇਹ ਸਮੱਸਿਆ ਉਤਨੀ ਹੀ ਪੁਰਾਤਨ ਹੈ ਜਿੰਨੀ

---

[24] ਸਾਹਿਬ ਸਿੰਘ (ਪ੍ਰੋ.), *ਧਰਮ ਤੇ ਸਦਾਚਾਰ,* ਪੰਨਾ 55

[25] *ਉਹੀ,* ਪੰਨਾ 55

[26] ਗੁਰਬਚਨ ਸਿੰਘ ਤਾਲਿਬ (ਸੰਪਾ.), *ਧਰਮ ਦੀ ਉੱਤਪਤੀ ਤੇ ਵਿਕਾਸ,* ਪੰਨਾ 5

ਕਿ ਮਨੁੱਖੀ ਹੋਂਦ ਦਾ ਪ੍ਰਗਟਾਅ। ਇਸ ਵਿਸ਼ੇ ਉਪਰ ਸ਼ੁਰੂ ਤੋਂ ਹੀ ਵਿਵਾਦ ਚਲਦਾ ਆ ਰਿਹਾ ਹੈ ਕਿ ਕਿਹੜਾ ਕਰਮ ਚੰਗਾ ਹੈ ਅਤੇ ਕਿਹੜਾ ਮਾੜਾ? ਜਿਸ ਕੰਮ ਵਿਚ ਚੰਗੇ ਗੁਣਾਂ ਦੀ ਝਲਕ ਮਿਲੇ ਉਹ ਧਰਮ ਅਨੁਸਾਰ ਚੰਗਾ ਕਰਮ ਹੈ। ਮਨੁੱਖ ਦੁਆਰਾ ਮਾੜੇ ਕਰਮਾਂ ਨੂੰ ਛੱਡ ਕੇ ਚੰਗੇ ਗੁਣਾਂ ਦੀ ਗ੍ਰਹਿਣਤਾ ਜਾਂ ਨੇਕੀ ਦੇ ਰਸਤੇ ਉਪਰ ਤੁਰਨ ਵਾਲੀ ਵਿਚਾਰਧਾਰਾ ਦਾ ਪ੍ਰਗਟਾਅ ਧਰਮ ਦੀ ਪਹਿਲੀ ਨਿਸ਼ਾਨ ਦੇਹੀ ਸੀ। ਇਸ ਤਰ੍ਹਾਂ ਜੇਕਰ ਅਸੀਂ ਮਨੁੱਖੀ ਬੌਧਿਕਤਾ ਦੇ ਵਿਕਾਸ ਨੂੰ ਉਸ ਦੀ ਅਤਿ ਨੀਵੀਂ ਆਰੰਭਕ ਮੂਲ ਹਾਲਤ ਵਿਚ ਦੇਖੀਏ, ਜਾਂ ਉਸ ਨੂੰ ਉਸ ਦੀ ਆਧੁਨਿਕ ਕਲਪਨਾ ਦੀਆਂ ਅਤਿ ਉਚੀਆਂ ਚੋਟੀਆਂ 'ਤੇ ਚੜ੍ਹ ਕੇ ਦੇਖੀਏ, ਹਰ ਥਾਂ ਅਸੀਂ ਅਨੁਭਵ ਕਰਦੇ ਹਾਂ ਕਿ ਧਰਮ ਐਸੀ ਸ਼ਕਤੀ ਰਹੀ ਹੈ ਜੋ ਮਨੁੱਖ 'ਤੇ ਜੇਤੂ ਸੀ ਅਤੇ ਇਹ ਉਨ੍ਹਾਂ ਨੂੰ ਵੀ ਜਿੱਤ ਲੈਂਦੀ ਹੈ ਜੋ ਸਮਝਦੇ ਹਨ ਕਿ ਉਨ੍ਹਾਂ ਨੇ ਇਸ ਨੂੰ ਜਿੱਤਿਆ ਹੈ।[27] ਧਰਮ ਦੀ ਅਜਿਹੀ ਪ੍ਰਾਚੀਨਤਾ ਅਤੇ ਵਿਸ਼ਾਲਤਾ ਨੂੰ ਦੇਖਦਿਆਂ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ, ਮਨੁੱਖ ਨਾਲ ਸੰਬੰਧਿਤ ਖੇਤਰਾਂ ਵਿਚ, ਸ਼ਾਇਦ ਹੀ ਕੋਈ ਅਜਿਹਾ ਖੇਤਰ ਹੋਵੇਗਾ ਜੋ ਧਰਮ ਦੇ ਪ੍ਰਭਾਵ ਤੋਂ ਮੁਕਤ ਹੋਵੇਗਾ।

ਸੋ ਉਪਰੋਕਤ ਚਰਚਾ ਤੋਂ ਬਾਅਦ ਇਹ ਕਿਹਾ ਜਾ ਸਕਦਾ ਹੈ ਕਿ ਧਰਮ ਅਜੋਕੇ ਜੁਗ ਦੀ ਕਾਢ ਨਹੀਂ ਹੈ, ਜਿੱਥੇ ਵੀ ਮਨੁੱਖ ਦੀ ਹੋਂਦ ਸੀ ਜਾਂ ਹੈ, ਉੱਥੇ ਧਰਮ ਹੈ ਅਤੇ ਜਿੱਥੇ ਵੀ ਧਰਮ ਹੈ ਉੱਥੇ ਇਹ ਪ੍ਰਸ਼ਨ ਪੈਦਾ ਹੋਣਾ ਕਿ ਧਰਮ ਕੀ ਹੈ? ਸੁਭਾਵਿਕ ਹੈ ਪਰ ਧਰਮ ਦੇ ਆਰੰਭ ਦੀ ਤਰ੍ਹਾਂ ਧਰਮ ਦੀ ਕੋਈ ਨਿਸ਼ਚਿਤ ਪਰਿਭਾਸ਼ਾ ਦੇਣਾ ਵੀ ਅਤਿਅੰਤ ਕਠਿਨ ਕਾਰਜ ਹੈ।

ਵੱਖ-ਵੱਖ ਵਿਦਵਾਨਾਂ ਅਤੇ ਦਾਰਸ਼ਨਿਕਾਂ ਨੇ ਧਰਮ ਨੂੰ ਆਪਣੇ-ਆਪਣੇ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਿਤ ਕੀਤਾ ਹੈ। ਕੁੱਝ ਦਾਰਸ਼ਨਿਕ ਧਰਮ ਦੇ ਨੈਤਿਕ ਪੱਖ 'ਤੇ ਜ਼ਿਆਦਾ ਜ਼ੋਰ ਦਿੰਦੇ ਹਨ, ਕੁਝ ਧਰਮ ਨੂੰ ਕਿਸੇ ਅਧਿਆਤਮਕ ਸੱਤਾ ਵਿਚ ਵਿਸ਼ਵਾਸ ਕਹਿੰਦੇ ਹਨ ਅਤੇ ਕੁਝ ਹੋਰ ਧਰਮ ਦੇ ਕਦਰਾਂ-ਕੀਮਤਾਂ ਦੇ ਦ੍ਰਿਸ਼ਟੀਕੋਣ ਨੂੰ ਪੇਸ਼ ਕਰਦੇ ਹਨ ਅਤੇ ਕੁਝ ਇਸ ਨੂੰ ਮਨੁੱਖ ਦਾ ਰਹੱਸਮਈ ਅਨੁਭਵ ਜਾਂ ਮਨੁੱਖੀ ਅਨੁਭਵ ਨਾਲ ਜੋੜਦੇ ਹਨ। ਧਰਮ ਦੇ ਨੈਤਿਕ ਪੱਖ 'ਤੇ ਜੋਰ ਦੇਣ ਵਾਲੇ ਦਾਰਸ਼ਨਿਕਾਂ ਵਿਚੋਂ ਸਭ ਤੋਂ ਪਹਿਲਾ ਅਤੇ ਮਹੱਤਵਪੂਰਨ ਨਾਮ ਮੈਥਿਉ ਆਰਨਾਲਡ, ਬਰੈਡਲੇ ਅਤੇ ਕਾਂਤ ਦਾ ਹੈ।

---

[27] ਐੱਫ ਮੈਸਮੂਲਰ(ਲੇਖਕ), ਤਾਰਨ ਸਿੰਘ(ਅਨੁ), *ਧਰਮ ਦੀ ਉੱਤਪਤੀ ਤੇ ਵਿਕਾਸ, ਭਾਰਤੀ ਧਰਮਾਂ ਦੇ ਪ੍ਰਮਾਣ ਸਹਿਤ,* ਪੰਨਾ4

ਟਾਇਲਰ ਦੇ ਅਨੁਸਾਰ'' *ਧਰਮ ਕਿਸੇ ਅਧਿਆਤਮਕ ਸੱਤਾ ਵਿਚ ਵਿਸ਼ਵਾਸ਼ ਹੈ।*'[28]

ਜੇਮਸ ਮਾਰਟੀਨਿਊ ਅਨੁਸਾਰ ' *ਧਰਮ ਇਕ ਸਦੀਵੀ ਰੱਬ ਵਿਚ ਵਿਸ਼ਵਾਸ਼ ਹੈ।*'[29]

ਸ੍ਰੀ ਅਰਬਿੰਦੋ ਦੇ ਅਨੁਸਾਰ '' *ਧਰਮ ਦਾ ਪ੍ਰਮੁੱਖ ਤੱਤ ਪ੍ਰਮਾਤਮਾ ਦੀ ਖੋਜ ਹੈ।*'[30]

ਮੈਥਿਊ ਆਰਨਾਲਡ ਅਨੁਸਾਰ, " *ਧਰਮ, ਭਾਵਨਾਵਾਂ ਭਰਪੂਰ ਨੈਤਿਕਤਾ ਤੋਂ ਸਿਵਾਏ ਹੋਰ ਕੁਝ ਵੀ ਨਹੀਂ*"।[31] ਬਰੈਡਲੇ ਦੇ ਸ਼ਬਦਾਂ ਵਿਚ, '' *ਨੈਤਿਕਤਾ ਆਪਣੇ ਤੋਂ ਪਰੇ ਇਕ ਉੱਚ ਪੱਧਰ ਦੀ ਨੇਕੀ ਜਾਂ ਚੰਗਿਆਈ ਵਿਚ ਪਹੁੰਚਦੀ ਹੈ। ਇਸੇ ਚੰਗਿਆਈ ਨੂੰ ਧਰਮ ਕਹਿੰਦੇ ਹਨ।*''[32]

ਕੁੱਝ ਚਿੰਤਕਾਂ ਦੇ ਅਨੁਸਾਰ ਧਰਮ ਦਾ ਕੇਂਦਰ ਅੰਤਿਮ ਸਚਾਈ ਦਾ ਰਹੱਸਮਈ ਅਨੁਭਵ ਹੈ। ਇਨ੍ਹਾਂ ਦੇ ਅਨੁਸਾਰ ਧਰਮ ਅਨੁਭਵ ਦਾ ਮਸਲਾ ਹੈ। ਰਹਸੱਮਈ ਅਨੁਭਵ ਅਤੇ ਅਨੁਭਵ ਤੋਂ ਬਿਨ੍ਹਾਂ ਕਿਸੇ ਵੀ ਧਰਮ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਸਾਰਾ ਧਰਮ ਅਨੁਭਵ ਦੇ ਇਰਦ-ਗਿਰਦ ਹੀ ਘੁੰਮਦਾ ਹੈ। ਧਰਮ ਦਾ ਹਰ ਆਦੇਸ਼, ਨਿਯਮ, ਜਾਂ ਉਪਦੇਸ਼ ਉਸ ਧਰਮ ਦੇ ਸੰਸਥਾਪਕ ਬਾਨੀ, ਪੀਰ, ਫ਼ਕੀਰ, ਗੁਰੂ, ਮਹਾਤਮਾ, ਦੇ ਰਹੱਸਮਈ ਅਨੁਭਵ ਅਨੁਸਾਰ ਹੁੰਦਾ ਹੈ ਅਤੇ ਧਰਮ ਦਾ ਰਹੱਸਮਈ ਅਨੁਭਵ ਅਬੌਧਿਕ ਹੁੰਦਾ ਹੈ। ਡਾ. ਗੁਰਬਚਨ ਸਿੰਘ ਤਾਲਿਬ ਅਨੁਸਾਰ, "ਧਰਮ ਪਰਾਸਰੀਰਕ ਅਸਲੀ ਅਤੇ ਇਸ ਉਪਰ ਵਿਸ਼ਵਾਸ਼ਾਂ ਦੀ ਪ੍ਰਣਾਲੀ ਹੈ ਜਿਹੜੀ ਕਿ ਇਸ ਵੱਲ ਵਿਸ਼ੇਸ਼ ਭਾਵ ਅਨੁਭਵ ਪੈਦਾ ਕਰਦੀ ਹੈ ਅਤੇ ਫੇਰ ਇਹ ਇਕ ਮਨੁੱਖ ਨੂੰ ਇਸ ਨਾਲ ਅਨੁਕੂਲ ਸੰਬੰਧ ਪੈਦਾ ਕਰਨ ਲਈ ਪ੍ਰੇਰਿਤ ਕਰਦੀ ਹੈ"।[33]

ਉਪਰੋਕਤ ਦਿੱਤੀਆਂ ਪਰਿਭਾਸ਼ਾਵਾਂ ਨੂੰ ਦੇਖਿਆ ਜਾਵੇ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਕੋਈ ਵੀ ਇਕ ਪਰਿਭਾਸ਼ਾ ਆਪਣੇ ਆਪ ਵਿਚ ਪੂਰਨ ਨਹੀਂ ਹੈ ਅਤੇ ਕੋਈ ਵੀ ਇਕ ਪਰਿਭਾਸ਼ਾ ਧਰਮ ਦੇ ਸਰੂਪ ਨੂੰ

---

[28] *ਉਹੀ*, ਪੰਨਾ 4

[29] *ਉਹੀ*, ਪੰਨਾ 4

[30] *ਉਹੀ*, ਪੰਨਾ 4

[31] ਮਨਜੀਤ ਸਿੰਘ, *ਧਰਮ ਦਰਸ਼ਨ,* ਪੰਨਾ 2

[32] *ਉਹੀ*, ਪੰਨਾ 2

[33] *ਉਹੀ*, ਪੰਨਾ 2

ਪੂਰੀ ਤਰ੍ਹਾਂ ਬਿਆਨ ਨਹੀਂ ਕਰਦੀ ਸਗੋਂ ਧਰਮ ਦੇ ਵੱਖ-ਵੱਖ ਪੱਖਾਂ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ। ਇਸ ਤਰ੍ਹਾਂ ਸਾਰੀਆਂ ਪਰਿਭਾਸ਼ਾਵਾਂ ਹੀ ਅਧੂਰੀਆਂ ਤਾਂ ਹਨ ਪਰ ਧਰਮ ਦੇ ਸਰੂਪ ਬਾਰੇ ਮਹੱਤਵਪੂਰਨ ਸੇਧ ਜ਼ਰੂਰ ਦਿੰਦੀਆਂ ਹਨ। ਜਿਵੇਂ ਧਰਮ ਇਕ ਅੰਤਿਮ ਸੱਚਾਈ ਵਿਚ ਵਿਸ਼ਵਾਸ ਹੈ। ਧਰਮ ਵਿਚ ਤਰਕ ਨਾਲੋਂ ਸ਼ਰਧਾ ਜ਼ਿਆਦਾ ਹੁੰਦੀ ਹੈ। ਧਰਮ ਪਵਿੱਤਰ ਅਪਵਿੱਤਰ ਚੰਗੇ ਅਤੇ ਮਾੜੇ ਵਿਚ ਫ਼ਰਕ ਕਰਦਾ ਹੈ, ਹਰ ਧਰਮ ਦੇ ਉਸ ਆਲੋਕਿਕ ਸ਼ਕਤੀ ਨਾਲ ਸੰਬੰਧ ਜੋੜਨ ਅਤੇ ਉਸ ਦੀ ਪੂਜਾ ਅਰਚਨਾ ਕਰਨ ਦਾ ਆਪਣਾ ਵੱਖੋ-ਵੱਖਰਾ ਵਿਧਾਨ ਹੁੰਦਾ ਹੈ। ਧਰਮ ਵਿਸ਼ਵ ਦ੍ਰਿਸ਼ਟੀਕੋਣ ਤਿਆਰ ਕਰਦਾ ਹੈ, ਆਪਣੀਆਂ ਕਦਰਾਂ ਕੀਮਤਾਂ ਨੂੰ ਨਿਰਧਾਰਿਤ ਕਰਦਾ ਹੈ ਅਤੇ ਧਰਮ ਦਾ ਕੋਈ ਨਾ ਕੋਈ ਬਾਨੀ ਜ਼ਰੂਰ ਹੁੰਦਾ ਹੈ।

ਇਸ ਤਰ੍ਹਾਂ ਧਰਮ ਦੇ ਸਰੂਪ ਸੰਬੰਧੀ ਵੱਖ-ਵੱਖ ਤੱਤਾਂ ਦਾ ਜ਼ਿਕਰ ਧਰਮ ਦੀ ਪਰਿਭਾਸ਼ਾ ਦੇਣ ਦਾ ਇਕ ਵਿਸਤ੍ਰਿਤ ਉਪਰਾਲਾ ਮਾਤਰ ਹੈ। ਪਰ ਗਹਿਰੀ ਨਜ਼ਰੇ ਦੇਖਿਆਂ ਇਨ੍ਹਾਂ ਸਾਰਿਆਂ ਵਿਚ ਧਰਮ ਦੇ ਸਰੂਪ ਸੰਬੰਧੀ ਅਤਿਅੰਤ ਮਹੱਤਵਪੂਰਨ ਪੱਖ ਧਰਮ ਦਾ ਅਨੁਭਵ ਜਾਂ ਰਹੱਸਮਈ ਅਨੁਭਵ ਦੇ ਨਜ਼ਰੀਏ ਤੋਂ ਪਰਿਭਾਸ਼ਤ ਕਰਨ ਦਾ ਪੱਖ ਹੈ ਜੋ ਕਿਤੇ ਨਾ ਕਿਤੇ ਧਰਮ ਦੇ ਸਰੂਪ ਨੂੰ ਪਰਿਭਾਸ਼ਤ ਕਰਨ ਦਾ ਸਹੀ ਉਪਰਾਲਾ ਪ੍ਰਤੀਤ ਹੁੰਦਾ ਹੈ। ਜਿੱਥੋਂ ਤੱਕ ਅਨੁਭਵ ਦਾ ਸੰਬੰਧ ਹੈ ਤਾਂ ਇਸ ਦਾ ਅਰਥ ਇਹ ਨਹੀਂ ਕਿ ਇਹ ਅਨੁਭਵ ਕਿਸੇ ਰਹੱਸਵਾਦੀ ਪਰੰਪਰਾ ਦੀ ਤਕਨੀਕ ਤੇ ਵਿਧੀ-ਕ੍ਰਮ ਰਾਹੀਂ ਪ੍ਰਾਪਤ ਹੋਏ ਅਨੋਖੇ ਤੇ ਚਮਤਕਾਰੀ ਹੁਲਾਰੇ ਦਾ ਨਾਮ ਧਰਮ ਹੈ। ਧਰਮ ਦੇ ਅਨੁਭਵੀ ਪੱਖ ਨੂੰ ਵਿਸ਼ਾਲ ਅਰਥਾਂ ਵਿਚ ਲਿਆ ਗਿਆ ਹੈ ਜਿਸ ਬਾਰੇ ਵਿਚਾਰ ਪ੍ਰਗਟ ਕਰਦਿਆਂ ਡਾ. ਵਜ਼ੀਰ ਸਿੰਘ ਲਿਖਦੇ ਹਨ, "ਇਹ ਵਿਅਕਤੀ ਦੇ ਨਿਤਾ-ਪ੍ਰਤੀ ਜੀਵਨ ਵਿਚ ਵਾਪਰਨ ਵਾਲੇ ਅਨੁਭਵਾਂ ਵਿਚੋਂ ਇਕ ਅਜਿਹਾ ਅਨੁਭਵ ਹੈ ਜੋ ਵਿਅਕਤੀ ਦੇ ਸਮੁੱਚੇ ਜੀਵਨ ਨੂੰ ਸੇਧ ਦੇਂਦਾ ਹੈ, ਉਸਦੇ ਜੀਵਨ ਦਾ ਮਨੋਰਥ ਨਿਰਧਾਰਤ ਕਰਦਾ ਹੈ, ਉਸ ਦੇ ਹੋਰਨਾਂ ਅਨੁਭਵਾਂ ਨੂੰ ਅਰਥ ਪੂਰਨ ਬਣਾਉਂਦਾ ਹੈ"।[34]

ਹੁਣ ਅਸੀਂ ਇਸੇ ਪ੍ਰਸੰਗ ਵਿਚ ਆਚਾਰ ਵਿਹਾਰ ਅਤੇ ਧਰਮ ਦੀ ਆਪਸੀ ਸਾਂਝ ਉੱਪਰ ਵਿਚਾਰ ਕਰਾਂਗੇ। ਆਚਾਰ ਵਿਹਾਰ/ਨੈਤਿਕਤਾ ਅਤੇ ਧਰਮ ਦੀ ਆਪਸੀ ਸਾਂਝ ਚਿਰ ਸਦੀਵੀ ਹੈ ਅਤੇ ਇਹ ਸਾਂਝ

---

[34] ਵਜ਼ੀਰ ਸਿੰਘ, *ਧਰਮ ਦਾ ਦਾਰਸ਼ਨਿਕ ਪੱਖ,* ਪੰਨਾ 2

ਚਿੰਤਕਾਂ ਨੂੰ ਵੀ ਪਰਵਾਨ ਰਹੀ ਹੈ। ਇਨ੍ਹਾਂ ਦੋਹਾਂ ਵਿਚਲੀ ਸਦੀਵੀ ਸਾਂਝ ਦਾ ਸਭ ਤੋਂ ਪਹਿਲਾ ਅਤੇ ਪ੍ਰਮੁੱਖ ਕਾਰਣ ਸਾਂਝਾ ਉਦੇਸ਼ ਹੈ ਅਤੇ ਇਹ ਸਰਵ ਉੱਚ ਉਦੇਸ਼ ਮਨੁੱਖ ਦੀ ਭਲਾਈ ਜਾਂ ਉਤਮਤਾ ਨਾਲ ਸਬੰਧਿਤ ਹੈ। ਦੋਵੇਂ ਮਨੁੱਖੀ ਜੀਵਨ ਨੂੰ ਵਧੇਰੇ ਸੁਖਾਵਾਂ ਅਤੇ ਅਰਥਪੂਰਨ ਬਣਾਉਣਾ ਲੋਚਦੇ ਹਨ। ਪ੍ਰਾਚੀਨ ਸਮੇਂ ਤੋਂ ਹੀ ਮਨੁੱਖ ਦੀ ਸਦਾਚਾਰੀ ਚੇਤਨਾ ਤੇ ਧਾਰਮਿਕ ਚੇਤਨਾ ਇਕ ਦੂਜੇ ਨਾਲ ਆਪਸ ਵਿਚ ਗੂੜ੍ਹੀ ਤਰ੍ਹਾਂ ਮਿਲੀਆਂ ਹੋਈਆਂ ਹਨ। ਹੈਰਾਨੀ ਅਤੇ ਡਰ ਭਾਵ ਹਮੇਸ਼ਾਂ ਹੀ ਆਦਮੀ ਨੂੰ ਰਿਵਾਜ਼ ਅਤੇ ਕਿਸੇ ਫਿਰਕੇ ਦੇ ਨਿਯਮਾਂ ਦੀ ਪਾਲਣਾ ਵੱਲ ਲੈ ਜਾਂਦੇ ਰਹੇ ਹਨ ਅਤੇ ਇਹ ਰਿਵਾਜ ਜਾਂ ਨਿਯਮ ਹਮੇਸ਼ਾਂ ਹੀ ਕੁਦਰਤੀ ਸ਼ਕਤੀਆਂ ਜਾਂ ਕਿਸੇ ਦੇਵਤਾ ਨਾਲ ਅਨੁਕੂਲ ਸੰਬੰਧ ਹੁੰਦੇ ਹਨ। ਇਸੇ ਤਰ੍ਹਾਂ ਕੁੱਝ ਪਾਬੰਦੀਆਂ ਜਾਂ ਆਚਰਨ ਦੇ ਨਿਯਮ ਧਰਮ ਦੇ ਨਾਂ 'ਤੇ ਜਾਰੀ ਕੀਤੇ ਗਏ ਹਨ। ਨੈਤਿਕ ਆਦਰਸ਼ ਹਮੇਸ਼ਾਂ ਹੀ ਜਲਦੀ ਪ੍ਰਵਾਨ ਕਰ ਲਏ ਜਾਂਦੇ ਹਨ ਖਾਸਕਰ ਜਦ ਇਹ ਧਾਰਮਿਕ ਚੇਤਨਾ ਨਾਲ ਸੰਬੰਧਿਤ ਹੁੰਦੇ ਹਨ। ਉਨ੍ਹਾਂ ਦੀ ਪੂਰੀ ਤਰ੍ਹਾਂ ਨਾਲ ਪਾਲਣਾ ਕਰਨੀ ਜ਼ਰੂਰੀ ਮੰਨੀ ਜਾਂਦੀ ਹੈ। ਇਤਿਹਾਸਿਕ ਕਾਲਾਂ ਤੋਂ ਹੀ ਇਸ ਤਰ੍ਹਾਂ ਹੁੰਦਾ ਆਇਆ ਹੈ ਕਿ ਧਾਰਮਿਕ ਜ਼ਾਬਤੇ ਜਾਂ ਮਨੁੱਖੀ ਆਚਰਨ ਦੇ ਨਿਯਮ, ਨੈਤਿਕ ਨਿਯਮਾਂ ਨਾਲ ਰਲਗੱਡ ਰੂਪ ਵਿਚ ਪ੍ਰਵਾਨ ਹੁੰਦੇ ਆਏ ਹਨ। ਲਗਭਗ ਹਰ ਧਰਮ ਨੇ ਮਨੁੱਖ ਨੂੰ ਸਦਾਚਾਰਕ ਗੁਣ ਗ੍ਰਹਿਣ ਕਰਨ ਦਾ ਉਪਦੇਸ਼ ਦਿੱਤਾ ਹੈ ਤੇ ਕਿਸੇ ਵੀ ਧਰਮ ਨੇ ਮਨੁੱਖ ਨੂੰ ਅਨੈਤਿਕ ਹੋਣ ਦਾ ਉਪਦੇਸ਼ ਨਹੀਂ ਦਿੱਤਾ। ਕਈ ਧਰਮਾਂ ਨੇ ਕੇਵਲ ਮਨੁੱਖਾਂ ਦੀ ਸੇਵਾ ਮਾਤਰ ਨੂੰ ਹੀ ਮਨੁੱਖ ਦਾ ਪਰਮ ਧਰਮ ਮੰਨਿਆ ਹੈ। ਕਈ ਵਿਦਵਾਨਾਂ ਨੇ ਨੈਤਿਕ ਗੁਣਾਂ ਨੂੰ ਪਰਮਾਤਮਾ ਦੀ ਭਗਤੀ ਲਈ ਜ਼ਰੂਰੀ ਗੁਣ ਮੰਨਿਆ ਹੈ।

ਪ੍ਰਾਚੀਨ ਧਰਮ ਨੈਤਿਕਤਾ ਨੂੰ ਦੈਵੀ ਪਵਿੱਤਰਤਾ ਦਾ ਦਰਜਾ ਦਿੰਦੇ ਸਨ ਅਤੇ ਮਨੁੱਖ ਵਿਚ ਜੋ ਨੇਕੀ ਦਾ ਅੰਸ਼ ਹੈ ਉਸ ਨੂੰ ਉਹ ਰੂਹਾਨੀ ਅੰਸ਼ ਮੰਨਦੇ ਸਨ। ਇਸੇ ਅਧਾਰ ‘ਤੇ ਉਨ੍ਹਾਂ ਦਾ ਧਾਰਮਿਕ ਸੰਦੇਸ਼ ਸਮੁੱਚੀ ਮਨੁੱਖਤਾ ਲਈ ਹੁੰਦਾ ਸੀ। ਜਿਸ ਤਰ੍ਹਾਂ ਪਰਮ ਸ਼ੁੱਭ ਜਾਂ ਨੇਕੀ ਨੈਤਿਕਤਾ ਦੇ ਪ੍ਰਮੁੱਖ ਸਿਧਾਂਤ ਹਨ ਉਸੇ ਤਰ੍ਹਾਂ ਧਰਮ ਵੀ ਮਨੁੱਖ ਨੂੰ ਨੇਕੀ ਅਤੇ ਸਦਗੁਣਾਂ ਨਾਲ ਭਰੇ ਜੀਵਨ ਨੂੰ ਗ੍ਰਹਿਣ ਕਰਨ ਦਾ ਉਪਦੇਸ਼ ਦਿੰਦਾ ਹੈ। ਕਿਉਂਕਿ ਨੇਕ ਅਤੇ ਸਦਗੁਣੀ ਮਨੁੱਖ ਨਿਸ਼ਚਿਤ ਤੌਰ ‘ਤੇ ਨੇਕ ਅਤੇ ਇਨਸਾਫ ਪਸੰਦ ਵਿਅਕਤੀ ਹੋਵੇਗਾ ਅਤੇ

ਤੰਗ ਨਜ਼ਰੀਏ ਤੋਂ ਉੱਪਰ ਉਠਿਆ ਹੋਇਆ ਭਾਈਚਾਰਕ ਜੀਵਨ ਵਿਚ ਸਾਂਝ ਅਤੇ ਜ਼ਿੰਮੇਦਾਰੀ ਨਾਲ ਵਿਚਰੇਗਾ। ਉਹ ਸਾਰੀ ਮਨੁੱਖਤਾ ਨਾਲ ਬਰਾਬਰੀ ਅਤੇ ਨਿਆਂ ਦਾ ਰਵੱਈਆ ਧਾਰਨ ਕਰੇਗਾ।

ਨੈਤਿਕਤਾ ਅਤੇ ਧਰਮ ਦੀ ਸਾਂਝ ਦਾ ਅਗਲਾ ਆਧਾਰ ਜ਼ਮੀਰ (ਅੰਤਹਕਰਣ) ਦਾ ਸੰਕਲਪ ਹੈ। ਜ਼ਮੀਰ ਦੀ ਆਵਾਜ਼ ਮਨੁੱਖੀ ਆਤਮਾ ਦੀ ਆਵਾਜ਼ ਮੰਨੀ ਜਾਂਦੀ ਹੈ ਜੋ ਉਸ ਨੂੰ ਹਮੇਸ਼ਾਂ ਹੀ ਚੰਗੇ ਮਾੜੇ, ਪਾਪ-ਪੁੰਨ, ਗਲਤ-ਠੀਕ ਵਿਚੋਂ ਚੋਣ ਕਰਨ ਦੀ ਸੂਝ ਪ੍ਰਦਾਨ ਕਰਦੀ ਹੈ। ਧਰਮ ਦੇ ਖੇਤਰ ਵਿਚ ਅੰਤਹਕਰਣ ਜਾਂ ਜ਼ਮੀਰ ਦੀ ਆਵਾਜ਼ ਦੇ ਸੰਕਲਪ ਨੂੰ ਰੱਹਸਮਈ ਅਰਥ ਦੇ ਕੇ ਮਨੁੱਖ ਅਤੇ ਪਰਮਾਤਮਾ ਵਿਚਕਾਰ ਸੰਬੰਧ ਸਥਾਪਤੀ ਦੇ ਨਿਯਮ ਵੱਜੋਂ ਪ੍ਰਵਾਨ ਕੀਤਾ ਗਿਆ ਹੈ। ਅਗਲੀ ਸਾਂਝ ਮਨੁੱਖ ਦੀਆਂ ਸਮੁੱਚੀਆਂ ਕਿਰਿਆਵਾਂ ਜੇਕਰ ਕਿਸੇ ਵਿਸ਼ੇਸ਼ ਕਾਨੂੰਨ ਜਾਂ ਨਿਯਮ ਅਨੁਸਾਰ ਹੋਣ ਤਾਂ ਉਹ ਨੈਤਿਕ ਹੁੰਦੀਆਂ ਹਨ ਅਤੇ ਆਮ ਤੌਰ 'ਤੇ ਇਨ੍ਹਾਂ ਨਿਯਮਾਂ ਜਾਂ ਕਾਨੂੰਨਾਂ ਨੂੰ ਧਰਮ ਦੇ ਰੂਪ ਵਿਚ ਜਾਣਿਆ ਜਾਂਦਾ ਹੈ। ਜੋ ਕਿਸੇ ਧਰਮ ਸੰਸਥਾਪਕ ਦੁਆਰਾ ਸਿਰਜੇ ਗਏ ਹੁੰਦੇ ਹਨ। ਇਨ੍ਹਾਂ ਦੇ ਅਨੁਸਾਰੀ ਮਨੁੱਖ ਸਹੀ ਅਤੇ ਉਲੰਘਣਾ ਕਰਨ ਵਾਲਾ ਗ਼ਲਤ ਅਖਵਾਉਂਦਾ ਹੈ। ਨੈਤਿਕਤਾ ਦੇ ਨਿਯਮਾਂ ਦਾ ਆਧਾਰ ਜ਼ਿਆਦਾਤਰ ਧਰਮ ਹੁੰਦਾ ਹੈ। ਕਈ ਵਾਰ ਇਹ ਨਿਯਮ ਜਾਂ ਕਾਨੂੰਨ ਪ੍ਰਚਲਿਤ ਸਮਾਜਿਕ ਰੀਤੀ-ਰਿਵਾਜਾਂ ਤੋਂ ਲਏ ਜਾਂਦੇ ਹਨ ਜਿਨ੍ਹਾਂ ਨੂੰ ਉਸ ਸਮਾਜ ਦੇ ਵੱਡੇ ਵਡੇਰਿਆਂ ਨੇ ਨਿਸ਼ਚਿਤ ਕੀਤਾ ਹੁੰਦਾ ਹੈ । ਧਰਮ ਦੀ ਇਹ ਇੱਛਾ ਹੁੰਦੀ ਹੈ ਕਿ ਅਨੈਤਿਕ ਜੀਵਨ ਦਾ ਤਿਆਗ ਕਰਕੇ ਆਚਾਰ ਵਿਹਾਰ ਵਾਲੇ ਜੀਵਨ ਨੂੰ ਗ੍ਰਹਿਣ ਕੀਤਾ ਜਾਵੇ। ਧਰਮ ਅਤੇ ਨੀਤੀ ਸ਼ਾਸ਼ਤਰ ਦੀ ਅਗਲੀ ਸਾਂਝ ਇਨ੍ਹਾਂ ਦੋਹਾਂ ਦਾ ਮਨੁੱਖ ਦੀਆਂ ਬੁਨਿਆਦੀ ਲੋੜਾਂ ਹੋਣ ਦੀ ਮਾਨਤਾ ਵੱਜੋਂ ਹੈ। ਧਰਮ ਅਤੇ ਨੈਤਿਕਤਾ ਬਿਨ੍ਹਾਂ ਮਨੁੱਖੀ ਜੀਵਨ ਅਧੂਰਾ ਹੈ। ਧਰਮ ਅਤੇ ਨੈਤਿਕ ਕਦਰਾਂ ਕੀਮਤਾਂ ਤੋਂ ਸੱਖਣਾ ਮਨੁੱਖ ਇਕ ਆਦਰਸ਼ਹੀਣ ਮਨੁੱਖ ਹੈ ਜਿਸ ਦੇ ਜੀਵਨ ਦਾ ਕੋਈ ਮੁੱਲ ਨਹੀਂ ਹੋ ਸਕਦਾ। ਧਰਮ ਅਤੇ ਨੈਤਿਕਤਾ ਤੋਂ ਹੀ ਮਨੁੱਖ ਆਦਰਸ਼ਕ ਜੀਵਨ ਜਾਚ ਸਿਖਦਾ ਹੈ। ਜੇਕਰ ਅਸੀਂ ਮਨੁੱਖ ਦੇ ਲੰਮੇ ਇਤਿਹਾਸ 'ਤੇ ਨਜ਼ਰ ਮਾਰੀਏ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਸਦਾਚਾਰਕ ਅਤੇ ਧਾਰਮਿਕ ਸੰਸਥਾਵਾਂ ਨੇ ਮਾਨਵ ਸਮਾਜ ਨੂੰ ਸੋਧਣ ਵਿਚ ਜੋ ਕਰਤੱਵ ਨਿਭਾਇਆ ਹੈ, ਉਹ ਬੇਮਿਸਾਲ ਹੈ। ਨੈਤਿਕਤਾ ਅਤੇ ਧਰਮ ਉਹ ਵਿਸ਼ੇਸ਼ਤਾਵਾਂ ਹਨ ਜਿਹੜੀਆਂ ਕਿ ਮਨੁੱਖ ਨੂੰ ਇਸ ਸੰਸਾਰ ਵਿਚ ਪਦਾਰਥਕ ਤੇ ਸਜੀਵ ਵਾਯੂਮੰਡਲ ਤੋਂ ਨਿਖੇੜਦੀਆਂ ਹਨ।

ਇਤਿਹਾਸਕ ਦ੍ਰਿਸ਼ਟੀ ਤੋਂ ਵੀ ਅਜਿਹੇ ਪ੍ਰਮਾਣ ਮਿਲਦੇ ਹਨ ਜੋ ਧਰਮ ਅਤੇ ਨੈਤਿਕਤਾ ਦੀ ਪਰਸਪਰ ਸਾਂਝ 'ਤੇ ਚਾਨਣਾ ਪਾਉਂਦੇ ਹਨ।

ਇਨ੍ਹਾਂ ਦੋਹਾਂ ਦੇ ਸੰਬੰਧ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹਨ ਕਿ ਧਰਮ ਅਤੇ ਨੈਤਿਕਤਾ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਜਿਸ ਤਰ੍ਹਾਂ ਧਰਮ ਨੂੰ ਨੈਤਿਕਤਾ ਦੀ ਲੋੜ ਹੈ ਉਸੇ ਤਰ੍ਹਾਂ ਨੈਤਿਕਤਾ ਧਰਮ ਤੋਂ ਸੁਤੰਤਰ ਹੋ ਕੇ ਆਪਣੇ ਸਿਧਾਂਤਾਂ ਦਾ ਨਾ ਤਾਂ ਸਪੱਸ਼ਟੀਕਰਨ ਦੇ ਸਕਦੀ ਹੈ ਅਤੇ ਨਾ ਹੀ ਇਨ੍ਹਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਮਨੁੱਖੀ ਸਮਾਜ ਵਿਚ ਲਾਗੂ ਕਰਵਾ ਸਕਦੀ ਹੈ। ਅਜਿਹਾ ਕਰਨ ਵਿਚ ਧਰਮ ਨੇ ਨੈਤਿਕਤਾ ਦੀ ਬੜੀ ਸਹਾਇਤਾ ਕੀਤੀ ਹੈ। ਧਰਮ ਦੇ ਅਗਾਂਹਵਧੂ ਆਗੂ ਅਤੇ ਸੰਤਾਂ ਅਵਤਾਰਾਂ ਨੇ ਮਨੁੱਖ ਜਾਤੀ ਨੂੰ ਨਿਰਾਰਥਕ ਕਰਮ-ਕਾਂਡ ਦੇ ਜਾਲ ਵਿਚੋਂ ਕੱਢਿਆ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਕੇ ਪ੍ਰੇਰਨਾ ਦਿੱਤੀ ਕਿ ਉਹ ਸਦਾ ਉੱਨਤੀ ਕਰਨ ਅਤੇ ਨੈਤਿਕ ਆਦਰਸ਼ਾਂ, ਸੰਪੂਰਨਤਾ ਅਤੇ ਆਤਮ ਪ੍ਰਾਪਤੀ ਦੇ ਅਨੁਕੂਲ ਜੀਵਨ ਬਿਤਾਉਣ। ਡਾ. ਗੁਰਬਚਨ ਸਿੰਘ ਤਾਲਿਬ ਅਨੁਸਾਰ *"ਧਰਮ ਨਾਲ ਸੰਬੰਧ ਜੋੜਨ ਨਾਲ ਸਦਾਚਾਰਕ ਨੀਤੀ 'ਨਿਖ ਤੇ ਬਲ' ਪ੍ਰਾਪਤ ਕਰਦੀ ਹੈ। ਇਹ ਲੋਕਾਂ ਵਿਚ ਜੋਸ਼ ਭਰਦਾ ਹੈ, ਤਾਂ ਜੋ ਉਹ ਉਨ੍ਹਾਂ ਉਚਾਈਆਂ ਉੱਤੇ ਚੜ੍ਹਨ, ਜਿਨ੍ਹਾਂ ਉੱਤੇ ਧਰਮ ਦੇ ਹੌਸਲਾਂ ਵਧਾਉਣ ਤੋਂ ਬਿਨ੍ਹਾਂ ਚੜ੍ਹਨਾ ਅਸੰਭਵ ਹੈ। ਇਸ ਤਰ੍ਹਾਂ ਇਹ ਸ਼ਕਤੀ ਦਾ ਇਕ ਬੜਾ ਬਲਵਾਨ ਝੂਟਾ ਦਿੰਦੀ ਹੈ, ਤਾਂ ਜੋ ਸੰਸਾਰ ਵਿਚ ਸਦਾਚਾਰਕ ਉਪਰਾਲੇ ਕਾਇਮ ਰਖੇ ਜਾਣ ਜਿਹੜੇ ਕਿ ਸਦਾਚਾਰਕ ਨਮੂਨਿਆਂ ਨੂੰ ਨੁਕਸਾਨ ਪਹੁੰਚਾ ਕੇ ਮਾਦੀ ਸਫ਼ਲਤਾ ਵੱਲ ਵਧੇਰੇ ਝੁੱਕ ਰਹੇ ਹਨ। ਧਰਮ ਨੇ ਮਨੁੱਖ ਨੂੰ ਵਧੇਰੀ ਸੱਤਾ ਤੇ ਸਵੈਸ਼ਾਸਨ ਵੀ ਦਿੱਤਾ ਹੈ, ਜਿਹੜਾ ਕਿ ਸਦਾਚਾਰਕ ਆਦਰਸ਼ ਦੀ ਪ੍ਰਾਪਤੀ ਲਈ ਸੰਤੁਲਿਤ ਤੇ ਪ੍ਰਵਾਨਿਤ ਉਪਰਾਲੇ ਲਈ ਅਤਿ ਜ਼ਰੂਰੀ ਹੈ"*[35]

**ਵੱਖ-ਵੱਖ ਧਰਮਾਂ ਵਿਚ ਆਚਾਰ ਵਿਹਾਰ ਦਾ ਸਰੂਪ**

ਧਰਮਾਂ ਦੇ ਸੰਸਾਰ ਵਿਚ ਆਚਾਰ ਦਾ ਇਕ ਵਿਸ਼ੇਸ਼ ਸਥਾਨ ਰਿਹਾ ਹੈ। ਅਸਲ ਵਿਚ ਧਰਮ ਵਿਅਕਤੀ ਨੂੰ ਆਚਾਰ ਵਿਹਾਰ ਨਾਲ ਜੋੜ ਕੇ ਪਰਮ ਸੱਤਾ ਤੱਕ ਲੈ ਕੇ ਜਾਣ ਵਾਲਾ ਮਾਰਗ ਹੈ। ਇਸ ਲਈ ਸੰਸਾਰ ਦੇ ਸਾਰੇ ਧਰਮਾਂ ਵਿਚ ਆਚਾਰ ਵਿਹਾਰ ਦੀ ਗੱਲ ਕੀਤੀ ਗਈ ਹੈ ਜਿਸ ਦੇ ਦੁਆਲੇ ਉਸ ਦੇ

---

[35] ਗੁਰਬਚਨ ਸਿੰਘ ਤਾਲਿਬ (ਸੰਪਾ.), *ਧਰਮ ਦੀ ਉੱਤਪਤੀ ਤੇ ਵਿਕਾਸ,* ਪੰਨਾ 67

ਅਨੁਯਾਈਆਂ ਦਾ ਸਮਾਜਿਕ ਅਤੇ ਧਾਰਮਿਕ ਢਾਂਚਾ ਉਸਰਿਆ ਹੁੰਦਾ ਹੈ। ਧਰਮਾਂ ਦੀ ਲੜੀ ਨੂੰ ਅਸੀਂ ਦੋ ਭਾਗਾਂ ਵਿਚ ਵੰਡ ਕੇ ਵੇਖ ਸਕਦੇ ਹਾਂ- ਸਾਮੀ ਧਰਮ ਤੇ ਭਾਰਤੀ ਧਰਮ। ਸਾਮੀ ਧਰਮਾਂ ਦੇ ਮੁੱਖ ਧਰਮ ਯਹੂਦੀ ਧਰਮ ਦੇ ਪੈਗੰਬਰ ਮੂਸਾ ਦੀਆਂ ਸਿੱਖਿਆਵਾਂ ਜਿਨ੍ਹਾਂ ਨੂੰ ਦੱਸ ਆਦੇਸ਼ (Ten commandments) ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਵਿਚੋਂ ਪੰਜ ਆਦੇਸ਼ ਮਨੁੱਖੀ ਆਚਾਰ ਵਿਹਾਰ ਨਾਲ ਸੰਬੰਧਿਤ ਹਨ ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ-

5 ਮਾਤਾ ਪਿਤਾ ਦਾ ਸਤਿਕਾਰ ਕਰਨਾ

6 ਕਿਸੇ ਦਾ ਕਤਲ ਨਾ ਕਰਨਾ

7 ਜਨਾਹ ਨਹੀਂ ਕਰਨਾ (ਵਿਭਚਾਰ)

8 ਚੋਰੀ ਨਹੀਂ ਕਰਨੀ

9 ਗੁਆਂਢੀ ਵਿਰੁੱਧ ਝੂਠੀ ਗੁਆਹੀ ਨਾ ਦੇਣਾ

10 ਗੁਆਂਢੀ ਦੀ ਕਿਸੇ ਚੀਜ਼ ਪ੍ਰਤੀ ਲਾਲਸਾ ਨਹੀਂ ਕਰਨੀ[36]

ਇਸਾਈ ਧਰਮ ਦੇ ਧਰਮ ਗ੍ਰੰਥ ਬਾਈਬਲ ਵਿਚ ਯਹੋਵਾ ਪਰਮੇਸ਼ਰ ਵੱਲੋਂ ਪੈਗੰਬਰ ਮੂਸਾ ਨੂੰ ਇਖਲਾਕੀ ਉਪਦੇਸ਼ ਦਿੰਦੇ ਹੋਏ ਕਿਹਾ ਗਿਆ ਹੈ ਤੁਸਾਂ ਚੋਰੀ ਨਾ ਕਰਨੀ, ਨਾ ਛਲ ਖੇਡਣਾ, ਨਾ ਆਪਸ ਵਿਚ ਝੂਠ ਬੋਲਣਾ।[37] ਤੁਸੀਂ ਨਿਆਉਂ ਕਰਨ ਵਿਚ, ਨਾਪਣ ਵਿਚ, ਤੋਲਣ ਵਿਚ, ਯਾ ਮਿਣਨ ਵਿਚ ਅਨਿਆਉਂ ਨਾ ਕਰਨਾ।[38] ਇਸਲਾਮ ਧਰਮ ਦੇ ਬਾਨੀ ਪੈਗੰਬਰ ਮੁਹੰਮਦ ਸਾਹਿਬ ਦਾ ਮੁਸਲਮਾਨਾਂ ਨੂੰ ਉਪਦੇਸ਼ ਹੈ ਕਿ ਉਹ ਉਸ ਵਿਅਕਤੀ ਦੀ ਵੀ ਭਲਾਈ ਕਰਨ ਜੋ ਉਨ੍ਹਾਂ ਦਾ ਨੁਕਸਾਨ ਕਰਦਾ ਹੈ।[39] ਪਾਰਸੀ ਮਤ ਅਨੁਸਾਰ ਅਹੁਰਮਾਜ਼ਦਾ ਦੀਆਂ ਛੇ ਸਹਾਇਕ ਸ਼ਕਤੀਆਂ ਹਨ ਜਿਨ੍ਹਾਂ ਨੂੰ 'ਅਮੇਸ਼ ਸਪੇਂਤਾ' ਕਿਹਾ ਜਾਂਦਾ ਹੈ। ਇਨ੍ਹਾਂ ਛੇ ਸ਼ਕਤੀਆਂ ਦੇ ਅਧੀਨ ਨੈਤਿਕ ਗੁਣਾਂ ਦੇ ਪ੍ਰਤੀਕ ਦੂਤ ਕੰਮ ਕਰਕੇ ਹਨ ਜੋ ਕਿ ਅਹਿਰਮਨ ਦੀਆਂ ਕਾਲੀਆਂ ਤੇ

---

[36] ਧਾਲੀਵਾਲ, ਤੇਜਿੰਦਰ ਕੌਰ (ਡਾ.), *ਯਹੂਦੀ ਅਤੇ ਇਸਾਈ ਧਰਮ,* ਪੰਨੇ 47-48-49

[37] *ਪਵਿੱਤਰ ਬਾਈਬਲ, ਲੇਵੀਆਂ,* 19:11, ਪੰਨਾ 148

[38] *ਉਹੀ,* ਲੇਵੀਆਂ, 19:35, ਪੰਨਾ 149

[39] Farida Khanam (Dr.), *A study of world's major religions,* P.236

ਬੁਰੀਆਂ ਸ਼ਕਤੀਆਂ ਨਾਲ ਲੜਦੇ ਰਹਿੰਦੇ ਹਨ। ਅਹੁਰਮਾਜ਼ਦਾ ਪ੍ਰਕਾਸ਼, ਖੇਤੀ ਤੇ ਮਾਨਵ ਦਾ ਭਲਾ ਚਾਹੁਣ ਵਾਲਾ ਦੇਵਤਾ ਹੈ। ਜੇ ਉਸ ਨੂੰ ਚੁਣਿਆ ਜਾਵੇ ਤਾਂ ਸੁੱਖ ਦੀ ਪ੍ਰਾਪਤੀ ਹੁੰਦੀ ਹੈ।[40] ਪਾਰਸੀ ਮਤ ਦੇ ਇਕ ਹੋਰ ਅਵਾਲੇ ਅਨੁਸਾਰ 'ਧਰਮ ਹਰ ਅਨੁਯਾਈ ਤੋਂ ਆਸ ਕਰਦਾ ਹੈ: ਦੁਸ਼ਮਣ ਨੂੰ ਮਿੱਤਰ ਬਣਾਏ, ਪਾਪੀ ਜਾਂ ਬੁਰੇ ਵਿਅਕਤੀ ਨੂੰ ਸਹੀ ਰਸਤੇ ਉਪਰ ਲੈ ਕੇ ਆਏ ਅਤੇ ਅਗਿਆਨੀ ਨੂੰ ਗਿਆਨ ਦੇਵੇ।'[41]

ਦੂਸਰੇ ਪਾਸੇ ਭਾਰਤੀ ਧਰਮਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ- ਅਧਿਆਤਮਵਾਦੀ ਤੇ ਆਚਾਰਵਾਦੀ। ਇਸ ਦਾ ਅਰਥ ਇਹ ਨਹੀਂ ਕਿ ਜੋ ਅਧਿਆਤਮਵਾਦੀ ਸਨ, ਉਹ ਆਚਾਰ ਦੀ ਲੋੜ ਨਹੀਂ ਸੀ ਸਮਝਦੇ ਜਾਂ ਜੋ ਆਚਾਰਵਾਦੀ ਸਨ ਉਹ ਅਧਿਆਤਮਕ ਉੱਚਤਾ ਨੂੰ ਪ੍ਰਵਾਨ ਨਹੀਂ ਸੀ ਕਰਦੇ। ਸਗੋਂ ਇਸ ਵੰਡ ਦਾ ਤਾਤਪ੍ਰਯ ਇਤਨਾ ਹੀ ਹੈ ਕਿ ਕੁੱਝ ਪੁਰਾਤਨ ਧਰਮ, ਅਧਿਆਤਮਵਾਦੀ ਨਿਸ਼ਚੇ ਉੱਤੇ ਬਹੁਤਾ ਜ਼ੋਰ ਦਿੰਦੇ ਸਨ ਤੇ ਕੁੱਝ ਕੇਵਲ ਆਚਾਰ ਉੱਤੇ।[42] ਮਿਸਾਲ ਦੇ ਤੌਰ 'ਤੇ ਵੈਦਿਕ ਹਿੰਦੂ ਧਰਮ ਅਧਿਆਤਮਵਾਦੀ ਵੀ ਹੈ ਤੇ ਆਚਾਰਵਾਦੀ ਵੀ। ਪਰ ਬੋਧੀ ਤੇ ਜੈਨੀ ਵਧੇਰੇ ਤੌਰ ਤੇ ਆਚਾਰਵਾਦੀ ਹੀ ਹਨ। ਡੀ.ਡੀ ਮਲਵਾਨੀਆ ਜੈਨ ਧਰਮ ਨੂੰ ਨੈਤਿਕ ਪ੍ਰਣਾਲੀ ਵਿਚੋਂ ਨਿਕਲਿਆ ਧਰਮ ਸਵੀਕਾਰ ਕਰਦਾ ਹੈ।[43] ਬੁੱਧ-ਮਤ ਦੀ ਨੈਤਿਕਤਾ ਦਾ ਅੰਤਮ ਆਦਰਸ਼ 'ਨਿਰਵਾਣ' ਹੈ, ਜੋ ਵਿਅਕਤੀ ਲਈ ਉਚੱਤਮ ਕੀਮਤ ਹੈ, ਅਤੇ ਬੋਧੀ ਮਾਰਗ ਉੱਤੇ ਚੱਲ ਕੇ ਪ੍ਰਾਪਤ ਹੋ ਸਦਕੀ ਹੈ। ਇਸ ਨੂੰ 'ਬੋਧੀਸੱਤਵ' ਦੀ ਅਵੱਸਥਾ ਵੀ ਕਿਹਾ ਗਿਆ ਹੈ।[44] ਪਵਿੱਤਰ ਮਹਾਂਕਾਵਿ ਮਹਾਂਭਾਰਤ ਅਨੁਸਾਰ ਧਰਮ ਉਹ ਹੈ ਕਿ ਉਹ ਗੱਲ ਦੂਜਿਆਂ ਨਾਲ ਨਾ ਕਰੋ ਜਿਸ ਨਾਲ ਤੁਸੀਂ ਖੇਦ ਅਨੁਭਵ ਕਰੋ ਜੇ ਤੁਹਾਡੇ ਨਾਲ ਹੋਵੇ।[45]

---

40 ਗੁਰਸ਼ਰਨ ਜੀਤ ਸਿੰਘ (ਡਾ.), *ਧਰਮ ਫ਼ਿਰਕੇ ਗਿਰੋਹ,* ਪੰਨਾ 35

41 *ਉਹੀ,* ਪੰਨਾ 36

42 ਪਦਮ, ਪਿਆਰਾ ਸਿੰਘ, *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼,* ਪੰਨਾ 131

43 Harbans Singh (Ed.), *Approaches to the Study of Religion,* P.88

44 ਵਜ਼ੀਰ ਸਿੰਘ (ਡਾ.), *ਧਰਮ ਦਾ ਦਾਰਸ਼ਨਿਕ ਪੱਖ,* ਪੰਨਾ 62

45 ਪਦਮ, ਪਿਆਰਾ ਸਿੰਘ, *ਸ੍ਰੀ ਗੁਰੂ ਗ੍ਰੰਥ ਪ੍ਰਕਾਸ਼,* ਪੰਨਾ 134

ਇਸੇ ਕਰਕੇ ਭਾਰਤ ਦੇ ਸਾਰੇ ਧਾਰਮਿਕ ਗ੍ਰੰਥਾਂ ਅਤੇ ਨੀਤੀ ਸ਼ਾਸਤਰਾਂ ਦੇ ਆਚਾਰੀਆਂ ਨੇ ਮਨੁੱਖ ਨੂੰ ਚੰਗੇ ਕਰਮ ਕਰਨ ਦੀ ਪ੍ਰੇਰਣਾ ਦਿੱਤੀ ਹੈ। ਭਾਰਤੀ ਨੈਤਿਕਤਾ ਵਿਚ ਇਸ ਲਈ ਕਰਮ ਫ਼ਿਲਾਸਫ਼ੀ ਉੱਪਰ ਬਹੁਤ ਜ਼ੋਰ ਦਿੱਤਾ ਗਿਆ ਹੈ ਕਿਉਂਕਿ ਮਨੁੱਖ ਦੇ ਵਰਤਮਾਨ  ਕਰਮ ਹੀ ਉਸ ਦੇ ਭਵਿੱਖ ਨੂੰ ਨਿਸ਼ਚਿਤ ਕਰਦੇ ਹਨ। ਮਨੁੱਖ ਦੁਆਰਾ ਕੀਤੇ ਜਾਣ ਵਾਲੇ ਇਨ੍ਹਾਂ ਕਰਮਾਂ ਦੇ ਵਿਸ਼ਲੇਸ਼ਣ ਅਨੁਸਾਰ ਭਾਰਤੀ ਨੈਤਿਕ ਪਰੰਪਰਾ ਦੁਬਾਰਾ ਜਨਮ ਵਿਚ ਵਿਸ਼ਵਾਸ ਰੱਖਦੀ ਹੈ। ਇਸ ਪ੍ਰਸੰਗ ਵਿਚ ਮਨੁੱਖ ਦੀ ਆਪਣੀ ਮਰਜ਼ੀ ਸ਼ਾਮਿਲ ਨਹੀਂ ਹੁੰਦੀ। ਸਗੋਂ ਇਹ ਕੇਵਲ ਕਾਰਣ-ਕਾਰਜ ਦਾ ਸੰਬੰਧ ਹੈ, ਸਾਡੇ ਦੁਆਰਾ ਪੂਰਵ ਜਨਮਾਂ ਵਿਚ ਕੀਤੇ ਗਏ ਕਰਮਾਂ ਦਾ ਫਲ ਵਰਤਮਾਨ ਵਿਚ ਭੋਗਣਾ ਪੈਣਾ ਹੈ। ਆਤਮਾ ਮਨੁੱਖੀ ਜੀਵਨ ਦਾ ਬੁਨਿਆਦੀ ਅੰਸ਼ ਹੈ ਅਤੇ ਇਹ ਬਾਰ ਬਾਰ ਜਨਮ ਲੈਂਦੀ ਹੈ। ਇਸ ਜਨਮ ਦੇ ਕਰਮ ਸਾਡੇ ਅਗਲੇ ਜੀਵਨ ਦੀਆਂ ਪਰਸਿਥੀਤੀਆਂ ਨੂੰ ਨਿਰਧਾਰਤ ਕਰਦੇ ਹਨ। ਵੇਦਾਂ ਦੇ ਅਨੁਸਾਰ ਹਰ ਇਕ ਅਨੈਤਿਕ ਕਰਮ ਦੇ ਲਈ ਸਜ਼ਾਂ ਚਾਹੇ ਉਹ ਮਨੁੱਖ ਤੋਂ ਅਣਜਾਣੇ ਵਿਚ ਹੋਇਆ ਹੋਵੇ, ਜ਼ਰੂਰ ਮਿਲਦੀ ਹੈ। ਕਿਉਂਕਿ ਸਜ਼ਾ ਤੋਂ ਬਿਨ੍ਹਾਂ ਪਾਪ ਤੋਂ ਛੁਟਕਾਰਾ ਨਹੀਂ ਮਿਲ ਸਕਦਾ। ਅਨੈਤਿਕ ਕਰਮ ਅਸਲ ਵਿਚ ਸਰੀਰਕ ਮਾਨਸਿਕ, ਆਤਮਿਕ ਜਾਂ ਰਾਜਸੀ, ਧਾਰਮਿਕ ਤੇ ਆਰਥਿਕ, ਸਮਾਜੀ-ਅੜਿੱਕੇ ਹਨ ਜਿਹੜੇ ਈਸ਼ਵਰ ਦੀ ਪ੍ਰਾਪਤੀ ਜਾਂ ਆਚਰਣ ਉਸਾਰੀ ਦੇ ਮਾਰਗ ਵਿਚ ਬੰਧਨ ਬਣ ਕੇ ਪਰਗਟ ਹੁੰਦੇ ਹਨ।[46]

ਉਪਨਿਸ਼ਦਾ ਤੋਂ ਬਾਅਦ ਭਾਰਤੀ ਦਾਰਸ਼ਨਿਕ ਪਰੰਪਰਾ ਵਿਚ ਛੇ ਸ਼ਾਸਤਰਾਂ ਦਾ ਬਹੁਤ ਮਹੱਤਵ ਹੈ। ਇਨ੍ਹਾਂ ਸ਼ਾਸ਼ਤਰਾਂ (ਸ਼ਾਖ, ਵੈਸ਼ਸ਼ਕ, ਨਯਾਯ, ਮੀਮਾਂਸਾਂ, ਵੇਦਾਂਤ, ਅਤੇ ਯੋਗ) ਵਿਚ ਮਨੁੱਖੀ ਜੀਵਨ ਦੇ ਸਰਵੋਤਮ ਲਕਸ਼ ਦੀ ਪ੍ਰਾਪਤੀ ਲਈ ਆਚਾਰ ਵਿਹਾਰ ਦਾ ਸਾਧਨ ਦੇ ਰੂਪ ਵਿਚ ਸਿਲਸਿਲੇਵਾਰ ਬਿਆਨ ਕੀਤਾ ਗਿਆ ਹੈ। ਵੈਦਿਕ ਪਰੰਪਰਾ ਤੋਂ ਦੋ ਵਿਚਾਰਧਾਰਾਵਾਂ ਦਾ ਜਨਮ ਹੁੰਦਾ ਹੈ। ਪਹਿਲੀ ਜਿਸ ਵਿਚ ਕਰਮਕਾਂਡ ਨੂੰ ਮਹੱਤਤਾ ਪ੍ਰਾਪਤ ਹੈ। ਦੂਜੀ ਅਧਿਆਤਮਕਤਾ ਨਾਲ ਸੰਬੰਧਿਤ ਹੋਣ ਕਰਕੇ ਪਰਮ-ਸੱਤਾ ਨੂੰ ਸ਼੍ਰੇਸ਼ਟ ਮੰਨਦੀ ਹੈ। ਇਸਦਾ ਮੁੱਖ ਉਦੇਸ਼ ਪਰਮ-ਸ਼ੁੱਭ ਨੂੰ ਹਾਸਿਲ ਕਰਨਾ ਰਿਹਾ ਹੈ। ਇਨ੍ਹਾਂ ਛੇ ਦਰਸ਼ਨਾ ਵਿਚ ਅਧਿਆਤਮਕਤਾ ਦੇ ਮਾਰਗ ਨੂੰ ਮੁੱਖ ਦੱਸਦਿਆਂ ਮਨੁੱਖ ਦੇ ਪਰਮ-ਸ਼ੁੱਭ ਦੀ ਸਿਧਾਂਤਕ ਪੱਖ ਤੋਂ ਵਿਆਖਿਆ

---

46 ਹਰਨਾਮ ਦਾਸ, *ਸਦਾਚਾਰ ਦਾ ਮਾਰਗ,* ਪੰਨਾ 25

ਕਰਨ  ਦਾ ਯਤਨ ਕੀਤਾ ਗਿਆ ਹੈ। ਇਹ ਛੇ ਸ਼ਾਸਤਰ ਵੱਖ-ਵੱਖ ਰਿਸ਼ੀਆਂ ਦੁਆਰਾ ਲਿਖੇ ਹਨ। ਇਨ੍ਹਾਂ ਵਿਚ ਸਿਧਾਂਤਕ ਪੱਖ ਤੋਂ ਆਪਸੀ ਮਤਭੇਦ ਦੇ ਬਾਵਜ਼ੂਦ ਵੀ ਉਦੇਸ਼ ਦੀ ਸਾਂਝ ਨਜ਼ਰ ਆਉਂਦੀ ਹੈ, ਪਰ ਫਿਰ ਇਨ੍ਹਾਂ ਦੀ ਕੁਝ ਗੱਲਾਂ ਕਰਕੇ ਉਦੇਸ਼ ਦੀ ਸਾਂਝ ਨਜ਼ਰ ਆਉਂਦੀ ਹੈ। ਹਰ ਸ਼ਾਸਤਰ ਦਾ ਉਦੇਸ਼ ਮੁਕਤੀ ਦੀ ਪ੍ਰਾਪਤੀ ਹੈ ਪਰ ਇਸ ਪ੍ਰਾਪਤੀ ਹਿਤ ਸੁਝਾਏ ਮਾਰਗਾਂ ਅਤੇ ਸਾਧਨਾਂ ਵਿਚ ਵਖਰੇਵਾਂ ਨਜ਼ਰ ਆਉਂਦਾ ਹੈ। ਇਨ੍ਹਾਂ ਸਾਰੇ ਸ਼ਾਸਤਰਾਂ ਵਿਚ ਨੈਤਿਕਤਾ ਨੂੰ ਅਧਿਆਤਮਕਤਾ ਦੇ ਮਾਰਗ ਉਪਰ ਤੁਰਨ ਦਾ ਸਭ ਤੋਂ ਉਤਮ ਸਾਧਨ ਮੰਨਿਆ ਗਿਆ ਹੈ। ਇਸ ਲਈ ਇਨ੍ਹਾਂ ਛੇ ਸ਼ਾਸਤਰਾਂ ਨੇ ਵੇਦਾਂ ਦੀ ਪ੍ਰਮਾਣਿਕਤਾ ਨੂੰ ਸਵੀਕਾਰਿਆ ਹੈ। ਇਸ ਲਈ ਇਸ ਦਰਸ਼ਨ ਨੂੰ ਆਸਤਿਕ ਦਰਸ਼ਨ ਕਿਹਾ ਜਾਂਦਾ ਹੈ। ਇਸ ਤੋ ਇਲਾਵਾ ਵੈਦਿਕ ਧਰਮ ਵਿਚ 'ਪੁਰਾਣ' ਅਤੇ 'ਬ੍ਰਾਹਮਣ' ਵੀ ਮਹੱਤਵਪੂਰਨ ਗ੍ਰੰਥ ਹਨ। ਦੂਸਰੇ ਧਾਰਮਿਕ ਗ੍ਰੰਥਾਂ ਦੀ ਤਰ੍ਹਾਂ ਇਨ੍ਹਾਂ ਵਿਚ ਵੀ ਧਰਮ ਨਾਲ ਸੰਬੰਧਿਤ ਨੈਤਿਕ ਸਿੱਖਿਆਵਾਂ ਅਤੇ ਸੱਚਾਈਆਂ ਨੂੰ ਬੜੇ ਸਾਧਾਰਨ ਅਤੇ ਸ਼ਪੱਸ਼ਟ ਤਰੀਕੇ ਨਾਲ ਬਿਆਨਿਆ ਗਿਆ ਹੈ। ਭਾਰਤੀ ਧਾਰਮਿਕ, ਸਦਾਚਾਰਕ, ਅਮੀਰੀ ਅਤੇ ਭਿੰਨਤਾ ਦੀ ਅਮੀਰੀ ਦਾ ਇਨ੍ਹਾਂ ਗ੍ਰੰਥਾਂ ਵਿਚ ਖੂਬ ਪ੍ਰਦਰਸ਼ਨ ਹੋਇਆ ਹੈ। ਭਾਰਤੀ ਦਾਰਸ਼ਨਿਕ ਦੀ ਪਰੰਪਰਾ ਵਿਚ ਛੇ ਦਰਸ਼ਨਾਂ ਤੋਂ ਬਾਅਦ ਬੁੱਧ ਮਤ, ਜੈਨ ਮਤ ਅਤੇ ਚਾਰਵਾਕ ਦਰਸ਼ਨ ਪ੍ਰਾਪਤ ਹੈ। ਇਨ੍ਹਾਂ ਧਰਮ ਦਰਸ਼ਨਾਂ ਦੀ ਫ਼ਿਲਾਸਫ਼ੀ ਵੇਦਾਂ ਤੋਂ ਭਿੰਨ ਹੈ ਅਤੇ ਇਹ ਵੇਦਾਂ ਦੀ ਪ੍ਰਮਾਣਿਕਤਾ ਬੇਸ਼ੱਕ ਸਵੀਕਾਰ ਨਹੀਂ ਕਰਦੇ ਪਰ ਇਨ੍ਹਾਂ ਵਿਚ ਮਨੁੱਖੀ ਨੈਤਿਕ ਜੀਵਨ ਨਾਲ ਸੰਬੰਧਿਤ ਅਨੇਕਾਂ ਸਿਧਾਂਤ ਪ੍ਰਾਪਤ ਹਨ, ਜੋ ਮਨੁੱਖ ਨੂੰ ਆਚਾਰ ਵਿਹਾਰ ਦੇ ਮਾਰਗ ‘ਤੇ ਚੱਲਣ ਲਈ ਪ੍ਰੇਰਣਾ ਸ੍ਰੋਤ ਸਾਬਤ ਹੁੰਦੇ ਹਨ। ਚਾਰਵਾਕ ਮੱਤ ਵਿਚ ਕੇਵਲ ਭੌਤਿਕ ਜਗਤ ਦੀ ਭੌਤਿਕਤਾ ਦੇ ਆਧਾਰ 'ਤੇ ਨੈਤਿਕ ਸਿਧਾਂਤਾ ਦੀ ਵਿਆਖਿਆ ਕੀਤੀ ਗਈ ਹੈ। ਇਸ ਵਿਚ ਨੈਤਿਕ ਦ੍ਰਿਸ਼ਟੀਕੋਣ ਤੋ ਵਿਅਕਤੀਗਤ ਸੁੱਖਵਾਦ ਨੂੰ ਵਿਸ਼ੇਸ਼ ਮਹੱਤਵ ਦਿੱਤਾ ਗਿਆ ਹੈ ਅਤੇ ਇਸ ਨੂੰ ਮਨੁੱਖੀ ਜੀਵਨ ਦਾ ਪਰਮ ਲਕਸ਼ ਮੰਨਿਆ ਗਿਆ ਹੈ। ਇਸ ਦਰਸ਼ਨ ਦੇ ਅਨੁਸਾਰ ਜੀਵਨ ਦਾ ਮੁੱਖ ਮਨੋਰਥ ਕੇਵਲ ਭੌਤਿਕ ਅਤੇ ਲੌਕਿਕ ਸੁੱਖ ਦੀ ਪ੍ਰਾਪਤੀ ਹੈ। ਭੌਤਿਕ ਜਗਤ ਵਿਚ ਦੁਨਿਆਵੀ ਸੁੱਖ ਮਨੁੱਖੀ ਜ਼ਿੰਦਗੀ ਵਿਚ ਬਹੁਤ ਅਹਿਮੀਅਤ ਰੱਖਦੇ ਹਨ ਅਤੇ ਇਨ੍ਹਾਂ ਸੁੱਖਾਂ ਨੂੰ ਤਿਆਗਣ ਵਾਲੇ ਚਾਰਵਾਕ ਦਰਸ਼ਨ ਅਨੁਸਾਰ ਮੂਰਖ ਹਨ। ਉਨ੍ਹਾਂ ਅਨੁਸਾਰ ਭਵਿੱਖ ਦੇ ਦੁੱਖ ਦੀ ਕਲਪਨਾ ਕਰਕੇ ਵਰਤਮਾਨ ਸੁੱਖ ਦਾ ਤਿਆਗ ਕਰਨਾ ਮਨੁੱਖ ਦੀ ਸਭ ਤੋਂ ਵੱਡੀ ਮੂਰਖਤਾ ਹੈ। ਇਸ

ਕਰਕੇ ਸੁੱਖ ਦਾ ਭੋਗ ਹੀ ਜੀਵਨ ਦੀ ਸਭ ਤੋਂ ਵੱਡੀ ਸਿਆਣਪ ਹੈ।[47] ਆਖਰ ਵਿਚ ਅਸੀਂ ਜਦੋਂ ਸਿੱਖ ਧਰਮ ਦੀ ਗੱਲ ਕਰਦੇ ਹਾਂ ਤਾਂ ਇਸ ਦਾ ਮੁੱਖ ਆਸ਼ਾ ਕਰਮ ਦੇ ਨਾਲ ਜੁੜਿਆ ਹੋਇਆ ਹੈ। ਪਰਮਾਤਮਾ ਨੂੰ ਵੀ ਕਿਰਤ ਦੇ ਨਾਲ ਜੋੜਿਆ ਗਿਆ ਹੈ। ਇਸ ਕਰਕੇ ਹਰ ਸਿੱਖ ਨੂੰ ਕਰਮ ਕਰਨ ਦਾ ਹੁਕਮ ਗੁਰੂ ਸਾਹਿਬਾਨ ਦੁਆਰਾ ਦਿੱਤਾ ਗਿਆ ਹੈ। ਜਿਸ ਵਿਚੋਂ ਪ੍ਰਵਿਰਤ-ਨਵਿਰਤ, ਰਾਜ-ਯੋਗ, ਗ੍ਰਹਿਸਤ-ਉਦਾਸ ਹਲਤ-ਪਲਤ ਅਤੇ ਦੇਗ-ਤੇਗ ਦੇ ਸੰਕਲਪ ਨਿਕਲੇ ਹਨ। ਸਿੱਖ ਧਰਮ ਮਨੁੱਖ ਨੂੰ ਸੰਤੁਲਨ ਵਿਚ ਰਹਿ ਕੇ ਜੀਵਨ ਬਤੀਤ ਕਰਨ ਦੀ ਤਾਕੀਦ ਕਰਦਾ ਹੈ। ਅਸੀਂ ਅੱਗੇ ਸਿੱਖ ਧਰਮ ਵਿਚ ਸ਼ੁਭ ਆਚਾਰ ਵਿਹਾਰ ਬਾਰੇ ਵਿਚਾਰ ਕਰਾਂਗੇ।

**ਸਿੱਖ ਧਰਮ ਵਿਚ ਆਚਾਰ ਵਿਹਾਰ**

ਸਿੱਖ ਧਰਮ ਵਿਚ ਆਚਰਣ ਨੂੰ ਆਦਰਸ਼ਕ ਮਨੁੱਖ ਦੀ ਨਿਸ਼ਾਨੀ ਪਰਵਾਣ ਕੀਤਾ ਗਿਆ ਹੈ। ਸਿੱਖੀ ਨਿਯਮਾਂ ਮੁਤਾਬਕ ਉੱਤਮ ਮਨੁੱਖ ਦਾ ਦਰਜਾ ਉਸ ਦੀ ਚੰਗੀ ਰਹਿਣੀ ਬਹਿਣੀ ਕਰਕੇ ਹੀ ਹੈ। ਜਿਸ ਨੂੰ ਗੁਰਬਾਣੀ ਨੇ ਇਸ ਤਰ੍ਹਾਂ ਦਰਸਾਇਆ ਹੈ-

'ਅਚਾਰਵੰਤਿ ਸਾਈ ਪਰਧਾਨੇ।। [48]

ਜਿਸ ਦੇ ਅਨੁਸਾਰ ਪ੍ਰਧਾਨਤਾ/ਮੁੱਖਤਾ ਉਸ ਨੂੰ ਹੀ ਮਿਲੇਗੀ ਜਿਸ ਦਾ ਸੱਚਾ ਆਚਰਣ ਹੋਵੇਗਾ। ਗੁਰੂ ਨਾਨਕ ਦੇਵ ਜੀ ਜਪੁ ਜੀ ਦੇ ਆਰੰਭ ਵਿਚ ਹੀ ਚੰਗੇ ਮਨੁੱਖ ਨੂੰ 'ਸਚਿਆਰ' ਪਦ ਨਾਲ ਸੰਬੋਧਿਤ ਕਰਦੇ ਹਨ। ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਸਚਿਆਰ ਮਨੁੱਖ ਹੀ ਧਰਮ ਦਾ ਹਾਣੀ ਹੋ ਸਕਦਾ ਹੈ।

ਇੱਥੇ ਇਹ ਨੁਕਤਾ ਵਿਚਾਰਣਯੋਗ ਹੈ ਕਿ ਮਨੁੱਖ ਵਿਚ ਅਜਿਹੇ ਆਚਰਣ ਦਾ ਨਿਰਮਾਣ ਕਿਵੇਂ ਹੁੰਦਾ ਹੈ। ਸੱਚੇ ਆਚਰਣ ਦੇ ਨਿਰਮਾਣ ਲਈ ਗੁਰਮਤਿ ਦੀ ਰੌਸ਼ਨੀ 'ਨਿਰਮਲ ਕਰਮ' ਕਰਨ ਦਾ ਸੁਨੇਹਾ ਦਿੰਦੀ ਹੈ। ਗੁਰੂ ਅਰਜਨ ਸਾਹਿਬ ਪ੍ਰਮਾਤਮਾ ਦੇ ਨਾਮ ਦੇ ਨਾਲ 'ਨਿਰਮਲ ਕਰਮ'[49] ਨੂੰ ਧਰਮ ਦੀ ਮੁੱਖ ਸੰਗਿਆ ਵਜੋਂ

---

[47] ਆਰ.ਡੀ. ਨਿਰੰਕਾਰੀ, *ਭਾਰਤੀ ਦਰਸ਼ਨ,* ਪੰਨਾ 89

[48] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 97

[49] ਸਰਬ ਧਰਮ ਮਹਿ ਸ੍ਰੇਸਟ ਧਰਮੁ।।

ਹਰਿ ਕੋ ਨਾਮੁ ਜਪਿ ਨਿਰਮਲ ਕਰਮੁ।। *ਉਹੀ,* ਪੰਨਾ 266

ਪ੍ਰਵਾਨ ਕਰਦੇ ਹਨ। ਡਾ. ਜੋਧ ਸਿੰਘ ਇਹ ਮੰਨਦੇ ਹਨ ਕਿ ਨਿਰਮਲ ਕਰਮ ਵੀ ਧਾਰਮਿਕ ਜੀਵਨ ਦਾ ਆਵੱਸ਼ਕ ਅੰਗ ਹਨ। ਇੱਥੇ ਗੁਰੂ ਸਾਹਿਬ ਨੈਤਿਕ ਕਰਮ ਅਤੇ ਅਧਿਆਤਮ ਕਰਮਾਂ ਦੇ ਸਮੰਜਸ ਨੂੰ ਮਨੁੱਖੀ ਗੁਣਾਂ ਦਾ ਅਤੇ ਮਨੁੱਖ ਦੀ ਸ਼ਖਸ਼ੀਅਤ ਦਾ ਜ਼ਰੂਰੀ ਅੰਗ ਮੰਨਦੇ ਹਨ। ਇੰਦਰੀਆਂ ਜੇਕਰ ਵਿਅਕਤੀ ਨੂੰ ਪਰਮਾਰਥ ਦੇ ਰਾਹ 'ਤੇ ਚੱਲਣ ਵਿਚ ਸਹਾਇਤਾ ਨਾ ਕਰਕੇ ਉਸ ਨੂੰ ਈਰਖਾ, ਨਫਰਤ ਅਤੇ ਲਾਲਚ ਦੇ ਇੱਕਠ ਮਾਤਰ ਵਿਚ ਵੀ ਸਹਾਇਤਾ ਕਰਦੀਆਂ ਹਨ ਤਾਂ ਉਹ ਵਿਅਰਥ ਹਨ।[50] ਗੁਰਬਾਣੀ ਨੇ ਇਸ ਨੂੰ ਇਸ ਤਰ੍ਹਾਂ ਬਿਆਨ ਕੀਤਾ ਕੀਤਾ ਹੈ-

ਮਿਥਿਆ ਸ੍ਰਵਨ ਪਰ ਨਿੰਦਾ ਸੁਨਹਿ॥

ਮਿਥਿਆ ਹਸਤ ਪਰ ਦਰਬ ਕਉ ਹਿਰਹਿ॥[51]

ਇਸੇ ਕਾਰਨ ਅਸੀਂ ਕਹਿ ਸਕਦੇ ਹਾਂ ਕਿ ਧਰਮ ਦੇ ਨਿਰਮਾਣ ਤੇ ਸਚਿਆਰ ਆਚਰਣ ਦੇ ਨਿਰਮਾਣ ਲਈ 'ਨਿਰਮਲ ਕਰਮ' ਹੀ ਪਹਿਲੀ ਤੇ ਆਖਰੀ ਪੌੜੀ ਹਨ।

ਗੁਰੂ ਨਾਨਕ ਦੇਵ ਜੀ ਨੇ ਦੋ ਤਰ੍ਹਾਂ ਦੇ ਕਰਮ ਮੰਨੇ ਹਨ: ਪਹਿਲੇ ਉਹ ਜਿਹੜੇ ਪਰਮਾਤਮਾ ਨਾਲ ਮਿਲਾਉਣ ਵਾਲੇ ਹਨ ਅਤੇ ਦੂਜੇ ਉਹ ਜਿਹੜੇ ਪਰਮਾਤਮਾ ਤੋਂ ਤੋੜਨ ਵਿਚ ਸਹਾਈ ਹੁੰਦੇ ਹਨ। ਪਹਿਲਿਆਂ ਨੂੰ ਸਦਗੁਣ ਜਾਂ ਗੁਣ ਕਿਹਾ ਹੈ, ਜਦੋਂ ਕਿ ਦੂਜੇ ਕਰਮਾਂ ਨੂੰ 'ਅਵਗੁਣ' ਜਾਂ ਅਉਗਣ ਕਿਹਾ ਗਿਆ ਹੈ। ਗੁਣ ਧਾਰਨ ਕਰਨ ਅਤੇ ਅਉਗਣ ਤਿਆਗਣ ਦੀ ਤਾਕੀਦ ਕੀਤੀ ਗਈ ਹੈ।[52] ਡਾ. ਜਸਵਿੰਦਰ ਕੌਰ ਢਿੱਲੋਂ ਅਨੁਸਾਰ ਗੁਣ ਜਾਂ ਸਦਗੁਣ ਨੈਤਿਕ ਜੀਵਨ ਦਾ ਜ਼ਰੂਰੀ ਹਿੱਸਾ ਹੈ।[53]

ਗੁਰਬਾਣੀ ਵਿਚ ਅਨੇਕਾਂ ਅਜਿਹੇ ਨੈਤਿਕ ਗੁਣਾਂ ਬਾਰੇ ਬਿਆਨ ਕੀਤਾ ਗਿਆ ਹੈ, ਜਿਨ੍ਹਾਂ ਨੂੰ ਧਾਰਨ ਕਰਨ ਨਾਲ ਨੈਤਿਕ ਮਨੁੱਖ ਦੀ ਸਿਰਜਣਾ ਹੁੰਦੀ ਹੈ। ਉਨ੍ਹਾਂ ਨੈਤਿਕ ਗੁਣਾਂ ਵਿਚੋਂ ਕੁੱਝ ਮੁੱਖ ਗੁਣਾਂ ਦਾ ਵੇਰਵਾ ਇਸ ਪ੍ਰਕਾਰ ਹੈ- ਸੱਚ ਬੋਲਣਾ, ਸਬਰ-ਸੰਤੋਖ, ਨਿਰਮਤਾ, ਸੂਰਬੀਰਤਾ, ਖਿਮਾ ਆਦਿਕ। ਡਾ. ਤਾਰਨ ਸਿੰਘ ਨੇ ਗੁਰੂ ਬਾਬੇ ਦੇ ਸੱਤ ਸਿਧਾਤਾਂ ਦਾ ਜ਼ਿਕਰ ਕੀਤਾ ਹੈ ਜਿਨ੍ਹਾਂ ਦੇ ਵਿਚੋਂ ਚਾਰ ਸਿਧਾਂਤ (ਸੱਚ, ਕਿਰਤ,

---

[50] ਜੋਧ ਸਿੰਘ (ਡਾ.), *ਸਿੱਖ ਸਿਧਾਂਤ (ਸਰੂਪ ਤੇ ਸਮਰੱਥਾ),* ਪੰਨਾ 64

[51] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 268

[52] ਗੁਰਸ਼ਰਨ ਜੀਤ ਸਿੰਘ, *ਗੁਰੂ ਨਾਨਕ ਬਾਣੀ ਦਾ ਸਮਾਜ-ਸ਼ਾਸਤਰੀ ਪਰਿਪੇਖ,* ਪੰਨਾ 66

[53] Darshan Singh (Edi.), *Guru Granth Sahib among the Scriptures of the World,* P. 119

ਸਮਾਨਤਾ, ਸ਼ੀਲ) ਸਿੱਖ ਆਚਾਰ ਵਿਹਾਰ ਨਾਲ ਸੰਬੰਧਿਤ ਹਨ।[54] ਇਸੇ ਤਰ੍ਹਾਂ ਦੂਸਰੇ ਪਾਸੇ ਪੰਜ ਵਿਕਾਰ-ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਨੂੰ ਗੁਰਬਾਣੀ ਵਿਚ ਤਿਆਗਣ ਦੀ ਤਾਕੀਦ ਕੀਤੀ ਗਈ ਹੈ। ਕਿਉਂਕਿ ਇਹ ਨੈਤਿਕ ਜੀਵਨ ਵਿਚ ਰੁਕਾਵਟ ਦਾ ਕਾਰਨ ਬਣਦੇ ਹਨ। ਇਸ ਕਾਰਨ ਹੀ ਨੈਤਿਕ ਜੀਵਨ ਵਿਚ ਪ੍ਰਪੱਕ ਰਹਿਣ ਲਈ ਗੁਰਬਾਣੀ ਵਿਚ ਸਿਮਰਨ (ਗੁਰੂ ਦਾ ਸਿਮਰਨ) ਅਤੇ ਹੁਕਮ (ਗੁਰੂ ਦਾ ਹੁਕਮ) ਨੂੰ ਸਾਧਨਾ ਵਜੋਂ ਪ੍ਰਸਤੁਤ ਕੀਤਾ ਗਿਆ ਹੈ। ਨੈਤਿਕ (ਸੁਚੱਜਾ) ਜੀਵਨ ਇਕ ਮੰਜ਼ਿਲ ਵਾਂਗ ਹੈ ਤੇ ਇਸ ਮੰਜ਼ਿਲ 'ਤੇ ਪਹੁੰਚਣ ਲਈ ਇਨ੍ਹਾਂ ਸਾਧਨਾ ਦਾ ਸਮਝਣਾ ਬਹੁਤ ਜ਼ਰੂਰੀ ਹੈ। ਜਿਸ ਦਾ ਵਿਸਥਾਰ ਅੱਗੇ ਇਸ ਪ੍ਰਕਾਰ ਹੈ।

## ਆਚਾਰ ਵਿਹਾਰ ਦੀ ਪ੍ਰਪੱਕਤਾ ਦੇ ਸਾਧਨ

### ਗੁਰੂ

'ਗੁਰੂ' ਸਿੱਖ ਸੰਪਰਦਾਇ (ਧਰਮ) ਦੀ ਧਾਰਮਿਕ ਵਿਵਸਥਾ ਦਾ ਮੇਰੂਦੰਡ ਹੈ।[55] ਸਿੱਖ ਮਤ ਦੀ ਸਿਧਾਂਤਗਤ ਵਿਵਸਥਾ ਦਾ ਇਹ ਇਤਨਾ ਮਹੱਤਵਪੂਰਣ ਅੰਗ ਹੈ ਕਿ ਇਸ ਤੋਂ ਬਿਨਾਂ ਸਿੱਖ ਮਤ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

'ਗੁਰੂ ਸੰਸਕ੍ਰਿਤ ਭਾਸ਼ਾ ਦਾ ਇਕ ਅਜਿਹਾ ਅਨੇਕਾਰਥਕ ਸ਼ਬਦ ਹੈ ਜਿਸ ਦੀ ਵਿਉਤਪਤੀ 'ਗ੍ਰਿ' ਧਾਤੂ ਤੋਂ ਹੋਈ ਹੈ ਅਤੇ ਜਿਸ ਦਾ ਅਰਥ ਹੈ ਨਿਗਲਣਾ ਅਤੇ ਸਮਝਾਉਣਾ। ਇਸ ਲਈ ਜਿਹੜਾ ਵਿਅਕਤੀ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਸ਼ਿਸ਼ ਨੂੰ ਤੱਤ ਗਿਆਨ ਸਮਝਾਉਂਦਾ ਹੈ ਉਹ ਗੁਰੂ ਹੁੰਦਾ ਹੈ।'[56] ਵੇਦ ਵਿਚ ਗੁਰੂ ਦੀ ਤਾਰੀਫ਼ ਇਉਂ ਕੀਤੀ ਗਈ ਹੈ:-

ਵਾ ਗੁ ਸ਼ਬਦ ਹੀ ਸਮੰਗਿਯਮ ਤਮ ਨਿਰੋਧਕ ਵਾਚਕਹ॥

ਤਮ ਨਿਰੁਧੋਕ ਰੂ ਸ਼ਬਦੋ ਗੁਰੋ ਰੇ ਤਦੀ ਲਖਸ਼ਣੰ॥

---

54 ਤਾਰਨ ਸਿੰਘ (ਡਾ.), *ਸਿੱਖ, ਸਿੱਖੀ ਅਤੇ ਸਿਧਾਂਤ,* ਪੰਨੇ 55-56-58-63

55 ਦਰਸ਼ਨ ਸਿੰਘ, *ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ,* ਪੰਨਾ 56

56 *ਉਹੀ,* ਪੰਨੇ 7-8

ਇਕ ਹੋਰ ਜਗ੍ਹਾ ਜ਼ਿਕਰ ਹੈ:-

ਗਕਾ ਰਾਸਤ ਅੰਧਕਾਰਾ ਸਿਯਾਤ ਕਾਰਸ ਤਮ ਨਿਰੋਧਕ॥

ਅੰਧਕਾਰਾ ਵਿਨਾਸ ਤ੍ਵਾਤ ਗੁਰੂ ਰਿਤਯਭਿਧੀਯਤੇ॥[57]

ਜੇ ਸਿੱਧੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਕਹਿ ਸਕਦੇ ਹਾਂ ਕਿ 'ਗੁ' ਦਾ ਭਾਵ ਹਨ੍ਹੇਰਾ ਅਤੇ 'ਰੂ' ਦਾ ਭਾਵ ਦੂਰ ਕਰਨਾ। ਭਾਵ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰ ਕੇ ਗਿਆਨਤਾ ਦੇ ਪ੍ਰਕਾਸ਼ ਕਰਨ ਵਾਲਾ।

ਜਿਵੇਂ ਇਸ ਮਾਦੀ ਦੁਨੀਆ ਵਿਚ ਦੀਵਾ, ਲੈਂਪ ਅਥਵਾ ਬਿਜਲੀ ਦਾ ਬਲਬ ਹੀ ਚਾਨਣਾ ਦੇਣ ਵਾਲੇ ਦਿਸਦੇ ਹਨ, ਪਰ ਅਸਲ ਵਿਚ ਇਹ ਬਾਹਰਲੇ ਖੋਲ ਚਾਨਣਾ ਕਰਨ ਦੇ ਮਾਧਿਅਮ ਹੀ ਹਨ, ਚਾਨਣਾ ਅਥਵਾ ਜੋਤੀ ਇਨ੍ਹਾਂ ਤੋਂ ਅਡਰੀ ਕੁਝ ਹੋਰ ਚੀਜ਼ ਹੈ। ਇਸੇ ਤਰ੍ਹਾਂ ਅਧਿਆਤਮਿਕ ਖੇਤਰ ਵਿਚ ਪ੍ਰਕਾਸ਼ ਕਰਨ ਵਾਲੀ ਹਸਤੀ 'ਗੁਰੂ' ਹੈ। ਗੁਰਮਤਿ ਵਿਚ ਗੁਰੂ ਉਨ੍ਹਾਂ ਖ਼ਾਸ ਹਸਤੀਆਂ ਨੂੰ ਹੀ ਕਿਹਾ ਜਾਂਦਾ ਹੈ ਜੋ ਨਿਰੰਕਾਰ ਵਲੋਂ ਇਸ ਹਉਮੈ ਵਿਹੜੇ ਜਗਤ ਨੂੰ ਅਧਰਮ ਵਿਚੋਂ ਕੱਢ ਕੇ ਮੁੜ ਸਰਬ-ਸ੍ਰੇਸ਼ਟ ਨਿਰੰਕਾਰੀ ਧਰਮ ਨੂੰ ਪ੍ਰਗਟਾਉਣ ਲਈ ਉਚੇਚੀਆਂ ਘਲੀਆਂ ਗਈਆਂ ਹਨ ਤੇ ਉਹ ਕੇਵਲ ਦੱਸ ਹਨ।[58] ਮਾਦੀ ਨਜ਼ਰ ਨਾਲ ਵੇਖਿਆਂ ਗੁਰੂ ਵਿਅਕਤੀ ਦਿਸਦਾ ਹੈ, ਪਰ ਗਿਆਨ-ਨੇਤਰਾਂ ਨਾਲ ਦੇਖਿਆਂ ਇਹ ਭੇਦ ਖੁੱਲਦਾ ਹੈ ਕਿ ਗੁਰੂ ਦੇਹ ਨਹੀਂ ਜੋਤ ਹੈ।'[59]

ਗੁਰੂ ਨਾਨਕ ਜੋਤ ਨੇ ਸਿੱਖਾਂ ਨੂੰ ਸ਼ਬਦ-ਗੁਰੂ ਦੇ ਮਹੱਤਵ ਤੋਂ ਜਾਣੂ ਕਰਵਾਉਣ ਲਈ ਦ੍ਰਿੜ੍ਹ ਕਰਾਇਆ-

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥[60]

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ॥[61]

---

57 ਊਧਮ ਸਿੰਘ, *ਸੱਚਾ ਗੁਰੂ,* ਪੰਨਾ 33

58 ਹੀਰ, ਭਗਤ ਸਿੰਘ, *ਗੁਰੂ ਮਾਨਿਓ ਗ੍ਰੰਥ,* ਪੰਨਾ 17

59 ਊਧਮ ਸਿੰਘ, *ਸੱਚਾ ਗੁਰੂ,* ਪੰਨਾ 8

60 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 982

61 *ਉਹੀ,* ਪੰਨਾ 635

ਭਾਈ ਗੁਰਦਾਸ ਜੀ ਵੀ ਸ਼ਬਦ ਦੀ ਮਹਾਨਤਾ ਨੂੰ ਇਉਂ ਪ੍ਰਗਟ ਕਰਦੇ ਹਨ-

ਗੁਰ ਮੂਰਤਿ ਗੁਰ ਸਬਦੁ ਹੈ

ਸਾਧਸੰਗਤਿ ਮਿਲਿ ਅੰਮ੍ਰਿਤ ਵੇਲਾ।[62]

**ਗੁਰੂ: ਅਗਿਆਨਤਾ ਨੂੰ ਦੂਰ ਕਰਨ ਵਾਲਾ**

ਗਿਆਨ ਪ੍ਰਮਾਤਮਾ ਦੀ ਦਿੱਤੀ ਹੋਈ ਬਖ਼ਸ਼ਿਸ਼ ਹੈ ਜੋ ਕਿ ਗੱਲੀਂ ਬਾਤੀਂ ਹਾਸਲ ਨਹੀਂ ਹੋ ਸਕਦਾ। ਗਿਆਨ ਹਾਸਲ ਹੋਣ ਨਾਲ ਭਰਮ ਦੇ ਪਰਦੇ ਖੁਲਦੇ, ਤਿੰਨਾਂ ਲੋਕਾਂ ਦਾ ਗਿਆਨ ਹੁੰਦਾ ਹੈ ਅਤੇ ਮਨ ਵਿਚ ਬ੍ਰਹਮ ਦਾ ਪੂਰਨ ਪ੍ਰਕਾਸ਼ ਹੋ ਜਾਂਦਾ ਹੈ।[63] ਐਸੇ ਗਿਆਨ ਦੀ ਪ੍ਰਾਪਤੀ ਸੱਚੇ ਗੁਰੂ ਤੋਂ ਹੀ ਹੋ ਸਕਦੀ ਹੈ। ਇਨਸਾਨ ਹਰ ਵਕਤ ਮੇਰ ਤੇਰ ਦੇ ਚੱਕਰ ਵਿਚ ਫਸਿਆ ਰਹਿੰਦਾ ਹੈ, ਪਰ ਜਦ ਗੁਰੂ ਅਗਿਆਨਤਾ ਨੂੰ ਕਟ ਦੇਵੇ ਤਾਂ ਸਾਰੇ ਆਤਮਕ ਬੰਧਨ ਛੁੱਟ ਜਾਂਦੇ ਹਨ:-

ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ॥

ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ॥[64]

**ਗੁਰੂ ਦੀ ਲੋੜ**

ਇਹ ਇਕ ਆਮ ਕਹਾਵਤ ਹੈ 'ਜਾਏ ਉਸਤਾਦ ਖਾਲੀ ਅਸਤ' ਭਾਵ ਉਸਤਾਦ ਤੋਂ ਬਿਨ੍ਹਾਂ ਮਨੁੱਖ ਹੁਨਰੋਂ ਅਕਲੋਂ ਖ਼ਾਲੀ ਰਹਿੰਦਾ ਹੈ। ਅਸੀਂ ਆਮ ਲੋਕਾਂ ਨੂੰ ਇਹ ਵੀ ਕਹਿੰਦਿਆਂ ਸੁਣਦੇ ਹਾਂ 'ਗੁਰੂ ਬਿਨਾਂ ਗਤਿ ਨਹੀਂ, ਸ਼ਾਹ ਬਿਨਾਂ ਪਤਿ ਨਹੀਂ।' 'ਸ਼ਾਹ ਬਿਨਾਂ ਪਤਿ ਨਹੀਂ' ਤਾਂ ਸਾਡਾ ਮਜ਼ਮੂਨ ਨਹੀਂ, 'ਗੁਰੂ ਬਿਨ੍ਹਾਂ ਗਤਿ ਨਹੀਂ' ਫ਼ਾਰਸੀ ਦੀ ਉਪਰ ਲਿਖੀ ਕਹਾਵਤ ਦੀ ਤਰਜਮਾਨੀ ਕਰਦੀ ਹੈ। ਗੱਲ ਵੀ ਠੀਕ ਹੈ। ਹਰ ਹੁਨਰ ਸਿੱਖਣ ਲਈ ਕਿਸੇ ਉਸਤਾਦ ਦੀ ਲੋੜ ਹੈ ਤੇ ਉਸਤਾਦ ਨੂੰ ਗੁਰੂ ਕਿਹਾ ਜਾਂਦਾ ਹੈ। ਜੇਕਰ ਭੌਤਿਕ ਵਿੱਦਿਆ ਕਿਸੇ ਉਸਤਾਦ ਤੋਂ ਬਿਨਾਂ ਨਹੀਂ ਪ੍ਰਾਪਤ ਹੋ ਸਕਦੀ ਤਾਂ ਫਿਰ ਪ੍ਰਾਭੌਤਿਕਤਾ ਦਾ ਗਿਆਨ (ਆਤਮਿਕ

---

[62] *ਵਾਰਾਂ, ਗਿਆਨ ਰਤਨਾਵਲੀ ਭਾਈ ਗੁਰਦਾਸ ਜੀ,* ਪੰਨਾ 259

[63] ਸਤਿਗੁਰ ਸਬਦਿ ਉਜਾਰੋ ਦੀਪਾ॥

ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲੀ ਅਨੂਪਾ॥ *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 821

[64] *ਉਹੀ,* ਪੰਨਾ 400

ਗਿਆਨ) ਗੁਰੂ ਤੋਂ ਬਿਨਾਂ ਪ੍ਰਾਪਤ ਹੋਣਾਂ ਕਿਵੇਂ ਸੰਭਵ ਹੋ ਸਕਦਾ ਹੈ।[65] ਕੋਈ ਵੀ ਸੰਸਾਰਕ ਕੰਮ, ਕਿਸੇ ਪਾਸੋਂ ਸਿੱਖੇ ਬਿਨ੍ਹਾਂ ਨਹੀਂ ਆਉਂਦਾ, ਇਸੇ ਤਰ੍ਹਾਂ ਈਸ਼ਵਰ ਦੀ ਪ੍ਰਾਪਤੀ ਵੀ ਸੱਚੇ ਗੁਰੂ ਬਿਨ੍ਹਾਂ ਨਹੀਂ ਹੋ ਸਕਦੀ।[66]

ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਪੂਰੇ ਗੁਰੂ ਬਿਨ੍ਹਾਂ ਗਿਆਨ ਨਹੀਂ ਹੋ ਸਕਦਾ ਅਤੇ ਗਿਆਨ ਬਿਨ੍ਹਾਂ ਜੀਵ ਨੂੰ ਆਤਮਕ ਅਨੰਦ ਦੀ ਪ੍ਰਾਪਤੀ ਨਹੀਂ ਹੋ ਸਕਦੀ। ਇਸ ਲਈ ਨਾਮ-ਹੀਣੇ ਮਨਮੁੱਖ ਅਮੋਲਕ ਮਨੁੱਖਾ ਜਨਮ ਅਜਾਂਈ ਗਵਾ ਕੇ ਚਲੇ ਜਾਂਦੇ ਹਨ-

ਗੁਰ ਬਿਨੁ ਗਿਆਨੁ ਨ ਹੋਵਸੀ ਨ ਸੁਖ ਵਸੈ ਮਨਿ ਆਇ॥
ਨਾਨਕ ਨਾਮ ਵਿਹੂਣੇ ਮਨਮੁਖੀ ਜਾਸਨਿ ਜਨਮੁ ਗਵਾਇ॥[67]

ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ:-

ਮਾਈ ਗੁਰ ਬਿਨੁ ਗਿਆਨੁ ਨ ਪਾਈਐ॥
ਅਨਿਕ ਪ੍ਰਕਾਰ ਫਿਰਤ ਬਿਲਲਾਤੇ ਮਿਲਤ ਨਹੀ ਗੋਸਾਈਐ॥[68]

ਸੱਚਾ ਸਤਿਗੁਰੂ ਉਹ ਹੈ ਜੋ ਪਰਮਾਤਮਾ ਤੋਂ ਵਿਛੜੇ ਜੀਵ ਨੂੰ ਆਪਣੀ ਰੂਹਾਨੀਅਤ (ਗਿਆਨ-ਸ਼ਕਤੀ) ਦੁਆਰਾ ਬੁਝੇ ਹੋਏ ਦੀਵੇ ਵਰਗੇ ਬ੍ਰਹਮ ਗਿਆਨ ਦੀ ਦਾਤ ਬਖਸ਼ ਕੇ ਉਸ ਦੇ ਹਿਰਦੇ ਵਿਚ ਸਦੀਵਕਾਲ ਲਈ ਨਾਮ ਦਾ ਪ੍ਰਕਾਸ਼ ਕਰ ਸਕੇ। ਐਸਾ ਸੱਚਾ ਸਤਿਗੁਰੂ ਹੀ ਜੀਵ ਦੇ ਅਗਿਆਨ ਦਾ ਨਾਸ਼ ਕਰ ਸਕਦਾ ਹੈ, ਪੰਚਮ ਪਾਤਸ਼ਾਹ ਦਾ ਵਾਕ ਹੈ-

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ॥'[69]

---

65 ਹੀਰ ਭਗਤ ਸਿੰਘ, *ਗੁਰੂ ਮਾਨਿਓ ਗ੍ਰੰਥ,* ਪੰਨਾ 15

66 ਕਹੁ ਨਾਨਕ ਪ੍ਰਭਿ ਇਹੈ ਜਨਾਈ॥

ਬਿਨੁ ਗੁਰ ਮੁਕਤਿ ਨ ਪਾਈਐ ਭਾਈ॥ *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 864,

67 *ਉਹੀ,* ਪੰਨਾ 650

68 *ਉਹੀ,* ਪੰਨਾ 532

69 *ਉਹੀ,* ਪੰਨਾ 293

ਗੁਰੂ ਬਿਨਾਂ ਜੀਵ ਦਾ ਭਰਮ ਟੁੱਟ ਨਹੀਂ ਸਕਦਾ, ਘਾਲ ਥਾਂਇ ਨਹੀਂ ਪੈਂਦੀ, ਮਨ ਨਹੀਂ ਟਿਕਦਾ, ਮਨ ਦੀ ਤ੍ਰਿਪਤੀ ਨਹੀਂ ਹੁੰਦੀ, ਅਤੇ ਗੁਰੂ ਦੇ ਬਖਸ਼ੇ ਗਿਆਨ ਬਿਨਾਂ ਮਾਇਕੀ ਪਦਾਰਥ ਰੂਪੀ ਸਪ ਦਾ ਡੰਗਿਆ ਹੋਇਆ ਜੀਵ, ਜੀਵਨ ਯਾਤਰਾ ਤੋਂ ਉਪਰੰਤ ਈਸ਼ਵਰ ਪ੍ਰਾਪਤੀ ਦੇ ਰਸਤੇ ਵਿਚ ਹੀ ਰਹਿੰਦਾ ਹੈ, ਜੋ ਇਸ ਦੇ ਲਈ ਘਾਟਾ ਹੀ ਘਾਟਾ ਹੈ।[70]

ਇਸੇ ਤਰ੍ਹਾਂ ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਰਾਹੀਂ ਗੁਰੂ ਗ੍ਰੰਥ ਸਾਹਿਬ ਵਿਚ ਦੱਸਦੇ ਹਨ ਕਿ ਜਿਸ ਤਰ੍ਹਾਂ ਪਾਣੀ ਘੜੇ ਵਿਚ ਹੀ ਬੱਝਾ ਹੋਇਆ ਭਾਵ, ਪਿਆ ਹੋਇਆ ਇਕ ਥਾਂ ਟਿਕਿਆ ਰਹਿ ਸਕਦਾ ਹੈ, ਜਿਵੇਂ ਪਾਣੀ ਤੋਂ ਬਿਨ੍ਹਾਂ ਘੜਾ ਨਹੀਂ ਬਣ ਸਕਦਾ, ਤਿਵੇਂ ਗੁਰੂ ਦੇ ਗਿਆਨ ਭਾਵ, ਉਪਦੇਸ਼ ਦਾ ਬੱਝਾ ਹੋਇਆ ਮਨ ਹੀ ਇਕ ਥਾਂ ਟਿਕਿਆ ਰਹਿ ਸਕਦਾ ਹੈ, ਭਾਵ, ਵਿਕਾਰਾਂ ਵਲ ਨਹੀਂ ਦੌੜਦਾ ਅਤੇ ਗੁਰੂ ਤੋਂ ਬਿਨ੍ਹਾਂ ਗਿਆਨ ਪੈਦਾ ਨਹੀਂ ਹੋ ਸਕਦਾ।[71]

ਉਪਰੋਕਤ ਗੁਰੂ ਵਾਕਾਂ ਤੋਂ ਸਿੱਧ ਹੁੰਦਾ ਹੈ ਕਿ ਵਾਹਿਗੁਰੂ ਦੀ ਪ੍ਰਾਪਤੀ ਲਈ ਗੁਰੂ ਦਾ ਮੇਲ ਜ਼ਰੂਰੀ ਹੈ। ਸੰਸਾਰ ਵਿਚ ਜਿੰਨੇ ਵੀ ਰਿਸ਼ੀ, ਮੁਨੀ, ਅਵਤਾਰ ਹੋਏ ਹਨ, ਉਨਾਂ ਨੂੰ ਵੀ ਗਿਆਨ ਪ੍ਰਾਪਤੀ ਲਈ ਗੁਰੂ ਧਾਰਨਾ ਪਿਆ ਹੈ-

> ਭਾਈ ਰੇ ਗੁਰ ਬਿਨੁ ਗਿਆਨੁ ਨ ਹੋਇ॥
>
> ਪੂਛਹੁ ਬ੍ਰਹਮੈ ਨਾਰਦੈ ਬੇਦ ਬਿਆਸੈ ਕੋਇ॥[72]

**ਸ਼ਬਦ ਗੁਰੂ**

ਆਦਿ ਜੁਗਾਦ ਤੋਂ ਜਿਸ ਨੇ ਵੀ ਗੁਰੂ ਧਾਰਨ ਕੀਤਾ ਹੈ, ਉਸ ਨੇ ਉਸ ਦੇ ਸ਼ਬਦ (ਉਪਦੇਸ਼) ਨੂੰ ਹੀ ਗੁਰੂ ਮੰਨਿਆ ਹੈ, ਦੇਹ ਨੂੰ ਨਹੀਂ। ਦੇਹ ਤਾਂ ਪੰਜਾਂ ਤੱਤਾਂ ਦਾ ਬਣਿਆ ਇਕ ਪੁਤਲਾ ਹੈ, ਜੋ ਨਾਸ਼ਵੰਤ ਅਤੇ ਜੜ੍ਹ ਹੈ। ਗੁਰੂ ਨਾਨਕ ਦੇਵ ਜੀ ਦੀ ਆਤਮਾ ਗੁਰੂ ਸੀ, ਦੇਹ ਨਹੀਂ। ਦੇਹ ਤਾਂ ਇਸ ਲਈ ਪੂਜੀ ਸਤਿਕਾਰੀ ਜਾਂਦੀ

---

70 *ਉਹੀ,* ਪੰਨਾ 942

71 ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭ ਨ ਹੋਇ॥

ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ॥ *ਉਹੀ,* ਪੰਨਾ 469 '

72 *ਉਹੀ,* ਪੰਨਾ 59

ਸੀ, ਕਿ ਉਸ ਵਿਚ ਗੁਰੂ ਜੋਤ ਦਾ ਵਾਸਾ ਸੀ। ਸਿੱਖ 'ਸ਼ਬਦ' ਦੇ ਉਪਾਸ਼ਕ ਹਨ।[73] ਸਿੱਧਾਂ ਨੇ ਗੁਰੂ ਸੰਬੰਧੀ ਜੋ ਪ੍ਰਸ਼ਨ ਕੀਤਾ ਸੀ, ਉਸ ਦਾ ਉੱਤਰ ਗੁਰੂ ਨਾਨਕ ਦੇਵ ਜੀ ਨੇ ਇਉਂ ਦਿਤਾ ਸੀ:-

**ਪ੍ਰਸ਼ਨ:-** ਕਵਣ ਮੂਲੁ ਕਵਣ ਮਤਿ ਵੇਲਾ॥

ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥

**ਉੱਤਰ:-** ਪਵਨ ਅਰੰਭੁ ਸਤਿਗੁਰ ਮਤਿ ਵੇਲਾ॥

ਸਬਦੁ ਗੁਰੂ ਸੁਰਤਿ ਧੁਨਿ ਚੇਲਾ॥[74]

ਆਚਾਰ ਵਿਹਾਰ ਦੇ ਸੰਕਲਪ ਦੇ ਆਧਾਰ 'ਤੇ ਉਪਰੋਕਤ ਵਿਆਖਿਆ ਪ੍ਰਾਪਤ ਗੁਰੂ ਹੀ ਸੁਚੱਜੇ ਆਚਰਣ ਦਾ ਮਾਰਗ-ਦਰਸ਼ਕ ਹੈ।

### ਸਿਮਰਨ

ਸਿਮਰਨ ਇਕ ਬਹੁ ਅਰਥੀ ਸ਼ਬਦ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸਿਮਰਨ ਤੋਂ ਭਾਵ ਹੈ ਇਸ਼ਟ ਦਾ ਨਾਮ ਅਥਵਾ 'ਗੁਣ' ਮਨ ਦੀ ਬ੍ਰਿਤੀ ਇਕਾਗਰ ਕਰਕੇ ਯਾਦ ਕਰਨਾ।[75] ਡਾ. ਜਸਵੰਤ ਸਿੰਘ ਨੇਕੀ ਅਨੁਸਾਰ[76] ਸਿਮਰਨ ਸਾਡੀ ਨਿੱਕੀ ਜਿਹੀ ਬਾਂਹ ਹੈ ਅਰਸ਼ੀ ਦਾਤੇ ਨੂੰ ਮਿਲਣ ਲਈ। ਰਤਾ ਕੁ ਵੀ ਉੱਚੀ ਕਰੀਏ ਤਾਂ ਦਾਤਾ ਆਪਣੀ ਅਤਿ ਵੱਡੀ ਬਾਂਹ ਲੁਡਾ ਕੇ ਉਸ ਨੂੰ ਫੜ ਲੈਂਦਾ ਹੈ। ਇਥੇ ਸਿਮਰਨ ਦਾ ਅਰਥ ਰੱਬ ਨਾਲ ਇਕ ਸੁਰ ਹੋਣ ਤੋਂ ਹੈ। ਜਿਸ ਨੂੰ ਡਾ. ਨੇਕੀ ਨੇ ਇਕ ਹੋਰ ਜਗ੍ਹਾ 'ਸਿਮਰਨ ਕਰਨਾ' ਰੱਬ ਨਾਲ ਆਸ਼ਨਾ ਹੋਣਾ ਮੰਨਿਆ ਹੈ।[77] ਸਿਮਰਨ ਨੂੰ ਜਦੋਂ ਅਸੀਂ ਆਚਰਣਕ ਪੱਖ ਤੋਂ ਵੇਖਦੇ ਹਾਂ ਤਾਂ ਪ੍ਰਤੀਤ ਹੁੰਦਾ ਹੈ ਕਿ ਸਿਮਰਨ ਮਨ ਦੀਆਂ ਇਛਾਵਾਂ ਨੂੰ ਬੰਨਣ ਦਾ ਜ਼ਰੀਆ ਹੈ। ਕਿਤੇ-ਕਿਤੇ ਸਿਮਰਨ ਨੂੰ ਅਵਸਥਾ ਦੇ ਰੂਪ ਵਿਚ ਵੀ ਬਿਆਨ ਕੀਤਾ ਜਾਂਦਾ ਹੈ। ਇਨ੍ਹਾਂ ਸਾਰੇ ਅਰਥਾਂ ਦੇ ਵਿਚ ਇਕ ਚੀਜ਼ ਦੀ ਸਾਂਝ ਹੈ ਕਿ ਸਿਮਰਨ ਦਾ ਸੰਬੰਧ

---

[73] ਊਧਮ ਸਿੰਘ, *ਸੱਚਾ ਗੁਰੂ,* ਪੰਨਾ 94

[74] *ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨੇ 942-943

[75] ਨਾਭਾ, ਕਾਨ੍ਹ ਸਿੰਘ (ਭਾਈ), *ਮਹਾਨ ਕੋਸ਼,* ਪੰਨਾ 197

[76] ਨੇਕੀ, ਜਸਵੰਤ ਸਿੰਘ (ਡਾ.), *ਗੁਰਮਤਿ ਮਨੋਵਿਗਿਆਨ,* ਪੰਨਾ 158

[77] *ਉਹੀ,* ਪੰਨਾ 159

ਮਨੁੱਖ ਦੇ ਅੰਤਹਕਰਨ ਨਾਲ ਹੈ। ਅੰਤਹਕਰਨ ਦੀ ਸ਼ੁੱਧਤਾ ਹੀ ਮਨੁੱਖ ਦੇ ਸੁਚੱਜੇ ਆਚਰਣ ਦਾ ਨਿਰਮਾਣ ਕਰਦੀ ਹੈ। ਇਸ ਸੰਬੰਧ ਵਿਚ ਗੁਰਬਾਣੀ ਦਾ ਬਚਨ ਹੈ ਕਿ ਜਿਨਾਂ ਦੇ ਮਨ ਵਿਚ ਕੁੱਝ ਹੋਰ ਤੇ ਮੂੰਹ ਵਿਚ ਕੁੱਝ ਹੋਰ ਹੈ ਉਹ ਕੱਚਿਆਂ ਦੇ ਸਮਾਨ ਹਨ।

ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ।। 1।।[78]

ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਮਨੁੱਖ ਦਾ ਅੰਦਰੂਨੀ ਸਰੂਪ ਤੇ ਬਾਹਰੀ ਸਰੂਪ ਇਕ ਹੋਵੇ। ਇਹ ਤਾਂ ਹੀ ਸੰਭਵ ਹੈ ਜੇਕਰ ਅਸੀਂ ਸਿਮਰਨ ਦੇ ਵਿਚ ਪੱਕੇ ਹੋਵਾਂਗੇ। ਇਸ ਦਾ ਕਾਰਨ ਇਹ ਹੈ ਕਿ ਸਿਮਰਨ ਅਭਿਆਸੀ ਨੂੰ ਮਨ ਇਕਾਗਰ ਕਰਨ ਦਾ ਵੱਲ ਆ ਜਾਂਦਾ ਹੈ। ਇਕਾਗਰ ਮਨ ਤੋਂ ਮਜ਼ਬੂਤ ਇਰਾਦਾ ਪੈਦਾ ਹੁੰਦਾ ਹੈ, ਇਕਾਗਰ ਮਨ ਤੇ ਮਜ਼ਬੂਤ ਇਰਾਦੇ ਨਾਲ ਦੁਨੀਆਂ ਵਿਚ ਜੋ ਕੰਮ ਕਰੋ, ਉਸ ਵਿਚ ਸਫਲਤਾ ਹੁੰਦੀ ਹੈ। ਇਹ ਇਕਾਗਰ ਮਨ ਤੇ ਮਜ਼ਬੂਤ ਇਰਾਦਾ ਉਨ੍ਹਾਂ ਪੰਛੀਆਂ ਵਾਂਗ ਹੋਣਾ ਚਾਹੀਦਾ ਹੈ ਜੋ ਆਪਣੇ ਬੱਚਿਆਂ ਨੂੰ ਪਰਮਾਤਮਾ ਦੇ ਆਸਰੇ 'ਤੇ ਛੱਡ ਕੇ ਉਨ੍ਹਾਂ ਦੀ ਯਾਦ ਨੂੰ ਆਪਣੇ ਦਿਲ ਵਿਚ ਰੱਖ ਕੇ ਤੁਰੇ ਫਿਰਦੇ ਹਨ।[79] ਇਹ ਦੋਵੇਂ ਖ਼ੂਬੀਆਂ ਜ਼ਿੰਦਗੀ ਦੀ ਦੁਨਿਆਵੀ ਤੇ ਆਤਮਕ ਤਰੱਕੀ ਦਾ ਰਾਜ਼ ਹਨ। ਇਸ ਲਈ ਸਿਮਰਨ ਅਭਿਆਸੀ ਜਿਸ ਕੰਮ ਨੂੰ ਕਰਨਾ ਚਾਹੇ ਉਸ ਵਿਚ ਆਮ ਲੋਕਾਂ ਨਾਲੋਂ ਜ਼ਿਆਦਾ ਸਫਲਤਾ ਪ੍ਰਾਪਤ ਕਰੇਗਾ।[80]

ਸਿਮਰਨ ਨੂੰ ਗੁਰਬਾਣੀ ਵਿਚ ਨਾਮ ਨਾਲ ਵੀ ਸੰਬੋਧਿਤ ਕੀਤਾ ਗਿਆ ਹੈ। ਜਦੋਂ ਅਸੀਂ ਸਦਾਚਾਰ ਦੀ ਗੱਲ ਕਰਦੇ ਹਾਂ ਤਾਂ ਗੁਰਬਾਣੀ ਅਨੁਸਾਰ ਨਾਮ ਜਪਣਾ, ਕਿਰਤ ਕਰਨੀ ਤੇ ਵੰਡ ਛੱਕਣਾ ਹੀ ਪ੍ਰਮੁੱਖ ਸਦਾਚਾਰ ਹਨ। ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ ਹੈ ਕਿ ਨਾਮ ਸਿਮਰਨ ਰਾਹੀਂ ਹੀ ਵਡਿਆਈ ਪ੍ਰਾਪਤ ਹੁੰਦੀ ਹੈ। ਨਾਮ ਜਪਣ ਤੋਂ ਸ੍ਰੇਸ਼ਟ ਹੋਰ ਕੋਈ ਕਰਮ ਨਹੀਂ ਹੈ- ਨਾਨਕ ਨਾਮ ਮਿਲੈ ਵਡਿਆਈ ਇਦੂ ਉਪਰ ਕਰਮ ਨਹੀ।[81] ਗੁਰਮਤਿ ਮੁਤਾਬਕ ਸਿਮਰਨ ਮਨੁੱਖ ਦੀ ਸਹਾਇਤਾ ਉਸ ਸਮੇਂ ਵੀ ਕਰਦਾ ਹੈ ਜਦੋਂ ਉਸ ਦਾ ਸਾਥ ਸਾਰੇ ਹੀ ਛੱਡ ਜਾਂਦੇ ਹਨ। ਦੁਨੀਆਂ ਵਿਚ ਇਹ ਦੇਖਿਆ ਜਾਂਦਾ ਹੈ ਕਿ ਮੁਸੀਬਤ ਦੇ ਵਿਚ ਨੇੜੇ ਤੋਂ ਨੇੜੇ

---

78 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 488

79 ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ।। *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 10

80 ਬੀਰ, ਰਘਬੀਰ ਸਿੰਘ, *ਸਿਮਰਨ ਮਹਿਮਾ*, ਪੰਨਾ 21

81 ਜੱਗੀ, ਰਤਨ ਸਿੰਘ (ਡਾ.), *ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਪਹਿਲਾ,* ਪੰਨਾ 141

ਰਹਿਣ ਵਾਲੇ ਵੀ ਸਾਥ ਛੱਡ ਜਾਂਦੇ ਹਨ। ਉਸ ਸਮੇਂ ਜੇਕਰ ਕੋਈ ਬਾਂਹ ਫੱੜਦਾ ਹੈ ਜਾਂ ਮੁਸੀਬਤ ਵਿਚੋਂ ਨਿਕਲਣ ਦਾ ਰਸਤਾ ਵਿਖਾਉਂਦਾ ਹੈ ਤਾਂ ਉਹ ਹੈ ਪਰਮੇਸ਼ਰ ਦਾ ਸਿਮਰਨ।

ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ॥
ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥
ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ॥
ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ॥ 1॥[82]

ਅਜਿਹੇ ਮੁਸ਼ਕਲ ਦੇ ਸਮੇਂ ਵਿਚੋਂ ਜਦੋਂ ਪਰਮਾਤਮਾ ਦੀ ਬਖ਼ਸ਼ਿਸ਼ ਰੂਪੀ ਸਿਮਰਨ ਦੇ ਰਾਹੀਂ ਮਨੁੱਖ ਬਾਹਰ ਨਿਕਲਦਾ ਹੈ ਤਾਂ ਉਸ ਦੇ ਆਚਰਣ ਵਿਚ ਸਿਮਰਨ ਇਕ ਵੱਡੀ ਸ਼ਕਤੀ ਵਜੋਂ ਪ੍ਰਗਟ ਹੁੰਦਾ ਹੈ। ਫਿਰ ਉਸ ਦੇ ਆਚਰਣ ਉੱਤੇ ਸਿਮਰਨ ਦਾ ਅਜਿਹਾ ਪ੍ਰਭਾਵ ਪੈਂਦਾ ਹੈ ਕਿ ਉਹ ਸਿਮਰਨ ਦੇ ਅਨੁਸਾਰ ਹੀ ਆਪਣਾ ਜੀਵਨ ਬਿਤਾਉਂਣਾ ਸ਼ੁਰੂ ਕਰ ਦਿੰਦਾ ਹੈ। ਸਿਮਰਨ ਵਿਚ ਲੱਗਿਆਂ ਧਿਆਨ ਕਿਤੇ ਹੋਰ ਨਹੀਂ ਜਾਂਦਾ। ਕੇਵਲ ਆਪਣੇ ਪਿਆਰੇ ਦੀ ਯਾਦ ਪੁਰ ਕੇਂਦਰਿਤ ਰਹਿੰਦਾ ਹੈ। ਇਉਂ ਦਵੈਤ ਮਿਟ ਜਾਂਦੀ ਹੈ ਹਉਮੈ ਚਲੀ ਜਾਂਦੀ ਹੈ। ਜਦ ਹਉਮੈ ਮਿਟ ਜਾਵੇ ਤਾਂ ਸਿਮਰਨ ਦਾ ਸਾਧਕ ਪਰਉਪਕਾਰੀ ਹੋ ਜਾਂਦਾ ਹੈ।[83] ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਸਿਮਰਨ ਕਿਸੇ ਵੀ ਮਨੁੱਖ ਦੇ ਆਚਰਣ ਦੀ ਪ੍ਰਪੱਕਤਾ ਦੇ ਸਾਧਨ ਵਜੋਂ ਮੁੱਖ ਰੂਪ ਵਿਚ ਸਾਹਮਣੇ ਆਉਂਦਾ ਹੈ ਜਿਸ ਨਾਲ ਦੁੱਖ, ਕਲੇਸ਼, ਚਿੰਤਾ, ਫ਼ਿਕਰ, ਤੌਖਲਾ, ਡਰ, ਭੈ, ਭਰਮ ਆਦਿ ਦੂਰ ਹੋ ਜਾਂਦੇ ਹਨ ਤੇ ਮਨ-ਤਨ ਅੰਦਰ ਸ਼ਾਂਤੀ ਤੇ ਸ਼ੀਤਲਤਾ ਵਰਤ ਜਾਂਦੀ ਹੈ।

**ਸਤਿ-ਸੰਗਤ**

ਸਤਿ-ਸੰਗਤ ਤੋਂ ਭਾਵ ਹੈ ਸੱਚਾ, ਸ੍ਰੇਸ਼ਠ ਜਾਂ ਉੱਤਮ ਸਾਥ। ਇਹ ਸਾਥ ਚੂੰਕਿ ਚੰਗੇ ਜਾਂ ਭਲੇ ਪੁਰਸ਼ਾਂ ਦੁਆਰਾ ਹੀ ਪ੍ਰਾਪਤ ਹੁੰਦਾ ਹੈ, ਇਸ ਲਈ ਗੁਰਬਾਣੀ ਵਿਚ ਸਤਿ-ਸੰਗਤ ਦਾ ਭਾਵ-ਬੋਧ ਸਤਸੰਗ, ਸਾਧ-ਸੰਗਤ, ਸਾਧ-ਸੰਗ, ਹਰਿ-ਜਨ-ਸੰਗਤ ਆਦਿ ਸ਼ਬਦ ਵਰਤ ਕੇ ਵੀ ਕਰਵਾਇਆ ਜਾਂਦਾ ਹੈ।[84]

---

82 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 70

83 ਨੇਕੀ, ਜਸਵੰਤ ਸਿੰਘ (ਡਾ.), *ਗੁਰਮਤਿ ਮਨੋਵਿਗਿਆਨ,* ਪੰਨਾ 158

84 ਜੱਗੀ, ਰਤਨ ਸਿੰਘ (ਡਾ.), *ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਪਹਿਲਾ,* ਪੰਨਾ 175

ਸਤਿ-ਸੰਗਤ ਸਿੱਖ ਧਰਮ ਵਿਚ ਅਧਿਆਤਮਿਕ ਉਨਤੀ ਦਾ ਇਕ ਮਹੱਤਵਪੂਰਣ ਸਾਧਨ ਹੈ। ਸਾਧਨਾ ਦੇ ਚਹੁੰਆਂ ਮਾਰਗਾਂ (ਗਿਆਨ, ਕਰਮ, ਯੋਗ ਅਤੇ ਭਗਤੀ) ਵਿਚ ਇਸ ਦਾ ਵਿਸ਼ੇਸ਼ ਸਥਾਨ ਹੈ। ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ ਕਿ ਉਤਮ ਸੰਗਤ ਨਾਲ ਹਰ ਇਕ ਵਿਅਕਤੀ ਉਤਮ ਹੋ ਜਾਂਦਾ ਹੈ, ਉਸ ਦੇ ਅਵਗੁਣ ਨਸ਼ਟ ਹੁੰਦੇ ਹਨ ਅਤੇ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ।[85] ਧਾਰਮਿਕ ਦ੍ਰਿਸ਼ਟੀ ਤੋਂ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਵੇਲੇ ਜੁੜ ਬੈਠੇ ਵਿਅਕਤੀਆਂ ਨੂੰ ਸਤਿ-ਸੰਗਤ ਜਾਂ ਸਾਧ-ਸੰਗਤ ਨਾਂ ਨਾਲ ਸੰਬੋਧਿਤ ਕੀਤਾ ਜਾਂਦਾ ਹੈ, ਕਿਉਂਕਿ ਗੁਰੂ ਦੀ ਹਜ਼ੂਰੀ ਵਿਚ ਜਿਗਿਆਸੂਆਂ ਦੀ ਵਿਕਾਰਾਂ ਵਲੋਂ ਰੁਚੀ ਹਟ ਕੇ ਗੁਰੂ ਚਰਣਾਂ ਨਾਲ ਜੁੜਦੀ ਹੈ, ਚਿੱਤ ਬਿਰਤੀ ਵਿਚ ਇਕਾਗਰਤਾ ਆਉਂਦੀ ਹੈ । ਬਾਲੇ ਵਾਲੀ ਜਨਮਸਾਖੀ ਅਨੁਸਾਰ ਗੁਰੂ ਨਾਨਕ ਦੇਵ ਜੀ ਨੇ ਮਰਦਾਨੇ ਨੂੰ ਕਿਹਾ ਸੀ- *ਮਰਦਾਨਿਆ, ਜੋ ਸਤਿਸੰਗ ਨਹੀਂ ਕਰਦੇ ਸੋ ਨਿਸਫਲ ਹੈਨ, ਮਾਨੁਖ ਦੇਹ ਭਗਵੰਤ ਨੇ ਜੋ ਦਿਤੀ ਹੈ ਸੋ ਪਰਉਪਕਾਰ ਕੀਏ ਤੇ ਦੇਹੀ ਸਫਲ ਹੋਂਦੀ ਹੈ। ਸਤਸੰਗ ਕਰਨ ਤੋਂ ਪਵਿਤ੍ਰ ਹੋਵੀਦਾ ਹੈ, ਨਾਮ ਦਾ ਪ੍ਰਤਾਪ ਤੇ ਸਦਗਤੀ ਪ੍ਰਾਪਤ ਹੁੰਦੀ ਹੈ।*[86] ਗੁਰੂ ਰਾਮਦਾਸ ਜੀ ਨੇ ਵੀ ਕਿਹਾ ਹੈ ਕਿ ਪਾਰਸ ਦੀ ਛੋਹ ਨਾਲ ਜਿਸ ਤਰ੍ਹਾਂ ਮਨੂਰ (ਲੋਹੇ ਦੀ ਮੈਲ)'[87] ਸੋਨਾ ਬਣ ਜਾਂਦਾ ਹੈ, ਉਸੇ ਤਰ੍ਹਾਂ ਪਤਿਤ ਵਿਅਕਤੀ ਸਤਿ-ਸੰਗਤ ਵਿਚ ਜਾਣ ਨਾਲ ਪਾਵਨ ਹੋ ਜਾਂਦੇ ਹਨ, ਕਿਉਂਕਿ ਗੁਰੂ ਦੀ ਮਤ ਨਾਲ ਉਨ੍ਹਾਂ ਦੀ ਆਵੱਸ਼ਕ ਸ਼ੁੱਧੀ ਹੋ ਜਾਂਦੀ ਹੈ।'[88]

ਗੁਰੂ ਅਰਜਨ ਦੇਵ ਜੀ ਨੇ ਸਤਿ-ਸੰਗਤ ਬਾਰੇ ਦੱਸਿਆ ਹੈ ਕਿ ਉਥੇ ਜਾ ਕੇ ਵੈਰ-ਵਿਰੋਧ ਦੀ ਭਾਵਨਾ ਖ਼ਤਮ ਹੋ ਜਾਂਦੀ ਹੈ, ਆਪਾ-ਪਰ ਕਾ ਭੇਦ ਮਿਟ ਜਾਂਦਾ ਹੈ, ਸਭ ਨਾਲ ਸਾਂਝ ਪੈਦਾ ਹੋ ਜਾਂਦੀ ਹੈ-

ਬਿਸਰਿ ਗਈ ਸਭ ਤਾਤਿ ਪਰਾਈ॥

ਜਬ ਤੇ ਸਾਧਸੰਗਤਿ ਮੋਹਿ ਪਾਈ॥

---

85 ਊਤਮ ਸੰਗਤਿ ਊਤਮੁ ਹੋਵੈ।।

ਗੁਣ ਕਉ ਧਾਵੈ ਅਵਗਣ ਧੋਵੈ॥ *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 414,

86 ਉਧਰਿਤ, ਜੱਗੀ, ਰਤਨ ਸਿੰਘ (ਡਾ.), *ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਪਹਿਲਾ*, ਪੰਨਾ 176

87 ਨਾਭਾ, ਕਾਨ੍ਹ ਸਿੰਘ (ਭਾਈ), ਮਹਾਨ ਕੋਸ਼, ਪੰਨਾ 951

88 ਜਿਉ ਛੁਹਿ ਪਾਰਸ ਮਨੂਰ ਭਏ ਕੰਚਨ ਤਿਉ ਪਤਿਤ ਜਨ ਮਿਲਿ ਸੰਗਤੀ ਸੁਧ ਹੋਵਤ ਗੁਰਮਤੀ ਸੁਧ ਹਾਧੋ॥

*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ* 1297

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥[89]

ਮਨ ਦੇ ਵਿਕਾਰ ਨੂੰ ਦੂਰ ਕਰਨ ਲਈ ਸਾਧਸੰਗ ਅਤਿ ਜ਼ਰੂਰੀ ਹੈ। ਜਿਵੇਂ ਮੈਲੇ ਕਪੜੇ ਨੂੰ ਧੋਬੀ-ਘਾਟ ਉੱਤੇ ਲਿਆਇਆ ਜਾਂਦਾ ਹੈ, ਉੱਥੇ ਉਸ ਦੀ ਮੈਲ ਕੱਟ ਜਾਂਦੀ ਹੈ, ਉਹ ਸਵੱਛ ਹੋ ਕੇ ਪਰਤਦਾ ਹੈ, ਇਵੇਂ ਸਾਧ-ਸੰਗਤ ਜਿਗਿਆਸੂ ਦੀ ਮਾਨਸਿਕ ਸ਼ੁੱਧੀ ਦਾ ਸਰਵੋਤਮ ਸਾਧਨ ਹੈ। ਇਸ ਨੂੰ ਮਨੁੱਖਤਾ ਲਈ 'ਅਰੋਗਸ਼ਾਲਾ' ਵਿਚ ਜਾ ਕੇ ਭਿਆਨਕ ਰੋਗਾਂ ਵਿਚ ਗ੍ਰਸਿਤ ਲੋਕ ਵੀ ਤੰਦਰੁਸਤ ਹੋ ਜਾਂਦੇ ਹਨ, ਉਸੇ ਤਰ੍ਹਾਂ ਸਤਿ-ਸੰਗਤ ਵਿਚ ਜਾ ਕੇ ਵੱਡੇ ਤੋਂ ਵੱਡਾ ਪਾਪੀ ਵੀ ਤਰ ਜਾਂਦਾ ਹੈ। ਮਨੁਖਤਾ ਨੂੰ ਭਵਸਾਗਰ ਵਿਚੋਂ ਤਾਰਨ ਦਾ ਸਭ ਤੋਂ ਵਧੇਰੇ ਸਰਲ ਉਪਾਅ ਸਾਧ-ਸੰਗਤ ਹੈ।'[90]

ਸਾਧ-ਸੰਗਤ ਤੋਂ ਹੋਣ ਵਾਲੇ ਸੁੱਖ ਜਾਂ ਆਨੰਦ ਨੂੰ ਭਗਤ ਕਬੀਰ ਜੀ ਨੇ ਬੈਕੁੰਠ ਤੋਂ ਵੀ ਸ੍ਰੇਸ਼ਠ ਸਮਝਿਆ ਹੈ-

ਜਬ ਲਗੁ ਮਨਿ ਬੈਕੁੰਠ ਕੀ ਆਸ॥

ਤਬ ਲਗੁ ਹੋਇ ਨਹੀਂ ਚਰਨ ਨਿਵਾਸੁ॥

ਕਹੁ ਕਬੀਰ ਇਹ ਕਹੀਐ ਕਾਹਿ॥

ਸਾਧ ਸੰਗਤਿ ਬੈਕੁੰਠੇ ਆਹਿ॥[91]

ਕਿਉਂਕਿ ਇਸ ਨਾਲ ਹਰ ਪ੍ਰਕਾਰ ਦੇ ਦੁਖਾਂ ਤੋਂ ਬਚਿਆ ਜਾ ਸਕਦਾ ਹੈ। ਸਤਿ-ਸੰਗਤ ਦਾ ਮੂਲ ਮਨੋਰਥ ਭਾਵੇਂ ਜਿਗਿਆਸੂ ਦੇ ਅਧਿਆਤਮਿਕ ਜੀਵਨ ਨੂੰ ਸੁਧਾਰਨਾ ਹੈ, ਪਰ ਸਤਿ-ਸੰਗਤ ਨਾਲ ਅਧਿਆਤਮਿਕ ਸਾਧਨਾ ਨੂੰ ਸਮਾਜਿਕ ਸੰਦਰਭ ਪ੍ਰਾਪਤ ਹੁੰਦਾ ਹੈ। ਇਸ ਦੀ ਸਮਾਜ ਲਈ ਉਪਯੋਗਤਾ ਵਧਦੀ ਹੈ। ਚੰਗੇ ਜਾਂ ਭਲੇ ਪੁਰਸ਼ਾਂ ਦੇ ਸੰਪਰਕ ਵਿਚ ਆਉਣ ਨਾਲ ਚਰਿਤ੍ਰ ਵਿਚ ਵਿਕਾਸ ਹੁੰਦਾ ਹੈ। ਕਿਸੇ ਵਿਅਕਤੀ ਦੇ ਚਰਿਤ੍ਰ ਨੂੰ ਪਰਖਣ ਲਈ ਉਸ ਦੀ ਸੰਗਤ ਦਾ ਬਹੁਤ ਮਹੱਤਵ ਹੈ, ਇਸ ਲਈ ਸਦਾ ਚੰਗੀ ਸੰਗਤ, ਸ੍ਰੇਸ਼ਠ ਸੰਗਤ ਵਿਚ ਰਹਿਣਾ ਚਾਹੀਦਾ ਹੈ।[92]

---

89 *ਉਹੀ,* ਪੰਨਾ 1299

90 ਜੱਗੀ, ਰਤਨ ਸਿੰਘ (ਡਾ.), *ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਪਹਿਲਾ,* ਪੰਨਾ 176

91 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 325

92 ਜੱਗੀ, ਰਤਨ ਸਿੰਘ (ਡਾ.), *ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਪਹਿਲਾ,* ਪੰਨੇ 176-77

ਸਤਿ-ਸੰਗਤ ਵਿਚ ਜਾਣ ਨਾਲ ਜਿੱਥੇ ਮਾਨਸਿਕ ਵਿਕਾਰ ਦੂਰ ਹੁੰਦੇ ਹਨ, ਉੱਥੇ ਮਨੁੱਖ, ਮਨੁੱਖ ਦੇ ਨੇੜੇ ਹੁੰਦਾ ਹੈ। ਉਸ ਨੂੰ ਸਹੀ ਢੰਗ ਨਾਲ ਸਮਝਦਾ ਹੈ, ਪਰਸਪਰ ਵਿੱਥਾਂ ਮਿਟਦੀਆਂ ਹਨ। ਇਕ ਦੂਜੇ ਨੂੰ ਸਹਿਯੋਗ ਦੇਣ ਦੀ ਲਾਲਸਾ ਪੈਦਾ ਹੁੰਦੀ ਹੈ। ਇਸ ਤਰ੍ਹਾਂ ਸਮਾਜ ਇਕ ਚੰਗਾ ਸਮਾਜ ਬਣਦਾ ਹੈ। ਇਸ ਨਾਲ ਲੋਕ ਪਰਲੋਕ ਦੋਵੇਂ ਸੁਧਰਦੇ ਹਨ। ਸੰਸਾਰ ਵਿਚ ਭਟਕਿਆ ਹੋਇਆ ਮਨੁੱਖ ਸਤਿ-ਸੰਗਤ ਰਾਹੀਂ ਹੀ ਮਾਨਸਿਕ ਸਥਿਰਤਾ ਪ੍ਰਾਪਤ ਕਰ ਸਕਦਾ ਹੈ। ਇਸ ਲਈ ਗੁਰੂ ਅਰਜਨ ਦੇਵ ਜੀ ਨੇ ਕਿਹਾ ਹੈ—

ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ

ਤਿਉ ਸਤਸੰਗਤਿ ਮਿਲਿ ਪਤਿਤ ਪਰਵਾਣੁ।[93]

ਮਨੁੱਖਤਾ ਨੂੰ ਇਕ ਦੂਜੇ ਦੇ ਨੇੜੇ ਲਿਆਉਣਾ ਅਤੇ ਸਮੁੱਚੇ ਸਮਾਜਿਕ ਕਲਿਆਣ ਲਈ ਅੱਜ ਵੀ ਸਤਿ-ਸੰਗਤ ਵਿਸ਼ੇਸ਼ ਅਰਥ ਅਤੇ ਮਹੱਤਵ ਰੱਖਦੀ ਹੈ। ਸਤਿ-ਸੰਗਤ ਰਾਹੀਂ ਮਾਨਸਿਕ ਸੰਤੁਲਨ ਨੂੰ ਕਾਇਮ ਰੱਖਦਿਆਂ ਜਿਗਿਆਸੂਆਂ ਨੂੰ ਮਾਨਵ ਕਲਿਆਣ ਲਈ ਸਦਾ ਯਤਨਸ਼ੀਲ ਰਹਿਣਾ ਚਾਹੀਦਾ ਹੈ।'[94]

**ਹੁਕਮ**

ਹੁਕਮ ਇਕ ਦੈਵੀ ਨਿਯਮ ਹੈ। ਜਿਸ ਨਿਯਮ ਦੇ ਅਧੀਨ ਸਾਰੀ ਕੁਦਰਤ ਦਾ ਪਾਸਾਰਾ ਵਾਪਰ ਰਿਹਾ ਹੈ। ਗੁਰੂ ਨਾਨਕ ਦੇਵ ਜੀ ਹੁਕਮ ਨੂੰ ਇਸੇ ਰੂਪ 'ਚ' ਹੀ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਸਭ ਕੁੱਝ ਹੁਕਮ ਅੰਦਰ ਹੈ ਤੇ ਹੁਕਮ ਤੋਂ ਬਾਹਰ ਕੁੱਝ ਵੀ ਨਹੀਂ-

ਹੁਕਮੈ ਅੰਦਰਿ ਸਭ ਕੋ ਬਾਹਰਿ ਹੁਕਮਿ ਨ ਕੋਇ॥[95]

ਹੁਕਮ ਦੇ ਅਰਥ ਕਰਦਿਆਂ ਡਾ. ਬਲਕਾਰ ਸਿੰਘ ਨੇ ਹੁਕਮ ਨੂੰ ਇਕ ਤੋਂ ਵਧ ਅਰਥਾਂ (ਸਦੀਵੀ, ਅਟੁੱਟ ਅਤੇ ਕੁਦਰਤ ਦੇ ਵਿਸ਼ਵਾਰਥੀ ਨਿਯਮ, ਧਾਰਮਿਕ ਵਿਧੀਵਾਦ ਅਤੇ ਰੱਬੀ ਆਦੇਸ਼) ਵਿਚ ਚਿਤਰਿਆ ਤੇ ਪ੍ਰਸਤੁਤ

---

93 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 861

94 ਜੱਗੀ, ਰਤਨ ਸਿੰਘ (ਡਾ.), *ਗੁਰੂ ਗ੍ਰੰਥ ਵਿਸ਼ਵਕੋਸ਼, ਭਾਗ ਪਹਿਲਾ,* ਪੰਨਾ 177

95 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1

ਕੀਤਾ ਹੈ।[96] ਬਾਈਬਲ ਵਿਚ ਇਸ ਸੰਬੰਧੀ ਲਿਖਿਆ ਹੈ ਕਿ 'ਯਹੋਵਾਹ ਪਰਮੇਸ਼ਰ ਦੇ ਹੁਕਮਾਂ ਦੀ ਪਾਲਣਾ ਕਰਨ ਵਾਲੇ ਹਮੇਸ਼ਾਂ ਖੁਸ਼ ਰਹਿੰਦੇ ਹਨ।'[97] ਕੁਰਾਨ ਮਜੀਦ ਵਿਚ ਦੈਵੀ ਹੁਕਮ ਬਾਰੇ ਕਿਹਾ ਗਿਆ ਹੈ ਕਿ ਉਹ ਜੋ ਹੁਕਮ ਦਿੰਦਾ ਹੈ, ਉਹ ਹੀ ਹੋ ਜਾਂਦਾ ਹੈ।[98] ਮਨੁੱਖ ਦੀ ਸ਼ਖ਼ਸੀਅਤ ਦੀ ਘਾੜਤ ਦਾ ਸੰਬੰਧ ਵੀ ਇਸੇ ਹੁਕਮ ਰੂਪੀ ਦੈਵੀ ਕਾਨੂੰਨ ਵਿਚੋਂ ਹੀ ਨਿਕਲਦਾ ਹੈ। ਡਾ. ਬਲਕਾਰ ਸਿੰਘ ਹੁਕਮ ਨੂੰ ਕਾਨੂੰਨ ਨਹੀਂ ਮੰਨਦੇ। ਉਨ੍ਹਾਂ ਅਨੁਸਾਰ ਹੁਕਮ ਅਤੇ ਮਨੁੱਖ ਦਾ ਸੰਦਰਭ ਮਾਨਵ-ਸਿਰਜਤ ਨਹੀਂ ਹੈ। ਏਸੇ ਲਈ ਹੁਕਮ ਨੂੰ ਕਾਨੂੰਨ ਪਰਵਾਨ ਨਹੀਂ ਕੀਤਾ ਗਿਆ। ਹੁਕਮ ਦੀ ਪਾਲਣਾ ਹੁਕਮ ਨੂੰ ਬੁਝਣ ਵਿਚ ਹੈ। ਬੂਝ ਪ੍ਰਾਪਤੀ ਵਾਸਤੇ ਇੰਦ੍ਰਿਆਵੀ-ਸਾਧਨਾਂ ਦੀ ਥਾਂ ਸਮਰਪਣ ਨੂੰ ਸਾਧਨ ਪਰਵਾਨ ਕੀਤਾ ਗਿਆ ਹੈ। ਸਮਰਪਣ ਵਿਚ ਕਿਸੇ ਕਿਸਮ ਦਾ ਇੰਦ੍ਰਿਆਵੀ ਜਾਂ ਸਰੀਰਕ ਦਮਨ ਜਰੂਰੀ ਨਹੀਂ ਮੰਨਿਆ ਗਿਆ ਕਿਉਂਕਿ ਸਮਰਪਣ ਹਉਮੈ ਦਾ ਕਾਰਨ ਹੈ। ਹੁਕਮ ਦੀ ਪਾਲਣਾ ਹੁਕਮ ਨੂੰ ਸਮਝਣ ਵਿਚ ਹੈ।[99] ਆਚਾਰੀਆ ਰਜਨੀਸ਼ ਵੀ ਜੀਵਨ ਨੂੰ ਜਿਉਣ ਦੇ ਦੋ ਢੰਗ ਬਿਆਨ ਕਰਦਾ ਹੈ। ਇਕ ਰਾਹ ਸੰਘਰਸ਼ ਦਾ ਤੇ ਦੂਜਾ ਰਾਹ ਸਮਰਪਣ ਦਾ।[100] ਜਿਸ ਤਰ੍ਹਾਂ ਪਰਮਾਤਮਾ ਨੇ ਇਸ ਸ੍ਰਿਸ਼ਟੀ ਨੂੰ ਬੰਨਿਆ ਹੋਇਆ ਹੈ ਉਸੇ ਤਰ੍ਹਾਂ ਹੀ ਗੁਰਬਾਣੀ ਅਨੁਸਾਰ ਮਨੁੱਖ ਨੂੰ ਵੀ ਪਰਮਾਤਮਾ ਦੇ ਹੁਕਮ ਅਨੁਸਾਰ ਚਲਣ ਲਈ ਮਾਰਗ ਪ੍ਰਦਾਨ ਕੀਤਾ ਗਿਆ ਹੈ। ਇਹ ਅਜਿਹਾ ਮਾਰਗ ਹੈ ਜਿਸ ਮਾਰਗ 'ਤੇ ਚੱਲਣ ਨਾਲ ਪ੍ਰਮੇਸ਼ਰ ਮਨੁੱਖ ਵਿਚੋਂ ਬੁਰਿਆਈਆਂ ਨੂੰ ਖਤਮ ਕਰ ਦਿੰਦਾ ਹੈ [101] ਤੇ ਇਕ ਸੁਚੱਜੀ ਜੀਵਨ-ਜਾਚ ਦੀ ਸੋਧ ਦਿੰਦਾ ਹੈ। ਸੁਚੱਜੀ ਜੀਵਨ-ਜਾਚ ਦਾ ਪੈਮਾਨਾ ਗੁਰਬਾਣੀ ਅਨੁਸਾਰ ਨਿਤ ਦੀ ਜੀਵਨ-ਜਾਚ ਵਿਚੋਂ ਨਿਕਲਦਾ ਹੈ। ਸਿੱਖ ਦਾ ਨਿਤ ਦਾ ਕਰਮ ਗੁਰਬਾਣੀ ਅਨੁਸਾਰ ਇਸ ਤਰ੍ਹਾਂ ਹੈ-

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥

---

96 ਬਲਕਾਰ ਸਿੰਘ (ਡਾ.), *ਸਿੱਖ ਰਹੱਸਵਾਦ,* ਪੰਨਾ 103

97 *ਪਵਿੱਤਰ ਬਾਈਬਲ,* ਜਬੂਰ, 106:3, ਪੰਨਾ 633

98 *ਕੁਰਾਨ ਮਜੀਦ,* ਸੂਰਤ ਅਲ-ਬਕਰਹ, ਆਇਤ 116-117, ਪੰਨਾ 41

99 ਡਾ. ਬਲਕਾਰ ਸਿੰਘ, *ਸਿੱਖ ਰਹੱਸਵਾਦ: ਅਨੁਭੂਤੀ ਅਤੇ ਅਭਿਵਿਅਕਤੀ ਦਾ ਵਿਸ਼ਲੇਸ਼ਣਾਤਮਕ ਅਧਿਐਨ,* ਪੰਨਾ 90

100 ਓਸ਼ੋ, *ੴ ਸਤਿਨਾਮੁ,* ਪੰਨਾ 43

101 ਕਰਿ ਹੁਕਮੁ ਮਸਤਕਿ ਹਥੁ ਧਰਿ ਵਿਚਹੁ ਮਾਰਿ ਕਢੀਆ ਬੁਰਿਆਈਆ॥ *ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 473

ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥

ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥

ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥

ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥

ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥2॥ [102]

ਇਸ ਨਿਤ ਦੇ ਕਰਮ ਨੂੰ ਜੋ ਵੀ ਮਨੁੱਖ ਗੁਰੂ ਦੇ ਹੁਕਮ ਵਜੋਂ ਸਵੀਕਾਰ ਕਰਦਾ ਹੈ, ਉਹ ਸੱਚੇ ਆਚਰਣ ਦੀ ਪ੍ਰਪੱਕਤਾ ਦੇ ਕਾਬਲ ਹੋ ਜਾਂਦਾ ਹੈ। ਜਿਹੜਾ ਉਸ ਦੇ ਹੁਕਮ ਨੂੰ ਪ੍ਰਵਾਨ ਕਰ ਲੈਂਦਾ ਹੈ, ਸੱਚਾਈ ਉਸ ਨੂੰ ਫਲ ਦੇ ਰੂਪ ਵਿਚ ਪ੍ਰਾਪਤ ਹੋ ਜਾਂਦੀ ਹੈ[103] ਉਸ ਨੂੰ ਖੁਸ਼ੀ ਮਿਲਦੀ ਹੈ।

**ਸੰਜਮ**

ਸੰਜਮ ਵਿਚ ਰਹਿਣ ਦੀ ਜੁਗਤੀ ਨੂੰ ਸਿੱਖ ਧਰਮ ਵਿਚ "ਰਹਿਤ" ਕਿਹਾ ਗਿਆ ਹੈ।[104] ਸੰਸਾਰ ਦੀ ਹਰ ਵਸਤੂ ਕਿਸੇ ਨਾ ਕਿਸੇ ਸੰਜਮ ਵਿਚ ਤੁਰ ਰਹੀ ਹੈ। ਧਰਤੀ ਦੀ ਹਰ ਵਸਤੂ ਨੂੰ ਸੰਜਮ ਦੀ ਲੋੜ ਹੈ। ਇਸ ਧਰਤੀ ਦੇ ਸਰਦਾਰ, ਮਨੁੱਖ ਲਈ ਵੀ ਜ਼ਰੂਰੀ ਹੈ ਕਿ ਇਹ ਵੀ ਕਿਸੇ ਸੰਜਮ ਵਿਚ ਟੁਰੇ। ਇਸ ਮਨੁੱਖ ਨੂੰ ਇਸਲਾਮ ਧਰਮ ਦੀ ਜ਼ਬਾਨ ਵਿਚ ਅਸ਼ਰਫ-ਉਲ-ਮਖਲੂਕਾਤ (ਕਰਾਉਨ ਔਫ਼ ਕਰੀਏਸ਼ਨ) ਕਿਹਾ ਜਾਂਦਾ ਹੈ।[105] ਗੁਰਬਾਣੀ ਵਿਚ ਵੀ ਇਸ ਤਰ੍ਹਾਂ ਅੰਕਿਤ ਹੈ-

ਅਵਰ ਜੋਨਿ ਤੇਰੀ ਪਨਿਹਾਰੀ

ਇਸੁ ਧਰਤੀ ਮਹਿ ਤੇਰੀ ਸਿਕਦਾਰੀ॥[106]

---

[102] *ਉਹੀ,* ਪੰਨਾ 305

[103] ਨਾਨਕ ਹੁਕਮੁ ਬੁਝਿ ਪਰਵਾਣੁ ਹੋਇ ਤਾ ਫਲੁ ਪਾਵੈ ਸਚੁ॥ *ਉਹੀ,* ਪੰਨਾ 509

[104] ਸਤਿਬੀਰ ਸਿੰਘ, *ਰਛਿਆ ਰਹਿਤ,* ਪੰਨਾ 24

[105] *ਉਹੀ,* ਪੰਨਾ 23

[106] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 374

ਭਗਤ ਰਵਿਦਾਸ ਜੀ ਉਦਾਹਰਨ ਦਿੰਦੇ ਹੋਏ ਸਮਝਾਉਂਦੇ ਹਨ ਕਿ ਜੀਵਾਂ ਵਿਚੋਂ ਪੰਜ ਜੀਵਾ[107] (ਮ੍ਰਿਗ, ਮੀਨ, ਭ੍ਰਿੰਗ, ਪਤੰਗ ਤੇ ਹਾਥੀ) ਸੰਜਮ ਦੀ ਹੱਦ ਟੱਪੇ ਤਾਂ ਜ਼ਿੰਦਗੀ ਗਵਾ ਬੈਠੇ। ਉਨ੍ਹਾਂ ਜੀਵਾਂ ਵਿਚ ਇਕ ਰਸ ਸੀ ਕਿ ਉਹ ਇਸ ਹਾਲਤ 'ਤੇ ਪੁੱਜੇ ਅਤੇ ਜਿਸ ਮਨੁੱਖ ਵਿਚ ਪੰਜੇ ਰਸ ਆ ਵੜਨ ਉਸ ਦਾ ਹਾਲ ਕੀ ਹੋਵੇਗਾ। ਸੰਜਮ ਤੋਂ ਬਗੈਰ ਮਨੁੱਖ ਧੱਕੇ ਹੀ ਖਾਂਦਾ ਹੈ। ਪੰਜਾਂ ਨੂੰ ਸੰਜਮ ਵਿਚ ਰੱਖਣਾ ਲੋੜ ਤੋਂ ਵੀ ਵਧੇਰੇ ਜ਼ਰੂਰੀ ਹੈ। ਕਾਮ, ਕਰੋਧ, ਲੋਭ, ਮੋਹ ਅਹੰਕਾਰ ਪੰਜੇ ਬਲੀ ਸਿਵਾਏ ਗੁਰੂ ਦੀ ਦੱਸੀ ਰਹਿਤ ਦੇ ਕਾਬੂ ਨਹੀਂ ਆਉਂਦੇ।[108]

ਅੰਮ੍ਰਿਤ ਛਕਾਉਣ ਦਾ ਇਹ ਭਾਗ ਸੀ ਕਿ ਜੀਵਨ ਸੰਜਮ-ਮਈ ਹੋ ਜਾਏ ਅਤੇ ਸ਼ਖ਼ਸੀਅਤ ਵਿਚੋਂ ਅੰਮ੍ਰਿਤ ਝੜੇ। ਕੇਸਾਂ ਵਿਚ ਛੱਟੇ ਮਾਰੇ ਤਾਂਕਿ ਗਗਨ ਦਮਾਮਾ ਵੱਜੇ ਤੇ ਮਾਇਆ ਤੂਤੀ ਦੀ ਆਵਾਜ਼ ਸੁਣਾਈ ਨਾ ਦੇਵੇ। ਨੇਤਰਾਂ 'ਤੇ ਮਾਰੇ ਤਾਂ ਕਿ "ਦੇਖ ਕੇ ਅਣਡਿੱਠ ਕਰਨ" ਦੀ ਸ਼ਕਤੀ ਆਵੇ। ਸੰਸਾਰ ਦੇਖੇ ਪਰ ਇਹ ਜਾਣ ਲਵੇ ਕਿ ਇਹ ਚਲਾਇਮਾਨ ਹੈ। ਰੂਪ ਦੇਖ ਮਨ ਕਦੇ ਨਾ ਮਚਲੇ। ਪੰਜ ਚੁਲੇ ਪਿਲਾਏ ਇਸ ਲਈ ਕਿ ਨਾਮ ਦੀ ਰੌ ਚਲ ਪਵੇ। ਦੇਖਣ ਵਿਚ ਆਇਆ ਹੈ ਕਿ ਜਦ ਨਲਕ ਵਾਲੇ ਖੂਹ ਵਿਚਲਾ ਪਾਣੀ ਉਤਰ ਜਾਏ ਤਾਂ ਬਾਹਰੋਂ ਬਾਲਟੀ ਜਾਂ ਬਾਟੀ ਨਾਲ ਉੱਤੋਂ ਪਾਣੀ ਪਾਇਆ ਜਾਂਦਾ ਹੈ ਅਤੇ ਰਤਾ ਕੁ ਗੇੜਨ ਨਾਲ ਨਲਕੇ ਵਿਚ ਫਿਰ ਆ ਜਾਂਦਾ ਹੈ। ਅਸਲ ਵਿਚ ਖੂਹ ਵਿਚ ਪਾਣੀ ਸੀ ਪਰ ਨਾਲੀ ਵਿਚ ਨਹੀਂ। ਉੱਤੋਂ ਪਾਉਣ ਤੇ ਗੇੜਨ ਨਾਲ ਮੁੜ ਵਹਿਣ ਲੱਗ ਪਿਆ। ਗੁਰੂ ਅਮਰਦਾਸ ਜੀ ਫ਼ਰਮਾਉਦੇਂ ਹਨ ਕਿ ਹਰ ਇਕ ਦੇ ਅੰਦਰ ਨਾਮ ਦਾ ਖੂਹ ਹੈ ਪਰ ਸਵਾਸਾਂ ਵਿਚ ਨਹੀਂ ਰਿਹਾ, ਜੀਵਨ ਵਿਚ ਨਹੀਂ ਆਇਆ, ਸ਼ਖਸ਼ੀਅਤ ਵਿਚ ਨਹੀਂ। ਅੰਮ੍ਰਿਤ ਪਾਣ ਕਰਦਿਆਂ ਹੀ ਉਸ ਦੇ ਵਿਹਾਰ ਵਿਚ ਆ ਜਾਵੇਗਾ। ਮਨ ਵਿਕਾਰ ਵੱਲ ਨਾ ਜਾਏ, ਇਸ ਲਈ ਰੋਜ਼ ਸ਼ਬਦ ਰੂਪੀ ਹੱਥੀ ਨਾਲ ਗੇੜਨ ਦੀ ਲੋੜ ਹੈ।[109] ਨਿੱਤਨੇਮ ਦਾ ਪਾਠ ਇਸੇ ਲਈ ਜ਼ਰੂਰੀ ਕਿਹਾ ਹੈ। ਬਾਣੀ ਦੇ ਚਾਨਣ ਨਾਲ ਦੇਖਾਂਗੇ ਤਾਂ ਕਦੇ ਵੀ ਡਿੱਗਾਂਗੇ ਨਹੀਂ। ਤਿਲੰਗ ਰਾਗ ਵਿਚ ਕਬੀਰ ਜੀ ਦਾ ਹੁਕਮ ਵੀ ਹੈ-

---

107 ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦੋਖ ਬਿਨਾਸ॥ *ਉਹੀ,* ਪੰਨਾ 486

108 ਸਤਿਬੀਰ ਸਿੰਘ, *ਰੱਛਿਆ ਰਹਿਤ,* ਪੰਨੇ 24-25

109 *ਉਹੀ,* ਪੰਨਾ 26

ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰ ਪਰੇਸ਼ਾਨੀ ਮਾਹਿ।[110]

ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਲਈ ਫ਼ੁਰਮਾਨ ਕੀਤਾ ਕਿ "ਬ੍ਰਤ, ਗੋਰ, ਮੜੀ, ਮਟ ਭੂਲ ਨ ਮਾਨੈ।" ਅਤੇ ਸਿੱਖ ਰੋਜ਼ ਬੇਨਤੀ ਕਰਦਾ ਹੈ ਕਿ "ਤੁਮਹਿ ਛਾਡ ਕੋਈ ਅਵਰ ਨਾ ਧਯਾਊਂ।" ਇਸੇ ਲਈ "ਗੁਰਮਤਿ ਦੀ ਰਹਿਣੀ" ਹੇਠ ਸਿੱਖ ਨੂੰ ਰਹਿਤ ਮਰਯਾਦਾ ਦ੍ਰਿੜਾਂਦੇ ਕਰੜੀ ਤਾੜਨਾ ਕੀਤੀ ਗਈ ਹੈ ਕਿ "ਜਾਤ-ਪਾਤ, ਛੂਤ-ਛਾਤ, ਜੰਤ੍ਰ-ਮੰਤ੍ਰ, ਸ਼ਗਨ, ਤਿਥ, ਮਹੂਰਤ, ਗ੍ਰਹਿ, ਰਾਸ਼ਿ, ਸ਼ਰਾਧ, ਪਿਤਰ, ਖਿਆਹ, ਪਿੰਡ, ਪੱਤਲ, ਦੀਵਾ, ਕਿਰਿਆ ਕਰਮ, ਹੋਮ, ਜਗ, ਤਰਪਣ, ਸਿਖਾ ਸੂਤ, ਭੱਦਣ, ਇਕਾਦਸੀ, ਪੂਰਨਮਾਸ਼ੀ ਆਦਿ ਦੇ ਵਰਤ, ਤਿਲਕ, ਜੰਞੂ, ਤੁਲਸੀ ਮਾਲਾ, ਗੋਰ, ਮਠ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ ਰੂਪ ਕਰਮਾਂ ਉੱਤੇ ਨਿਸ਼ਚਾ ਨਹੀਂ ਕਰਨਾ। ਪੀਰ, ਬ੍ਰਾਹਮਣ, ਪੁੱਛਣਾ, ਸੁੱਖਣਾ, ਸ਼ੀਰਨੀ ਆਦਿ ਤੇ ਨਿਸ਼ਚਾ ਨਹੀਂ ਰੱਖਣਾ।"[111]

**ਭਾਣਾ ਮੰਨਣਾ**

ਗੁਰੂ ਨਾਨਕ ਦੇਵ ਜੀ ਨੇ ਸਰਬ ਸ਼ਕਤੀਮਾਨ ਪ੍ਰਮਾਤਮਾ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਤੇ ਉਸ ਦੀ ਰਜ਼ਾ ਵਿਚ ਰਾਜ਼ੀ ਰਹਿਣ ਉਤੇ ਜ਼ੋਰ ਦਿੱਤਾ ਹੈ ਕਿ ਉਨ੍ਹਾਂ ਨੇ ਇਸ ਨੂੰ ਸਿੱਖੀ ਵਿਚ ਇਕ ਮਿਕ ਹੋਣ ਦਾ ਇਕੋ ਇਕ ਰਾਹ ਦੱਸਿਆ ਹੈ। ਉਸ ਦੇ ਹੁਕਮ ਤੇ ਭਾਣੇ ਦੀ ਪ੍ਰਬਲਤਾ ਤੇ ਇਸ ਦੀ ਚੜ੍ਹਦੀ ਕਲਾ ਵਿਚ ਤਾਂ ਕੋਈ ਭੁਲੇਖਾ, ਕੋਈ ਸ਼ੱਕ ਹੀ ਨਹੀਂ। ਅਚੁਕ ਭਾਣਾ, ਮਜ਼ਬੂਰ ਤੇ ਲਾਚਾਰ ਹੋ ਕੇ ਮੰਨਿਆ ਜਾਵੇ ਤਾਂ ਮਨੁੱਖ ਵਿਚ ਝੋਰਾ ਤੇ ਉਪਰਾਮਤਾ ਪੈਦਾ ਹੋਵੇਗੀ। ਬੇਬਸੀ ਹਮੇਸ਼ਾਂ ਨਿਘਾਰ ਦਿੰਦੀ ਹੈ ਤੇ ਜ਼ਿੰਦਗੀ ਦੁੱਭਰ ਤੇ ਔਖੀ ਹੋ ਜਾਂਦੀ ਹੈ। ਇਹ ਲਾਚਾਰੀ ਤੇ ਔਖ ਢਹਿੰਦੀਆਂ ਕਲਾਂ ਨੂੰ ਜਨਮ ਦਿੰਦੀ ਹੈ।[112] ਗੁਰੂ ਜੀ ਨੇ ਹੁਕਮ ਤੇ ਭਾਣੇ ਨੂੰ ਮਿੱਠਾ ਕਰਕੇ ਮੰਨਣ ਦੀ ਇਸ ਹੱਦ ਤੱਕ ਤਾਕੀਦ ਕੀਤੀ ਹੈ ਕਿ ਦੁੱਖ ਤੇ ਭੁੱਖ ਨੂੰ ਵੀ ਉਸ ਦੀ ਦਾਤ ਸਮਝ ਕੇ ਕਬੂਲ ਕਰਨ ਦਾ ਆਦੇਸ਼ ਦਿੱਤਾ ਹੈ:-

ਕੇਤਿਆ ਦੂਖ ਭੂਖ ਸਦ ਮਾਰ॥

---

110 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 727

111 ਸਤਿਬੀਰ ਸਿੰਘ, *ਰਛਿਆ ਰਹਿਤ,* ਪੰਨਾ 42

112 ਸੁਰਜੀਤ ਸਿੰਘ, *ਸਿੱਖ ਰਹਿਤ ਤੇ ਸਿੱਖ ਆਚਰਣ,* ਪੰਨਾ 125

ਇਹਿ ਭਿ ਦਾਤਿ ਤੇਰੀ ਦਾਤਾਰ॥[113]

ਇਸ ਵਿਸ਼ਵਾਸ ਨਾਲ ਜਿੱਥੇ ਮਨੁੱਖ ਵਿਚ ਸੰਤੋਖ ਤੇ ਸ਼ਾਂਤੀ ਦਾ ਆਚਰਣ ਉਸਰੇਗਾ, ਉਸ ਦਾ ਜੇਰਾ ਬਣੇਗਾ, ਉਥੇ ਉਸ ਦੇ ਭਾਣੇ ਨੂੰ ਗੁਣ-ਸੰਪੰਨ ਤੇ ਉਸਾਰੂ ਮੰਨਦਿਆਂ ਹੋਇਆਂ ਸਤਿਕਾਰ ਸਹਿਤ ਪ੍ਰਵਾਨ ਕੀਤਾ ਜਾਵੇਗਾ ਤੇ ਭਾਣਾ ਮਿੱਠਾ ਲੱਗਣ ਲੱਗ ਪਵੇਗਾ। ਇਸ ਦੇ ਨਾਲ ਹੀ ਇਹ ਵਿਸ਼ਵਾਸ ਵੀ ਬਣ ਜਾਵੇਗਾ ਕਿ ਕੁਲ ਸ੍ਰਿਸ਼ਟੀ ਦੇ ਸਾਰੇ ਪਰਪੰਚ ਤੇ ਕਾਇਨਾਤ ਦੇ ਸਾਰੇ ਅੰਗ, ਆਪਣੀ ਆਪਣੀ ਥਾਵੇਂ ਚੰਗੇਰੇ ਪਾਸੇ ਵੱਲ ਜਾ ਰਹੇ ਹਨ, ਜਿਸ ਕਰਕੇ ਕੁਲ ਸ੍ਰਿਸ਼ਟੀ ਤਬਾਹੀ ਵੱਲ ਨਹੀਂ, ਸਗੋਂ ਤਰੱਕੀ ਵੱਲ ਵਧ ਰਹੀ ਹੈ। ਇਹ ਹੀ ਹੈ ਸਰਬੱਤ ਦੇ ਭਲੇ ਦਾ ਸੰਕਲਪ ਤੇ ਸਰਬੱਤ ਦੇ ਭਲਾ ਦਾ ਵਿਸ਼ਵਾਸ। ਇਹ ਵਿਸ਼ਵਾਸ ਸਿੱਖੀ ਦਾ ਨੀਤੀ ਵਾਕ ਤੇ ਆਚਾਰ ਆਦਰਸ਼ ਹੈ ਜੋ ਸਿੱਖੀ ਨੂੰ ਪਰਮਾਤਮਾ ਦੀ ਸਾਜੀ ਕੁਦਰਤ ਦੇ ਨਾਲ ਜੋੜਦਾ ਹੋਇਆ ਪਰਮਾਤਮਾ ਨਾਲ ਇਕ ਸੁਰਤਾ ਵੱਲ ਲਿਆਉਂਦਾ ਹੈ ਤੇ ਸਿੱਖੀ ਦੀ ਮੌਲਿਕਤਾ ਤੇ ਵਿਲੱਖਣਤਾ ਦਾ ਪ੍ਰਤੱਖ ਪ੍ਰਮਾਣ ਹੈ।[114]

ਸਿੱਖ ਕੌਮ ਜਿੱਥੇ ਇਕ ਪਾਸੇ ਬੜੀ ਸੁੱਖ ਰਹਿਣੀ ਤੇ ਠਾਠ ਦਾ ਜੀਵਨ ਬਤੀਤ ਕਰਨ ਵਾਲੀ ਕੌਮ ਹੈ, ਉੱਥੇ ਦੂਸਰਿਆਂ ਦੇ ਸੁੱਖ ਤੇ ਪਰਉਪਕਾਰ ਲਈ ਹੱਸ ਹੱਸ ਕੇ ਤੇ ਅੱਗੇ ਵੱਧ ਵੱਧ ਕੇ ਵੱਧ ਤੋਂ ਵੱਧ ਤਸੀਹੇ ਝੱਲਣ ਤੇ ਸ਼ਹੀਦੀਆਂ ਦੇਣ ਵਾਲੀ ਕੌਮ ਹੋਣ ਕਰਕੇ ਵੀ ਪ੍ਰਸਿੱਧ ਹੈ। ਇਹ ਵਿਲੱਖਣ ਆਚਰਣ ਦੁਨੀਆਂ ਦੇ ਇਤਿਹਾਸ ਵਿਚ ਇਕ ਨਿਰਾਲਾ ਆਚਰਣ ਹੈ ਜੋ -

ਨਾਨਕ ਨਾਮ ਚੜ੍ਹਦੀ ਕਲਾ॥

ਤੇਰੇ ਭਾਣੇ ਸਰਬੱਤ ਦਾ ਭਲਾ॥

ਦੇ ਵਿਸ਼ਵਾਸ ਵਿਚੋਂ ਉਸਰਿਆ ਹੈ। ਇਸ ਨਾਲ ਮਨੁੱਖ ਦਾ ਨਜ਼ਰੀਆ ਸੌੜੇ ਤੇ ਸੰਕੀਰਨ ਨਿੱਜੀ ਸੁਆਰਥ ਤੋਂ ਉਠ ਕੇ ਵਿਸ਼ਾਲ ਬ੍ਰਹਿਮੰਡ ਦੀ ਭਲਾਈ ਵੱਲ ਹੋ ਜਾਂਦਾ ਹੈ। ਉਹ ਸਮੁੱਚੇ ਵਿਸ਼ਵ ਦੇ ਕਲਿਆਣ ਵੱਲ ਰੁਚਿਤ ਹੋ ਜਾਂਦਾ ਹੈ। ਉਸ ਦਾ ਪਰਮਾਤਮਾ ਵਰਗਾ ਵਿਸ਼ਾਲ ਤੇ ਦੈਵੀ ਆਚਰਣ ਉਸਰ ਆਉਂਦਾ ਹੈ।[115]

---

113 *ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 5

114 ਸੁਰਜੀਤ ਸਿੰਘ, *ਸਿੱਖ ਰਹਿਤ ਤੇ ਸਿੱਖ ਆਚਰਣ,* ਪੰਨਾ 126

115 *ਉਹੀ,* ਪੰਨਾ 127

## ਸਚਿਆਰ ਆਚਰਣ ਵਾਲੇ ਮਨੁੱਖ ਦਾ ਸਰੂਪ

ਸਚਿਆਰ ਮਨੁੱਖ ਦਾ ਸਰੂਪ 'ਗੁਰਮੁੱਖ' ਸਰੂਪ ਹੈ। ਇਸੇ ਸਰੂਪ ਨੂੰ ਹੀ ਆਦਰਸ਼ਕ ਮਨੁੱਖ ਦਾ ਸਰੂਪ ਕਿਹਾ ਜਾਂਦਾ ਹੈ। ਆਚਾਰੀ ਮਨੁੱਖ ਹੀ ਸਮਾਜ ਲਈ ਆਦਰਸ਼ ਮਨੁੱਖ ਹੋ ਸਕਦਾ ਹੈ। ਆਦਰਸ਼ ਮਨੁੱਖ ਦੀ ਸ਼ਖ਼ਸੀਅਤ ਬਹੁ ਪੱਖੀ ਗੁਣਾਂ ਨਾਲ ਭਰਪੂਰ ਹੁੰਦੀ ਹੈ। ਉਹ ਸਮਾਜ ਵਿਚ ਭਾਵੇਂ ਪ੍ਰਵਾਨ ਹੋਵੇ ਨਾ ਹੋਵੇ ਪਰ ਪ੍ਰਭੂ ਦੇ ਦਰ 'ਤੇ ਜ਼ਰੂਰ ਪਰਵਾਨ ਹੁੰਦਾ ਹੈ। ਉਸ ਦਾ ਮੁੱਖ ਹਲਤ ਪਲਤ[116] ਦੋਨਾਂ ਥਾਵਾਂ ਉੱਤੇ ਉਜਲਾ ਤੇ ਸੁਭਾਇਮਾਨ ਹੁੰਦਾ ਹੈ। ਉਹ ਹਰ ਪ੍ਰਕਾਰ ਦੇ ਮਾਪ ਦੰਡ ਨਾਲ ਨਾਪਿਆ ਪੂਰਨ ਸਿਧ ਹੋਇਆ ਹਰ ਇਕ ਦੇ ਵਿਸਵਾਸ਼ ਦਾ ਪਾਤਰ ਹੁੰਦਾ ਹੈ। ਉਹ ਸਭ ਲਈ ਸਾਂਝਾ ਤੇ ਸਭ ਲਈ ਪਿਆਰਾ ਹੁੰਦਾ ਹੈ। ਉਹ ਚੰਗੇਰਾ ਤੇ ਉਚੇਰਾ ਹੁੰਦਾ ਹੋਇਆ ਵੀ ਆਪਣੇ ਮਨ ਵਿਚ ਨਿਮਰਤਾ ਧਾਰਨ ਕਰੀ ਰਖਦਾ ਹੈ। ਡਾ. ਜਸਵੰਤ ਸਿੰਘ ਨੇਕੀ ਅਨੁਸਾਰ ਗੁਰਮੁੱਖ ਨਿਮ੍ਰਤਾ ਵਿਚ ਰਹਿੰਦਿਆਂ ਵੀ ਗੁਣਵਾਨ ਦਿੱਸਦਾ ਹੈ।[117] ਉਹ ਸਾਊ, ਸ੍ਰੇਸ਼ਟ ਤੇ ਪਰਮ ਮਨੁੱਖ ਹੁੰਦਾ ਹੈ। ਜਪੁਜੀ ਵਿਚ ਇਨ੍ਹਾਂ ਗੁਣਾਂ ਦੇ ਧਾਰਨੀ ਆਦਰਸ਼ ਮਨੁੱਖ ਲਈ ਗੁਰੂ ਜੀ ਨੇ ਪੰਚ, ਭਗਤ, ਪਰਵਾਣ, ਸੂਰਾ, ਯੋਧਾ, ਮਹਾਬਲੀ ਅਤੇ ਸਚਿਆਰਾ ਆਦਿ ਸ਼ਬਦ ਵਰਤੇ ਹਨ। ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਵਿਚ ਬ੍ਰਹਮ ਗਿਆਨੀ, ਸਾਧ, ਸੰਤ ਆਦਿ ਸ਼ਬਦਾਂ ਦਾ ਪ੍ਰਯੋਗ ਇਕ ਆਦਰਸ਼ ਵਿਅਕਤੀ ਦੀ ਸ਼ਖ਼ਸੀਅਤ ਨੂੰ ਚਿਤਰਨ ਲਈ ਹੀ ਕੀਤਾ ਹੈ।[118] ਬ੍ਰਹਮ-ਗਿਆਨੀ ਉਹੀ ਬਣ ਸਕਦਾ ਹੈ ਜਿਹੜਾ ਆਪਣੇ ਆਚਰਣ ਵਿਚ ਗਿਰਾਵਟ ਨਹੀਂ ਆਉਂਣ ਦਿੰਦਾ। ਇਹੋ ਗੁਣ ਹੀ ਆਦਰਸ਼ ਵਿਅਕਤੀ ਲਈ ਆਚਾਰ ਵਿਹਾਰ ਦੀ ਪ੍ਰਪੱਕਤਾ ਦੇ ਰੂਪ ਵਜੋਂ ਵੀ ਕੰਮ ਕਰਦੇ ਹਨ।

### ਗੁਰਮੁੱਖ (ਆਚਾਰ ਵਿਹਾਰ ਦੇ ਪਰਿਪੇਖ 'ਚ)

ਸਿੱਖੀ ਢਾਂਚੇ ਅਨੁਸਾਰ ਜੀਵਨ ਜਿਊਂਣ ਵਾਲੇ ਵਿਅਕਤੀ ਨੂੰ ਗੁਰਮੁੱਖ ਕਿਹਾ ਜਾਂਦਾ ਹੈ। ਗੁਰਮੁੱਖ ਸਿੱਖ ਸਿਧਾਂਤਾਂ ਨੂੰ ਜਿਊਂਦਾ ਅਤੇ ਇਸ ਵਿਚ ਰੰਗਿਆ ਹੋਇਆ ਮਨੁੱਖ ਹੈ। ਉਹ ਆਪ ਗੁਰੂ ਦੇ ਦਿਸ਼ਾ-

---

116 ਹਲਤਿ ਪਲਤਿ ਮੁਖ ਊਜਲ ਹੋਈ ਹੈ ਨਿਤ ਧਿਆਇਐ ਹਰਿ ਪੁਰਖੁ ਨਿਰੰਜਨਾ॥

*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 670

117 ਨੇਕੀ, ਜਸਵੰਤ ਸਿੰਘ (ਡਾ.), *ਗੁਰਮਤਿ ਮਨੋਵਿਗਿਆਨ,* ਪੰਨਾ 56

118 ਸ਼ਮਸ਼ੇਰ ਸਿੰਘ, *ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ,* ਪੰਨਾ 120

ਨਿਰਦੇਸ਼ਾਂ ਅਨੁਸਾਰ ਹੀ ਜੀਵਨ ਜਿਊਂਦਾ ਹੈ ਤੇ ਦੂਜਿਆਂ ਨੂੰ ਜਿਊਣ ਲਈ ਪ੍ਰੇਰਿਤ ਕਰਦਾ ਹੈ। ਹਰਿਸਿਮਰਨ ਸਿੰਘ ਅਨੁਸਾਰ ਜਦੋਂ ਇਕ ਸਿੱਖ ਗੁਰੂ ਦੇ ਚਰਨਾਂ ਵਿਚ ਆਪਣਾ ਆਪ ਨਿਛਾਵਰ ਕਰ ਆਪਣੀ ਸ਼ਖ਼ਸੀਅਤ ਨੂੰ ਗੁਰਮੁੱਖ ਰੂਪ ਵਿਚ ਪਰਵਰਤਿਤ ਕਰਨ ਲਈ ਗੁਰੂ ਸਾਹਿਬ ਦੀਆਂ ਦੱਸੀਆਂ ਸਿੱਖਿਆਵਾਂ ਅਤੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਚਲਦਾ ਹੈ, ਉਦੋਂ ਅਸਲ ਵਿਚ ਉਸ ਦੇ ਸਾਰੇ ਯਤਨ ਇਕ ਸਚਿਆਰ ਮਨੁੱਖ ਬਣਨ ਦੀ ਦਿਸ਼ਾ ਵੱਲ ਸੇਧਿਤ ਹੁੰਦੇ ਹਨ। ਯਾਨੀ ਧਰਮ ਅਤੇ ਨੈਤਿਕਤਾ ਦਾ ਸੱਚ ਉਸ ਦੀ ਸ਼ਖ਼ਸ਼ੀਅਤ ਵਿਚ ਸਮੋ ਜਾਂਦਾ ਹੈ। ਅਜਿਹਾ ਜੀਵਨ ਜੀਊਂਦੇ ਹੋਏ ਉਹ ਸਮਾਜ ਦੇ ਕਿਸੇ ਵੀ ਖੇਤਰ ਵਿਚ ਕੰਮ ਕਰਦੇ ਹੋਏ ਸੱਚਾਈ ਦਾ ਇਕ ਤੁਰਦਾ ਫ਼ਿਰਦਾ ਮੁਜੱਸਮਾ ਬਣ ਜਾਂਦਾ ਹੈ। ਉਸ ਤੋਂ ਕਿਸੇ ਵੀ ਤਰ੍ਹਾਂ ਦੇ ਭੈੜੇ ਕੰਮ ਜਾਂ ਅਨੈਤਿਕ ਵਿਹਾਰ ਦੀ ਆਸ ਨਹੀਂ ਰੱਖੀ ਜਾਂਦੀ। ਸੱਚਾਈ ਜੀਊਂਦਾ ਅਤੇ ਸੱਚਾਈ ਕਮਾਉਂਦਾ ਉਹ ਬ੍ਰਹਮ ਦਾ ਹੀ ਸਰੂਪ ਹੋ ਜਾਂਦਾ ਹੈ। ਉਸ ਰਾਹੀਂ ਵਿਸ਼ਵ ਮਨੁੱਖ ਨੂੰ ਪਰਮਾਤਮਾ ਦੀ ਸ਼ਖ਼ਸੀਅਤ ਅਤੇ ਉਸ ਦੇ ਗੁਣਾਂ ਦਾ ਪ੍ਰਗਟਾਵਾ ਹੁੰਦਾ ਹੈ।[119]

ਸਲੋਕ ਸਹਸਕ੍ਰਿਤੀ ਵਿਚ ਗੁਰੂ ਅਰਜਨ ਦੇਵੀ ਜੀ ਗੁਰਮੁੱਖ ਦੇ ਛੇ ਲੱਛਣ ਦੱਸਦੇ ਹੋਏ ਕਹਿੰਦੇ ਹਨ ਕਿ 'ਜੋ ਪੀੜ ਤੇ ਖੁਸ਼ੀ ਨੂੰ ਇਕ ਸਮਾਨ ਜਾਣਦਾ ਹੈ ਅਤੇ ਜਿਸ ਦੀ ਜੀਵਨ ਰਹੁ-ਰੀਤੀ ਪਵਿੱਤਰ ਅਤੇ ਵੈਰ-ਰਹਿਤ ਹੈ। ਸਾਰੇ ਜੀਵਾਂ ਨਾਲ ਪਿਆਰ-ਹਮਦਰਦੀ ਰੱਖਣੀ ਅਤੇ ਕਾਮਾਦਿਕ ਪੰਜੇ ਵਿਕਾਰਾਂ ਤੋਂ ਬਚੇ ਰਹਿਣਾ, ਪਰਮਾਤਮਾ ਦੀ ਸਿਫ਼ਤ–ਸਾਲਾਹ ਨੂੰ ਜ਼ਿੰਦਗੀ ਦਾ ਆਸਰਾ ਬਣਾਉਣਾ ਅਤੇ ਮਾਇਆ ਤੋਂ ਇਉਂ ਨਿਰਲੇਪ ਰਹਿਣਾ ਜਿਵੇਂ ਕਉਲ (ਕਵਲ)[120] ਫੁੱਲ ਪਾਣੀ ਤੋਂ, ਸੱਜਣ ਤੇ ਵੈਰੀ ਨਾਲ ਇਕੋ ਜਿਹਾ ਪ੍ਰੇਮ-ਭਾਵ ਰੱਖਣ ਦੀ ਸਿੱਖਿਆ ਗ੍ਰਹਿਣ ਕਰਨੀ ਅਤੇ ਪਰਮਾਤਮਾ ਦੀ ਭਗਤੀ ਵਿਚ ਪਿਆਰ ਬਣਾਉਣਾ, ਪਰਾਈ ਨਿੰਦਿਆ ਆਪਣੇ ਕੰਨਾਂ ਨਾਲ ਨਾ ਸੁਣਨੀ ਅਤੇ ਆਪਾ-ਭਾਵ ਤਿਆਗ ਕੇ ਸਭ ਦੇ ਚਰਨਾਂ ਦੀ ਧੂੜ ਬਣਨਾ। ਇਹ ਛੇ ਲੱਛਣ ਬ੍ਰਹਮ ਗਿਆਨੀ ਦੇ ਹੀ ਹੁੰਦੇ ਹਨ-

ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ॥

ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ॥

---

119 *ਸਿੱਖ ਵਿਯਨ 2055*, ਪੰਨਾ 49

120 ਨਾਭਾ, ਕਾਨ੍ਹ ਸਿੰਘ (ਭਾਈ), *ਮਹਾਨ ਕੋਸ਼*, ਪੰਨਾ 285

ਭੋਜਨੰ ਗੋਪਾਲ ਕੀਰਤਨੰ ਅਲਪ ਮਾਯਾ ਜਲ ਕਮਲ ਰਹਤਹ॥

ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ॥

ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ ਆਪੁ ਤ੍ਰਿਾਗਿ ਸਗਲ ਰੇਣੁਕਹ॥

ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ॥[121]

ਭਾਈ ਗੁਰਦਾਸ ਜੀ ਨੇ ਵਿਕਾਰਾਂ ਤੋਂ ਰਹਿਤ ਅੰਤਰ ਆਤਮੇ ਪਰਮਾਤਮਾ ਨਾਲ ਮਿਲੇ ਗੁਰਮੁਖ ਦਾ ਚਿੱਤ੍ਰ ਇਸ ਤਰ੍ਹਾਂ ਪੇਸ਼ ਕੀਤਾ ਹੈ:

ਨਿਹਕਾਮ ਨਿਹਕ੍ਰੋਧ ਨਿਰਲੋਭ ਨਿਰਮੋਹ,

ਨਿਹਮੇਵ ਨਿਹਟੇਵ ਨਿਦੋਖ ਵਾਸੀ ਹੈ।।

ਨਿਰਲੇਪ ਨਿਰਬਾਨ ਨਿਰਮਲ ਨਿਰਵੈਰ,

ਨਿਰਵਿਘਨਾਇ ਨਿਰਾਲੰਬ ਅਵਿਨਾਸੀ ਹੈ।।

ਨਿਰਾਹਾਰ ਨਿਰਾਧਾਰ ਨਿਰੰਕਾਰ ਨ੍ਰਿਵਿਕਾਰ,

ਨਿਹਚਲ ਨਿਹਭ੍ਰਾਂਤ ਨਿਰਭੈ ਨਿਰਾਸੀ ਹੈ।।

ਨਿਹਕ੍ਰਮ ਨਿਹਭ੍ਰਮ ਨਿਹਸ੍ਰਮ ਨਿਹਸ੍ਵਾਦ,

ਨਿਰਵਿਵਾਦ ਨਿਰੰਜਨ ਸੂੰਨ ਮੈ ਸੰਨਯਾਸੀ ਹੈ।।[122]

ਇਸ ਤਰ੍ਹਾਂ ਸਿੱਧ ਹੈ ਕਿ ਗੁਰਬਾਣੀ ਵਿਚ ਬ੍ਰਹਮ-ਗਿਆਨੀ, ਗਿਆਨੀ, ਸਾਧ-ਸੰਤ, ਜੀਵਨ-ਮੁਕਤ, ਗੁਰਮੁੱਖ ਆਦਿ ਪ੍ਰਯਾਯਵਾਚੀ ਸ਼ਬਦ ਹਨ ਅਤੇ ਇਹ ਸਾਰੇ ਉਸ ਸਾਧਕ ਦੇ ਲਖਾਇਕ ਹਨ ਜੋ ਸੰਸਾਰ ਵਿਚ ਵਿਚਰਦਾ ਹੋਇਆ ਸੰਸਾਰਿਕਤਾ ਦੇ ਪ੍ਰਭਾਵ ਤੋਂ ਬਿਲਕੁਲ ਬੇਲਾਗ ਹੋ ਕੇ ਹਰਿ ਦੇ ਧਿਆਨ ਵਿਚ ਮਗਨ ਰਹਿੰਦਾ ਹੈ ਅਤੇ ਇਹੀ ਗੁਰਬਾਣੀ ਅਨੁਸਾਰ ਸਚਿਆਰ ਮਨੁੱਖ ਦਾ ਆਚਰਣ ਹੈ।

---

121 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1357

122 *ਭਾਈ ਗੁਰਦਾਸ ਜੀ, ਕਬਿੱਤ ਸਵੱਈਏ,* ਪੰਨਾ 457

**ਬ੍ਰਹਮ-ਗਿਆਨੀ**

ਹੁਣ ਤੱਕ ਦੇ ਕੀਤੇ ਗਏ ਅਧਿਐਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਆਚਾਰ ਵਿਹਾਰ ਦਾ ਅਮਲੀ ਪ੍ਰਕਾਸ਼ਨ ਸਚਿਆਰ ਮਨੁੱਖ ਦਾ ਨਿਰਮਾਣ ਹੈ। ਸਚਿਆਰਤਾ ਇਕ ਉੱਚਤਮ ਅਵਸਥਾ ਦੇ ਰੂਪ ਅਨੁਸਾਰ ਸੁਭਾਇਮਾਨ ਹੁੰਦੀ ਹੈ। ਜਿਹੜੇ ਵਿਅਕਤੀ ਇਸ ਅਵਸਥਾ ਦੇ ਸਮਰੂਪ ਹੋ ਜਾਂਦੇ ਹਨ ਗੁਰਬਾਣੀ ਉਨ੍ਹਾਂ ਨੂੰ ਬ੍ਰਹਮ ਗਿਆਨੀ, ਗੁਰਮੁੱਖ ਆਦਿ ਲਕਬਾਂ ਨਾਲ ਸਤਿਕਾਰ ਪ੍ਰਦਾਨ ਕਰਦੀ ਹੈ। ਸੁਖਮਨੀ ਸਾਹਿਬ ਵਿਚ ਗੁਰੂ ਅਰਜਨ ਦੇਵ ਜੀ ਦੱਸਦੇ ਹਨ ਕਿ ਸੁਚੱਜੇ ਆਚਾਰ ਵਿਹਾਰ ਵਿਚੋਂ ਕਿਵੇਂ ਬ੍ਰਹਮ ਗਿਆਨੀ ਦਾ ਨਿਰਮਾਣ ਹੁੰਦਾ ਹੈ। ਗੁਰਬਾਣੀ ਅਨੁਸਾਰ ਜਿਸ ਦਾ ਮਨ ਅਤੇ ਮੁੱਖ ਦੋਵੇਂ ਹੀ ਸੱਚਾਈ ਦੇ ਧਾਰਨੀ ਹਨ ਤਾਂ ਉਹ ਪੂਰਨ ਬ੍ਰਹਮ ਗਿਆਨੀ ਹੈ-

ਮਨਿ ਸਾਚਾ ਮੁਖਿ ਸਾਚਾ ਸੋਇ॥
ਅਵਰੁ ਨ ਪੇਖੈ ਏਕਸੁ ਬਿਨੁ ਕੋਇ॥
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ॥[123]

ਗੁਰਬਾਣੀ ਵਿਚ ਹੋਰ ਕਈ ਜਗ੍ਹਾ ਉੱਪਰ ਬ੍ਰਹਮ ਗਿਆਨੀ ਦੀ ਅਵਸਥਾ ਨੂੰ ਭਗਤੀ ਵਿਚੋਂ ਨਿਕਲੀ ਹੋਈ ਭਗਤੀ ਦੇ ਫਲ ਵਜੋਂ ਰੂਪਮਾਨ ਹੋਈ ਅਵਸਥਾ ਦਰਸਾਇਆ ਗਿਆ ਹੈ। ਪਰ ਇੱਥੇ ਧਿਆਨ ਰੱਖਣ ਯੋਗ ਗੱਲ ਇਹ ਹੈ ਕਿ ਚੰਗੇ ਆਚਰਣ/ਗੁਣ ਤੋਂ ਬਿਨ੍ਹਾਂ ਭਗਤੀ ਸੰਭਵ ਹੀ ਨਹੀਂ ਹੈ। ਗੁਰੂ ਸਾਹਿਬ ਸਪੱਸ਼ਟ ਕਰਦੇ ਹਨ- ਵਿਣੁ ਗੁਣ ਕੀਤੇ ਭਗਤਿ ਨ ਹੋਇ॥[124] ਗੁਰਬਾਣੀ ਦੇ ਇਨ੍ਹਾਂ ਹਵਾਲਿਆਂ ਰਾਹੀਂ ਅਸੀਂ ਕਹਿ ਸਕਦੇ ਹਾਂ ਕਿ ਚੰਗਾ ਆਚਰਣ ਤੇ ਭਗਤੀ ਦੋਨਾਂ ਨੂੰ ਅਪਣਾਉਣ ਵਾਲਾ ਵਿਅਕਤੀ ਹੀ ਬ੍ਰਹਮ ਗਿਆਨੀ ਹੈ।

ਜਦੋਂ ਅਸੀਂ ਆਚਰਣਕ ਗੁਣਾਂ ਦੀ ਗੱਲ ਕਰਦੇ ਹਾਂ ਜਿਸ ਵਿਚ ਇਹ ਵਿਚਾਰ ਮਿਲਦੇ ਹਨ ਕਿ ਚੰਗੇ ਆਚਰਣ ਵਾਲੇ ਮਨੁੱਖ ਲਈ ਸਾਰੇ ਹੀ ਬਰਾਬਰ ਹਨ। ਉਸ ਨੂੰ ਕਦੇ ਵੀ ਹੰਕਾਰ ਨਹੀਂ ਹੁੰਦਾ ਤੇ ਉਹ ਅੰਦਰੂਨੀ ਤੌਰ 'ਤੇ ਨੀਵਾਂ (ਨਿਮਰਤਾ) ਹੋ ਕੇ ਰਹਿੰਦਾ ਹੈ। ਗੁਰਮਤਿ ਦੀ ਦ੍ਰਿਸ਼ਟੀ ਇਹ ਸਪੱਸ਼ਟ ਕਰਦੀ ਹੈ

---

123 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 272

124 *ਉਹੀ*, ਪੰਨਾ 4

ਕਿ ਇਹ ਸਾਰੇ ਆਚਰਣਕ ਗੁਣ ਬ੍ਰਹਮ ਗਿਆਨੀ ਵਿਚ ਰੂਪਮਾਨ ਹੁੰਦੇ ਹਨ-

ਬ੍ਰਹਮ ਗਿਆਨੀ ਕੈ ਮਿਤ੍ਰ ਸਤ੍ਰ ਸਮਾਨਿ।।

ਬ੍ਰਹਮ ਗਿਆਨੀ ਕੈ ਨਾਹੀ ਅਭਿਮਾਨ।।

ਬ੍ਰਹਮ ਗਿਆਨੀ ਊਚ ਤੇ ਊਚਾ।।

ਮਨਿ ਅਪਨੈ ਹੈ ਸਭ ਤੇ ਨੀਚਾ।।[125]

ਗੁਰੂ ਤੇਗ ਬਹਾਦਰ ਸਾਹਿਬ ਆਪਣੀ ਬਾਣੀ ਵਿਚ ਦਰਸਾਉਂਦੇ ਹਨ ਕਿ ਉਸ ਦੇ ਆਚਰਣ ਵਿਚ ਨਾ ਹੀਂ ਕਿਸੇ ਦਾ ਡਰ ਹੈ ਤੇ ਨਾ ਹੀ ਉਹ ਕਿਸੇ ਨੂੰ ਡਰਾਉਂਦਾ ਹੈ।

ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ।।

ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ।। 16।।[26]

ਸਗੋਂ ਉਸ ਦੀ ਦ੍ਰਿਸ਼ਟੀ ਸਮੁੱਚਤਾ ਲਈ ਇਕ ਸਮਾਨ ਹੋ ਜਾਂਦੀ ਹੈ।

ਬ੍ਰਹਮ ਗਿਆਨੀ ਕੈ ਦ੍ਰਿਸ਼ਟ ਸਮਾਨ।।[127]

ਪਿਸ਼ੌਰਾ ਸਿੰਘ ਅਨੁਸਾਰ ਸੰਪਰਦਾਇਕ ਅਤੇ ਤੰਗ-ਵਲਗਣਾਂ ਦੀਆਂ ਸੀਮਾਵਾਂ ਤੋਂ ਮੁਕਤ ਹੋ ਕੇ ਬ੍ਰਹਮ ਗਿਆਨੀ ਸਦਾ ਸਦ ਜਾਗਤ (ever conscious) ਰਹਿੰਦਾ ਹੈ ਅਤੇ ਪਰਉਪਕਾਰ ਲਈ ਉਮਾਹ ਰੱਖਦਾ ਹੈ। ਦ੍ਵੰਦ-ਮੁਕਤ ਹੋ ਕੇ 'ਬੁਰਾ ਤੇ ਭਲਾ' ਇਕ ਸਮਾਨ ਸਮਝਦਾ ਹੈ।[128]

ਡਾ. ਅਵਤਾਰ ਸਿੰਘ ਲਿਖਦੇ ਹਨ ਕਿ '' ਸਿਖ ਧਰਮ ਦੇ ਅਧਿਆਤਮਕ ਦ੍ਰਿਸ਼ਟੀਕੋਣ ਅਨੁਸਾਰ ਕਦਰਾਂ ਇਸ ਅਰਥ ਵਿਚ ਵਸਤੂਗਤ (objective) ਹਨ ਕਿ 'ਆਪੇ' ਨੇ ਇਨ੍ਹਾਂ ਨੂੰ ਖੋਜਣਾ ਹੈ। ਇਨ੍ਹਾਂ ਕਦਰਾਂ ਨੂੰ ਆਤਮਗਤ (subjective) ਗੁਣਾਂ ਦੇ ਤੌਰ 'ਤੇ ਆਦਰਸ਼ਕ ਆਪੇ (ਪੁਰਖੁ) ਤੋਂ ਅਟੁੱਟ ਰੂਪ ਵਿਚ ਪ੍ਰਵਾਨ

---

[125] *ਉਹੀ,* ਪੰਨਾ 272

[126] *ਉਹੀ,* ਪੰਨਾ 1427

[127] *ਉਹੀ,* ਪੰਨਾ 272

[128] ਉਧਰਿਤ, ਤਾਰਨ ਸਿੰਘ (ਡਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ,* ਪੰਨਾ 97

ਕੀਤਾ ਗਿਆ ਹੈ ਜਿਸ ਵਿਚ ਇਹ ਸਾਰੇ ਗੁਣ ਮੌਜੂਦ ਹਨ।[129]

ਸੁਖਮਨੀ ਸਾਹਿਬ ਬਾਣੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਗਿਆਨੀ ਨੂੰ ਸਭ ਦਾ ਸਮੁੱਚੇ ਜਗਤ ਦਾ ਸਵਾਮੀ ਦੱਸਿਆ ਹੈ। ਅਜਿਹੀ ਮਹਾਨ ਸ਼ਖ਼ਸੀਅਤ ਦੀ ਗੁਰੂ ਜੀ ਨੇ ਇਸ ਬਾਣੀ ਦੀ ਅੱਠਵੀਂ ਅਸ਼ਟਪਦੀ ਵਿਚ ਵਿਸਥਾਰ ਸਹਿਤ ਵਿਆਖਿਆ ਕੀਤੀ ਹੈ। ਆਰੰਭ ਵਿਚ ਹੀ ਬ੍ਰਹਮ ਗਿਆਨੀ ਦਾ ਲੱਛਣ ਸਪੱਸ਼ਟ ਕਰਦਿਆਂ ਗੁਰੂ ਜੀ ਨੇ ਦੱਸਿਆ ਹੈ ਕਿ ਜਿਸ ਮਨੁੱਖ ਦੇ ਮਨ ਵਿਚ ਸਦਾ ਸੱਚਾ ਪ੍ਰਮਾਤਮਾ ਵੱਸਦਾ ਹੈ, ਜਿਸ ਦੇ ਮੁੱਖ ਤੋਂ ਹਮੇਸ਼ਾਂ ਸੱਚੇ ਨਾਮ ਦੀ ਅਰਾਧਨਾ ਹੁੰਦੀ ਹੈ ਅਤੇ ਜੋ ਸੱਚੇ ਪ੍ਰਮਾਤਮਾ ਤੋਂ ਬਿਨ੍ਹਾਂ ਕਿਸੇ ਹੋਰ ਦੇ ਧਿਆਨ ਵਿਚ ਮਗਨ ਨਹੀਂ ਹੁੰਦਾ ਉਹ ਮਨੁੱਖ ਬ੍ਰਹਮ-ਗਿਆਨੀ ਹੋਣ ਦਾ ਗੌਰਵ ਪ੍ਰਾਪਤ ਕਰਦਾ ਹੈ।[130]

## ਸਚਿਆਰ ਮਨੁੱਖ ਦੇ ਰਾਹ ਵਿਚ ਆਉਣ ਵਾਲੀਆਂ ਰੁਕਾਵਟਾਂ (ਪੰਜ ਵਿਕਾਰ)

ਮਨ ਦਾ ਸੰਤੁਲਨ ਵਿਗਾੜਨ ਵਾਲੀਆਂ ਵ੍ਰਿੱਤੀਆਂ ਨੂੰ ਵਿਕਾਰ ਕਿਹਾ ਜਾਂਦਾ ਹੈ। ਇਨ੍ਹਾਂ ਦੀ ਮੁੱਖ ਤੌਰ 'ਤੇ ਗਿਣਤੀ ਪੰਜ ਦੱਸੀ ਗਈ ਹੈ। ਜਿਵੇਂ ਕਿ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ। ਮਹਾਨ ਕੋਸ਼ ਵਿਚ ਵੀ ਭਾਈ ਕਾਨ੍ਹ ਸਿੰਘ ਨਾਭਾ ਨੇ ਵਿਕਾਰਾਂ ਨੂੰ ਰੋਗ, ਕਾਮ, ਕ੍ਰੋਧ ਆਦਿ ਅਤੇ ਐਬ[131] ਦੇ ਰੂਪ ਵਿਚ ਹੀ ਪੇਸ਼ ਕੀਤਾ ਹੈ। ਇਹ ਵਿਕਾਰ ਮਾਇਆ ਦਾ ਹੀ ਹਿੱਸਾ ਹਨ। ਇਸ ਵਿਚ ਕਈ ਪ੍ਰਕਾਰ ਦੇ ਵਿਕਾਰ ਅਤੇ ਵਾਸ਼ਨਾਵਾਂ ਸ਼ਾਮਿਲ ਹੁੰਦੀਆਂ ਹਨ ਜਿਹੜੀਆਂ ਮਨੁੱਖ ਨੂੰ ਸਦਾ ਵਿਕਾਰੀ ਬਣਾਈ ਰੱਖਦੀਆਂ ਹਨ। ਇਨ੍ਹਾਂ ਉੱਪਰ ਮਨੁੱਖ ਦਾ ਕਾਬੂ ਨਹੀਂ ਪੈਂਦਾ। ਗੁਰੂ ਨਾਨਕ ਦੇਵ ਜੀ ਇਸ ਸੰਬੰਧੀ ਕਹਿੰਦੇ ਹਨ ਕਿ-

ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ।।
ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ।।[132]

---

129 Avtar Singh*, Ethic of the Sikhs*, p.37

130 ਮਨਿ ਸਾਚਾ ਮੁਖਿ ਸਾਚਾ ਸੋਇ॥

ਅਵਰੁ ਨ ਪੇਖੈ ਏਕਸੁ ਬਿਨੁ ਕੋਇ॥

ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ।। *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 272

131 ਨਾਭਾ, ਕਾਨ੍ਹ ਸਿੰਘ (ਭਾਈ), *ਮਹਾਨ ਕੋਸ਼,* ਪੰਨਾ 865

132 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 155

ਗੁਰੂ ਅਮਰਦਾਸ ਜੀ ਵੀ ਇਸ ਸੰਬੰਧੀ ਕਹਿੰਦੇ ਹਨ ਕਿ ਕਾਮਾਦਿਕ ਪੰਜ ਵੈਰੀ ਜਗਤ ਦੇ ਆਤਮਕ ਜੀਵਨ ਨੂੰ ਲੁੱਟ ਰਹੇ ਹਨ, ਠਗ ਰਹੇ ਹਨ ਪਰ ਆਪਣੇ ਮਨ ਦੇ ਪਿੱਛੇ ਤੁਰਨ ਵਾਲੇ ਤੇ ਮਾਇਆ ਦੇ ਮੋਹ ਵਿਚ ਅੰਨ੍ਹੇ ਹੋਏ ਮਨੁੱਖ ਨੂੰ ਨਾ ਤਾਂ ਇਸ ਦੀ ਖਬਰ ਹੈ ਤੇ ਨਾ ਹੀ ਇੰਨੀ ਅਕਲ ਕਿ ਇਸ ਤੋਂ ਬਚ ਸਕੇ।[133]

ਅਸਲ ਵਿਚ ਇਨ੍ਹਾਂ ਨੂੰ ਮਾਇਆ ਦੇ ਦੂਤ ਕਿਹਾ ਜਾਂਦਾ ਹੈ ਜੋ ਕਿ ਮਾਇਆ ਦਾ ਹੀ ਵਿਸਥਾਰ ਕਰਦੇ ਹਨ। ਇਨ੍ਹਾਂ ਤੋਂ ਬਚਨ ਦਾ ਉਪਾਅ ਕੇਵਲ ਸਾਧ ਸੰਗਿਤ ਵਿਚ ਹੀ ਮਿਲਦਾ ਹੈ।

ਪੰਚ ਬਿਕਾਰ ਮਨ ਮਹਿ ਬਸੇ ਰਾਚੇ ਮਾਇਆ ਸੰਗਿ॥
ਸਾਧਸੰਗਿ ਹੋਇ ਨਿਰਮਲਾ ਨਾਨਕ ਪ੍ਰਭ ਕੈ ਰੰਗਿ॥[134]

ਜੇਕਰ ਕਾਮ ਦੀ ਗੱਲ ਕਰੀਏ ਤਾਂ ਕਾਮ ਦੇ ਮੁੱਖ ਤੌਰ 'ਤੇ ਦੋ ਰੂਪ ਮੰਨੇ ਗਏ ਹਨ- ਇਕ ਵਾਸਨਾ ਅਤੇ ਦੂਜਾ ਪ੍ਰੇਮ। ਕਾਮ ਦੇ ਵਾਸਨਾ ਵਾਲੇ ਰੂਪ ਵਿਚ ਦੁਖ ਜਾਂ ਖੇਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਪ੍ਰੇਮ ਸਦਾ ਸੁਖ ਅਤੇ ਆਨੰਦ ਬਖ਼ਸ਼ਦਾ ਹੈ। ਮੱਧ-ਯੁਗ ਦੇ ਧਰਮ ਸਾਧਕਾਂ ਨੇ ਵਾਸਨਾ ਦੇ ਤਿਆਗ ਅਤੇ ਸੱਚੇ ਪ੍ਰੇਮ ਨੂੰ ਅਪਣਾਉਣ ਉੱਤੇ ਬਲ ਦਿੱਤਾ ਹੈ। ਪ੍ਰੇਮ ਤੋਂ ਸ਼ਕਤੀ ਪੈਦਾ ਹੁੰਦੀ ਹੈ ਤੇ ਵਾਸਨਾ ਤੋਂ ਵਿਕਾਰ ਦਾ ਵਿਕਾਸ ਹੁੰਦਾ ਹੈ।[135] ਗੁਰੂ ਨਾਨਕ ਦੇਵ ਜੀ ਨੇ ਕਾਮ ਦੇ ਵਾਸਨਾ ਵਾਲੇ ਰੂਪ ਦੀ ਮਨੋ-ਵਿਕਾਰ ਵੱਜੋਂ ਨਿਖੇਧੀ ਕੀਤੀ ਹੈ।[136]

ਪੰਜਾਬੀ ਵਿਚ ਹੰਕਾਰ ਸ਼ਬਦ ਸੰਸਕ੍ਰਿਤ ਦੇ ਅਹੰ (ਮੈਂ) ਅਤੇ ਕਾਰ (ਅਕਾਰ ਦੇਣ ਵਾਲਾ) ਦਾ ਸਮਾਸ ਹੈ ਜਿਸ ਦਾ ਅਰਥ ਹੈ 'ਮੈਂ' ਨੂੰ ਰੂਪਕਾਰ ਕਰਨ ਵਾਲਾ ਅਰਥਾਤ ਵਿਅਕਤੀ ਨੂੰ ਨਿੱਜਵਾਦੀ ਬਣਾਉਣ ਵਾਲਾ। ਇਹ ਹਉਮੈ, ਘੁਮੰਡ, ਸਵੈਕੇਂਦਰਿਤਾ, ਦਿਖਾਵਾ, ਜਾਂ ਅਭਿਮਾਨ ਦਾ ਅਰਥ ਦਿੰਦਾ ਹੈ।[137] ਸਿੱਖੀ ਸਾਧਨਾ ਵਿਚ ਉਹ ਹੀ ਸਦਾਚਾਰਕ ਗੁਣ ਅਤੇ ਸਮਾਜਿਕ ਅਮਲ ਪ੍ਰਵਾਨ ਕੀਤਾ ਗਿਆ ਹੈ ਜਿਹੜਾ ਮਨੁੱਖ ਨੂੰ ਉਸ ਦੀ

---

133 *ਉਹੀ,* ਪੰਨਾ 113

134 *ਉਹੀ,* ਪੰਨਾ 297

135 ਜੱਗੀ, ਰਤਨ ਸਿੰਘ (ਡਾ.), *ਪੰਜਾਬੀ ਸਾਹਿਤ ਸੰਦਰਭ ਕੋਸ਼,* ਪੰਨਾ 313

136 ਕਾਮੁ ਕ੍ਰੋਧੁ ਬਿਖੁ ਬਜਰੁ ਭਾਰੁ॥
ਨਾਮ ਬਿਨਾ ਕੈਸੇ ਗੁਨ ਚਾਰੁ॥ *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1187

137 ਜੱਗੀ, ਰਤਨ ਸਿੰਘ (ਡਾ.), *ਸਿੱਖ ਪੰਥ ਵਿਸ਼ਵਕੋਸ਼,* ਪੰਨਾ 23

ਹਉਮੈਂ ਅਤੇ ਅਗਿਆਨਤਾ ਤੋਂ ਨਿਰਲੇਪ ਕਰਕੇ ਸੰਸਾਰ ਵਿਚ ਰਹਿੰਦਿਆਂ ਹੋਇਆਂ ਆਪਸੀ ਪ੍ਰੇਮ ਪਿਆਰ, ਸਹਿਯੋਗ, ਹਲੀਮੀ ਵਿਚ ਰਹਿਣ ਦੇ ਯੋਗ ਬਣਾਉਂਦਾ ਹੈ ਅਤੇ ਮਾਇਆ ਤੇ ਹਉਮੈਂ ਦੀ ਲੇਪ ਤੋਂ ਬਚਾ ਕੇ ਨਿਮਰਤਾ, ਸੇਵਾ ਦੇ ਰਾਹ ਤੇ ਲਾਈ ਰੱਖਣ ਵਿਚ ਸਹਾਈ ਹੁੰਦਾ ਹੈ। ਸੰਗਤ ਤੇ ਬਾਣੀ ਦੇ ਆਸਰੇ ਗੁਰਸਿੱਖ ਵਿਕਾਰਾਂ 'ਤੇ ਜਿੱਤ ਪ੍ਰਾਪਤ ਕਰ ਲੈਂਦਾ ਹੈ ਅਤੇ ਸਹਿਜੇ ਹੀ ਉਸ ਵਿਚ ਸਦਗੁਣਾਂ ਦਾ ਵਾਸਾ ਹੋ ਜਾਂਦਾ ਹੈ-

ਕਾਮ ਲਖ ਕਰਿ ਕਾਮਨਾ ਬਹੁ ਰੂਪੀ ਸੋਹੈ॥
ਲਖ ਕਰੋਧ ਕਰੋਧ ਕਰਿ ਦੁਸਮਨ ਹੋਇ ਜੋਹੈ॥
ਲਖ ਲੋਭ ਲਖ ਲਖਮੀ ਹੋਇ ਧੋਹਣ ਧੋਹੈ॥
ਮਾਇਆ ਮੋਹਿ ਕਰੋੜ ਮਿਲਿ ਹੋ ਬਹੁ ਗੁਣ ਸੋਹੈ॥
ਅਸੁਰ ਸੰਘਾਰਿ ਹੰਕਾਰ ਲਖ ਹਉਮੈ ਕਰਿ ਛੋਹੈ॥
ਸਾਧ ਸੰਗਤਿ ਗੁਰੁ ਸਿਖ ਸੁਣਿ ਗੁਰੁ ਸਿਖ ਨ ਪੋਹੈ॥[138]
ਕਾਮੁ ਕ੍ਰੋਧੁ ਅਹੰਕਾਰ ਸਾਧਿ ਲੋਭ ਮੋਹ ਦੀ ਜੋਹ ਮਿਟਾਈ॥
ਸਤੁ ਸੰਤੋਖੁ ਦਇਆ ਧਰਮੁ ਅਰਥੁ ਸਮਰਥੁ ਸੁਗਰਥੁ ਸਮਾਈ॥[139]

ਉਪਰੋਕਤ ਵਿਚਾਰ ਚਰਚਾ ਤੋਂ ਸਪੱਸ਼ਟ ਹੈ ਕਿ ਹਰੇਕ ਧਰਮ ਭਾਵੇਂ ਉਹ ਈਸ਼ਵਰਵਾਦੀ ਹੈ ਜਾਂ ਨਿਰ-ਈਸ਼ਵਰਵਾਦੀ ਹਰੇਕ ਨੇ ਨੈਤਿਕਤਾ ਦੇ ਪੱਖ ਨੂੰ ਅੱਖੋਂ ਪਰੋਖੇ ਨਹੀਂ ਕੀਤਾ। ਸਗੋਂ ਸੁਚੱਜੇ ਆਚਾਰ ਵਿਹਾਰ ਨੂੰ ਗੁਣਾਤਮਕ ਰੂਪ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਜੇਕਰ ਦੇਖਿਆ ਜਾਵੇ ਤਾਂ ਇਹ ਵੀ ਸਪੱਸ਼ਟ ਹੁੰਦਾ ਹੈ ਕਿ ਨੈਤਿਕਤਾ ਦਾ ਪ੍ਰਸੰਗ ਹੀ ਮਨੁੱਖ ਨੂੰ ਮਨੁੱਖ ਹੋਣ ਦਾ ਅਹਿਸਾਸ ਕਰਾ ਕੇ ਉਸ ਵਿਚਲੀ ਚੰਗਿਆਈ ਨੂੰ Practical ਰੂਪ ਦੇਣ ਵਿਚ ਸਹਾਇਕ ਹੈ। ਜਿਸ ਦੇ ਲਈ ਇਸ ਅਧਿਆਇ ਵਿਚ ਧਰਮ ਭਾਵੀ ਨੈਤਿਕਤਾ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ ਹੈ।

---

[138] *ਗਿਆਨ ਰਤਨਾਵਲੀ, ਵਾਰਾਂ ਭਾਈ ਗੁਰਦਾਸ ਜੀ,* ਵਾਰ 38, ਪਉੜੀ 1, ਪੰਨਾ 405

[139] *ਉਹੀ,* ਵਾਰ 29, ਪਉੜੀ 6, ਪੰਨਾ 318

# ਸਿੱਖ ਗੌਣ ਸ੍ਰੋਤਾਂ ਵਿਚ ਵਰਣਿਤ ਸਿੱਖ ਆਚਾਰ ਵਿਹਾਰ

ਸਿੱਖ ਧਰਮ ਦੇ ਅਕਾਦਮਿਕ ਖੇਤਰ ਵਿਚ ਸਿੱਖ ਸ੍ਰੋਤ ਗ੍ਰੰਥ ਅਹਿਮ ਸਥਾਨ ਰੱਖਦੇ ਹਨ ਜਿਨ੍ਹਾਂ ਵਿਚ ਸਿੱਖ ਧਰਮ ਦੇ ਵਿਭਿੰਨ ਪੱਖਾਂ ਦੀ ਪੇਸ਼ਕਾਰੀ ਹੋਈ ਹੈ। 17ਵੀਂ ਸਦੀ ਤੋਂ ਲੈ ਕੇ 19ਵੀਂ ਸਦੀ ਤੱਕ ਰਚੇ ਗਏ ਇਹ ਗ੍ਰੰਥ, ਮੁੱਖ ਰੂਪ ਵਿਚ ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਹਨ। ਇਤਿਹਾਸ ਦੀ ਪੇਸ਼ਕਾਰੀ ਦੇ ਨਾਲ-ਨਾਲ ਇਨ੍ਹਾਂ ਵਿਚ ਸਿੱਖ ਸਿਧਾਂਤ ਤੇ ਸਿੱਖ ਦਰਸ਼ਨ ਵਾਲੇ ਪੱਖ ਵੀ ਰੂਪਮਾਨ ਹੋਏ ਹਨ। ਕੁੱਝ ਗਿਣਤੀ ਦੇ ਵਾਰਤਕ ਗ੍ਰੰਥਾਂ ਨੂੰ ਛੱਡ ਕੇ ਲਗ-ਪਗ ਸਾਰੇ ਹੀ ਸ੍ਰੋਤ ਗ੍ਰੰਥ ਕਾਵਿ ਰੂਪ ਵਿਚ ਹਨ ਜਿਨ੍ਹਾਂ ਵਿਚ ਤਤਕਾਲੀਨ ਸਮੇਂ ਦੀ ਪ੍ਰਚਲਿਤ ਸਾਹਿਤਿਕ ਭਾਸ਼ਾ ਬ੍ਰਜ ਦਾ ਪ੍ਰਯੋਗ ਕੀਤਾ ਗਿਆ ਹੈ। ਸਿੱਖ ਧਰਮ ਦੀ ਇਤਿਹਾਸਕ ਅਤੇ ਸਿੱਖੀ ਮਾਰਗ ਦੀ ਵਿਹਾਰਕ ਪੇਸ਼ਕਾਰੀ ਨੂੰ ਸਮਝਣ ਲਈ ਇਨ੍ਹਾਂ ਗ੍ਰੰਥਾਂ ਦਾ ਅਧਿਐਨ ਬਹੁਤ ਜ਼ਰੂਰੀ ਹੈ। ਭਾਵੇਂ ਇਨ੍ਹਾਂ ਵਿਚ ਕੁੱਝ ਗੱਲਾਂ ਗੁਰਮਤਿ ਵਿਰੋਧੀ ਵੀ ਹਨ ਜੋ ਇਨ੍ਹਾਂ ਵਿਚ ਪ੍ਰਾਪਤ ਹੋਣ ਵਾਲੀ ਸ੍ਰੋਤ ਸਮੱਗਰੀ ਦੀ ਮਹੱਤਤਾ ਸਾਹਮਣੇ ਅਣਗੋਲਿਆਂ ਕਰਕੇ ਛੱਡੀਆਂ ਜਾ ਸਕਦੀਆਂ ਹਨ।

ਜੇਕਰ ਅਸੀਂ ਇਨ੍ਹਾਂ ਸ੍ਰੋਤ ਗ੍ਰੰਥਾਂ ਦੀ ਹੱਥਲੇ ਖੋਜ ਕਾਰਜ ਦੇ ਹਵਾਲੇ ਨਾਲ ਗੱਲ ਕਰੀਏ ਤਾਂ ਆਚਾਰ ਵਿਹਾਰ ਨਾਲ ਸੰਬੰਧਿਤ ਅਨੇਕਾਂ ਪ੍ਰਮਾਣ ਇਨ੍ਹਾਂ ਦੇ ਅਧਿਐਨ ਤੋਂ ਬਾਅਦ ਸਾਹਮਣੇ ਆਉਂਦੇ ਹਨ। ਇਸ ਅਧਿਆਇ ਰਾਹੀਂ ਸਿੱਖ ਸ੍ਰੋਤ ਗ੍ਰੰਥਾਂ ਵਿਚੋਂ ਆਚਾਰ ਵਿਹਾਰ ਨਾਲ ਸੰਬੰਧਿਤ ਪ੍ਰਮਾਣਾਂ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਅਧਿਆਇ ਵਿਚ ਉਹ ਪ੍ਰਮੁੱਖ ਗ੍ਰੰਥ ਸ਼ਾਮਿਲ ਕੀਤੇ ਗਏ ਹਨ ਜਿਨ੍ਹਾਂ ਵਿਚੋਂ ਸੰਬੰਧਿਤ ਹਵਾਲੇ ਪ੍ਰਾਪਤ ਹੁੰਦੇ ਹਨ। ਜਿਨ੍ਹਾਂ ਸ੍ਰੋਤ ਗ੍ਰੰਥਾਂ ਦੀ ਸੁਰ ਮੁੱਖ ਰੂਪ ਵਿਚ ਇਤਿਹਾਸਕ ਹੈ ਉਨ੍ਹਾਂ ਨੂੰ ਇਸ ਅਧਿਆਇ ਦੇ ਘੇਰੇ ਵਿਚ ਸ਼ਾਮਿਲ ਨਹੀਂ ਕੀਤਾ ਗਿਆ। ਅਧਿਆਇ ਦੇ ਆਕਾਰ ਅਤੇ ਵਿਸ਼ੇ ਦੀ ਸੀਮਾ ਨੂੰ ਵੇਖਦੇ ਹੋਏ ਇਸ ਅਧਿਆਇ ਵਿਚ ਆਚਾਰ ਵਿਹਾਰ ਦੇ ਪੱਖ ਤੋਂ ਭਰਪੂਰ ਜਾਣਕਾਰੀ ਪ੍ਰਦਾਨ ਕਰਨ ਵਾਲੇ ਕੁੱਝ ਚੋਣਵੇਂ ਸ੍ਰੋਤ ਗ੍ਰੰਥਾਂ ਨੂੰ ਅਧਿਐਨ ਵਿਚ ਸ਼ਾਮਿਲ ਕੀਤਾ ਗਿਆ ਹੈ ਜੋ ਇਸ ਪ੍ਰਕਾਰ ਹਨ-

1 ਭਾਈ ਗੁਰਦਾਸ ਜੀ ਦੀਆਂ ਰਚਨਾਵਾਂ (ਵਾਰਾਂ ਅਤੇ ਕਬਿੱਤ ਸਵੱਈਏ)

2 ਰਹਿਤਨਾਮੇ

3 ਪ੍ਰੇਮ ਸੁਮਾਰਗ ਗ੍ਰੰਥ

4 ਸ੍ਰੀ ਗੁਰ ਸੋਭਾ

5 ਗੁਰ ਬਿਲਾਸ ਪਾਤਸ਼ਾਹੀ ਛੇਵੀਂ

6. ਸਿੱਖਾਂ ਦੀ ਭਗਤਮਾਲਾ

7. ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ

8 ਸ੍ਰੀ ਗੁਰ ਪੰਥ ਪ੍ਰਕਾਸ਼

**1. ਭਾਈ ਗੁਰਦਾਸ ਜੀ ਦੀਆਂ ਰਚਨਾਵਾਂ (ਵਾਰਾਂ ਅਤੇ ਕਬਿੱਤ ਸਵੱਈਏ)**

ਭਾਈ ਗੁਰਦਾਸ ਜੀ ਸਿੱਖੀ ਦੇ ਪਹਿਲੇ ਵਿਆਖਿਆਕਾਰ ਹਨ ਜਿਨ੍ਹਾਂ ਦੀ ਰਚਨਾ ਨੂੰ ਗੁਰਬਾਣੀ ਦੀ ਕੁੰਜੀ ਹੋਣ ਦਾ ਮਾਣ ਪ੍ਰਾਪਤ ਹੈ। ਸਿੱਖ ਇਤਿਹਾਸ ਵਿਚ ਉਨ੍ਹਾਂ ਨੇ ਆਦਿ ਗ੍ਰੰਥ ਸਾਹਿਬ ਦੇ ਲਿਖਾਰੀ ਵਜੋਂ ਵੀ ਆਪਣਾ ਵੱਡਮੁੱਲਾ ਯੋਗਦਾਨ ਪਾਇਆ। ਦੁਨਿਆਵੀ ਰਿਸ਼ਤੇ ਵਿਚ ਉਹ ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਮਾਮਾ ਜੀ ਲੱਗਦੇ ਸਨ। ਉਨ੍ਹਾਂ ਦੀਆਂ ਰਚਨਾਵਾਂ 40 ਵਾਰਾਂ ਅਤੇ 675 ਕਬਿੱਤ ਸਵੱਈਆਂ ਦੇ ਰੂਪ ਵਿਚ ਪ੍ਰਾਪਤ ਹੁੰਦੀਆਂ ਹਨ। ਵਾਰਾਂ ਦੀ ਭਾਸ਼ਾ ਠੇਠ ਪੰਜਾਬੀ ਅਤੇ ਕਬਿੱਤ ਸਵੱਈਆਂ ਦੀ ਭਾਸ਼ਾ ਬ੍ਰਜ ਹੈ। ਆਪਣੀਆਂ ਰਚਨਾਵਾਂ ਵਿਚ ਭਾਈ ਗੁਰਦਾਸ ਜੀ ਨੇ ਸਿੱਖ ਵਿਚਾਰਧਾਰਾ ਨੂੰ ਸੁੰਦਰ ਢੰਗ ਰਾਹੀਂ ਪ੍ਰਸਤੁਤ ਕੀਤਾ ਹੈ ਅਤੇ ਸਿੱਖੀ ਦੇ ਗੂੜ੍ਹ ਰਹੱਸਾਂ ਨੂੰ ਆਮ ਜਨਜੀਵਨ ਦੀਆਂ ਉਦਾਹਰਨਾਂ ਰਾਹੀਂ ਪੇਸ਼ ਕੀਤਾ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿਚ ਆਚਾਰ ਵਿਹਾਰ ਇਸ ਪ੍ਰਕਾਰ ਪ੍ਰਗਟ ਹੋਇਆ ਹੈ-

**1.1. ਸੰਤੋਖ**

ਭਾਈ ਗੁਰਦਾਸ ਜੀ ਨੇ ਧਰਤੀ ਦੇ ਦ੍ਰਿਸ਼ਟਾਂਤ ਰਾਹੀਂ ਮਨੁੱਖ ਨੂੰ ਧਰਤੀ ਦੇ ਧੀਰਜ, ਧਰਮ, ਸੰਤੋਖ ਵਰਗੇ ਗੁਣ ਧਾਰਨ ਕਰ ਕੇ ਨਿਮਰਤਾ ਧਾਰਨ ਦਾ ਉਪਦੇਸ਼ ਕੀਤਾ ਹੈ-

ਸਭਦੂੰ ਨੀਵੀ ਧਰਤਿ ਹੈ ਆਪੁ ਗਵਾਇ ਹੋਈ ਓਡੀਣੀ।
ਧੀਰਜੁ ਧਰਮੁ ਸੰਤੋਖੁ ਦ੍ਰਿੜੁ ਪੈਰਾ ਹੇਠਿ ਰਹੈ ਲਿਵ ਲੀਣੀ।
ਸਾਧ ਜਨਾ ਦੇ ਚਰਣ ਛੁਹਿ ਆਢੀਣੀ ਹੋਈ ਲਾਖੀਣੀ।
ਅੰਮ੍ਰਿਤ ਬੂੰਦ ਸੁਹਾਵਣੀ ਛਹਬਰ ਛਲਕ ਰੇਣ ਹੋਇ ਰੀਣੀ।

ਮਿਲਿਆ ਮਾਣੁ ਨਿਮਾਣੀਐ ਪਿਰਮ ਪਿਆਲਾ ਪੀਇ ਪਤੀਣੀ।

ਜੋ ਬੀਜੈ ਸੋਈ ਲੁਣੈ ਸਭ ਰਸ ਕਸ ਬਹੁ ਰੰਗ ਰੰਗੀਣੀ।

ਗੁਰਮਖਿ ਸੁਖ ਫਲੁ ਹੈ ਮਸਕੀਣੀ॥੨॥[1]

ਜਿਸ ਪ੍ਰਕਾਰ ਇਕ ਰੁੱਖ ਧੁੱਪ ਅਤੇ ਠੰਡ ਸਹਿਣ ਕਰ ਕੇ ਅਤੇ ਵੱਟਿਆਂ ਦੀ ਸੱਟ ਖਾ ਕੇ ਵੀ ਮਨੁੱਖ ਨੂੰ ਫਲ ਪ੍ਰਦਾਨ ਕਰਦਾ ਹੈ; ਮਨੁੱਖ ਨੂੰ ਵੀ ਉਸੇ ਪ੍ਰਕਾਰ ਦੂਸਰੇ ਮਨੁੱਖਾਂ ਦੇ ਔਗੁਣ ਨਾ ਵੇਖਦੇ ਹੋਏ ਹਮੇਸ਼ਾਂ ਪਰਉਪਕਾਰ ਕਰਨਾ ਚਾਹੀਦਾ ਹੈ।[2] ਰੁੱਖ ਦੀ ਤੇ ਲੋਹੇ ਦੇ ਦ੍ਰਿਸ਼ਟਾਂਤ ਰਾਹੀਂ ਵੀ ਮਨੁੱਖ ਨੂੰ ਆਪਣਾ ਆਪਾ ਗਵਾ ਕੇ ਨਿਮਰਤਾ ਧਾਰਨ ਲਈ ਕਿਹਾ ਹੈ ਕਿ ਜਿਵੇਂ ਲੋਹਾ ਅਹਰਣਿ ਵਾਂਗ ਅਨੇਕਾਂ ਕਸ਼ਟ ਸਹਿ ਕੇ ਉੱਤਮ ਬਣ ਜਾਂਦਾ ਹੈ ਉਸੇ ਤਰ੍ਹਾਂ ਇਕ ਗੁਰਸਿੱਖ ਵੀ ਆਪਣਾ ਆਪ ਗਵਾ ਕੇ ਸ੍ਰੇਸ਼ਠ ਬਣ ਜਾਂਦਾ ਹੈ।[3]

### 1.2. ਚੰਗੀ ਸੰਗਤ ਧਾਰਨ ਕਰਨ ਸੰਬੰਧੀ

ਸਾਧ ਸੰਗਤ ਨੂੰ ਭਾਈ ਗੁਰਦਾਸ ਜੀ ਨੇ ਮਾਨ ਸਰੋਵਰ ਕਿਹਾ ਹੈ ਜਿਸ ਵਿਚੋਂ ਗੁਰਮੁੱਖ ਜਨ ਹੰਸ ਵਾਂਗ ਗੁਣਾਂ ਦੇ ਮੋਤੀ ਚੁਗ ਕੇ ਪਰਮ ਹੰਸ ਬਣ ਜਾਂਦੇ ਹਨ-

ਮਾਨ ਸਰੋਵਰੁ ਆਖੀਐ ਉਪਰਿ ਹੰਸ ਸੁਵੰਸ ਵਸੰਦੇ।

ਮੋਤੀ ਮਾਣਕ ਮਾਨਸਰਿ ਚੁਣਿ ਚੁਣਿ ਹੰਸ ਅਮੋਲ ਚੁਗੰਦੇ।

ਖੀਰੁ ਨੀਰੁ ਨਿਰਵਾਰਦੇ ਲਹਰੀਂ ਅੰਦਰਿ ਫਿਰਨਿ ਤਰੰਦੇ।

---

1 ਚਾਕਰ, ਅਮਰ ਸਿੰਘ, (ਸੰਪਾ.), *ਗਿਆਨ ਰਤਨਾਵਲੀ ਭਾਈ ਗੁਰਦਾਸ ਜੀ,* ਪੰਨਾ 44

2 ਸਿਰ ਤਲਵਾਇਆ ਜੰਮਿਆ ਹੋਇ ਅਚਲੁ ਨ ਚਲਿਆ। ਪਾਣੀ ਪਾਲਾ ਧੁਪ ਸਹਿ ਉਹ ਤਪਹੁ ਨ ਟਲਿਆ।

ਸਫਲਿਓ ਬਿਰਖ ਸੁਹਾਵੜਾ ਫਲ ਸੁਫਲੁ ਸੁਫਲਿਆ। ਫਲ ਦੇਇ ਵੱਟ ਵਗਾਇਐ ਕਰਵਤਿ ਨ ਹਲਿਆ।

ਬੁਰੇ ਕਰਨਿ ਬੁਰਿਆਈਆ ਭਲਿਆਈ ਭਲਿਆ। ਅਵਗੁਣ ਕੀਤੇ ਗੁਣ ਕਰਨਿ ਜਗਿ ਸਾਧ ਵਿਰਲਿਆ।

ਅਉਸਰਿ ਆਪ ਛਲਾਇਦਾ ਤਿਨਾ ਅਉਸਰੁ ਛਲਿਆ॥21॥ *ਉਹੀ,* ਪੰਨਾ 100-101

3 ਲੋਹਾ ਆਰ੍ਹਣਿ ਪਾਇ ਤਾਵਣਿ ਤਾਇਆ। ਘਣ ਅਹਰਣਿ ਹਣਵਾਇ ਦੁਖੁ ਸਹਾਇਆ।

ਆਰਸੀਆ ਘੜਵਾਇ ਮੁਲੁ ਕਰਾਇਆ। ਖਹੁਰੀ ਸਾਣ ਧਰਾਇ ਅੰਗੁ ਹਛਾਇਆ।

ਪੈਰਾਂ ਹੇਠਿ ਰਖਾਇ ਸਿਕਲ ਕਰਾਇਆ। ਗੁਰਮੁਖਿ ਆਪੁ ਗਵਾਇ ਆਪੁ ਦਿਖਾਇਆ॥14॥ *ਉਹੀ,* ਪੰਨਾ 154

ਮਾਨ ਸਰੋਵਰੁ ਛਡਿ ਕੈ ਹੋਰਤ ਥਾਇ ਨ ਜਾਇ ਬਹੰਦੇ।

ਗੁਰਮੁਖਿ ਸੁਖ ਫਲੁ ਸਾਧ ਸੰਗੁ ਪਰਮਹੰਸ ਗੁਰ ਸਿਖ ਸੋਹੰਦੇ।

ਇਕ ਮਨਿ ਇਕੁ ਧਿਆਇਦੇ ਦੂਜੇ ਭਾਇ ਨ ਜਾਇ ਫਿਰੰਦੇ।

ਸਬਦੁ ਸੁਰਤਿ ਲਿਵ ਅਲਖ ਲਖੰਦੇ॥੮॥[4]

### 1.3. ਸਦਾਚਾਰਕ ਗੁਣਾਂ ਸੰਬੰਧੀ

ਗੁਰਸਿੱਖ ਦੀ ਨਿਤਾਪ੍ਰਤੀ ਕਿਰਿਆ ਵਿਚ ਸ਼ਾਮਿਲ ਪੱਖਾਂ ਵਿਚ ਸਦਾਚਾਰਕ ਪੱਖ ਵੀ ਸ਼ਾਮਿਲ ਕੀਤੇ ਗਏ ਹਨ। ਇਕ ਗੁਰਸਿੱਖ ਦੇ ਰੋਜ਼ਾਨਾ ਕੀਤੇ ਜਾਣ ਵਾਲੇ ਕਾਰਜਾਂ ਦਾ ਵੇਰਵਾ ਇਸ ਪ੍ਰਕਾਰ ਹੈ[5]-

1 ਅੰਮ੍ਰਿਤ ਵੇਲੇ ਜਾਗ ਕੇ ਨਾਮ ਸਿਮਰਨ ਅਤੇ ਇਸ਼ਨਾਨ।

2 ਮਿੱਠਾ ਬੋਲ ਕੇ ਨਿਮਰਤਾ ਨਾਲ ਰਹਿਣਾ।

3 ਆਪਣੀ ਕਿਰਤ ਵਿਚੋਂ ਲੋੜਵੰਦਾਂ ਲਈ ਹਿੱਸਾ ਕੱਢ ਕੇ ਵੰਡ ਕੇ ਛਕਣਾ।

4 ਹਰ ਇਕ ਦਾ ਭਲਾ ਮਨਾਉਂਣਾ।

5 ਲੋੜ ਅਨੁਸਾਰ ਖਾਣਾ ਅਤੇ ਸੌਣਾ।

6 ਨੇਕ ਕਮਾਈ ਕਰਦੇ ਹੋਏ ਹੰਕਾਰ ਤੋਂ ਦੂਰ ਰਹਿਣਾ।

7 ਸਤਿ ਸੰਗਤ ਵਿਚ ਜਾ ਕੇ ਪ੍ਰਭੂ ਦੇ ਗੁਣ ਗਾਉਂਣੇ।

ਇਨ੍ਹਾਂ ਪੱਖਾਂ ਵਿਚੋਂ ਬਹੁਤੇ ਪੱਖ ਗੁਰਸਿੱਖ ਦੇ ਸਦਾਚਾਰਕ ਜੀਵਨ ਨੂੰ ਨਿਸ਼ਚਿਤ ਕਰਦੇ ਹਨ।

---

4 *ਉਹੀ,* ਪੰਨੇ 172-173

5 ਪਿਛਲ ਰਾਤੀ ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ। ਮਿਠਾ ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ।

ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ ਪਾਏ। ਘਾਲਿ ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ।

ਸਾਧਸੰਗਤਿ ਮਿਲਿ ਗਾਂਵਦੇ ਰਾਤਿ ਦਿਹੈਂ ਨਿਤ ਚਲਿ ਚਲਿ ਜਾਏ।

ਸਬਦ ਸੁਰਤਿ ਪਰਚਾ ਕਰੈ ਸਤਿਗੁਰੁ ਪਰਚੈ ਮਨ ਪਰਚਾਏ।

ਆਸਾ ਵਿਚਿ ਨਿਰਾਸੁ ਵਲਾਏ॥15॥ *ਉਹੀ,* ਪੰਨਾ 312

### 1.4. ਪਰਉਪਕਾਰੀ ਗੁਣ ਸੰਬੰਧੀ

ਰੁੱਖ ਦੀ ਉਦਾਹਰਨ ਵਾਂਗ ਭਾਈ ਗੁਰਦਾਸ ਜੀ ਨੇ ਪਾਣੀ ਦਾ ਦ੍ਰਿਸ਼ਟਾਂਤ ਦੇ ਕੇ ਮਨੁੱਖ ਨੂੰ ਪਾਣੀ ਵਾਂਗ ਪਰਉਪਕਾਰੀ ਸੁਭਾਅ ਧਾਰਨ ਕਰਨ ਦੀ ਪ੍ਰੇਰਨਾ ਦਿੱਤੀ ਹੈ-

ਧਰਤੀ ਪੈਰਾ ਹੇਠਿ ਹੈ ਧਰਤੀ ਹੇਠਿ ਵਸੰਦਾ ਪਾਣੀ।
ਪਾਣੀ ਚਲੈ ਨੀਵਾਣ ਨੋ ਨਿਰਮਲੁ ਸੀਤਲੁ ਸੁਧੁ ਪਰਾਣੀ।
ਬਹੁ ਰੰਗੀ ਇਕ ਰੰਗੁ ਹੈ ਸਭਨਾ ਅੰਦਰਿ ਇਕੋ ਜਾਣੀ।
ਤਤਾ ਹੋਵੈ ਧੁਪ ਵਿਚਿ ਛਾਵੈ ਠੰਢਾ ਵਿਰਤੀ ਹਾਣੀ।
ਤਪਦਾ ਪਰਉਪਕਾਰ ਨੋ ਠੰਢੇ ਪਰਉਪਕਾਰ ਵਿਹਾਣੀ।
ਅਗਨਿ ਬੁਝਾਏ ਤਪਤਿ ਵਿਚਿ ਠੰਢਾ ਹੋਵੈ ਬਿਲਮੁ ਨ ਆਣੀ।
ਗੁਰੁ ਸਿਖੀ ਦੀ ਏਹ ਨੀਸਾਣੀ॥13॥[6]

### 1.5. ਸੱਚ ਧਾਰਨ ਕਰਨ ਸੰਬੰਧੀ

ਸਚ ਅਤੇ ਕੂੜ (ਝੂਠ) ਦੇ ਅੰਤਰ ਨੂੰ ਵੱਖ-2 ਉਦਾਹਰਨਾਂ ਰਾਹੀਂ ਤੁਲਨਾਤਮਕ ਵਿਧੀ ਰਾਹੀਂ ਪੇਸ਼ ਕਰ ਕੇ ਸਪੱਸ਼ਟ ਕੀਤਾ ਗਿਆ ਹੈ। ਸੱਚ ਸੂਰਜ, ਚੰਦਨ, ਸਰੋਵਰ, ਸਾਵਣ ਦੇ ਹਰੇ ਭਰੇ ਵਣ, ਮਾਨਸਰ ਦੇ ਮੋਤੀ ਅਤੇ ਗੰਗਾ ਦੇ ਨਿਰਮਲ ਪਾਣੀ ਵਾਂਗ ਹੁੰਦਾ ਹੈ ਜਦੋਂ ਕਿ ਇਸ ਦੇ ਮੁਕਾਬਲੇ ਝੂਠ ਉੱਲੂ, ਬਾਂਸ, ਸਿੰਮਲ ਦੇ ਰੁੱਖ, ਅੱਕ ਵਾਂਗ ਹੁੰਦਾ ਹੈ ਭਾਵ ਕਿ ਸੱਚ ਦਾ ਦਰਜਾ ਝੂਠ ਦੇ ਮੁਕਾਬਲੇ ਬਹੁਤ ਜ਼ਿਆਦਾ ਉੱਤਮ ਹੁੰਦਾ ਹੈ।[7]

---

6 *ਉਹੀ,* ਪੰਨਾ 311

7 ਸਚੁ ਸੂਰਜੁ ਪਰਗਾਸੁ ਹੈ ਕੂੜਹੁ ਘੁਘੂ ਕੁਝੁ ਨ ਸੁਝੈ। ਸਚ ਵਣਸਪਤਿ ਬੋਹੀਐ ਕੂੜਹੁ ਵਾਸ ਨ ਚੰਦਨ ਬੁਝੈ।
ਸਚਹੁ ਸਫਲ ਤਰੋਵਰਾ ਸਿੰਮਲੁ ਅਫਲੁ ਵਡਾਈ ਲੁਝੈ। ਸਾਵਣਿ ਵਣ ਹਰੀਆਵਲੇ ਸੁਕੈ ਅਕੁ ਜਵਾਹਾਂ ਰੁਝੈ।
ਮਾਣਕ ਮੋਤੀ ਮਾਨਸਰਿ ਸੰਖ ਨਿਸਖਣ ਹਸਤਨ ਦੁਝੈ। ਸਚੁ ਗੰਗੋਦਕੁ ਨਿਰਮਲਾ ਕੂੜਿ ਰਲੈ ਮਦ ਪਰਗਟੁ ਗੁਝੈ।
ਸਚੁ ਸਚਾ ਕੂੜੁ ਕੂੜਹੁ ਖੁਝੈ॥11॥ *ਉਹੀ,* ਪੰਨਾ 330

### 1.6. ਨਿੰਦਿਆ ਦਾ ਤਿਆਗ ਕਰਨ ਸੰਬੰਧੀ

ਨਿੰਦਾ ਕਰਨ ਵਾਲੇ ਨਿੰਦਕਾਂ ਦਾ ਸੁਭਾਅ ਕੁੱਤੇ, ਸੱਪ, ਪੱਥਰ ਅਤੇ ਗਧੇ ਵਾਂਗ ਹੁੰਦਾ ਹੈ ਜੋ ਉੱਤਮ ਵਸਤੂ ਦੀ ਪ੍ਰਾਪਤੀ ਹੋਣ 'ਤੇ ਵੀ ਗੰਦਗੀ ਅਤੇ ਔਗੁਣ ਵਾਲੀਆਂ ਵਸਤੂਆਂ ਦਾ ਤਿਆਗ ਨਹੀਂ ਕਰਦੇ-

ਕੁਤਾ ਰਾਜ ਬਹਾਲੀਐ ਫਿਰਿ ਚਕੀ ਚਟੈ।

ਸਪੈ ਦੁਧੁ ਪੀਆਲੀਐ ਵਿਹੁ ਮੁਖਹੁ ਸਟੈ।

ਪਥਰੁ ਪਾਣੀ ਰਖੀਐ ਮਨਿ ਹਠੁ ਨ ਘਟੈ।

ਚੋਆ ਚੰਦਨੁ ਪਰਿਹਰੈ ਖਰੁ ਖੇਹ ਪਲਟੈ।

ਤਿਉ ਨਿੰਦਕ ਪਰ ਨਿਦਹੁੰ ਹਠਿ ਮੂਲਿ ਨ ਹਟੈ।

ਆਪਣ ਹਥੀ ਆਪਣੀ ਜੜ ਆਪਿ ਉਪਟੈ॥੧॥[8]

### 1.7. ਅਹਿਸਾਨ ਨੂੰ ਮੰਨਣ ਸੰਬੰਧੀ

ਕਿਸੇ ਦੇ ਕੀਤੇ ਉਪਕਾਰ ਅਤੇ ਅਹਿਸਾਨ ਨੂੰ ਮੰਨਣਾ ਮਨੁੱਖ ਦੇ ਸਦਾਚਾਰੀ ਸੁਭਾਅ ਦਾ ਇਕ ਵੱਡਾ ਗੁਣ ਹੈ। ਦੂਸਰਿਆਂ ਦੇ ਉਪਕਾਰਾਂ ਨੂੰ ਭੁੱਲ ਜਾਣ ਵਾਲੇ ਅਕ੍ਰਿਤਘਣ ਧਰਤੀ 'ਤੇ ਸਭ ਤੋਂ ਵੱਡੇ ਭਾਰ ਹਨ-

ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ।

ਨਾ ਤਿਸੁ ਭਾਰੇ ਕੋਟ ਗੜ੍ਹ ਘਰਬਾਰ ਦਿਸੰਦੇ।

ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ।

ਨਾ ਤਿਸੁ ਭਾਰੇ ਤਰਵਰਾਂ ਫਲ ਸੁਫਲ ਫਲੰਦੇ।

ਨਾ ਤਿਸੁ ਭਾਰੇ ਜੀਅਜੰਤ ਅਣਗਣਤ ਫਿਰੰਦੇ।

ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ॥੮॥[9]

---

[8] *ਉਹੀ,* ਪੰਨਾ 372

[9] *ਉਹੀ,* ਪੰਨਾ 375

### 1.8. ਸੁਚੱਜੀ ਬੋਲ ਬਾਣੀ ਸੰਬੰਧੀ

ਮਿੱਠਾ ਬੋਲਣ ਵਾਲੇ ਸਦਾਚਾਰਕ ਗੁਣ ਦੇ ਮਹੱਤਵ ਨੂੰ ਕਬਿੱਤ ਰਾਹੀਂ ਇਸ ਪ੍ਰਕਾਰ ਦਰਸਾਇਆ ਗਿਆ ਹੈ-

ਮਧੁਰ ਬਚਨ ਸਮਸਰਿ ਨ ਪੁਜਸਿ ਮਧੁ, ਕਰਕ ਸਬਦ ਸਰਿ ਬਿਖੁ ਨ ਬਿਖਮ ਹੈ॥

ਮਧੁਰ ਬਚਨ ਸੀਤਲਤਾ ਮਿਸਟਾਨ ਪਾਨ, ਕਰਕ ਸਬਦ ਸ-ਤਪਤ ਕਟੁ ਕਮ ਹੈ॥

ਮਧੁਰ ਬਚਨ ਕੈ ਤ੍ਰਿਪਤਿ ਅਉ ਸੰਤੋਖ ਸਾਂਤਿ,

ਕਰਕ ਸਬਦ ਅਸੰਤੋਖ ਦੋਖ ਸ੍ਰਮ ਹੈ॥

ਮਧੁਰ ਬਚਨ ਲਗਿ ਅਗਮ ਸੁਗਮ ਹੋਇ,

ਕਰਕ ਸਬਦ ਲਗਿ ਸੁਗਮ ਅਗਮ ਹੈ॥ 256।।[10]

### 1.9. ਭਲੇ ਪੁਰਸ਼ਾਂ ਦੀ ਸੰਗਤ ਕਰਨ ਸੰਬੰਧੀ

ਮਨ ਨੂੰ ਵਿਸ਼ੇ ਵਿਕਾਰਾਂ ਤੋਂ ਬਚਾਅ ਕੇ ਰੱਖਣ ਲਈ ਸਭ ਤੋਂ ਉੱਤਮ ਰਸਤਾ ਭਲੇ ਪੁਰਸ਼ਾਂ ਦਾ ਸਾਥ ਹੈ। ਇਸ ਸੰਬੰਧੀ ਕਬਿਤ ਇਸ ਪ੍ਰਕਾਰ ਹੈ-

ਪਿੰਜਰਾ ਮੈ ਸੂਆ ਜੈਸੇ ਰਾਮ ਨਾਮ ਲੇਤ ਹੇਤੁ,

ਨਿਕਸਤਿ ਖਿਨ ਤਾਂਹਿ ਗ੍ਰਸਤ ਮੰਜਾਰ ਹੈ॥

ਸਾਧ ਸੰਗ ਮਿਲਿ ਮਨ ਪਹੁੰਚੈ ਸਹਜ ਘਰਿ,

ਬਿਚਰਤ ਪੰਚੋ ਦੂਤ ਪ੍ਰਾਨ ਪਰਿਹਾਰ ਹੈ॥ 582।।[11]

### 1.10. ਨਿਮਰਤਾ ਦਾ ਗੁਣ ਧਾਰਨ ਕਰਨ ਸੰਬੰਧੀ

ਭਾਈ ਗੁਰਦਾਸ ਜੀ ਨੇ ਕਬਿਤ ਰਾਹੀਂ ਆਪਣੇ ਆਪ ਨੂੰ ਨੀਵਾਂ ਦਰਸਾਉਂਦੇ ਹੋਏ, ਮਨੁੱਖ ਨੂੰ ਨਿਮਰਤਾ ਧਾਰਨ ਕਰਨ ਦਾ ਢੰਗ ਇਸ ਪ੍ਰਕਾਰ ਦੱਸਿਆ ਹੈ-

ਹਉ ਅਪਰਾਧੀ ਗੁਨਹਗਾਰੁ ਹਉ ਬੇਮੁਖ ਮੰਦਾ।

---

10 ਓਅੰਕਾਰ ਸਿੰਘ, *ਕਬਿੱਤ ਸਵੈਯੇ ਭਾਈ ਗੁਰਦਾਸ ਅਨੁਕ੍ਰਮਣਿਕਾ ਤੇ ਕੋਸ਼,* ਪੰਨਾ 174

11 *ਉਹੀ,* ਪੰਨਾ 345

ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ।

ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।

ਕਾਮ ਕ੍ਰੋਧੁ ਮਦੁ ਲੋਭ ਮੋਹੁ ਅਹੰਕਾਰ ਕਰੰਦਾ।

ਬਿਸਵਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ।

ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ॥21॥36॥[12]

## 2. ਰਹਿਤਨਾਮੇ

ਰਹਿਤਨਾਮੇ ਸਿੱਖੀ ਜੀਵਨ ਰਹਿਤ ਨੂੰ ਪ੍ਰਗਟ ਕਰਨ ਵਾਲੇ ਸ੍ਰੋਤ ਹਨ ਜਿਨ੍ਹਾਂ ਨੂੰ ਸਿੱਖੀ ਜੀਵਨ ਦਾ ਦਰਪਣ ਵੀ ਕਿਹਾ ਜਾ ਸਕਦਾ ਹੈ। ਇਨ੍ਹਾਂ ਵਿਚ ਸਿੱਖ ਅਨੁਸਾਰੀ ਜੀਵਨ ਜਿਉਂਣ ਦੇ ਵੱਖ-ਵੱਖ ਪੱਖਾਂ ਨੂੰ ਬਾਰੀਕੀ ਨਾਲ ਦਰਸਾਇਆ ਗਿਆ ਹੈ। 18ਵੀਂ ਸਦੀ ਵਿਚ ਰਚਿਤ ਇਨ੍ਹਾਂ ਰਹਿਤਨਾਮਿਆਂ ਦਾ ਸੰਬੰਧ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਪ੍ਰਮੁੱਖ ਸਿੱਖਾਂ ਨਾਲ ਜਾ ਜੁੜਦਾ ਹੈ। ਇਨ੍ਹਾਂ ਵਿਚ ਸਿੱਖਾਂ ਲਈ ਨਾ ਕਰਨਯੋਗ ਕਾਰਜਾਂ (ਕੁਰਹਿਤਾਂ) ਨੂੰ ਤਨਖਾਹਨਾਮੇ ਦੇ ਰੂਪ ਵਿਚ ਚਿਤ੍ਰਿਤ ਕੀਤਾ ਗਿਆ ਹੈ। ਪਿਆਰਾ ਸਿੰਘ ਪਦਮ ਨੇ ਇਨ੍ਹਾਂ ਵੱਖ-ਵੱਖ ਰਹਿਤਨਾਮਿਆਂ ਨੂੰ 'ਰਹਿਤਨਾਮੇ' ਨਾਮਕ ਪੁਸਤਕ ਦੇ ਰੂਪ ਵਿਚ ਸੰਪਾਦਿਤ ਕੀਤਾ ਜਿਨ੍ਹਾਂ ਵਿਚ 8 ਰਹਿਤਨਾਮੇ, 1 ਤਨਖਾਹਨਾਮਾ, 1 ਮੁਕਤੀਨਾਮਾ ਨੂੰ ਸ਼ਾਮਿਲ ਕਰਨ ਤੋਂ ਇਲਾਵਾ ਖਾਲਸਾ ਉਸਤਤਿ, ਖਾਲਸਾ ਪੰਚਾਸਿਕਾ, ਖਾਲਸਾ ਸ਼ਤਕ ਦੇ ਕੁੱਝ ਪ੍ਰਮੁੱਖ ਹਵਾਲਿਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਵਿਚਾਰ ਅਧੀਨ ਵਿਸ਼ੇ ਲਈ ਇਸੇ ਪੁਸਤਕ ਨੂੰ ਆਧਾਰ ਬਣਾ ਕੇ ਇਸ ਵਿਚੋਂ ਆਚਾਰ ਵਿਹਾਰ ਨਾਲ ਸੰਬੰਧਿਤ ਹਵਾਲੇ ਸਾਹਮਣੇ ਲਿਆਉਂਣ ਦਾ ਯਤਨ ਕੀਤਾ ਗਿਆ ਹੈ ਜੋ ਇਸ ਪ੍ਰਕਾਰ ਹਨ-

### 2.1. ਉੱਚੇ ਆਚਰਣ ਸੰਬੰਧੀ

ਭਾਈ ਦੇਸਾ ਸਿੰਘ ਉੱਚੇ ਆਚਰਣ ਨੂੰ ਮੁੱਖ ਰੱਖਦਿਆਂ ਹੋਇਆਂ ਮਨੁੱਖ ਨੂੰ ਪਰਾਈ ਇਸਤਰੀ ਦਾ ਸੰਗ ਨਾ ਕਰਕੇ ਉਸ ਨੂੰ ਆਪਣੀ ਮਾਂ ਭੈਣ ਬਰਾਬਰ ਜਾਣ ਕੇ ਸਤਿਕਾਰ ਕਰਨ ਦੀ ਤਾਕੀਦ ਕਰਦੇ ਹੋਏ ਲਿਖਦੇ ਹਨ ਕਿ-

---

[12] ਚਾਕਰ, ਅਮਰ ਸਿੰਘ (ਸੰਪਾ.), *ਗਿਆਨ ਰਤਨਾਵਲੀ ਭਾਈ ਗੁਰਦਾਸ ਜੀ,* ਪੰਨਾ 389

ਪਰ ਬੇਟੀ ਕੋ ਬੇਟੀ ਜਾਨੈ। ਪਰ ਇਸਤ੍ਰੀ ਕੋ ਮਾਤ ਬਖਾਨੈ।

ਅਪਨਿ ਇਸਤ੍ਰੀ ਸੋ ਰਤ ਹੋਈ। ਰਹਿਤਵਾਨ ਗੁਰੁ ਕਾ ਸਿੰਘ ਸੋਈ। 22।[13]

ਮਾਇ ਭੈਣ ਜੋ ਆਵਹਿ ਸੰਗਤਿ। ਦ੍ਰਿਸ਼ਟੀ ਬੁਰਿ ਦੇਖਹਿ ਤਿਸ ਪੰਗਤਿ।

ਸਿਖ ਹੋਇ ਜੋ ਕਰਹਿ ਕ੍ਰੋਧ। ਕੰਨਿਆ ਮੂਲ ਨ ਦੇਵਹਿ ਸੋਧ।

ਧੀ ਭੈਣ ਕਾ ਪੈਸਾ ਖਾਇ। ਗੋਬਿੰਦ ਸਿੰਘ ਧੱਕੇ ਜਮ ਲਾਇ।[14]

ਵੱਡੀ ਮਾਂ ਕਰਿ ਦੇਖਣੀ, ਹਾਣ ਦੀ ਭੈਣ ਕਰ ਦੇਖਣੀ।

ਪਰਾਈ ਧੀ ਭੈਣ ਨੂੰ ਬੁਰੀ ਦ੍ਰਿਸ਼ਟਿ ਨਹੀਂ ਦੇਖਣਾ।[15]

ਜੋ ਸਿਖ ਪਰ ਨਾਰੀਆਂ ਦੀ ਸੰਗਤ ਕਰੇ, ਤਨਖਾਹੀਆ।[16]

ਜੋ ਗੁਰੂ ਦਾ ਸਿਖ ਹੋਇ ਸੋ ਪਰ-ਇਸਤ੍ਰੀ ਦੇਖੇ ਨਾਹੀਂ। ਪਰ ਇਸਤ੍ਰੀਆਂ ਦੀ ਸੰਗਤ ਨਾ ਬੈਠੇ।[17]

### 2.2. ਪੰਜ ਔਗੁਣਾਂ ਤੋਂ ਬਚਣ ਸੰਬੰਧੀ

ਕਾਮ, ਕ੍ਰੋਧ, ਲੋਭ ਮੋਹ, ਅੰਹਕਾਰ ਇਹ ਪੰਜ ਵਿਕਾਰ ਮਨੁੱਖ ਦੇ ਦੁਸ਼ਮਣ ਗਿਣੇ ਜਾਂਦੇ ਹਨ। ਇਨ੍ਹਾਂ ਤੋਂ ਬਚ ਕੇ ਰਹਿਣ ਦੀ ਤਾਕੀਦ ਕਰਦੇ ਹੋਏ ਇਨ੍ਹਾਂ ਸੰਬੰਧੀ ਲਿਖਿਆ ਹੈ-

ਪਰ ਨਾਰੀ, ਜੂਆ, ਅਸਤ ਚੋਰੀ ਮਦਰਾ ਜਾਨ।

ਪਾਂਚ ਐਬ ਯੇ ਜਗਤ ਮੋ, ਤਜੈ ਸੁ ਸਿੰਘ ਸੁਜਾਨ।। 44।।[18]

ਪਾਂਚ ਕਰਮ ਨ ਕਰੇ ਜੋ ਜੀਵਨ-ਮੁਕਤ ਹੈ-

ਪਰਧਨ, ਪਰ-ਇਸਤ੍ਰੀ, ਪਰਨਿੰਦਾ, ਜੂਆ, ਮਦਰਾ।[19]

---

13 ਪਦਮ, ਪਿਆਰਾ ਸਿੰਘ, *ਰਹਿਤਨਾਮੇ,* ਪੰਨੇ 128-129

14 *ਉਹੀ,* ਪੰਨਾ 5

15 *ਉਹੀ,* ਪੰਨਾ 63

16 *ਉਹੀ,* ਪੰਨਾ 98

17 *ਉਹੀ,* ਪੰਨਾ 80

18 *ਉਹੀ,* ਪੰਨਾ 130

19 *ਉਹੀ,* ਪੰਨਾ 69

ਭਾਈ ਦੇਸਾ ਸਿੰਘ ਆਪਣੇ ਰਹਿਤਨਾਮੇ ਵਿਚ ਮਨੁੱਖ ਨੂੰ ਪੰਜ ਵਿਕਾਰਾਂ 'ਤੇ ਕਾਬੂ ਪਾਉਣ ਤੇ ਨੈਤਿਕ ਗੁਣਾਂ ਦੇ ਧਾਰਨੀ ਹੋਣ ਸੰਬੰਧੀ ਲਿਖਦੇ ਹਨ ਕਿ-

> ਕਾਮ ਕ੍ਰੋਧ ਲੋਭ ਮਦ ਮਾਨ। ਇਨ ਕੋ ਥੋਰੇ ਕਰੇ ਸਿਯਾਨ।। 54।।
>
> ਬਿਨੈ ਬਿਬੇਕ ਧਰਮ ਦ੍ਰਿੜ੍ਹ ਰਾਖੈ। ਮਿਥਯਾ ਬਚ ਨ ਕਬਹੂੰ ਭਾਖੈ।। 55।।[20]
>
> ਗੁਰੂ ਕਾ ਸਿਖ ਦਇਆ ਪਾਲੇ, ਸਰਬਤ ਉਪਰਿ। ਪਰ ਜਿਸ ਦਇਆ ਵਿਚ ਵਿਘਨ ਨਿਕਲੈ, ਸੋ ਨਾ ਕਰੈ।[21]

ਗੁਰੂ ਕਾ ਸਿਖ ਪਰਉਪਕਾਰ ਨੂੰ ਢਿੱਲ ਨ ਕਰੈ। ਜੇਕਰ ਆਪਣੀ ਵਾਸੀ ਵਿਚ ਕਿਸੇ ਦਾ ਢੰਗ ਸੁਆਰਥੁ ਪਵੈ ਪਰਨੇ ਤਥਾ ਮਰਨੇ ਦਾ, ਤਾਂ ਤੰਬੋਲ ਪਗੜੀ ਪਹਿਲੈ ਗੁਰੂ ਕੇ ਵਲੋਂ ਸਿਖ ਨੂੰ ਸਿਖ ਕਰਿ ਦੇਵਨਾ।[22]

ਮਿਥਯਾ ਨ ਬੋਲੈ, ਪਰਨਾਰੀ ਤਯਾਗੈ, ਕ੍ਰੋਧ ਹੰਕਾਰ, ਮੋਹ, ਨਿੰਦਾ, ਹਿੰਸਾ, ਅਸਤ ਤਯਾਗੇ, ਬੁਰਾ ਨ ਕਰੇ, ਅੰਤ ਕੀ ਓਰ ਦੇਖੈ ਦੁਖਾਵੇ ਨਾਈ, ਮੀਠਾ ਬੋਲੈ, ਮਨ ਸੁਧ ਰਖੈ, ਹਰਖ ਸੋਗ ਹਰੈ, ਧਰਮ ਕਿਰਤ ਖਾਇ, ਦੂਸਰੇ ਪੰਥ ਮਾਰਗ ਕੀ ਮੜ੍ਹੀ ਨ ਸੇਵੈ, ਮਠ, ਬ੍ਰਤ, ਤੀਰਥ, ਦੇਵੀ ਦੇਵਤਾ, ਬਰਤ, ਪੂਜਾ ਅਰਚਾ, ਮੰਤ੍ਰ ਪੀਰ ਪੁਰਖ, ਬ੍ਰਾਹਮਨ ਪੁਛਨਾ, ਤਰਪਨ ਗਾਇਤ੍ਰੀ, ਸੰਧਯਾ ਹੋਰ ਕਿਤੈ ਵਲਿ ਚਿਤ ਦੇਵੈ ਨਾਹੀ। ਅਕਾਲ ਚਰਨ ਖਾਲਸੇ ਨਾਲ ਜੁੜੇ। ਖਾਲਸਾ ਸੋ ਜਿਨ ਤਨ, ਮਨ, ਧਨ ਗੁਰੂ ਅਕਾਲ ਪੁਰਖ ਕੋ ਸੌਂਪਿਆ ਹੈ।[23]

ਗੁਰੂ ਕਾ ਸਿਖ ਜਗਿਆਸੀ ਹੋਇ। ਸੋ ਨਿਰਵੈਰ, ਨਿਹਕਾਮ, ਨਿਰਮਾਨ, ਨਿਰਲੋਭ, ਹਿੰਸਾ ਤੇ ਰਹਿਤ, ਦੁਨੀਆ ਦੇ ਪਦਾਰਥਾਂ ਨਾਲ ਹੇਤ ਨਾ ਕਰੇ, ਗੁੱਸਾ ਮੂਲ ਨ ਕਰੈ।[24]

---

20 *ਉਹੀ,* ਪੰਨਾ 131

21 *ਉਹੀ,* ਪੰਨਾ 88

22 *ਉਹੀ,* ਪੰਨਾ 84

23 *ਉਹੀ,* ਪੰਨਾ 69

24 *ਉਹੀ,* ਪੰਨਾ 82

ਬਾਣੀ ਜੋਗ ਵੈਰਾਗ ਹਿਯ, ਭਗਤੀ ਸ਼ਾਂਤਿ ਅਚਾਹ

ਖਿਮਾ ਗਰੀਬੀ ਜਤ ਰਖਹਿ, ਅੰਤਰਿ ਸ਼ਸਤ੍ਰ ਅਥਾਹ। 2 ।

ਸਿਖੀ ਗੁਰ ਕੀ ਅਗਮ ਹੈ, ਪੰਚਮ ਗੁਰ ਦਿਖਰਾਇ

ਸਾਢੇ ਚਾਰ ਟਕੇ ਦੀਏ, ਨਿਜ ਸਿਖ ਆਧ ਬਨਾਇ। 3 ।

ਕਾਮ ਕ੍ਰੋਧ ਹਉਂ ਮੋਹ ਲਬ, ਪ੍ਰਭੁ ਸਮ ਵਿਆਪੇ ਸਾਰ

ਇਨ ਤੇ ਨੀਤੋਕਤਿ ਬਚੈ, ਸੋ ਖਾਲਸਾ ਸੰਸਾਰ। 4 ।

ਸੈਨਾ ਪ੍ਰਭੁ ਕੀ ਸਾਧਸੰਗਿ, ਸੈਨਾਪਤਿ ਗੁਰਦੇਵ

ਪ੍ਰੀਤਿ ਭੇਟ ਤਿੰਹ ਦੇਇਕੈ, ਮੁਕਤਿ ਇਨਾਮ ਸੁ ਲੇਵ। 5 ।[25]

### 2.3. ਵੰਡ ਕੇ ਛਕਣ ਅਤੇ ਆਪਸੀ ਪ੍ਰੇਮ ਪਿਆਰ ਸੰਬੰਧੀ

ਵੰਡ ਕੇ ਛਕਣਾ ਸਿੱਖੀ ਦੇ ਸਿਧਾਂਤਾਂ ਵਿਚੋਂ ਇਕ ਹੈ। ਭਾਈ ਚਉਪਾ ਸਿੰਘ ਛਿੱਬਰ ਵੰਡ ਕੇ ਛਕਣ ਅਤੇ ਪ੍ਰੇਮ ਪਿਆਰ ਨਾਲ ਰਹਿਣ ਸੰਬੰਧੀ ਲਿਖਦੇ ਹਨ ਕਿ-

ਜਦ ਪ੍ਰਸਾਦਿ ਖਾਵਣੈ ਆਵੈ ਤਾਂ ਜਥਾ ਸ਼ਕਤਿ ਪ੍ਰਸਾਦਿ ਏਕ ਗਰਾਸ ਅਰਪਨ ਕਰੇ, ਚਉਂਕੇ ਵਿਖੇ ਸਿਖ ਨੂੰ ਨਾਲ ਲੈ ਬੈਠੇ ਅਰਥ ਗੁਰੂ ਕੇ। ਸਾਖ ਗ੍ਰੰਥ ਸਾਹਿਬ ਕੀ ਹੈ:

'ਘਾਲ ਖਾਹਿ ਕਿਛੁ ਹਥਹੁ ਦੇਇ। ਨਾਨਕ ਰਾਹ ਪਛਾਣਹਿ ਸੇਇ।[26]

ਗੁਰੂ ਕਾ ਸਿਖ ਚੰਗੀ ਚੋਖੀ ਵਸਤੁ ਇਕੱਲਾ ਨਾ ਖਾਏ, ਸਿੱਖਾਂ ਨਾਲ ਵੰਡ ਕਰਿ ਖਾਏ।[27]

ਸਿਖ ਪ੍ਰਸਾਦਿ ਖਾਵਣੇ ਵਾਲਾ ਆਪ ਨੂੰ ਗੁਰੂ-ਪੀਰ ਨਾ ਜਾਣੇ ਵਡਿਆਈ ਗੁਰੂ ਕੀ ਜਾਣੇ। ਅਤੇ ਸਿਖ ਛਕਾਵਣੇ ਵਾਲਾ ਆਪ ਨੂੰ ਦਾਤਾ ਨ ਜਾਣੇ। ਅਰੁ ਜਾਣੇ ਇਹ ਦਾਤ ਸਾਰੀ ਨਿਰੰਕਾਰ ਦੀ ਹੈ। ਨਿਰਅਭਿਮਾਨ ਹੋਇ ਰਹੈ।[28]

---

25 *ਉਹੀ,* ਪੰਨਾ 167

26 *ਉਹੀ,* ਪੰਨਾ 79

27 *ਉਹੀ,* ਪੰਨਾ 84

28 *ਉਹੀ,* ਪੰਨਾ 104

ਜੋ ਕਤਹੂੰ ਪ੍ਰਸਾਦਹਿ ਪਾਵੈ। ਕਰਦ ਭੇਟ ਬਿਨ ਕਬਹੂੰ ਨ ਖਾਵੈ।

ਜੋ ਪ੍ਰਸਾਦਿ ਕਾ ਬਾਟਾਂ ਕਰਈ। ਸਮ ਵਰਤਾਰਾ ਸਬ ਕਰ ਧਰਈ।

ਘਾਟ ਬਾਢ ਕਤਹੂੰ ਨਹਿ ਦੇਵਹਿ। ਰਹਤਵੰਤ ਸਿੰਘ ਸੋ ਲੇਵਹਿ।[29]

ਜੋ ਪ੍ਰਸਾਦ ਛਕਨੇ ਲਗੋ, ਹਾਥ ਸੁਚੇਤ ਕਰੇਇ।

ਏਕਾਕੀ ਵਹ ਖਾਇ ਨਹਿ, ਅਵਰਨ ਕੋ ਭੀ ਦੇਇ।

ਬਹੁ ਸਿੰਘਨ ਮਿਲ ਭੋਜਨ ਕੀਜੈ। ਐਸੋ ਹੀ ਸੁਠ ਜਗ ਜਸ ਲੀਜੈ।[30]

### 2.4. ਸਤਿਸੰਗਤ ਕਰਨ ਸੰਬੰਧੀ

ਭਾਈ ਨੰਦ ਲਾਲ ਜੀ ਵੀ ਸੰਗਤ ਦੀ ਮਹਾਨਤਾ ਨੂੰ ਉੱਚਾ ਦਰਜਾ ਦਿੰਦੇ ਹੋਏ ਕਹਿੰਦੇ ਹਨ ਕਿ ਹਰ ਸਿੱਖ ਨੂੰ ਸਤਿਸੰਗਤ ਕਰਨੀ ਚਾਹੀਦੀ ਹੈ ਕਿਉਂਕਿ ਜਿਹੜਾ ਸਤਿਸੰਗਤ ਵਿਚ ਨਹੀਂ ਜਾਂਦਾ ਉਹ ਤਨਖਾਹੀਆ ਗਿਣਿਆ ਜਾਂਦਾ ਹੈ। ਇਸ ਸੰਬੰਧੀ ਲਿਖਦੇ ਹਨ ਕਿ-

ਪ੍ਰਾਤਹ ਕਾਲ ਸਤਿਸੰਗ ਨ ਜਾਵਹਿ। ਤਨਖਾਹਦਾਰ ਵਹ ਵਡਾ ਕਹਾਵਹਿ।

ਸਤਿਸੰਗ ਜਾਇ ਕਰਿ ਚਿਤ ਡੁਲਾਵਹਿ। ਈਹਾਂ ਊਹਾਂ ਠਉਰ ਨ ਪਾਵਹਿ।3।[31]

### 2.5. ਮਿੱਠਾ ਬੋਲਣ ਸੰਬੰਧੀ

ਮਿੱਠ ਬੋਲੜਾ ਵਿਅਕਤੀ ਹਰ ਕਿਸੇ ਨੂੰ ਮਨ ਨੂੰ ਛੂਹ ਜਾਂਦਾ ਹੈ। ਮਿੱਠਾ ਬੋਲਣਾ ਸਿੱਖ ਦੇ ਚੰਗੇ ਗੁਣਾਂ ਨੂੰ ਨਿਰਧਾਰਿਤ ਕਰਦਾ ਹੈ। ਇਸ ਲਈ ਰਹਿਤਨਾਮਿਆਂ ਵਿਚ ਵੀ ਮਿੱਠਾ ਬੋਲਣ ਸੰਬੰਧੀ ਲਿਖਿਆ ਹੈ ਕਿ-

ਦੁਖਾਵੇ ਕਿਸੇ ਨੋ ਨਾਹੀ, ਮੁਖ ਤੇ ਮਿੱਠਾ ਬੋਲੇ, ਜੋ ਕੋਈ ਬੁਰਾ ਭਲਾ ਕਹੈ ਮਨ ਬਿਖੈ ਕਿਛੁ ਲਿਆਵੈ ਨਾਹੀ।[32]

### 2.6. ਨਸ਼ਿਆਂ ਤੋਂ ਪਰਹੇਜ ਸੰਬੰਧੀ

ਨਸ਼ਾ ਇਕ ਭੈੜੀਆਂ ਅਲਾਮਤਾਂ ਵਜੋਂ ਜਾਣਿਆ ਜਾਂਦਾ ਹੈ ਜੋ ਕਿ ਮਨੁੱਖ ਦੀ ਬੁੱਧੀ ਨੂੰ ਭਰਿਸ਼ਟ ਕਰ ਦਿੰਦਾ ਹੈ।

---

29 *ਉਹੀ,* ਪੰਨਾ 132

30 *ਉਹੀ,* ਪੰਨਾ 132

31 *ਉਹੀ,* ਪੰਨਾ 57

32 *ਉਹੀ,* ਪੰਨਾ 120

ਇਸ ਲਈ ਨਸ਼ਿਆਂ ਦਾ ਸੇਵਨ ਕਰਨ ਤੋਂ ਵਰਜਿਆ ਗਿਆ ਹੈ। ਇਸ ਸੰਬੰਧੀ ਲਿਖਿਆ ਮਿਲਦਾ ਹੈ-

ਜੋ ਸਿਖੁ ਮੇਰਾ ਹੋਵੈ ਤਿਸ ਨੂੰ ਤਮਾਕੂ ਪੀਵਣਾ ਅਤੇ ਨਸਵਾਰ ਚੜ੍ਹਾਵਣੀ ਅਜੇਹੀ ਹੈ। ਜੈਸੇ ਗਊ ਮਾਸ ਖਾਇਆ ਤੇ ਤਮਾਕੂ ਇਕੋ ਜਿਹਾ ਹੈ। ਗੁਰੂ ਕਾ ਬਚਨੁ ਹੈ, ਜੋ ਕੋਈ ਸਿਖੁ ਮੇਰਾ ਹੋਸੀ ਏਨਾਂ ਬਚਨਾਂ ਤੇ ਪਰਤੀਤ ਕਰਸੀ।[33]

ਜਿਸ ਖੇਤੀ ਮੈਂ ਤਮਾਕੂ ਉਗੇ ਸੋ ਭ੍ਰਸ਼ਟ ਹੈ। ਜੇ ਤਮਾਕੂ ਛੁਵੈ ਸ੍ਰੀ ਅੰਮ੍ਰਿਤਸਰ ਜੀ ਇਸ਼ਨਾਨ ਕਰੈ ਜੋ ਚੱਬ ਖਾਇ ਤੋ ਜਪ ਤਪ ਸਭ ਨਸ਼ਟ ਹੋਇ।[34]

ਜੇ ਧੂਮ੍ਰਪਾਨ ਕਰੇ ਤਾਂ ਪਚੀਸ ਰੁਪਏ ਤੇ ਸਰੋਤਰ (ਸਲੋਤਰ, ਸੋਟਾ) ਪਚਾਸ ਮਾਰੇ ਪੁਨਾ ਅੰਮ੍ਰਿਤ ਛਕਾਵੇ ਤੋ ਸੁਧ ਹੋ।[35]

ਕੁੱਠਾ, ਹੁੱਕਾ, ਚਰਸ, ਤਮਾਕੂ। ਗਾਂਜਾ, ਟੋਪੀ, ਤਾੜੀ, ਖਾਕੂ। 30।

ਇਨ ਕੀ ਓਰ ਨ ਕਬਹੂ ਕੇਖੈ। ਹਰਤਵੰਤ ਜੋ ਸਿੰਘ ਬਿਸੇਖੈ।[36]

ਗੁਰੂ ਕਾ ਸਿਖ ਸ਼ਰਾਬ ਨਾ ਪੀਵੈ। ਸਾਖ ਗ੍ਰੰਥ ਸਾਹਿਬ ਜੀ ਦੀ:

'ਐਸਾ ਮਦ ਮੂਲ ਨਾ ਪੀਜਈ ਜੇਕਾ ਪਾਰ ਵਸਾਇ।[37]

### 2.7. ਝੂਠੀ ਗਵਾਹੀ ਨਾ ਦੇਣ ਸੰਬੰਧੀ

ਸਿੱਖ ਨੂੰ ਰਿਸ਼ਵਤ ਲੈਣ ਅਤੇ ਕਿਸੇ ਦੂਸਰੇ ਖਿਲਾਫ ਝੂਠੀ ਗਵਾਹੀ ਦੇਣ ਤੋਂ ਵਰਜਿਆ ਹੈ ਇਸ ਸੰਬੰਧੀ ਰਹਿਤਨਾਮੇ ਵਿਚ ਲਿਖਿਆ ਹੈ-

ਬਾਢੀ ਲੇ ਕਰ ਨਯਾਯ ਨ ਕਰੀਏ।

ਝੂਠੀ ਸਾਖਾ ਕਬਹੂੰ ਨ ਭਰੀਏ।। 64।।[38]

---

33 *ਉਹੀ,* ਪੰਨਾ 61

34 *ਉਹੀ,* ਪੰਨਾ 74

35 *ਉਹੀ,* ਪੰਨਾ 72

36 *ਉਹੀ,* ਪੰਨਾ 130

37 *ਉਹੀ,* ਪੰਨਾ 79

38 *ਉਹੀ,* ਪੰਨਾ 132

### 2.8. ਹੰਕਾਰ ਨਿੰਦਾ, ਚੋਰੀ, ਕੁਸੰਗਤਿ ਆਦਿ ਤੋਂ ਬਚਣ ਸੰਬੰਧੀ

ਸਿੱਖਾਂ ਨੂੰ ਅਨੈਤਿਕ ਗੁਣਾਂ ਨੂੰ ਧਾਰਨ ਨਾ ਕਰਨ ਦੀ ਤਾੜਨਾ ਕਰਦੇ ਹੋਏ ਇਨ੍ਹਾਂ ਸੰਬੰਧੀ ਲਿਖਿਆ ਹੈ-

ਪਰਾਈ ਵਸਤੁ ਨਹੀਂ ਚੁਰਾਣੀ। ਪਰਾਈ ਬਖੀਲੀ ਨਹੀਂ ਕਰਨੀ।[39]

ਗੁਰੂ ਕਾ ਸਿਖ ਚੋਰੀ, ਯਾਰੀ ਨ ਕਰੇ, ਤੇ ਜੂਆ ਨ ਖੇਡੇ।

ਸਾਖ: ਚੋਰ ਯਾਰ ਜੂਆਰ ਪੀੜੇ ਘਾਣੀਐ।[40]

ਨਿੰਦਾ ਚੁਗਲੀ ਔਰ ਅਸੂਯਾ। ਦੀਰਘ ਕਲਹ ਭਾਉ ਜੋ ਦੂਆ।

ਇਨ ਕੋ ਮਨ ਤੇ ਦੂਰੀ ਕਰੈ। ਰਾਗ ਦ੍ਵੈਖ ਨਹਿ ਮਨ ਤੇ ਧਰੈ।[41]

ਗੁਰੂ ਕਾ ਸਿਖ, ਨੀਚ ਕਰਮ ਨਾ ਸਿਖੇ। ਕੁਸੰਗਤਿ ਨਾ ਕਰੇ।[42]

ਗੁਰੂ ਕਾ ਸਿਖ ਧਰਮਸਾਲੇ- ਗ੍ਰੰਥ ਸਾਹਿਬ ਜੀ ਦੇ ਪਾਸ ਸਾਧਸੰਗਤਿ ਸਿਖਾਂ ਦੀ ਸੁਹਬਤਿ ਵਿਚ ਬੈਠ ਕੇ ਕਿਸੇ ਗੁਣ ਚਤੁਰਾਈ ਧਨ ਜੁਆਨੀ ਦਾ ਮਾਣ ਨਾ ਕਰੈ।

ਸਾਖ ਗ੍ਰੰਥ ਸਾਹਿਬ ਜੀ ਦੀ:

ਮਾਨ ਮੁਨੀ ਮੁਨਿਵਰ ਗਲੇ, ਮਾਨ ਸਭੈ ਕਉ ਖਾਇ।[43]

ਗੁਰੂ ਕਾ ਸਿਖ 'ਪੁਜਾਰੀ ਹੋਵੈ। ਗੁਰੂ ਕੀ ਅੰਸੁ ਨ ਖਾਵੈ ਅਰੁ ਨਾ ਚੁਰਾਵੈ। ਇਨ ਕੇ ਖਾਏ ਤੇ ਬਧਿ ਨਸ਼ਟ ਹੋਂਦੀ ਹੈ। ਮਾਨੀ ਕਸਬੀ ਆਦਿ ਭੀ ਨਾ ਹੋਵੈ। ਕਾਮੀ, ਕ੍ਰੋਧੀ, ਨਿੰਦਕ, ਅਹੰਕਾਰੀ ਭੀ ਨਾ ਹੋਵੇ।

ਸਾਖ ਗ੍ਰੰਥ ਸਾਹਿਬ ਜੀ ਦੀ:

'ਆਵਖਧਿ ਸਭੇ ਕੀਤੀਅਨਿ ਨਿੰਦਕ ਦਾ ਦਾਰੂ ਨਾਹਿ।'

---

39 *ਉਹੀ,* ਪੰਨਾ 63

40 *ਉਹੀ,* ਪੰਨਾ 86

41 *ਉਹੀ,* ਪੰਨੇ 131-132

42 *ਉਹੀ,* ਪੰਨਾ 88

43 *ਉਹੀ,* ਪੰਨਾ 89

**ਹੋਰ ਸਾਖ:**

ਭੂਲੇ ਮਨ ਮੇਰੈ ਕਪਟ ਨ ਕੀਜੈ। ਅਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ।

ਦਾਨ ਦੀ ਅੰਸੁ ਅਧਿਕਾਰੀ ਨੂੰ ਜੋਗ ਹੈ।

ਗੁਰੂ ਕਾ ਸਿਖ ਆਪ ਕਉ 'ਭਾਈ' 'ਮਹੰਤ' ਨਾ ਅਖਾਏ।

**ਸਾਖ:**

ਆਪਸਿ ਕਉ ਜੋ ਭਲਾ ਕਹਾਵੈ। ਤਿਸਹਿ ਭਲਾਈ ਨਿਕਟਿ ਨ ਆਵੈ।

ਕਪਟੀ ਨਾ ਹੋਵੈ। ਇਸ ਮਾਨ- ਵਡਿਆਈ ਨੇ ਮਸੰਦਾਂ ਦਾ ਨਾਸ ਕੀਤਾ ਹੈ।[44]

ਕਿਸੇ ਦੀ ਕਿਰਤ ਲਗੀ ਦੇਖ ਕੇ, ਅਥਵਾ ਮਾਇਆ, ਪਰਵਾਰ ਸੁਖ ਦੇਖ ਕੇ, ਦੁਖੀ ਨਾ ਹੋਇ। ਈਰਖਾ ਨਾ ਕਰੇ।

ਸਾਖ ਗ੍ਰੰਥ  ਸਾਹਿਬ ਜੀ ਦੀ:

ਅਹਿਰਖਵਾਦ ਨਾ ਕੀਜੈ ਰੇ ਮਨ। ਸੁਕ੍ਰਿਤ ਕਰਿ ਕਰਿ ਲੀਜੈ ਰੇ ਮਨ।

ਹੋਰ ਸਾਖ ਗ੍ਰੰਥ: ਨਿੰਦਕ ਕੀ ਗਤਿ ਕਤਹੂ ਨਾਹੀ।[45]

ਗੁਰੂ ਕਾ ਸਿਖ ਚੋਰੀ, ਯਾਰੀ ਨਾ ਕਰੇ, ਤੇ ਜੂਆ ਨਾ ਖੇਡੇ।

**ਸਾਖ:** ਚੋਰ ਯਾਰ ਜੂਆਰ ਪੀੜੇ ਘਾਣੀਐ।[46]

ਨਿੰਦਾ ਚੁਗਲੀ ਔਰ ਅਸੂਯਾ। ਦੀਰਘ ਕਲਹ ਭਾਉ ਜੋ ਦੂਆ। 61।[47]

ਸੁਣ ਗੁਰ ਸਿਖਾ! ਮੁਕਤਿਨਾਮ, ਸਭ ਸਿਖਨ ਉਪਦੇਸ਼।

ਜੋ ਨ ਕਰੇ ਹੈ ਗੁਰ ਉਕਤਿ, ਬੇਮੁਖ ਝੂਠਾ ਭੇਸ।

ਕਰਜ਼ ਨ ਲੇਵਹਿ ਕਿਸੀ ਕਾ, ਲੇਇ ਤੋ ਦੇਵਹਿ ਭਾਵ।

ਖੁਸ਼ੀ ਕਰੈ ਘਰਿ ਸਿਖਣੀ, ਭਲਾ ਦਿਖਾਵੈ ਚਾਵ।

---

44 *ਉਹੀ,* ਪੰਨਾ 82

45 *ਉਹੀ,* ਪੰਨਾ 83

46 *ਉਹੀ,* ਪੰਨਾ 86

47 *ਉਹੀ,* ਪੰਨਾ 131

ਝੂਠ ਨ ਬੋਲਹਿ ਨ ਸੁਣਹਿ, ਝੂਠ ਨ ਕਰਹਿ ਪ੍ਰੀਤਿ।

ਸਚੁ ਕਮਾਵਹਿ ਸੰਗਤੀਂ, ਸੱਚੀ ਪਾਲਹਿ ਰੀਤਿ।

ਸਚ ਵਾਪਾਰੀ ਸਚੁ ਕਰਮ, ਸਚੁ ਪੰਡਿਤ ਸਚ ਸੁਧ।

ਸੱਚੀ ਖੇਤੀ ਸਚੁ ਕਸਬ, ਸਚੇ ਰੰਗ ਪ੍ਰਬੁਧ। 4 ।[48]

### 2.9. ਗੁਰਸਿੱਖਾਂ ਦੇ ਆਪਸੀ ਪਿਆਰ/ ਇਤਫ਼ਾਕ ਸੰਬੰਧੀ

ਗੁਰੂ ਸਾਹਿਬਾਨ ਦਾ ਹੁਕਮ ਹੈ ਕਿ ਸਿੱਖ ਆਪਸ ਵਿਚ ਪਿਆਰ ਤੇ ਇਤਫਾਕ ਨਾਲ ਰਹੇ। ਆਪਸ ਵਿਚ ਲੜਾਈ ਝਗੜਾ ਨਾ ਕਰੇ ਤੇ ਵੰਡ ਕੇ ਛਕੇ। ਇਸ ਨਾਲ ਆਪਸ ਵਿਚ ਪਿਆਰ ਵੱਧਦਾ ਹੈ। ਇਸ ਸੰਬੰਧੀ ਰਹਿਤਨਾਮਿਆਂ ਵਿਚ ਲਿਖਿਆ ਮਿਲਦਾ ਹੈ-

ਜੋ ਪ੍ਰਸਾਦਿ ਸਿਖ ਨੂੰ ਆਖ ਕੇ ਉਸ ਦੇ ਛਕਾਏ ਬਿਨਾ, ਆਪਿ ਅਗੇ ਖਾਇ ਲਏ, ਸੋ ਭੀ ਤਨਖਾਹੀਆ।

ਜੋ ਸਿਖ, ਸਿਖ ਨੂੰ ਬੁਰਾ ਆਖੇ ਕ੍ਰੋਧ ਨਾਲ, ਸੋ ਭੀ ਤਨਖਾਹੀਆ।

ਜੋ ਸਿਖ, ਸਿਖ ਦੀ ਪੱਗ ਤੇ ਹੱਥ ਪਾਏ,ਸੋ ਭੀ ਤਨਖਾਹੀਆ।

ਜੋ ਸਿਖ, ਸਿਖ ਦੇ ਕੇਸਾਂ ਨੂੰ ਹੱਥ ਪਾਏ, ਸੋ ਭੀ ਤਨਖਾਹੀਆ।[49]

ਗੁਰੂ ਕਾ ਸਿਖ ਵਣਜ ਵਪਾਰ ਅਥਵਾ ਕਿਸੇ ਹੋਰ ਸਬੱਬ ਸਿਖ ਨਾਲ ਉਚਾ ਨੀਵਾਂ ਨਾ ਬੋਲੇ, ਤਾਂ ਬਖਸ਼ਾਇ ਲਏ। ਰਾਤਿ ਵਿਚ ਨਾ ਪਾਏ।ਗੁਰੂ ਕਾ ਸਿਖ, ਸਿਖ ਦੀ ਨਿੰਦਾ ਚੁਗਲੀ, ਦਗ਼ਾ ਬਖ਼ੀਲੀ ਨਾ ਕਰੇ।[50]

### 2.10. ਨਾਚ-ਗਾਣੇ ਸੰਬੰਧੀ

ਰਹਿਤਨਾਮਾ ਸਾਹਿਤ ਮਨੋਰੰਜਨ ਵਿਚੋਂ ਉਤਪਨ ਹੋਣ ਵਾਲੀਆਂ ਲਾਹਨਤਾਂ ਤੋਂ ਸਿੱਖਾਂ ਨੂੰ ਸੁਚੇਤ ਕਰਦਾ ਹੈ। ਇਸ ਸੰਬੰਧੀ ਲਿਖਿਆ ਹੈ-

---

48 *ਉਹੀ,* ਪੰਨਾ 142

49 *ਉਹੀ,* ਪੰਨਾ 97

50 *ਉਹੀ,* ਪੰਨਾ 83

ਗੁਰੂ ਕਾ ਸਿਖ ਗੀਤ ਟਪੇ ਖਿਆਲ ਦੁਨੀਆਂ ਦੇ ਰਸਨਾ ਨਾਲ ਨ ਗਾਵੇ ਨ ਸੁਣੇ।[51]

ਤ੍ਰਿਯਾ ਸਬਦ ਸੁਨੇ ਚਿਤ ਲਾਇ। ਲਾਲ ਜੀ ਸੁਨੈ ਸੋ ਜਮਪੁਰਿ ਜਾਇ।।[52]

## 3. ਪ੍ਰੇਮ ਸੁਮਾਰਗ

ਪ੍ਰੇਮ ਸੁਮਾਰਗ ਗ੍ਰੰਥ ਸਿੱਖੀ ਰਹਿਤ ਨਾਲ ਸੰਬੰਧਿਤ 18ਵੀਂ ਸਦੀ ਦੀ ਇਕ ਪ੍ਰਸਿੱਧ ਰਚਨਾ ਹੈ। ਇਸ ਗ੍ਰੰਥ ਦੇ ਰਚਨਾਕਾਰ ਦਾ ਸੰਬੰਧ ਗੁਰੂ ਗੋਬਿੰਦ ਸਿੰਘ ਜੀ ਨਾਲ ਜੋੜਿਆ ਜਾਂਦਾ ਹੈ ਪ੍ਰੰਤੂ ਇਸ ਗ੍ਰੰਥ ਦੇ ਅਧਿਐਨ ਤੋਂ ਇਹ ਕਥਨ ਠੀਕ ਪ੍ਰਤੀਤ ਨਹੀਂ ਹੁੰਦਾ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਕਿਸੇ ਗੁਰ ਸਿੱਖ ਪ੍ਰੇਮੀ ਦੀ ਰਚਨਾ ਹੈ ਜਿਸ ਦਾ ਰਚਨਾਕਾਲ 1880-1885 ਬਿਕਰਮੀ ਹੈ।

ਇਸ ਗ੍ਰੰਥ ਰਚਨਾ ਦਾ ਉਦੇਸ਼ ਇਸ ਦੇ ਨਾਮ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਜਿਸ ਦਾ ਅਰਥ ਹੈ- ਪਿਆਰ ਮੁਹੱਬਤ ਦਾ ਇਕ ਵਧੀਆ ਰਸਤਾ। ਜਿਥੇ ਇਸ ਗ੍ਰੰਥ ਵਿਚ ਪਰਮਾਤਮਾ ਨਾਲ ਪਿਆਰ ਕਰਨ ਵਾਲਿਆਂ ਲਈ ਜੀਵਨ ਜਾਂਚ ਅਤੇ ਸਦਾਚਾਰ ਦੇ ਨਿਯਮ ਦੱਸੇ ਗਏ, ਉਥੇ ਇਕ ਧਰਮੀ ਰਾਜੇ ਲਈ ਸੁਚੱਜਾ ਰਾਜ ਪ੍ਰਬੰਧ ਚਲਾਉਣ ਦੀ ਨਿਯਮਾਵਲੀ ਵੀ ਦੱਸੀ ਗਈ ਹੈ।

ਵਿਚਾਰ ਅਧੀਨ ਵਿਸ਼ੇ ਸੰਬੰਧੀ ਇਸ ਗ੍ਰੰਥ ਵਿਚੋਂ ਪ੍ਰਾਪਤ ਹੋਣ ਵਾਲੇ ਹਵਾਲੇ ਇਸ ਪ੍ਰਕਾਰ ਹਨ-

### 3.1. ਵਿਸ਼ੇ ਵਿਕਾਰਾਂ ਅਤੇ ਔਗੁਣਾਂ ਤੋਂ ਬਚਣ ਸੰਬੰਧੀ

ਪ੍ਰੇਮ ਸੁਮਾਰਗ ਗ੍ਰੰਥ ਵਿਚ ਸਿੱਖਾਂ ਨੂੰ ਵਿਸ਼ੇ ਵਿਕਾਰਾਂ ਤੋਂ ਬਚਨ ਅਤੇ ਔਗੁਣਾਂ ਤਾ ਤਿਆਗ ਕਰਨ ਲਈ ਕਿਹਾ ਗਿਆ ਹੈ। ਇਸ ਸੰਬੰਧੀ ਲਿਖਿਆ ਹੈ-

ਲੋਭ ਨ ਕਰੈ; ਕ੍ਰੋਧ ਨ ਕਰੈ; ਅਹੰਕਾਰ ਨ ਕਰੈ; ਬਹੁਤ ਮੋਹ ਨ ਕਰੈ; ਨਿੰਦਿਆ ਨ ਕਰੈ; ਅਰੁ ਅਸੱਤ ਭੀ ਨ ਬੋਲੈ। ਅਰੁ ਐਸਾ ਸੱਤ ਭੀ ਨ ਬੋਲੈ; ਜੋ ਕਿਸੈ ਦਾ ਬੁਰਾ ਹੁੰਦਾ ਹੋਵੈ। ਅਰੁ ਜੋ ਕਿਛੁ ਕਰੈ, ਸੁਮਤਿ ਹੀ ਕਰੈ। ਅਰੁ ਅੰਤਕਾਲ ਨਦਰਿ ਕਰਿ ਦੇਖੈ।[53]

ਊਚਾ ਬੋਲਣਾ ਨਾਹੀ। ਨਿੰਦਿਆ, ਲੰਪਟਾਈ, ਬਿਸ੍ਵਾਸ ਘਾਤ, ਲਾ-ਇਤਬਾਰੀ ਚੋਰੀ, ਜਾਰੀ, ਤਾਤ-

---

[51] *ਉਹੀ,* ਪੰਨਾ 14

[52] *ਉਹੀ,* ਪੰਨਾ 53

[53] ਰਣਧੀਰ ਸਿੰਘ (ਸੰਪਾ.), *ਪ੍ਰੇਮ ਸੁਮਾਰਗ,* ਪੰਨਾ 5

ਪਰਾਈ, ਬਖੀਲੀ, ਹਿਰਸ, ਹਿੰਸਾ, ਹੰਕਾਰ, ਅਰੁ ਕਾਮ, ਕ੍ਰੋਧ, ਮੋਹ, ਲੋਭ ਤਮਾਂ ਕਰੈ ਨਾਹੀਂ। ਇਨ੍ਹਾਂ ਦਾ ਸੰਗ੍ਰਹਨ ਨ ਕਰੈ, ਅਪੜੈ ਜਾਲਿ। ਅਰੁ ਅਪਨੇ ਵਾਸਤੇ ਮਿਥਿਆ ਨ ਬੋਲੈ। ਪਰ ਜੇ ਕਿਸੇ ਦਾ ਭਲਾ ਹੋਂਦਾ ਹੋਵੈ, ਤਾਂ ਛੂਠ ਬੁਲਣਾ ਜੋਗ ਹੈ। ਅਰੁ ਜੋ ਕਿਸੇ ਦਾ ਕੰਮ ਆਪ ਤੇ ਜਾਨੈ ਹੋਂਦਾ ਹੈ, ਤਾਂ ਆਪਣਾ ਕੰਮ ਛੱਡਕੇ, ਉਸ ਦਾ ਕੰਮ ਕਰ ਦੇਇ। ਅਰੁ ਅਹਿਸਾਨ ਨ ਜਨਾਵੈ। ਜੋ ਕਿਛੁ ਬਿਉਹਾਰ ਦੁਨੀਆਂ ਕਾ ਹੋਵੈ, ਤਾਂ ਉਸ ਨੂੰ ਹੋਣਾ ਅਨਹੋਣਾ, ਗੁਰੂ ਬਾਬੇ ਨਿਰੰਕਾਰ ਤੇ ਜਾਨੈ। ਕਿਸੇ ਊਪਰਿ ਹਰਖ ਸੋਗ ਨ ਕਰੈ। ਪਰ ਤਲਾਇਸ਼ ਕਰਦਾ ਰਹੈ।[54]

### 3.2. ਵੰਡ ਕੇ ਛਕਣ ਸੰਬੰਧੀ

ਵੰਡ ਕੇ ਛਕਣ ਸੰਬੰਧੀ ਲਿਖਿਆ ਹੈ ਕਿ ਸਿੱਖ ਦਾ ਕਰਤੱਬ ਹੈ ਕਿ ਉਹ ਵੰਡ ਕੇ ਛੱਕੇ ਅਤੇ ਦੁਸਰਿਆਂ ਦੀ ਸਹਾਇਤਾ ਕਰਕੇ ਆਪਣਾ ਭਲਾ ਸਮਝੇ।

ਅਰੁ ਜੋ ਕੋਈ ਭੁੱਖਾ ਨੰਗਾ ਅਰਥੀ ਹੋਇ, ਤਾਂ ਉਸ ਨਾਲਿ ਆਪਣੀ ਵੰਡ ਵਿਚੋਂ,- ਜੋ ਕਿਛੁ ਸਾਹਿਬ ਦਿਤਾ ਹੋਇ, ਸੋ ਵੰਡਿ ਖਾਇ; ਵੰਡਿ ਪਹਰੈ। ਅਰੁ ਕੰਮ ਕਿਸੈ ਕਾ ਜਾਨੈ ਜੋ ਮੁਝ ਤੇ ਹੋਤਾ ਹੈ; ਤਾਂ ਜਾਣੈ ਜੋ ਗੁਰੂ ਕ੍ਰਿਪਾਲ ਹੋਇਆ ਹੈ; ਤਾਂ ਢਿੱਲ ਨ ਕਰੈ। ਅਪਨਾ ਕੰਮੁ ਛੋਡਿ ਕਰਿ, ਉਸ ਪ੍ਰਾਨੀ ਕੇ ਕੰਮੁ ਕਉ ਉਠਿ ਖੜਾ ਹੋਇ; ਜਾਣਿ ਨ ਦੇਇ। ਗੁਰੂ ਕਾ ਰੀਝਾਵਣਾ ਇਸੀ ਬਾਤ ਮੋ ਹੈ। ਜਿਉਂ ਕੋਈ ਜੀਉ ਰਾਜ਼ੀ ਹੋਇ, ਤਿਉਂ ਰਾਜ਼ੀ ਕਰੀਐ; ਦੁਖਾਵੈ ਕਿਸੈ ਨੋ ਨਾਹੀ। ਕੋਈ ਬੁਰਾ ਭਲਾ ਕਹੈ; ਮਨ ਬਿਖੈ ਕਛੁ ਲਿਆਵੈ ਨਾਹੀਂ। ਅਰੁ ਕਿਸੀ ਕਉ ਅਪਣਾ ਮਿਤ੍ਰ ਸਤ੍ਰ ਕਰਿ ਨ ਜਾਣੈ। ਜਹਾਂ ਦੇਖੈ ਤਹਾਂ ਅਬਿਨਾਸੀ ਪੁਰਖੁ ਬਿਆਪਿਆ ਹੂਆ ਹੀ ਦੇਖੈ।[55]

ਅਬ ਕਿਰਤ- ਰੁਜ਼ਗਾਰ ਕੀ ਬਿਧਿ ਕਿਉਂਕਰਿ ਕਰੈ? ਪ੍ਰਿਥਮੈ ਕਿਰਤ ਜੋ ਕਰੈ; ਸੋ ਧਰਮ ਕੀ ਕਰੈ! ਬਰਕਤਿ ਪਾਵਨਹਾਰਾ ਗੁਰੂ ਬਾਬਾ ਹੈ।। 1।।

ਅਰੁ ਜੋ ਕਿਛੁ ਕਮਾਈ ਕਰੈ; ਉਸ ਕੇ ਹਿੱਸੈ ਕਰੈ:- (ੳ) ਪ੍ਰਿਥਮੈ ਤੋ ਗੁਰੂ ਕਾ ਹਿੱਸਾ ਨਿਕਾਲੇ: ਚਾਲੀਸਵਾਂ, ਬੀਸਵਾਂ, ਦਸਵਾਂ, ਜੋ ਗੁਰੂ ਹਿੰਮਤ ਦੇਇ। (ਅ) ਫਿਰਿ ਮਾਤਾ-ਪਿਤਾ ਕਾ ਹਿੱਸਾ ਨਿਕਾਲੇ; ਜਿਉਂ

54 *ਉਹੀ,* ਪੰਨਾ 13

55 *ਉਹੀ,* ਪੰਨਾ 6

ਉੱਪਰ ਕਹਿਆ ਹੈ। (ੲ) ਫੇਰਿ ਖ਼ਾਲਸੇ ਕਾ ਹਿੱਸਾ ਨਿਕਾਲੇ; ਪ੍ਰਸਾਦੁ ਕੋ। (ਸ) ਫੇਰਿ ਅਪੁਨੀ ਪੁਸ਼ਾਕ, ਖੁਰਾਕ, ਖੁਸ਼ਬੋਈ ਕਾ ਹਿੱਸਾ ਨਿਕਾਲੇ। (ਹ) ਅਰੁ ਜੋ ਬਾਕੀ ਰਹੇ, ਸੋ ਨੇਕ ਬਦ ਦਿਨ ਕੇ ਵਾਸਤੇ ਰੱਖੈ।। 7।।[56]

### 3.3. ਪਰਾਏ ਧੰਨ ਸੰਬੰਧੀ

ਪ੍ਰੇਮ ਸੁਮਾਰਗ ਅੰਦਰ ਹਰ ਸਿੱਖ ਨੂੰ ਹਦਾਇਤ ਹੈ ਕਿ ਉਹ ਪਰਾਇਆ ਧੰਨ ਅੰਗੀਕਾਰ ਨਾ ਕਰੇ ਤੇ ਧਰਮ ਦੀ ਕਿਰਤ ਦੁਆਰਾ ਆਪਣਾ ਨਿਰਵਾਹ ਕਰੇ-

ਪਰਾਏ ਦਰਬ ਕਉ ਅੰਗੀਕਾਰੁ ਨ ਕਰੈ। ਧਰਮ ਦੀ ਕਿਰਤਿ ਕਰ ਖਾਇ।[57]

ਕਿਰਤ ਜੋ ਕਰੇ, ਸੋ ਧਰਮ ਦੀ ਕਰੇ ਸਭ ਤੇ ਉੱਤਮ ਕਿਰਤ ਸੌਦਾਗਰੀ ਹੈ, ਉਸ ਤੇ ਖੇਤੀ ਹੈ। ਬਿਉਹਾਰ ਮੈਂ ਲੈਣੇ ਦੇਣੇ ਮੈਂ ਏਕ ਹੀ ਬਾਤ ਕਰੈ, ਦੂਸਰੀ ਨਾ ਕਰੈ, ਕਿਸੀ ਭਾਂਤ ਦਗੇ-ਬਾਜ਼ੀ ਨਾ ਕਰੈ, ਮਿਥਯਾ ਬਿਉਹਾਰ ਨਾ ਕਰੈ, ਅਰ ਕੋਈ ਕਿਸੀ ਕੋ ਕਸਬ ਕਰਨੇ ਤੇ ਐਬ ਨਾ ਰੱਖੈ, ਕਸਬ ਕਰਨਾ ਕਿਆ ਉੱਤਮ, ਕਿਆ ਮੱਧਮ, ਕਿਆ ਨੀਚ ਬਡੀ ਭਗਤਿ ਹੈ, ਇਸ ਬਰਾਬਰ ਔਰ ਭਗਤਿ ਨਾਹੀਂ ਜੋ ਕਸਬ ਕਰ ਕੈ ਬੰਦਗੀ ਕਰੈ।[58]

### 3.4. ਬੁਰੇ ਕੰਮਾਂ ਦਾ ਬ੍ਰਤ

ਬਾਹਰੀ ਬ੍ਰਤ ਦੀ ਥਾਂ ਮਨੁੱਖ ਨੂੰ ਅਪਣੀ ਇੰਦ੍ਰੀਆਂ ਅਤੇ ਸਰੀਰਕ ਅੰਗਾਂ ਨੂੰ ਬੁਰੇ ਕਾਰਜਾਂ ਤੋਂ ਰੋਕਣ ਵਾਲਾ ਬ੍ਰਤ ਰੱਖਣ ਲਈ ਇਸ ਪ੍ਰਕਾਰ ਕਿਹਾ ਗਿਆ ਹੈ-

ਅਰੁ ਬ੍ਰਤ ਭੀ ਰਖਣਾ ਹੈ; ਹੁਕਮੁ ਹੈ। ਕਿਆ ਬ੍ਰਤ ਰਖੈ? ਅੱਖੀਆਂ ਕਾ, ਅਰੁ ਜਿਹਬਾ ਕਾ, ਸ੍ਰਵਣੋ ਕਾ, ਹਥੋਂ, ਪੈਰੋਂ ਕਾ, ਇੰਦ੍ਰੀ ਕਾ, ਨਾਸਕਾ ਕਾ, ਇਹੁ ਬ੍ਰਤ ਰੱਖੈ। ਅਖੀਆਂ ਕਰਿ ਪਰਤ੍ਰਿਆ, ਪਰਦ੍ਰਬ ਨ ਦੇਖੈ। ਜਿਹਬਾ ਕਰਿ ਮਿਥਿਆ ਨ ਬੋਲੈ; ਨਿੰਦਿਆ ਨ ਕਰੈ; ਅਰੁ ਸੁਆਦ ਨ ਚੱਖੈ ਬਹੁਤਾ, ਸਹਜ ਮੈ ਆਵੈ ਸੁ ਅੰਗੀਕਾਰ ਕਰੈ। ਸ੍ਰਵਣੋਂ ਕਰਿ ਪਰ ਨਿੰਦਿਆ ਨ ਸੁਨੈ। ਹਥੋਂ ਕਰ ਪਰ ਦ੍ਰਬ ਨ ਹਿਰੈ, ਪਰ ਤ੍ਰਿਆ ਨੂੰ ਨ ਲਾਏ। ਪੈਰਾਂ ਕਰਿ ਬੁਰੇ ਕਰਮ ਨੂੰ ਨਾ ਧਾਏ। ਇੰਦ੍ਰੀ ਕੋ ਸਿਵਾਇ ਅਪਨੀ ਇਸਤ੍ਰੀ, ਸੁਆਦ ਨ ਦੇਇ; ਅੰਗੀਕਾਰ ਨ

---

56 *ਉਹੀ,* ਪੰਨਾ 46

57 *ਉਹੀ,* ਪੰਨਾ 8

58 ਉਧਰਿਤ, *ਗੁਰੁਮਤ ਮਾਰਤੰਡ (ਭਾਗ ਦੂਜਾ)*, ਪੰਨਾ 812

ਕਰੇ। ਨਾਸਕਾ ਕਰਿ ਜੋ ਬਾਸਨਾ ਬਿਖਿਆ ਮੈ ਲੇਤਾ ਹੈ, ਸੋ ਨ ਲੇਇ; ਬਾਸ ਸੁਬਾਸ ਲੇਇ।[59]

### 3.5. ਦਇਆ ਭਾਵਨਾ ਸੰਬੰਧੀ

ਦਇਆ ਵਾਲੇ ਗੁਣ ਨੂੰ ਇਸ ਗ੍ਰੰਥ ਵਿਚ ਸਭ ਤੋਂ ਉੱਤਮ ਗੁਣ ਦਾ ਦਰਜਾ ਦਿੰਦੇ ਹੋਏ ਇਸ ਦਾ ਮੂਲ ਮਾਨਵ ਸੇਵਾ ਨੂੰ ਦੱਸਿਆ ਗਿਆ ਹੈ-

'ਦਯਾ' ਸਭ ਤੇ ਉੱਤਮ ਹੈ। 'ਸੇਵਾ' ਇਸ ਭਾਉ- ਭਗਤਿ ਕੀ ਬੁਨਯਾਦ ਹੈ। ਭਾਉ- ਭਗਤਿ ਬਿਨਾ ਜੀਵਨਾ ਬ੍ਰਿਥਾ ਹੈ। ਇਸਕਾ ਮੂਲ 'ਸੇਵਾ' ਹੈ। ਆਪਨੀ ਭਗਤਿ ਮੋ ਜਾਨੈ; ਜੋ ਕੋਈ ਨੰਗਾ ਭੁਖਾ ਅਰਥੀ ਹੋਇ, ਸੋ ਉਸ ਕਉ ਚਾਹੈ; ਉਸ ਕੀ ਆਸਾ ਪੂਰਨ ਕਰੈ; ਸੁਪ੍ਰਸੰਨ ਕਰੈ। ਇਸੀ ਮੈ ਇਸਕਾ ਭਲਾ ਹੈ, ਛੁਟਕਾਰਾ ਹੈ॥ 7।। 5।।[60]

### 3.6. ਰਾਜੇ ਦੇ ਫ਼ਰਜ਼ ਸੰਬੰਧੀ

ਇਕ ਰਾਜੇ ਨੂੰ ਆਪਣੀ ਪਰਜਾ ਖ਼ੁੱਸ਼ ਰੱਖਣ ਲਈ ਰਾਜ ਪ੍ਰਬੰਧ ਨੂੰ ਨੈਤਿਕ ਨਿਯਮਾਂ ਵਿਚ ਵਿਵਸਥਿਤ ਕਰ ਕੇ ਇਸ ਪ੍ਰਕਾਰ ਚਲਾਉਣ ਦੀ ਤਾਕੀਦ ਕੀਤੀ ਗਈ ਹੈ-

ਇਸ ਰਾਜੇ ਕੋ ਚਾਹੀਐ: ਜੋ ਨਿਆਉਂ, ਸਮਝ ਕਰਿ, ਭੈ ਸਾਥ ਕਰੇ। ਕੋਈ ਇਸ ਕੈ ਰਾਜ ਮੈ ਦੁਖਿਤ ਨ ਹੋਇ। ਜੇ ਕੋਈ ਜ਼ੋਰਾਵਰ ਹੋਵੈ; ਅਰੁ ਗ਼ਰੀਬ ਉਪਰਿ ਸਿਤਮ ਕਰੈ। ਤਾਂ ਉਸ ਜ਼ੋਰਾਵਰ ਨੂੰ ਬੰਨ੍ਹ ਕੇ ਹਵਾਲੇ ਉਸ ਗ਼ਰੀਬ ਦੇ ਕਰੈ। ਜੋ ਕਿਛੁ ਉਸ ਜ਼ੋਰਾਵਰ ਉਸ ਗ਼ਰੀਬ ਨੂੰ ਦੁਖ ਦਿੱਤਾ ਹੋਵੈ। ਸੋ ਉਸ ਤੇ ਬਦਲਾ ਉਸ ਜ਼ੋਰਾਵਰਿ ਉਪਰਿ ਕਰਵਾਈਐ॥ 3 ।।[61]

ਜੋ ਕੋਈ ਅਰਥੀ ਹੋਵੈ- ਅਕੈ ਨੰਗਾ, ਅਕੈ ਭੁੱਖਾ, ਅਕੈ ਬੇਰੁਜ਼ਗਾਰਾ, ਅਕੈ ਕੰਨਯਾ ਕੇ ਬਿਆਹ ਕਰਨੇ ਕਾ ਅਰਥੀ- ਕੋਈ ਕਿਸੀ ਤਰਹ ਕਾ ਅਰਥੀ ਹੋਇ- ਉਸਕੀ ਮਨਸਾ, ਆਸਾ ਪੂਰਨ ਕਰੈ॥ 3।।[62]

---

59 *ਉਹੀ,* ਪੰਨਾ 11

60 ਉਧਰਿਤ, *ਉਹੀ,* ਪੰਨਾ 94

61 *ਉਹੀ,* ਪੰਨਾ 59

62 *ਉਹੀ,* ਪੰਨਾ 68

### 3.7. ਪਰ ਇਸਤ੍ਰੀ ਗਮਨ ਸੰਬੰਧੀ

ਸਿੱਖ ਧਰਮ ਵਿਚ ਪਰ ਇਸਤ੍ਰੀ ਗਮਨ ਦਾ ਸਖ਼ਤ ਸ਼ਬਦਾਂ ਵਿਚ ਨਖੇਧੀ ਕਿਤੀ ਗਈ ਹੈ ਕਿਉਂਕਿ ਕਿ ਪਰ ਇਸਤ੍ਰੀ ਨੂੰ ਮਾਂ ਭੈਣ ਬਾਰਬਰ ਜਾਣਨ ਦਾ ਹੁਕਮ ਹੈ। ਪ੍ਰੇਮ ਸੁਮਾਰਗ ਵਿਚ ਵੀ ਇਸ ਸੰਬੰਧੀ ਲਿਖਿਆ ਮਿਲਦਾ ਹੈ ਕਿ-

ਅਰੁ ਜੋ ਉਸਕੈ ਇਸਤ੍ਰੀ ਨ ਹੋਇ, ਅਰੁ ਬਿਰਾਨੀ ਤ੍ਰਿਆ ਸਾਥ ਬਦਕਰਮ ਕਰੈ, ਤਿਸਕੀ ਗਤਿ:- ਉਸਕੈ ਬਾਬ ਯਹਿ ਕਰਨਾ ਆਇਆ ਹੈ: ਉਸ ਮਰਦ ਕੋ, ਸਿਰ ਮੂੰਡ ਕਰ ਗਧੇ ਊਪਰਿ ਚੜ੍ਹਾਵੈ, ਅਰੁ ਸ਼ਹਰ ਕੈ ਗਿਰਦ ਫੇਰੈ, ਮੂੰਹ ਕਾਲਾ ਕਰਕੇ। ਅਰੁ ਸਉ ਛਿੱਤ੍ਰ ਮਾਰੀਐ ਪਿੱਠ ਉਪਰਿ। ਅਰੁ ਪੰਜ ਸੈ ਰੁਪਯਾ ਡੰਡ ਰਾਜਾ ਲੇਵੈ। ਅਰੁ ਬਰਸ ਤੱਕ ਕੈਦ ਰੱਖੀਐ। ਇਸੈ ਭੀ ਅਹਾਰ ਚੌਥਾਈ ਦੀਜੀਐ। ਫਿਰਿ ਖਲਾਸ ਕੀਜੀਐ। ਇਸ ਸਜਾਇ ਤੇ ਉਪਰੰਤ ਫੇਰ ਜੋ ਕੋਈ ਉਸ ਇਸਤ੍ਰੀ ਅਰੁ ਪੁਰਖੁ ਤੇ ਯਹਿ ਕਰਮ ਕਰੈ, ਦੋਨੋ ਕੇ ਨੱਕ ਵਢਾਈਐ ਅਰੁ ਛੋਡ ਦੀਜੀਐ॥ 8।।[63]

## 4. ਸ੍ਰੀ ਗੁਰੁ ਸੋਭਾ

ਸ੍ਰੀ ਗੁਰ ਸੋਭਾ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਇਕ ਇਤਿਹਾਸਿਕਕਾਵਿ ਹੈ ਜਿਸ ਦੀ ਰਚਨਾ ਗੁਰੂ ਗੋਬਿੰਦ ਸਿੰਘ ਦੇ ਦਰਬਾਰੀ ਕਵੀ 'ਸੈਨਾਪਤਿ' ਨੇ ਕੀਤੀ। ਸੈਨਪਤਿ ਦਾ ਨਾਮ 'ਸੈਨਾ ਸਿੰਘ' ਹੋਣ ਦੇ ਵੀ ਸੰਕੇਤ[64] ਪ੍ਰਾਪਤ ਹੁੰਦੇ ਹਨ। ਡਾ. ਗੰਡਾ ਸਿੰਘ ਅਨੁਸਾਰ[65] ਇਸ ਦਾ ਅਸਲ ਨਾਮ ਚੰਦਰ ਸੇਨ ਸੀ ਜੋ ਮਾਨ ਗੋਤ ਦਾ ਜੱਟ ਸੀ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ[66] ਸੈਨਾਪਤਿ ਗੁਰਮੁਖੀ ਅਤੇ ਸੰਸਕ੍ਰਿਤ ਦਾ ਚੰਗਾ ਲਿਖਾਰੀ ਕਵੀ ਸੀ। ਜੇਕਰ ਇਸ ਗ੍ਰੰਥ ਦੇ ਵਿਸ਼ੇ-ਵਸਤੂ ਦੀ ਗੱਲ ਕਰੀਏ ਤਾਂ ਇਸ ਦੇ ਨਾਮ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਇਹ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤ ਕਰਨ ਦੇ ਉਦੇਸ਼ ਨਾਲ ਲਿਖਿਆ ਗਿਆ ਹੈ ਜੋ ਗੁਰੂ ਸਾਹਿਬ ਜੀ ਦੀ ਜੀਵਨੀ ਦੇ ਰੂਪ ਵਿਚ ਪ੍ਰਗਟ ਹੋਈ ਹੈ। ਇਸ ਗ੍ਰੰਥ ਦੇ ਕੁੱਲ 20

---

[63] ਉਧਰਿਤ, *ਉਹੀ,* ਪੰਨਾ 86

[64] ਗੰਡਾ ਸਿੰਘ(ਸੰਪਾ.), *ਕਵਿ ਸੈਨਾਪਤਿ ਰਚਿਤ ਸ੍ਰੀ ਗੁਰ ਸੋਭਾ,* ਪੰਨਾ 1

[65] *ਉਹੀ,* ਪੰਨਾ 3

[66] ਨਾਭਾ, ਭਾਈ ਕਾਨ੍ਹ ਸਿੰਘ, *ਗੁਰਮਤਿ ਮਾਰਤੰਡ, (ਭਾਗ ਪਹਿਲਾ),* ਪੰਨਾ 79

ਅਧਿਆਇ ਹਨ। ਜਿਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ20-22 ਸਾਲਾਂ ਦੇ ਇਤਿਹਾਸ ਦਾ ਜ਼ਿਕਰ ਕੀਤਾ ਗਿਆ ਹੈ। ਇਹ ਕਾਵਿ ਰਚਨਾ ਸੰਮਤ 1758 (1701 ਈ.) ਰਚੀ ਜਾਣੀ ਆਰੰਭ ਕੀਤੀ ਗਈ ਜੋ ਸੰਮਤ 1768 (1711 ਈ.) ਵਿਚ ਸੰਪੂਰਨ ਹੋਈ।

### 4.1. ਸਤਿਸੰਗਤ

ਸਤਿਸੰਗਤ ਨੂੰ ਸ੍ਰੀ ਗੁਰ ਸੋਭਾ ਵਿਚ ਇਕ ਵਿਸ਼ੇਸ਼ ਸਥਾਨ ਪ੍ਰਦਾਨ ਕਰਦੇ ਹੋਏ ਅਨੇਕਾਂ ਥਾਵਾਂ ਤੇ ਸਤਿਸੰਗਤ ਬਾਰੇ ਵੱਖ-ਵੱਖ ਪਹਿਲੂ ਪੇਸ਼ ਕੀਤੇ ਗਏ ਹਨ। ਸੰਗਤ ਨੂੰ ਨਰਕ ਤੋਂ ਬਚਾਅ ਕਰਨ ਵਾਲੀ ਅਤੇ ਸੁੱਖ ਪ੍ਰਦਾਨ ਕਰਨ ਵਾਲੀ ਕਿਹਾ ਗਿਆ ਹੈ।[67] ਇਸ ਲਈ ਮਨੁੱਖ ਨੂੰ ਪੰਜ ਵਿਕਾਰਾਂ ਦੀ ਸੰਗਤ ਛੱਡ ਕੇ ਆਪਣੇ ਅੰਦਰੋਂ ਸਾਰੀਆਂ ਤ੍ਰਿਸ਼ਨਾਵਾਂ ਦਾ ਤਿਆਗ ਕਰਦੇ ਹੋਏ ਦਇਆ ਧਾਰਨ ਕਰ ਕੇ ਸੰਗਤ ਨਾਲ ਪ੍ਰੀਤ ਪੈਦਾ ਕਰਨੀ ਚਾਹੀਦੀ ਹੈ-

> ਪਾਂਚ ਕੀ ਕੁਸੰਗਤਿ ਤਜਿ, ਸੰਗਤਿ ਸੋਂ ਪ੍ਰੀਤਿ ਕਰੇ,
>
> ਦਯਾ ਔ ਧਰਮ ਧਾਰਿ, ਤਿਆਗੇ ਸਬ ਲਾਲਸਾ।[68]

ਕਵੀ ਸੈਨਾਪਤਿ ਨੇ ਸੰਗਤ ਵਿਚ ਬੈਠਣ ਦੇ ਢੰਗ ਸੰਬੰਧੀ ਲਿਖਿਆ ਹੈ ਕਿ ਸੰਗਤ ਵਿਚ ਜਾਣ ਲਈ ਮਨ ਵਿਚ ਸ਼ਰਧਾ ਹੋਣੀ ਅਤੇ ਵਿਸ਼ੇ ਵਿਕਾਰਾਂ ਦਾ ਤਿਆਗ ਬਹੁਤ ਜ਼ਰੂਰੀ ਹੈ।[69] ਸਤਿ ਸੰਗਤ ਦਾ ਆਸਰਾ ਲੈ ਕੇ ਆਪਣੇ ਵਿਸ਼ੇ ਵਿਕਾਰ ਅਤੇ ਮਨ ਦੀਆਂ ਦੁਬਿਧਾਵਾਂ ਦੇ ਤਿਆਗ ਵਿਚ ਹੀ ਸੰਗਤ ਕਰਨ ਦੀ ਸਾਰਥਕਤਾ ਹੈ-

> ਅੰਚਰ ਗਹਿ ਸਤਿ ਸੰਗ ਕੋ, ਤਜਿ ਪ੍ਰਪੰਚ ਬਿਕਾਰ।
>
> ਦਿਵਸ ਰੈਨਿ ਬੀਚਾਰੀਏ, ਮਨ ਤੇ ਦੁਬਿਧਾ ਟਾਰ।। 55।। 171।।

---

67 ਸਤ ਸੰਗਤਿ ਪ੍ਰਤਾਪ, ਨਰਕਿ ਨ ਜਾਈਐ।

ਜੀ, ਹੁਕਮ ਤੇਰਾ ਸਬ ਸਚੁ ਸਚੁ ਸੁਖ ਦਾਈਐ।।

ਗੰਡਾ ਸਿੰਘ(ਸੰਪਾ.), *ਕਵਿ ਸੈਨਾਪਤਿ ਰਚਿਤ,ਸ੍ਰੀ ਗੁਰ ਸੋਭਾ,* ਪੰਨਾ 82

68 *ਉਹੀ,* ਪੰਨਾ 81

69 ਜਿਨ ਕੇ ਮਨ ਮੈ ਭਾਵ ਨਹਿ, ਰਚੈ ਪ੍ਰਪੰਚ ਬਿਕਾਰ।

ਸੰਤ ਸਭਾ ਮਿਲਤੇ ਨਹੀਂ ਕਥਾ ਜਾਨਹਿ ਬੀਚਾਰ।। *ਉਹੀ,* ਪੰਨਾ 84

ਸੰਗਤ ਵਿਚ ਜਾ ਕੇ ਹੰਕਾਰ ਅਧੀਨ ਬੋਲਣ ਵਾਲੇ ਦਾ ਕਦੀ ਵੀ ਪਾਰ ਉਤਾਰਾ ਨਹੀਂ ਹੁੰਦਾ। ਉਸ ਦੀ ਹਾਲਤ ਕਦੀ ਵੀ ਸੋਨਾ ਨਾ ਬਣ ਸਕਣ ਵਾਲੇ ਲੋਹੇ ਵਾਂਗ ਹੁੰਦੀ ਹੈ-

ਸਤਿ ਸੰਗਤਿ ਵਿਚ ਬੈਠਿ ਕੈ ਬੋਲੈ ਹੰਕਾਰੋ।
ਭੈ ਸਾਇਰ ਕਿਉਂ ਲੰਘਸੀ, ਕਿਉਂ ਉਤਰੇ ਪਾਰੋ।
ਕਿਉਂ ਕਰਿ ਦਰਗਹਿ ਸਿਝਸੀ, ਕਰਿ ਦੇਖਿ ਬਿਚਾਰੋ।
ਲੋਹਾ, ਕੰਚਨ ਕਿਉਂ ਥੀਏ, ਭਾਵੈ ਜਿਉਂ ਜਾਰੋ।
ਜੀ, ਸਤਿਗੁਰੂ ਪਾਰਸ ਜੇ ਮਿਲੈ, ਛਿਨ ਮਾਹਿ ਨਿਸਤਾਰੋ।। [70]

ਜਿਹੜੇ ਮਨੁੱਖ ਖਾਲਸਾਈ ਭੇਖ ਧਾਰਣ ਕਰ ਕੇ ਸੰਗਤ ਦੀ ਮਹਿਮਾ ਨਾ ਸਮਝਦੇ ਹੋਏ ਸੰਗਤ ਨਹੀਂ ਕਰਦੇ ਉਨ੍ਹਾਂ ਨੂੰ ਖਾਲਸਾ ਨਹੀਂ ਕਿਹਾ ਜਾ ਸਕਦਾ ਕਿਉਂਕਿ ਉਹ ਕਪਟੀ ਹਨ।[71] ਜੋ ਸੱਪ, ਗਧੇ, ਅੱਕ ਅਤੇ ਕੁੱਤੇ ਵਾਂਗ ਆਪਣਾ ਮਾੜਾ ਸੁਭਾਅ ਨਹੀਂ ਛੱਡਦੇ-

ਬਿਸੀਅਰ ਦੁੱਧ ਪਿਆਈਐ, ਓਹੁ ਬਿਖ ਨਹੀਂ ਛੋਰੈ।
ਗਰਦਭ ਸੁਗੰਧਿ ਲਗਾਈਐ, ਭੁਇ ਸੁੱਤਾ ਲੋਰੈ।
ਤੁੱਮਾ ਹੋਇ ਨ ਮਿੱਠੜਾ, ਜੇ ਖੰਡ ਪਗੋਰੈ।
ਸ੍ਵਾਨ ਪੂਛ ਟੇਢੀ ਰਹੈ, ਕਛੁ ਹੋਤ ਨ ਹੋਰੈ।
ਜੀ, ਤਿਉ ਕਪਟੀ ਹੋਇ ਖਾਲਸਾ, ਸਤਿਸੰਗਿ ਨ ਲੋਰੈ।। 56। 172।।[72]

---

[70] *ਉਹੀ,* ਪੰਨਾ 139

[71] ਸਤਿਸੰਗਤਿ ਮੂਲ ਨ ਜਾਣਨੀ, ਗਿਆਨ ਹੋਰੁ ਕਮਾਇਆ।
ਉਇ ਸਤਿਸੰਗਤਿ ਸੋਂ ਨਾ ਡਰਹਿ, ਉਨ ਮਨ ਗਰਬਾਇਆ।
ਜੋ ਸਤਿ ਸੰਗਤਿ ਨਾ ਮਿਲਹਿ, ਉਨ ਜਨਮ ਗਵਾਇਆ।
ਹੁਕਮ ਨ ਮਾਨਹਿ ਖਸਮ ਕਾ, ਜਿਨਿ ਰਾਹੁ ਬਤਾਇਆ।
ਜੀ, ਉਇ ਕਪਟੀ ਹੋਇ ਨ ਖਾਲਸਾ, ਕੇਤਾ ਸਮਝਾਇਆ। *ਉਹੀ,* ਪੰਨਾ 85

[72] *ਉਹੀ,* ਪੰਨਾ 85

ਅਜਿਹੇ ਕਪਟੀ ਮਨੁੱਖ, ਜੋ ਸੰਗਤ ਛੱਡ ਕੇ ਵਿਸ਼ੇ ਵਿਕਾਰਾਂ ਅਧੀਨ ਰੁੱਝੇ ਰਹਿੰਦੇ ਹਨ, ਉਹ ਲੋਕ-ਪਰਲੋਕ ਵਿਚ ਖੱਜਲ ਖੁਆਰ ਹੁੰਦੇ ਹਨ।[73]

ਸੰਗਤ ਦੀ ਜ਼ਰੂਰਤ ਸੰਬੰਧੀ ਸੈਨਾਪਤਿ ਲਿਖਦਾ ਹੈ ਕਿ ਅਕਾਲ ਪੁਰਖ ਦੇ ਹੁਕਮ ਦੇ ਭੇਤ ਦੀ ਸਮਝ ਸਤਿ ਸੰਗਤ ਵਿਚ ਹੀ ਆ ਸਕਦੀ ਹੈ।[74] ਅਜਿਹੀ ਸੰਗਤ ਦੀ ਪ੍ਰਾਪਤੀ ਵੱਡੇ ਭਾਗਾਂ ਨਾਲ ਹੀ ਹੁੰਦੀ ਹੈ-

ਸਤਿ ਸੰਗਤਿ ਮੈ ਬੈਠਿ ਹਰਿ ਗੁਨ ਗਾਈਏ।

ਪੂਰਨ ਹੋਵੈ ਭਾਗ ਤਬ ਹੀ ਪਾਈਏ।

ਜੀ, ਖਾਲਸੇ ਕੀ ਅਰਦਾਸ, ਨਾਮ ਜਪਾਈਐ।।[75]

### 4.2. ਗੁਰਮੁੱਖ ਵਿਅਕਤੀ ਸੰਬੰਧੀ

ਮਨ ਦੇ ਪਿੱਛੇ ਲੱਗ ਕੇ ਕਬੁੱਧੀ ਕਾਰਨ ਕ੍ਰੋਧ, ਪਾਪ ਅਤੇ ਝੂਠ ਅਧੀਨ ਰਹਿਣ ਵਾਲੇ ਮਨਮੁੱਖ ਦੇ ਮੁਕਾਬਲੇ ਉਹ ਮਨੁੱਖ ਧੰਨ ਹਨ ਜੋ ਇਕ ਪਰਮਾਤਮਾ ਦੇ ਨਾਮ ਨਾਲ ਜੁੜੇ ਰਹਿੰਦੇ ਹਨ-

ਮਨ ਤੇ ਲਾਜ ਅਕਾਜ ਕਿਯੋ, ਜਿਨ ਕੋ ਦੁਰਬੁੱਧਿ ਪ੍ਰਕਾਸ਼ ਕਿਯੋ ਹੈ।

ਕ੍ਰੋਧ ਮਹਾ ਹਿਰਦੈ ਤਿਨ ਕੇ, ਜਿਨ ਕੇ ਢਿਗ ਪਾਪ ਨਿਵਾਸ ਕਿਯੋ ਹੈ।

ਝੂਠ ਕੀ ਬਾਤਨ ਸੋ ਲਿਪਟੇ, ਅਟਕੇ ਸਤਿਸੰਗਤਿ ਮੈ ਸੁ ਕਿਯੋ ਹੈ।

ਧੰਨ ਤੇਈ ਜਨ ਧੰਨਿ ਸਦਾ, ਜਿਨ ਏਕ ਹੀ ਨਾਮ ਅਧਾਰੁ ਕਿਯੋ ਹੈ।।[76]

---

73 ਕਰਤਾ ਕਰੇ ਸੁ ਹੋਇ ਰਹਿਤ ਤਿਨਹੁ ਸਬ ਤਯਾਗੀ।

ਸਤਿ ਸੰਗਤਿ ਸੋਂ ਪ੍ਰੀਤਿ ਤੋਰਿ, ਬਿਖਿਅਨ ਰਸ ਲਾਗੀ।

ਗੁਰੂ ਕੇ ਬਚਨ ਬਿਸਾਰਿ, ਕਿਯੋ ਬਿਚਾਰਿ ਖੁਲਾਸਾ।

ਕਹਤ ਖਾਲਸਾ ਨਾਹਿ ਹੋਤਿ, ਜਮਪੁਰਿ ਤਿਹ ਬਾਸਾ। *ਉਹੀ,* ਪੰਨਾ 94

74 ਹਰਿ ਪ੍ਰਭੁ ਚਾਹੇ ਸੋ ਕਰੇ, ਬੁਰਾ ਭਲਾ ਜਿਹ ਹਾਥ।

ਸੰਗਤਿ ਬਿਨੁ ਨਹੀਂ ਪਾਈਐ, ਸਮਝਿ ਦੇਖਿ ਯਹ ਬਾਤ। *ਉਹੀ,* ਪੰਨਾ 97

75 *ਉਹੀ,* ਪੰਨਾ 82

76 *ਉਹੀ,* ਪੰਨਾ 95

### 4.3. ਹੰਕਾਰ ਸੰਬੰਧੀ

ਧਨ, ਪਦਾਰਥ, ਰੁਤਬੇ ਆਦਿ ਦੇ ਹੰਕਾਰ ਵਿਚ ਰਹਿਣ ਵਾਲੇ ਮਨੁੱਖ ਭਰਮ ਵਿਚ ਭੁੱਲੇ ਰਹਿੰਦੇ ਹਨ। ਹੰਕਾਰ ਨੂੰ ਛੱਡ ਕੇ ਪਿਆਰ ਨਾਲ ਨਾਮ ਜਪਣ ਵਾਲਿਆਂ ਨੂੰ ਹੀ ਪਰਮਾਤਮਾ ਆਪਣੇ ਨਾਲ ਜੋੜਦਾ ਹੈ।[77] ਮਾਇਆ ਦੇ ਹੰਕਾਰ ਵਿਚ ਕੌੜੇ ਬੋਲ ਬੋਲਣ ਵਾਲੇ ਸੁਭਾਅ ਪੱਖੋਂ ਹੀ ਪਰਮਾਤਮਾ ਤੋਂ ਟੁੱਟੇ ਹੁੰਦੇ ਹਨ ਜੋ ਰੱਬੀ ਖੇਡਾਂ ਨੂੰ ਚੰਗਾ ਨਹੀਂ ਸਮਝਦੇ।[78]

### 4.4. ਝੂਠ ਸੰਬੰਧੀ

ਝੂਠ ਨੂੰ ਸੈਨਾਪਤਿ ਨੇ ਮਨੁੱਖ ਨੂੰ ਭਰਮ ਵਿਚ ਪਾਉਣ ਵਾਲਾ ਕਿਹਾ ਹੈ ਜਿਸ ਤੋਂ ਬਾਅਦ ਮਨੁੱਖ ਮੋਹ ਵਿਚ ਫਸ ਕੇ ਮੂਲ ਤੱਤ ਨੂੰ ਨਹੀਂ ਸਮਝਦਾ। ਇਸ ਲਈ ਇਸ ਵਿਸ਼ੇ ਵਿਕਾਰਾਂ ਨੂੰ ਛੱਡ ਕੇ ਉਸ ਅਕਾਲ ਪੁਰਖ ਦੇ ਸੰਤਾਂ ਨਾਲ ਮਿਲ ਕੇ ਪਰਮਾਤਮਾ ਦਾ ਨਾਮ ਲੈਣਾ ਚਾਹੀਦਾ ਹੈ-

ਕੂਰ ਮੈ ਪੂਰਿ ਕੈ ਝੂਰ ਐਸੇ ਰਹਯੋ, ਰਹੈ ਜੋ ਕੀਰ ਗਤਿ ਹੋਤ ਵਹੁ ਰੇ।
ਭ੍ਰਮ ਮੈ ਭੂਲਿ ਕੈ ਠੂਲ ਤਾ ਸੋ ਗਯੋ, ਉਡੈ ਹੈ ਆਪ ਜੋ ਛਾਡਿ ਜਹੁ ਰੇ।
ਮੋਹਿ ਫਾਸੀ ਜਹਾਂ, ਜੀਵ ਫਸਿ ਹੈ ਤਹਾਂ, ਤਤ ਬੀਚਾਰ ਨਹਿ ਸੂਝਿਅਹੁ ਰੇ।
ਟੇਰ ਹੈ ਸੰਤ ਬੇਅੰਤ ਮਹਿਮਾ ਮਹਾਂ, ਨਾਮ ਗੋਬਿੰਦ ਗੋਬਿੰਦ ਕਹੁ ਰੇ।। 49।।814।।[79]

### 4.5. ਵਿਸ਼ੇ ਵਿਕਾਰਾਂ ਸੰਬੰਧੀ

ਮਨੁੱਖ ਨੂੰ ਸਦਾਚਾਰ ਤੋਂ ਦੂਰ ਕਰਨ ਵਾਲੇ ਸਾਰੇ ਵਿਸ਼ੇ ਵਿਕਾਰ ਇਸ ਸੰਸਾਰ ਵਿਚ ਰੋਜ਼ ਹੀ ਪੈਦਾ ਹੁੰਦੇ ਹਨ। ਪਰਮਾਤਮਾ ਨਾਲ ਜੁੜੇ ਸੰਤ ਅਜਿਹੇ ਵਿਕਾਰਾਂ ਤੋਂ ਦੂਰ ਰਹਿ ਕੇ ਗੁਰੂ ਦੇ ਪਿਆਰ ਰਾਹੀਂ ਆਪਣਾ

---

77 ਜੋ ਜੋ ਨਰ ਗਰਬਤ ਭਏ, ਦੀਨੇ ਭਰਮ ਭੁਲਾਇ।
ਜੋ ਜਨ ਸਿਮਰਤ ਪ੍ਰੀਤਿ ਕਰਿ, ਉਇ ਲੀਨੇ ਲੜਿ ਲਾਇ।। *ਉਹੀ,* ਪੰਨੇ 113-114

78 ਮਾਇਆ ਕੇ ਮਦ ਜੋ ਜਨ ਫੂਲੇ। ਐਡੇ ਫਿਰੈ ਹੁਕਮ ਤੇ ਭੂਲੇ।
ਫੀਕੇ ਬੈਨ ਕਹੈ ਅਤਿ ਭਾਰੀ; ਪ੍ਰਭੁ ਕੀ ਕ੍ਰਿਆ ਨ ਨੈਕ ਬਿਚਾਰੀ।। *ਉਹੀ,* ਪੰਨਾ 135

79 *ਉਹੀ,* ਪੰਨਾ 171

ਸਦਾਚਾਰਕ ਪੱਖ ਕਾਇਮ ਰੱਖਦੇ ਹਨ।[80]ਇਸ ਲਈ ਮਨੁੱਖ ਨੂੰ ਅਜਿਹੇ ਵਿਸ਼ੇ ਵਿਕਾਰਾਂ ਤੋਂ ਦੂਰ ਰਹਿ ਕੇ ਸਤਿਸੰਗ ਰਾਹੀਂ ਮੋਹ ਮਾਇਆ ਤੋਂ ਨਿਰਲੇਪ ਰਹਿਣਾ ਚਾਹੀਦਾ ਹੈ। ਅਜਿਹੇ ਸਦਾਚਾਰੀ ਮਨੁੱਖ ਲੋਕ-ਪਰਲੋਕ ਦੇ ਦੁੱਖਾਂ ਤੋਂ ਬਚੇ ਰਹਿੰਦੇ ਹਨ-

ਛਾਡਿ ਬਿਕਾਰੁ ਅਧਾਰੁ ਯਹੀ ਕਰਿ, ਏਕ ਹੀ ਨਾਮ ਸਦਾ ਕਹਿਯੈ।
ਰਹਿਯੈ ਸਤਿਸੰਗ ਨਿਸੰਗ ਮਨਾ, ਉਪਜੈ ਸੁਖ ਗਯਾਨ ਸਦਾ ਗਹਿਯੈ।
ਮਮਤਾ ਤਜਿ ਮੋਹ ਬਿਮੋਹ ਭਏ, ਨਰ ਨਾਮ ਕੀ ਸੇਵ ਤਿਨੋ ਲਹਿਯੈ।
ਕਹਿਯੈ ਅਬ ਏਕ ਬਿਚਾਰ ਮਲਾ, ਸੁ ਦੂਤ ਕੋ ਤ੍ਰਾਸ ਕਹਾ ਸਹਿਯੇ॥25॥861॥[81]

ਗੁਰ ਸੋਭਾ ਅੰਦਰ ਸਪਸ਼ਟ ਰੂਪ ਵਿਚ ਹੁੱਕੇ ਅਤੇ ਤਮਾਕੂ ਦਾ ਤਿਆਗ ਕਰਨ ਦੀ ਤਾਕੀਦ ਕੀਤੀ ਗਈ ਹੈ-

ਹੁਕਾ ਨਾ ਪੀਵੈ ਦਾੜ੍ਹੀ ਨ ਮੁੰਡਾਵੈ ਸੋ ਤੇ ਵਾਹਿਗੁਰੂ ਵਾਹਿਗੁਰੂ ਗੁਰੂ ਜੀ ਕਾ ਖਾਲਸਾ।[82]

## 5. ਗੁਰ ਬਿਲਾਸ ਪਾਤਸ਼ਾਹੀ ਛੇਵੀਂ

ਗੁਰ ਬਿਲਾਸ ਪਾਤਸ਼ਾਹੀ ਛੇਵੀਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਜੀਵਨ ਨਾਲ ਸੰਬੰਧਿਤ ਇਤਿਹਾਸਕ ਕਾਵਿ ਗ੍ਰੰਥ ਹੈ ਜਿਸ ਦਾ ਰਚਨਾਕਾਰ ਕੋਈ ਅਗਿਆਤ ਸਿੱਖ ਹੈ। ਇਸ ਗ੍ਰੰਥ ਦੇ ਨਾਮ ਵਿਚ ਵਰਣਿਤ 'ਬਿਲਾਸ' ਸੰਸਕ੍ਰਿਤ ਭਾਸ਼ਾ ਦੇ 'ਵਿਲਾਸ' ਦਾ ਪੰਜਾਬੀ ਰੂਪ ਹੈ ਜਿਸ ਦਾ ਅਰਥ ਹੈ- ਕੌਤਕ। ਇਹ ਗ੍ਰੰਥ ਸੰਮਤ 1775 (1718 ਈ:) ਵਿਚ ਸੰਪੂਰਨ ਹੋਇਆ ਜਿਸ ਦੇ ਕੁੱਲ 21 ਅਧਿਆਇ ਹਨ। ਇਸ ਗ੍ਰੰਥ ਵਿਚੋਂ ਵਿਚਾਰ ਅਧੀਨ ਵਿਸ਼ੇ ਸੰਬੰਧੀ ਪ੍ਰਾਪਤ ਹੋਣ ਵਾਲੇ ਕੁੱਝ ਪ੍ਰਮੁੱਖ ਹਵਾਲੇ ਇਸ ਪ੍ਰਕਾਰ ਹਨ।

### 5.1. ਪੂਰਨ ਰਹਿਤ ਸੰਬੰਧੀ

ਪੂਰਨ ਰਹਿਤ ਰੱਖਣ ਸੰਬੰਧੀ ਕਿਹਾ ਹੈ ਕਿ ਮਨੁੱਖ ਦੀ ਰਹਿਤ ਪੂਰਨ ਤੌਰ 'ਤੇ ਹੋਣੀ ਚਾਹੀਦੀ ਹੈ। ਜੇਕਰ ਉਹ ਕਿਸੇ ਨੂੰ ਉਪਦੇਸ਼ ਦਿੰਦਾ ਹੈ ਤਾਂ ਜ਼ਰੂਰੀ ਹੈ ਕਿ ਉਹ ਵੀ ਉਸੇ ਰਹਿਤ ਦਾ ਧਾਰਨੀ ਹੋਵੇ। ਇਸ

---

[80] ਸਬ ਬਿਕਾਰ ਸੰਸਾਰ ਮੈ, ਉਪਜਤ ਹੈ ਨਿਤ ਨੀਤਿ।
ਤਯਾਗਤ ਹੈ ਤਿਹ ਸੰਤ ਜਨ, ਕਰਿ ਸਤਿਗੁਰੁ ਸੋ ਪ੍ਰੀਤਿ॥ *ਉਹੀ,* ਪੰਨਾ 178

[81] *ਉਹੀ,* ਪੰਨਾ 178

[82] *ਉਹੀ,* ਪੰਨਾ 81

ਸੰਬੰਧੀ ਲਿਖਿਆ ਮਿਲਦਾ ਹੈ-

ਮੁਖ ਤੇ ਟੀਕਾ ਸਹਿਤ ਉਚਾਰਤ ਰਾਮ ਰਿਦੇ ਨਹੀਂ ਪੂਰਨ ਰਹਿਤ।
ਉਪਦੇਸ ਕਰੇ ਕਰਿ ਲੋਕ ਸੁਨਾਵੈ ਕਛੁ ਨ ਕਮਾਵੈ ਆਪਨ ਕਹਿਤ।
ਪੰਡਿਤ ਬੇਦ ਬੀਚਾਰ ਸਦਾ ਤੁਮ ਕ੍ਰੋਧ ਨਿਵਾਰ ਕਹਾਂ ਓਰ ਦਹਿਤ।
ਅਗ੍ਰਜ਼ ਸਾਲਗਰਾਮ ਧਰਿਓ ਤੁਮ ਮਨ ਦ੍ਵਿਜ ਤੋਰ ਦਸੋ ਦਿਸ ਬਹਿਤ।। 51।।[83]

## 5.2. ਪਾਪ ਅਤੇ ਪੁੰਨ ਸੰਬੰਧੀ

ਗੁਰਮਤਿ ਅਨੁਸਾਰ ਜੀਵ ਦਾ ਕੀਤਾ ਹੋਇਆ ਪੁੰਨ-ਕਰਮ ਉਸ ਦੇ ਵਾਸਤੇ ਪ੍ਰਭੂ ਮਿਲਾਪ ਵਿਚ ਸਹਾਇਕ ਬਣਦਾ ਹੈ ਤੇ ਪਾਪ ਜੀਵ ਲਈ ਦੁੱਖਾਂ ਤੇ ਆਵਾਗਵਨ ਦਾ ਕਾਰਨ ਬਣਦਾ ਹੈ। ਆਪਣੇ ਕੀਤੇ ਹੋਏ ਪੁੰਨ ਜਾਂ ਪਾਪ ਦਾ ਫਲ ਖਾਣ ਵਾਲਾ ਹਰੇਕ ਜੀਵ ਆਪ ਹੀ ਜਾਣ ਲੈਂਦਾ ਹੈ ਕਿ ਜੋ ਕੁਝ ਕੋਈ ਬੀਜਦਾ ਹੈ ਉਹੀ ਉਗਦਾ ਹੈ। ਇਸੇ ਸੰਦਰਭ ਵਿਚ ਪਾਪ ਅਤੇ ਪੁੰਨ ਸੰਬੰਧੀ ਹਵਾਲਾ ਗੁਰ ਬਿਲਾਸ ਪਾਤਸ਼ਾਹੀ 6 ਵਿਚ ਪ੍ਰਾਪਤ ਹੁੰਦਾ ਹੈ-

ਪੁੰਨ ਪਾਪ ਈਹਾਂ ਜੋਊ ਕਮਾਵੈ। ਤਿਸ ਕੈ ਫਲ ਜਾਇ ਆਗੇ ਪਾਵੈ।।
ਪੁੰਨ ਅਧਿਕ ਸੁਰ ਦੇਹਿ ਸਵਾਰੈ। ਪਾਪ ਅਧਿਕ ਤਾਮਸੁ ਬਪੁ ਧਾਰੈ।
ਪਾਪ ਪੁੰਨ ਮਿਸ੍ਰਿਤ ਜਬ ਹੋਈ। ਮਾਤ ਉਦਰ ਨਰ ਤਨ ਧਰ ਸੋਈ।
ਅਤਿ ਮਲੀਨ ਵਿਸਟਾ ਮਹਿ ਵਾਸਾ। ਉਲਟੋ ਰਹੈ ਨਾਭ ਮੁਖ ਗ੍ਰਾਸਾ ।।237।।[84]

## 5.3. ਨਿਮਰ ਤੇ ਮਿੱਠਾ ਬੋਲਣ ਸੰਬੰਧੀ

ਮਿੱਠਾ ਖਾਣਾ, ਮਿੱਠਾ ਸੁਣਨਾ ਹਰ ਇਕ ਇਨਸਾਨ ਨੂੰ ਚੰਗਾ ਲੱਗਦਾ ਹੈ। ਮਿੱਠੇ ਪਦਾਰਥ ਜਦ ਵੀ ਅੱਖਾਂ ਦੇ ਸਾਹਮਣੇ ਆਉਂਦੇ ਹਨ ਤਾਂ ਮਨ ਵਿਚ ਉਸ ਨੂੰ ਖਾਣ ਦੀ ਲਾਲਸਾ ਵੱਧ ਜਾਂਦੀ ਹੈ। ਉਸੇ ਤਰ੍ਹਾਂ ਮਿੱਠੇ ਸ਼ਬਦ ਕੰਨ ਵਿਚ ਪੈਂਦੇ ਹੀ ਮਨ ਤਨ ਖਿਲ ਉਠਦਾ ਹੈ। ਕੰਨ ਵਿਚ ਸੁਣਨ ਵਾਲੇ ਮਿੱਠੇ ਤੇਨਿਮਰਸ਼ਬਦ ਨਾਲ

---

83 ਗੁਰਮੁਖ ਸਿੰਘ (ਡਾ.), (ਸੰਪਾ.), *ਗੁਰ ਬਿਲਾਸ ਪਾਤਸ਼ਾਹੀ ੬*, ਪੰਨਾ 83

84 *ਉਹੀ,* ਪੰਨਾ 126

ਮਨ ਵਿਚ ਨਵਾਂ ਰਸ ਪੈਦਾ ਹੁੰਦਾ ਹੈ ਅਤੇ ਸੁਣਨ ਵਾਲੇ ਨੂੰ ਵੀ ਚੰਗਾ ਲੱਗਦਾ ਹੈ। ਇਸ ਸੰਬੰਧੀ ਇਹ ਹਵਾਲਾ ਪ੍ਰਾਪਤ ਹੁੰਦਾ ਹੈ-

ਸਤਿ ਸੰਗਤ ਨਿਸ ਦਿਨ ਕਰਉ ਅਪਨਾ ਆਪ ਮਿਟਾਇ।

ਨਿਮਰ ਬਚਨ ਸਭ ਕਉ ਕਹੋ ਜਉ ਸਭ ਕੇ ਮਨ ਭਾਇ।। 210।।[85]

## 6. ਸਿੱਖਾਂ ਦੀ ਭਗਤਮਾਲਾ

ਸਿੱਖਾਂ ਦੀ ਭਗਤਮਾਲਾ ਭਾਈ ਗੁਰਦਾਸ ਜੀ ਦੀ ਗਿਆਰਵੀਂ ਵਾਰ ਦਾ ਟੀਕਾ ਹੈ। ਭਾਈ ਗੁਰਦਾਸ ਜੀ ਦੁਆਰਾ ਰਚਿਤ ਇਸ ਵਾਰ ਦਾ ਸੰਬੰਧ ਪਹਿਲੇ ਛੇ ਗੁਰੂ ਸਾਹਿਬਾਨ ਦੇ ਸਮੇਂ ਤੱਕ ਹੋ ਚੁੱਕੇ ਪ੍ਰਸਿੱਧ ਗੁਰਸਿੱਖਾਂ ਦੇ ਨਾਵਾਂ ਅਤੇ ਉਨ੍ਹਾਂ ਨਾਲ ਸੰਬੰਧਿਤ ਪ੍ਰਮੁੱਖ ਘਟਨਾਵਾਂ ਨਾਲ ਹੈ।

ਸਿੱਖਾਂ ਦੀ ਭਗਤਮਾਲਾ ਦੀਆਂ ਕੁੱਲ ਇਕ ਸੌ ਵੀਹ ਸਾਖੀਆਂ ਹਨ ਜਿਨ੍ਹਾਂ ਨੂੰ ਭਾਈ ਗੁਰਦਾਸ ਦੀ ਗਿਆਰਵੀਂ ਵਾਰ ਦੀਆਂ ਕੁੱਲ 31 ਪਉੜੀਆਂ ਦਾ ਟੀਕਾ ਕਿਹਾ ਜਾ ਸਕਦਾ ਹੈ। ਸਾਖੀ ਨੰਬਰ 1 ਤੋਂ 14 ਦਾ ਸੰਬੰਧ ਗੁਰੂ ਨਾਨਕ ਸਾਹਿਬ ਨਾਲ, ਸਾਖੀ ਨੰਬਰ 15 ਤੋਂ 25 ਗੁਰੂ ਅੰਗਦ ਦੇਵ ਜੀ ਨਾਲ, ਸਾਖੀ ਨੰਬਰ 26 ਗੁਰੂ ਅਮਰ ਦਾਸ ਜੀ ਨਾਲ, ਸਾਖੀ ਨੰਬਰ 27 ਤੋਂ 32 ਗੁਰੂ ਰਾਮਦਾਸ ਜੀ ਨਾਲ,ਸਾਖੀ ਨੰਬਰ 33 ਤੋਂ 97 ਗੁਰੂ ਅਰਜਨ ਦੇਵ ਜੀ ਨਾਲ ਅਤੇ ਸਾਖੀ ਨੰਬਰ 98 ਤੋਂ 120 ਦਾ ਸੰਬੰਧ ਗੁਰੂ ਹਰਿਗੋਬਿੰਦ ਸਾਹਿਬ ਨਾਲ ਹੈ।

### 6.1. ਹੰਕਾਰ

ਸਿੱਖਾਂ ਦੀ ਭਗਤਮਾਲਾ ਨੂੰ ਅਸੀਂ ਪ੍ਰਮੁੱਖ ਰੂਪ ਵਿਚ ਆਚਾਰ ਵਿਹਾਰ ਪ੍ਰਗਟ ਕਰਨ ਵਾਲੀ ਰਚਨਾ ਵੀ ਕਹਿ ਸਕਦੇ ਹਾਂ। ਸਿੱਖਾਂ ਦੀ ਭਗਤ ਮਾਲਾ ਅਨੁਸਾਰ ਹੰਕਾਰ ਗੁਰਸਿੱਖੀ ਦੇ ਮਾਰਗ ਵਿਚ ਬਹੁਤ ਵੱਡੀ ਰੁਕਾਵਟ ਹੈ। ਮਨੁੱਖ ਨੂੰ ਆਪਣੀ ਮਾਣ ਵਡਿਆਈ ਦੇ ਵੱਖ-ਵੱਖਦ੍ਰਿਸ਼ਟਾਂਤਾਂ ਰਾਹੀਂ ਇਸ ਪ੍ਰਕਾਰ ਹੰਕਾਰ ਰਹਿਤ ਹੋਣ ਲਈ ਕਿਹਾ ਗਿਆ ਹੈ-

---

85 *ਉਹੀ*, ਪੰਨਾ 233

'ਜੇ ਤਾਂ ਆਪਣੇ ਵਿਚ ਅਭਮਾਨ ਹੋਵੇ ਤਾਂ ਗੁਰਸਿਖੀ ਦਾ ਮਾਰਗ ਨਹੀਂ ਟੁਰ ਸਕਦਾ। ਜਿਵੇਂ ਕੋਲੂ ਵਿਚੋਂ ਤੇਲ ਪੀੜ ਕਢੀਦਾ ਹੈ, ਤਿਵੇਂ ਸਰੀਰ ਵਿਚੋਂ ਰਸੁ ਪੀੜ ਕਢਦੇ ਹੈਨਿ। ਜੈਸੇ ਹੰਸ ਦੀ ਚੁੰਝ ਖਟੀ ਹੁੰਦੀ ਤੇ ਦੁਧ ਵਿਚ ਪਾਣੀ ਪਾਇਕੇ ਉਸਦੇ ਅਗੇ ਰਖਦੇ ਹੈਨ ਤੇ ਓਹ ਵਿਚ ਚੁੰਜ ਪਾਵਦਾ ਹੈ। ਤੇ ਦੁਧ ਦੀਆਂ ਫੁਟੀਆਂ ਖਾਇ ਲੈਂਦਾ ਹੈ ਤੇ ਪਾਣੀ ਛੋਡ ਦੇਦਾ ਹੈ, ਤੈਸੇ ਗੁਰੂ ਕੇ ਸਿਖਾਂ ਦਾ ਮਨ ਵਿਚ ਜੋ ਸਤਿ ਤੇ ਅਸਤਿ ਦਾ ਵੀਚਾਰੁ ਹੁੰਦਾ ਹੈ ਤਾਂ ਦੇਹ ਨੂੰ ਅਨਿਤ ਜਾਣਕੇ ਇਸ ਦਾ ਰਸੁ ਛਡਿ ਦੇਦੇ ਹੈਨਿ ਤੇ ਪਰਮਾਤਮ ਗਿਆਨ ਕੇ ਸਰੂਪ ਨੂੰ ਸਤਿ ਜਾਣਕੇ ਦ੍ਰਿੜ ਕਰਦੇ ਹੈਨ ਤੇ ਨਿਹਕਾਮ ਹੋ ਕੇ ਤੇ ਆਪਦਾ ਮਾਨੁ ਵਡਿਆਈ ਛਡਿ ਕੇ ਸ਼ਬਦ ਪੜਦੇ ਹੈਨ।'[86]

### 6.2. ਕਿਰਤ ਕਰਨ ਅਤੇ ਵੰਡ ਛੱਕਣ ਸੰਬੰਧੀ

ਇਸ ਰਚਨਾ ਵਿਚ ਹੱਥੀਂ ਨੇਕ ਕਿਰਤ ਕਰਨ ਅਤੇ ਵੰਡ ਕੇ ਛਕਣ ਨੂੰ ਖਾਸ ਮਹੱਤਵ ਪ੍ਰਦਾਨ ਕੀਤਾ ਗਿਆ ਹੈ ਕਿਉਂਕਿ ਸਦਾਚਾਰੀ ਜੀਵਨ ਲਈ ਇਹ ਬਹੁਤ ਜ਼ਰੂਰੀ ਹਨ। ਗੁਰੂ ਨਾਨਕ ਸਾਹਿਬ ਦੁਆਰਾ ਭਾਈ ਮਰਦਾਨੇ ਨੂੰ ਉਪਦੇਸ਼ ਕਰਦੇ ਹੋਏ ਜੋ ਪੰਜ ਪ੍ਰਕਾਰ ਦੀ ਚੰਗੇ ਆਚਾਰੀ ਗੁਣਾਂ ਵਾਲੀ ਨਮਾਜ਼ ਦ੍ਰਿੜ ਕਰਨ ਲਈ ਕਿਹਾ ਗਿਆ ਉਸ ਵਿਚ ਸੱਚ ਬੋਲਣ, ਮਨ ਨੂੰ ਸ਼ੁੱਧ ਕਰਨ ਵਾਲੇ ਗੁਣਾਂ ਦੇ ਨਾਲ ਧਰਮ ਦੀ ਕਿਰਤ ਕਰਨ ਅਤੇ ਵੰਡ ਕੇ ਛੱਕਣ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ-

'ਤਾ ਬਾਬੇ ਆਖਿਆ ਮਰਦਾਨਿਆ ਪਹਿਲੀ ਨਿਵਾਜ ਸਚੁ ਬੋਲਣਾ, ਸਚੁ ਕਮਾਵਣਾ। ਦੂਜੀ ਨਿਵਾਜ ਧਰਮ ਦੀ ਕਿਰਤ ਕਰਿ ਖਾਵਣੀ ਤੇ ਮਨ ਨੂੰ ਗੁਰਾ ਦੇ ਚਰਨਾ ਦੀ ਕਰਦ ਕਰ ਦੁਹਣਾ, ਹਲਾਲ ਕਰਣਾ। ਤੀਜਾ ਸਭਸੇ ਦਾ ਭਲਾ ਚਿਤਵਨਾ ਤੇ ਪਰਮੇਸਰ ਦੇ ਨਵਿਤ ਵੰਡਿ ਖਾਵਣਾ। ਚੌਥੇ ਸੁਧ ਮਨਸਾ ਰਖਣੀ, ਕਿਵੇਂ ਮਹਾਰਾਜ ਦੇ ਨਾਮ ਦੀ ਪਰਤੀਤ ਪਰਾਪਤਿ ਹੋਵੇ। ਤੇ ਪੰਜਵੇ ਸਵਾਸ ਹਨ ਸੋ ਪਰਮੇਸਰ ਦੀ ਸਿਫਤਿ ਵਿਚਿ ਗੁਜਾਰਣੇ। ਆਯੌ ਭਲਿਆਂ ਕਰਮਾਂ ਵਿਚ ਗੁਜਾਰਨੀ ਤੇ ਸੰਤਾ ਦੀ ਟਹਿਲ ਕਰਨੀ। ਏਹੋ ਕਲਮਾ ਹੈਨਿ, ਜੋ ਇਉਂ ਵਰਤੇਗਾ ਤਾਂ ਦੋਜਕ ਨ ਜਾਵੈਗਾ।'[87]

---

86 ਵੀਰ ਸਿੰਘ (ਭਾਈ), *ਸਿੱਖਾਂ ਦੀ ਭਗਤਮਾਲਾ,* ਪੰਨੇ 106-107

87 *ਉਹੀ,* ਪੰਨਾ 127

ਇਸ ਜਗਤ ਵਿਚ ਧਰਮ ਦੀ ਕਿਰਤ ਕਰਨ ਅਤੇ ਅਭਿਮਾਨ ਤੋਂ ਰਹਿਤ ਹੋ ਕੇ ਪ੍ਰਭੂ ਭਗਤੀ ਕਰਨ ਵਾਲੇ ਦਾ ਸਹਿਜੇ ਹੀ ਉਧਾਰ ਹੋ ਜਾਂਦਾ ਹੈ।[88] ਮਨ ਨੂੰ ਨੀਵਾਂ ਕਰ ਕੇ ਆਪਣੀ ਕਮਾਈ ਵਿਚੋਂ ਲੋੜਵੰਦ ਸਿੱਖਾਂ ਦੀ ਮਦਦ ਕਰਨੀ ਬਹੁਤ ਵੱਡਾ ਕਾਰਜ ਹੈ-

'ਜੋ ਸਿਖੁ ਪ੍ਰਸਾਦ ਦਾ ਅਰਥੀ ਹੋਵੇ ਤਿਸਨੂ ਪ੍ਰਸਾਦ ਛਕਾਵਣਾ, ਜੋ ਬਸਤ੍ਰ ਦਾ ਅਰਥੀ ਹੋਵੇ ਤਿਸ ਨੂ ਬਸਤ੍ਰ ਦੇਵਣਾ। ਔਰ ਸੰਗਰਾਂਦ ਅਮਸਿਆ ਗੁਰਪੁਰਬਾਂ ਉਤੇ ਦੀਪਮਾਲਾ ਵਿਸਾਖੀ ਉਪਰ ਜਿਸਦੀ ਸਰਧਾ ਹੋਵੇ ਰੁਪਈਆ ਮੁਹ ਪੈਸਾ ਇਕਠਾ ਕਰਿਕੇ ਕੜਾਹੁ ਕਰਨਾ, ਜੋੜੂ ਕਰਨਾ, ਤੇ ਮਨ ਨੀਵਾਂ ਰਖਣਾ, ਹਉਮੇ ਨਹੀ ਕਰਨੀ।'[89]

### 6.3. ਧਰਮ ਦੀ ਕਿਰਤ ਅਤੇ ਨਾਮ ਸਿਮਰਨ ਸੰਬੰਧੀ

ਕਿਰਤ ਆਰੰਭ ਕਰਨ ਤੋਂ ਪਹਿਲਾਂ ਅੰਮ੍ਰਿਤ ਵੇਲੇ ਉਠ ਕੇ ਬਾਣੀ ਦਾ ਪਾਠ ਕਰਨ ਦਾ ਜਿਕਰ ਵੀ ਕੀਤਾ ਹੈ-

''ਤੁਸਾਂ ਧਰਮ ਦੀ ਕਿਰਿਤਿ ਕਰਕੇ ਸਿਖਾਂ ਦੀ ਸੇਵਾ ਕਰਨੀ ਤੇ ਮਨ ਨੀਵਾਂ ਕਰਨਾ ਤੇ ਮਿਠਾ ਬੋਲਣਾ ਤੇ ਪਿਛਲੀ ਰਾਤ ਇਸ਼ਨਾਨੁ ਕਰਕੈ ਤੇ ਸ਼ਬਦੁ ਪੜਨਾ, ਝਾਲਾਂਘੇ ਗ੍ਰੰਥ ਜੀ ਦੀ ਬਾਣੀ ਪੜ ਕੈ ਕਿਰਤ ਨੂੰ ਲਗਣਾ''[90]

### 6.4. ਔਗੁਣਾਂ ਦਾ ਤਿਆਗ ਅਤੇ ਨੈਤਿਕ ਗੁਣਾਂ ਨੂੰ ਧਾਰਨ ਕਰਨ ਸੰਬੰਧੀ

ਮਨੁੱਖੀ ਅੰਗਾਂ ਨੂੰ ਵਿਸ਼ੇ ਵਿਕਾਰਾਂ ਤੋਂ ਹਟਾ ਕੇ ਰੱਬੀ ਮਾਰਗ ਨਾਲ ਜੁੜਣ ਨੂੰ ਰਾਜਸੀ ਤਪ ਦਾ ਨਾਮ ਦੇ ਕੇ ਇਨ੍ਹਾਂ ਨੈਤਿਕ ਕਾਰਜਾਂ ਦੀ ਇਨ੍ਹਾਂ ਸ਼ਬਦਾਂ ਰਾਹੀਂ ਪ੍ਰਸੰਸਾ ਕੀਤੀ ਗਈ ਹੈ-

'ਬਚਨੁ ਹੋਆ ਅਖੀ ਨੂੰ ਸੁੰਦਰ ਰੂਪਾਂ ਵਲੋਂ ਹਟਾਵਣਾ, ਤੇ ਕਰਨਾ ਨੂੰ ਨਿੰਦਿਆ ਉਸਤਤ ਵਲੋਂ

---

[88] ਇਸ ਕਲਜੁਗ ਵਿਚਿ ਜੋ ਧਰਮ ਦੀ ਕਿਰਤ ਕਰਕੇ ਵੰਡ ਖਾਵਦੇ ਹਨ, ਤੇ ਗਿਆਨ ਅਗਿਨ ਕਰਕੇ ਜਿਨਾ ਦੇਹ ਅਭਮਾਨ ਦਗਧਿ ਕੀਤਾ ਹੈ ਤੇ ਸਾਧ ਸੰਗਤਿ ਵਿਚ ਟੁਰ ਜਾਂਦੇ ਹੈਨ, ਤੇ ਗੁਰਾਂ ਦੇ ਸਬਦ ਤੇ ਦ੍ਰਿੜ ਪ੍ਰਤੀਤ ਰਖਦੇ ਹੈਨ, ਤੇ ਓਨਾਂ ਨੂੰ ਵਾਹਗੁਰੂ ਤੁਰਤੁ ਹੀ ਆਪਣੀ ਪ੍ਰੇਮ ਭਗਤਿ ਦੇ ਕੇ ਉਧਾਰੁ ਕਰ ਲੈਂਦਾ ਹੈ। *ਉਹੀ,* ਪੰਨਾ 119

[89] *ਉਹੀ,* ਪੰਨਾ 243

[90] *ਉਹੀ,* ਪੰਨਾ 81

ਹਟਾਵਣਾ, ਤੇ ਹਥਾ ਨੂੰ ਚੋਰੀ ਜਾਰੀ ਵਲੋਂ ਹਟਾਵਣਾ, ਤੇ ਅਖੀ ਨੂੰ ਸੰਤਾਂ ਦੇ ਦਰਸਨ ਤੇ ਪੋਥੀਆਂ ਗਿਰੰਥਾ ਦੇ ਦਰਸਨ ਵਲਿ ਜੋੜਨਾ, ਤੇ ਕਰਨਾ ਨੂੰ ਗੋਵਿੰਦ ਦੇ ਜਸੁ ਸੁਣਨਿ ਵਲ ਜੋੜਨਾ ਤੇ ਰਸਨਾ ਨੂੰ ਝੂਠ ਥੀ ਮੋੜਕੇ ਮਿੱਠੇ ਬੋਲਣ ਤੇ ਸਿਫਤਿ ਵਲ ਜੋੜਨਾ ਤੇ ਹਥਾਂ ਨੂੰ ਸੰਤਾਂ ਦੀ ਸੇਵਾ ਨਾਲ ਜੋੜਨਾ ਤੇ ਦਾਨ ਨਾਲ ਤੇ ਪੈਰਾ ਨੂੰ ਗੁਰਦੁਆਰੇ ਤੇ ਸਤਿ ਸੰਗਤਿ ਨੂੰ ਲੈ ਜਾਵਣਾ ਏਹ ਰਾਜਸੀ ਤਪੁ ਹੈ।'[91]

ਸਦਾਚਾਰਕ ਗੁਣਾਂ ਤੋਂ ਵਿਹੂਣੇ ਮਨਮੁੱਖਾਂ ਦੀਆਂ ਚਾਰ ਕਿਸਮਾਂ ਦਰਸਾਈਆਂ ਹਨ ਜਿਨ੍ਹਾਂ ਵਿਚ ਈਰਖਾ, ਹੰਕਾਰ, ਨਿੰਦਾ ਆਦਿ ਵਰਗੇ ਔਗੁਣਾਂ ਨੂੰ ਸ਼ਾਮਿਲ ਕਰ ਕੇ ਗੁਰਸਿੱਖਾਂ ਨੂੰ ਇਨ੍ਹਾਂ ਤੋਂ ਬਚ ਕੇ ਰਹਿਣ ਵਾਲੇ ਉਪਦੇਸ਼ ਨੂੰ ਇਸ ਪ੍ਰਕਾਰ ਦਰਸਾਇਆ ਹੈ-

'ਤਾਂ ਬਾਬਾ ਬੋਲਿਆ: ਚਾਰ ਸਾਖੀਆਂ ਮਨਮੁਖਾਂ ਦੀਆਂ ਹੈਨਿ। ਪ੍ਰਿਥਮੇ ਈਰਖਾ, ਹਰਿ ਕਿਸੇ ਨਾਲਿ ਬਖੀਲੀ ਕਰਨੀ ਜੋ ਸਭੇ ਪਦਾਰਥ ਤੇ ਸਭੇ ਗੁਣ ਮਥੇ ਹੀ ਹੋਵਨਿ, ਪਰ ਜੇ ਕਿਸੇ ਹੋਰਸ ਥੇ ਹੋਵਨਿ, ਤਾਂ ਰਿਦਾ ਪ੍ਰਸੰਨ ਨਾ ਹੋਵਨ, ਸਭਣਾ ਨੂ ਆਪਣਾ ਵੈਰੀ ਜਾਨਣਾ। ਤੇ ਦੂਜੀ, ਅਕਰੁਣਾ, ਹਉਮੈ ਕਰਣੀ। ਜੇ ਆਪ ਥੀ ਘਟਿ ਵੇਖਦਾ ਤਾ ਉਸ ਨੂ ਬੁਧਿ ਨ ਹੋਈ, ਓਸ ਨੂ ਹਸਣਾ ਤੇ ਹਉਮੇ ਕਰਣੀ ਜੋ ਮੇਰਾ ਜੇਹਾ ਕੋਈ ਨਹੀ, ਤੇ ਤੀਜੀ ਨਿੰਦਾ, ਜੇ ਆਪ ਥੀ ਕੋਈ ਵਸੇਖ ਹੋਵੇ, ਤੇ ਓਸ ਦੀ ਕੋਈ ਉਸਤਤਿ ਕਰੇ ਤਾਂ ਸਹਾਰ ਨਾ ਸਕਣੀ, ਸਗੋ ਉਸ ਦੀ ਨਿੰਦਾ ਕਰਣੀ, ਜੋ ਓਹੁ ਭੀ ਮੇਰਾ ਡਿਠਾ ਹੋਇਆ ਹੈ। ਤੇ ਜੇ ਆਪਣੇ ਸਮਾਨਿ ਹੋਵੇ ਤਾਂ ਗਰਬੁ ਕਰਨਾ, ਈਰਖਾ ਕਰਨੀ, ਜੁ ਮੇਰੇ ਵਿਚ ਵਡੇ ਗੁਨ ਹੈਨਿ ਉਹ ਕਿਆ ਹੈ। ਤੇ ਚੌਥੀ ਹਠਿ ਬ੍ਰਿਤ, ਅਗੋ ਕੋਈ ਉਪਦੇਸੁ ਮੰਨੇ ਨਾਹੀ ਤਾਂ ਓਸ ਨੂ ਜੋਰੀ ਹਠਿ ਕਰਕੇ ਕਹਿਣਾ। ਏਹੁ ਚਾਰੋ ਸਾਖੀਆਂ ਮਨਮੁਖਾਂ ਦੀਆਂ ਹੈਨਿ। ਇਨਾ ਦਾ ਤਿਆਗੁ ਕਰਨਾ ਤੇ ਸਿਖਾਂ ਨੂੰ ਗੁਰਦੇਵ ਰੂਪ ਜਾਣਿਕੇ ਧਰਮ ਦੀ ਕਿਰਤ ਕਰਕੇ ਸਿਖਾ ਨਾਲਿ ਵੰਡਿ ਖਾਵਣਾ।'[92]

### 6.5. ਅਹਿੰਸਾ ਸੰਬੰਧੀ

ਅਹਿੰਸਾ ਸੰਬੰਧੀ ਲਿਖਿਆ ਹੈ ਕਿ ਅਹਿੰਸਾ ਤਿੰਨ ਪ੍ਰਕਾਰ ਦੀ ਮੰਨੀ ਗਈ ਹੈ-

1 ਮਨ ਦੀ ਅਹਿੰਸਾ ਭਾਵ ਕਿ ਮਨ ਕਰਕੇ ਕਿਸੇ ਦਾ ਬੁਰਾ ਨਾ ਸੋਚਣਾ

2 ਬਚਨ ਕਰਕੇ ਫਿੱਕਾ ਨਾ ਬੋਲਣਾ- ਬਚਨਾਂ ਦਾ ਅਹਿੰਸਾ।

---

91 *ਉਹੀ,* ਪੰਨਾ 128

92 *ਉਹੀ,* ਪੰਨਾ 136

3 ਹੱਥਾਂ ਨਾਲ ਕਿਸੇ ਨੂੰ ਨਾ ਮਾਰਨ ਵਾਲੀ ਕਰਮਾਂ ਦੀ ਅਹਿੰਸਾ।

'ਪ੍ਰਿਥਮੇ ਅਹਿੰਸਾ, ਇਕ ਮਨ ਦੀ ਹਿੰਸਾ ਹੈ, ਜੋ ਮਨ ਕਰਿਕੇ ਕਿਸੇ ਦਾ ਬੁਰਾ ਚਿਤਾਵਨਾ। ਇਕ ਬਚਨਾ ਦੀ ਹਿੰਸਾ ਹੈ, ਕਿਸੇ ਨੂ ਫਿਕਾ ਬੋਲਕੇ ਦੁਖਾਵਣਾ, ਕਿ ਮੂਹੋ ਕਹਿਕੇ ਕਿਸੇ ਦਾ ਬਿਘਨੁ ਕਰਾਵਣਾ, ਇਹੁ ਵਚਨਾਂ ਦੀ ਹਿੰਸਾ ਹੈ। ਹੋਰ ਕਰਮਾਂ ਦੀ ਹਿੰਸਾ ਇਹੁ ਹੈ; ਜੋ ਹਥਾਂ ਨਾਲ ਕਿਸੇ ਨੂ ਮਾਰਨਾ। ਸੋ ਏਹੁ ਤ੍ਰੈ ਪਰਕਾਰ ਦੀ ਹਿੰਸਾ ਦਾ ਤਿਆਗਿ ਕਰਨਾ ਪ੍ਰਥਮੇ ਅਹਿੰਸਾ ਹੈ।'[93]

## 6.6. ਸੰਤੋਖ

ਅਹਿੰਸਾ ਦੇ ਵਾਂਗ ਸੰਤੋਖ ਵਾਲੇ ਨੈਤਿਕ ਗੁਣ ਨੂੰ ਵੀ ਇਸ ਦੇ ਗੁਣਾਂ ਅਨੁਸਾਰ ਇਨ੍ਹਾਂ ਦੋ ਰੂਪਾਂ ਵਿਚ ਵੰਡਿਆ ਹੈ-

'ਸੰਤੋਖ ਭੀ ਦੁਇ ਪ੍ਰਕਾਰ ਕਾ ਹੈ। ਇਕੁ ਚੀਜ ਨਾ ਪ੍ਰਾਪਤ ਭਈ ਅਰੁ ਕਹਿਆ ਜੋ ਮੈ ਸੰਤੋਖੁ ਕਰਨਾ ਹਾਂ ਤਾਂ ਉਸ ਸੰਤੋਖ ਕਰ ਰਿਦਾ ਪਰਸੰਨ ਨਹ ਹੁੰਦਾ। ਅਰੁ ਦੂਜਾ ਯਥਾ ਲਾਭ ਸੰਤੋਖ। ਜੇਕਰ ਚੀਜ ਨਾ ਪ੍ਰਾਪਤ ਹੋਵੇ ਤਾਂ ਭੀ ਵਾਹਿਗੁਰੂ ਦੀ ਰਜਾਇ ਉਪਰ ਰਾਜੀ ਰਹੇ ਅਰ ਜੇ ਕਦਾਚਿਤ ਚੀਜ ਥੋੜੀ ਪ੍ਰਾਪਤ ਹੋਵੇ ਤਦ ਭੀ ਸ੍ਰੀ ਵਾਹਿਗੁਰੂ ਦੀ ਰਜਾਇ ਉਪਰਿ ਰਾਜੀ ਰਹੇ ਅਰੁ ਬਹੁਤੀ ਪ੍ਰਾਪਤਿ ਹੋਵੇ ਤਦ ਭੀ ਰਾਜੀ ਰਹੇ।'[94]

## 6.7. ਪਰਉਪਕਾਰ ਸੰਬੰਧੀ

ਪਰਉਪਕਾਰ ਵਾਲੇ ਸਦਾਚਾਰਕ ਗੁਣ ਦੀ ਮਹੱਤਤਾ ਗੁਰੂ ਅੰਗਦ ਦੇਵ ਜੀ ਦੁਆਰਾ ਦਿੱਤੇ ਗਏ ਇਸ ਉਪਦੇਸ਼ ਵਿਚੋਂ ਪ੍ਰਗਟ ਹੁੰਦੀ ਹੈ-

'ਭਾਈ ਲਾਲੂ ਬੁਧਵਾਰ ਤੇ ਦੁਰਗਾ ਤੇ ਜੀਵੰਦਾ ਹਜੂਰ ਗੁਰੂ ਅੰਗਦ ਜੀ ਦੇ ਆਏ ਤੇ ਅਰਦਾਸ ਕੀਤੀ: ਜੋ ਅਸਾਡਾ ਉਧਾਰੁ ਕਿਉਂ ਕਰ ਹੋਵੇ। ਤਾ ਬਚਨੁ ਹੋਇਆ: ਪਰਉਪਕਾਰੁ ਦੇ ਸਮਾਨ ਹੋਰ ਕੁਝ ਨਹੀਂ। ਪਰਉਪਕਾਰ ਭੀ ਤਿੰਨ ਪ੍ਰਕਾਰ ਕਾ ਹੈ: ਇਕ ਜੋ ਆਪਣੇ ਪਾਸ ਪਦਾਰਥ ਹੋਵਨਾ,ਸੋ ਆਪ ਭੀ ਜੁਗਤੁ ਨਾਲ ਵਰਤਨੇ, ਤੇ ਨਾਲੇ ਗਰੀਬਾ ਨੂੰ ਅਨਾਥਾ ਨੂੰ ਭਜਨ ਕਰਨ ਵਾਲਿਆ ਨੂੰ ਵੰਡਿ ਖਲਾਵੀਐ। ਬਹੁੜੋ ਜੋ ਆਪਣੇ ਸ੍ਰੀਰ ਥੀ ਕਿਸੇ ਦੀ ਸੇਵਾ ਟਹਿਲ ਕਰੀਐ ਤੇ ਰਸਨਾ ਕਰਿਕੇ ਭੀ ਜੋ ਵਚਨੁ ਮਨੀਦਾਂ ਹੋਵੇ ਤਾਂ ਭੀ ਕਿਸੇ ਦਾ ਭਲਾ ਕਰੀਐ। ਬਹੁੜਿ ਗਿਆਨੁ ਧਿਆਨੁ ਭੀ ਰਸਨਾ ਕਰਿ ਉਪਦੇਸਿ ਕੀਚੈ ਤੇ ਮਨ ਕਰਿਕੇ ਭੀ ਸਭਸ ਦਾ

---

93 *ਉਹੀ,* ਪੰਨਾ 140

94 *ਉਹੀ,* ਪੰਨਾ 142

ਭਲਾ ਮੰਗੀਐ। ਉਹਿ ਸਿਖ ਐਸੇ ਹੀ ਸਭਣਾ ਸਿਖਾ ਦੇ ਨਾਲਿ ਪਰਉਪਕਾਰ ਕਰਨਿ, ਤਾਂ ਓਨਾ ਦਾ ਇਸੇ ਸੇਵਾ ਟਹਿਲ ਕਰਿਕੈ ਉਧਾਰੁ ਹੋਆ।'[95]

### 6.8. ਨੈਤਿਕ ਗੁਣਾਂ ਸੰਬੰਧੀ

ਗੁਰੂ ਅਰਜਨ ਦੇਵ ਦੁਆਰਾ ਪੁਰੀਆ ਅਤੇ ਚੂਹੜ ਨਾਮਕ ਚੌਧਰੀ ਨੂੰ ਝੂਠ ਛੱਡਣ ਦਾ ਉਪਦੇਸ਼[96] ਅਤੇ ਸਿੱਖਾਂ ਨੂੰ ਵੰਡ ਕੇ ਛੱਕਣ ਲਈ ਕਹਿਣਾ ਇਸ ਗ੍ਰੰਥ ਦੇ ਨੈਤਿਕ ਹਵਾਲਿਆਂ ਨੂੰ ਪ੍ਰਗਟ ਕਰਨ ਵਾਲੇ ਪੱਖ ਹਨ।[97] ਸਿੱਖਾਂ ਦੀ ਭਗਤ ਮਾਲਾ ਵਿਚ ਨੈਤਿਕ ਗੁਣਾਂ ਨੂੰ ਤਾਮਸੀ ਰਾਜਸੀ ਅਤੇ ਸਾਤਕੀ ਵਾਲੇ ਪੱਖਾਂ ਨਾਲ ਜੋੜ ਕੇ ਇਹ ਉਪਦੇਸ਼ ਕੀਤਾ ਹੈ ਕਿ ਸਾਤਕੀ ਗੁਣਾਂ ਨਾਲ ਹੀ ਮਨ ਦੀ ਸ਼ਾਂਤੀ ਪੈਦਾ ਹੋ ਸਕਦੀ ਹੈ। ਹਿੰਸਾ ਅਤੇ ਕ੍ਰੋਧ ਤਾਮਸੀ ਗੁਣ ਹਨ; ਲੋਭ ਤੇ ਅਭਿਮਾਨ ਰਾਜਸੀ ਗੁਣ ਹਨ। ਇਨ੍ਹਾਂ ਦਾ ਤਿਆਗ ਕਰ ਕੇ ਨਿਮਰਤਾ ਅਤੇ ਮਿੱਠਾ ਬੋਲਣ ਵਾਲੇ ਸਾਤਕੀ ਗੁਣਾਂ ਨੂੰ ਧਾਰਨ ਕਰ ਕੇ[98] ਕ੍ਰੋਧ ਤੋਂ ਬਚ ਕੇ ਰਹਿਣਾ ਚਾਹੀਦਾ ਹੈ ਕਿਉਂਕਿ ਕ੍ਰੋਧ ਮਨੁੱਖ ਦੇ ਤਪ ਦਾ ਨਾਸ ਕਰ ਦਿੰਦਾ ਹੈ।[99]

---

95 *ਉਹੀ,* ਪੰਨਾ 154

96 ਬਚਨੁ ਹੋਇਆ: ਭਾਈ ਜਿਨਾ ਪਿਛੇ ਦਾਨ ਕੀਤਾ ਹੈ ਸੋ ਹੁਣਿ ਆਇਕੈ ਪਾਇਆ ਹੈ ਤੇ ਹੁਣ ਦਾ ਦਾਨ ਕੀਤਾ ਅਗੈ ਪਾਵਨਗੇ, ਤਾ ਜੇ ਤੁਸਾਡੇ ਪਾਸ ਵਰਤਣਿ ਹੋਵੈ ਤੇ ਆਪਦੇ ਖਾਵਣ ਪੀਵਣ ਤੇ ਵਧੇ ਸੋ ਸਭ ਦਾਨ ਪੁੰਨੁ ਕਰ ਦੇਵਣਾ, ਤਾ ਜੋ ਉਨਾ ਦੇ ਪਾਸ ਵੀ ਹੋਵੇ। ਸਭ ਸਿਖਾ ਨਾਲ ਵਰਤ ਛਕਣਾ। ਸੀਤਕਾਲ ਹੋਵੇ ਤਾ ਭੂਰੇ ਸਿਖਾ ਨੂੰ ਲੋਈਆ, ਹੋਰੁ ਭੀ ਬਸਤ੍ਰ ਜੋ ਕਿਸੇ ਦੇ ਲਾਇਕ ਹੋਨ ਸੋ ਲੈ ਦੇਵਣੇ। *ਉਹੀ,* ਪੰਨਾ 167

97 ਪੁਰੀਆ ਤੇ ਚੂਹੜ ਕੋਵੇ ਚੌਧਰੀ ਜਾਤੀ ਦੇ ਹੈਸਨਿ ਤੇ ਚਉਧਰ ਭੀ ਕਰਦੇ ਸਨ, ਤਾਂ ਸਾਹਿਬ ਪੰਜਵੀ ਪਾਤਿਸਾਹੀ ਦੇ ਹਜੂਰ ਆਏ, ਤਾਂ ਆਣਕੇ ਅਰਦਾਸ ਕੀਤੀ: ਜੀ ਅਸੀਂ ਲੋਕ ਝੂਠ ਬਹੁਤੁ ਕਮਾਵਦੇ ਹਾਂ; ਅਸਾਡਾ ਭੀ ਉਧਾਰੁ ਕਿਵੈ ਹੋਵੇਗਾ! ਤਾ ਬਚਨੁ ਹੋਇਆ ਜੇ ਝੂਠ ਛਡੋਗੇ ਤਾ ਤੁਸਾਡਾ ਉਧਾਰੁ ਹੋਵੇਗਾ। *ਉਹੀ,* ਪੰਨਾ 166

98 ਤਾ ਬਚਨੁ ਹੋਇਆ: ਭਾਈ ਜੋ ਲਗੁ ਤੁਸੀ ਰਾਜਸੀ ਤਾਮਸੀ ਗੁਣਾ ਨੂ ਤਿਆਗੁ ਨ ਕਰੋ, ਤੇ ਸਾਤਕੀ ਗੁਣਾ ਨੂ ਵਰਤਾਵੇ ਨਹੀਂ ਤੋ ਲਗੁ ਤੁਸਾਨੂਸਾਤਿ ਕਿਉ ਕਰਿ ਆਵੇ। ਤਾ ਉਨਾ ਅਰਦਾਸ ਕੀਤੀ: ਜੀ ਸਚੇ ਪਾਤਿਸਾਹਿ: ਅਸੀ ਗੁਣਾ ਦੀ ਪ੍ਰੀਖਿਆ ਕਿਉ ਕਰਿ ਸਮਝੀਐ ਤਾ ਬਚਨੁ ਹੋਆ: ਜੋ ਹਿੰਸਾ ਔਰ ਕ੍ਰੋਧ ਕਰਦੇ ਹੈਨਿ ਸੋ ਤਾਮਸੀ ਹੈਨਿ। ਅਰੋ ਜੋ ਲੋਭ ਤੇ ਅਭਿਮਾਨੁ ਕਰਤੇ ਹੈਨਿ ਸੋ ਰਾਜਸੀ ਹਨਿ। ਅਰੁ ਜੋ ਨਿੰਮ੍ਰਤਾ ਔਰ ਮਿਠਾ ਬੋਲਣਾ ਕਰਦੇ ਹੈਨਿ ਸੋ ਸਾਤਕੀ ਹੈਨਿ। *ਉਹੀ,* ਪੰਨਾ 187

99 ਤਾ ਭਾਈ ਲਧਾ ਆਇਕੇ ਕਹਿਣ ਲਗਾ: ਭਾਈ ਲਖੁ ਤੁਸਾਨੂੰ ਕਰੋਧ ਨਹੀਂ ਚਾਹੀਦਾ, ਕਰੋਧੁ ਅਗਨ ਹੈ, ਤਪੁ ਦਾ ਨਾਸੁ ਕਰ ਦੇਤਾ ਹੈ। *ਉਹੀ,* ਪੰਨਾ 214

### 6.9. ਕਾਮ ਤੋਂ ਬਚਨ ਸੰਬੰਧੀ

ਸਿੱਖਾਂ ਦੀ ਭਗਤਮਾਲਾ ਅੰਦਰ ਬ੍ਰਹਮਚਰੀਯ ਦੀ ਵਿਆਖਿਆ ਕਰਦਿਆਂ ਸਿੱਖ ਨੂੰ ਅੱਠ ਪ੍ਰਕਾਰ ਦੇ ਕਾਮ ਤੋਂ ਬਚਨ ਦੀ ਤਾਕੀਦ ਕੀਤੀ ਗਈ ਹੈ:

ਬ੍ਰਹਮਚਰਯ ਕਿਸ ਨੋ ਕਹੀਦਾ ਹੈ? ਅੱਠ ਪ੍ਰਕਾਰ ਕਾ ਕਾਮ ਜੀਤਣਾ।....

ਤਾਂ ਬਾਬਾ ਬੋਲਿਆ, ਜੁ ਪ੍ਰਥਮੇ ਇਸਤ੍ਰੀਆਂ ਦੀਆਂ ਗਲਾਂ ਕਰਨੀਆਂ, ਦੂਜਾ ਗਲਾਂ ਸੁਣਨੀਆਂ, ਤੀਜਾ ਇਕਾਂਤ ਦੇਸ ਇਸਤ੍ਰੀ ਪਾਸ ਬੈਠਣਾ, ਹਿਤ ਨਾਲ ਇਸਤ੍ਰੀ ਨੂੰ ਦੇਖਣਾ, ਛਠਵਾਂ ਅਲਿੰਗਨ ਕਰਨਾ, ਸਤਵਾਂ ਸਿੰਗਾਰ ਇਸਤ੍ਰੀ ਦਾ ਬਣਾਵਣਾ, ਅਠਵਾਂ ਇਸਤਰੀ ਨਾਲ ਭੋਗ ਕਰਨਾ।[100]

## 7. ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ

ਕੇਸਰ ਸਿੰਘ ਛਿੱਬਰ ਦੁਆਰਾ ਰਚਿਤ 'ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ' 18ਵੀਂ ਸਦੀ ਦੇ ਗੁਰਮਖੀ ਸ੍ਰੋਤਾਂ ਵਿਚੋਂ ਇਕ ਮਹੱਤਵਪੂਰਨ ਸ੍ਰੋਤ ਹੈ। ਇਹ 1769 ਈ: ਦੀ ਲਿਖਤ ਹੈ। ਇਸ ਦਾ ਖਰੜਾ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਸੰਭਾਲਿਆ ਹੋਇਆ ਹੈ। ਇਹ ਪੁਸਤਕ ਸਿਧਪੱਧਰੀ ਤੁਕਬੰਦੀ ਵਿਚ ਹੈ।ਡਾ. ਰਾਏਜਸਬੀਰ ਸਿੰਘ ਅਨੁਸਾਰ ਬੰਸਾਵਲੀਨਾਮਾ ਪਹਿਲਾ ਸਿੱਖ ਸ੍ਰੋਤ ਹੈ ਜਿਸ ਵਿਚ (ਭਾਈ ਗੁਰਦਾਸ ਜੀ ਦੀ ਵਾਰਾ ਤੋਂ ਉਪਰੰਤ) ਤਤਕਾਲੀ ਸਿੱਖ ਸਮਾਜ ਦੀਆਂ ਸਭਿਆਚਾਰਕ ਰਹੁਰੀਤਾਂ, ਸਮਾਜਿਕ ਕਦਰਾਂ ਕੀਮਤਾਂ ਤੇ ਰਾਜਨੀਤਿਕ ਔਕੜਾਂ ਪੇਸ਼ ਕੀਤੀਆਂ ਹਨ।[101]

ਗੁਰਮੁਖੀ ਸ੍ਰੋਤਾਂ ਵਿਚੋਂ ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ ਇਕ ਅਜਿਹੀ ਲਿਖਤ ਹੈ ਜਿਸ ਵਿਚ ਜਨਮਸਾਖੀਆਂ ਵਾਂਗ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ ਹੈ। ਭਾਂਵੇ ਕਿ ਇਸ ਗ੍ਰੰਥ ਦੀ ਮੁੱਖ ਸੁਰ ਇਤਿਹਾਸਕ ਪ੍ਰੰਪਰਾ ਨਾਲ ਸੰਬੰਧਿਤ ਹੈ ਪਰ ਨਾਲ ਹੀ ਨਾਲ ਉਨ੍ਹਾਂ ਘਟਨਾਵਾਂ ਦਾ ਵਰਣਨ ਵੀ ਇਸ ਗ੍ਰੰਥ ਵਿਚੋਂ ਮਿਲਦਾ ਹੈ ਜਿਨ੍ਹਾਂ ਘਟਨਾਵਾਂ ਦਾ ਸੰਬੰਧ ਧਾਰਮਿਕ, ਰਾਜਨੀਤਕ, ਆਰਥਿਕ ਤੇ ਸਮਾਜਿਕ ਪੱਖਾਂ ਨਾਲ ਹੈ। ਹਥਲੇ ਖੋਜ ਕਾਰਜ ਅਨੁਸਾਰ ਇਸ ਗ੍ਰੰਥ ਨੂੰ ਆਚਾਰ ਵਿਹਾਰ ਦੇ ਪ੍ਰਸੰਗ ਅਨੁਸਾਰ ਦੇਖਿਆ ਗਿਆ ਹੈ।

---

[100] *ਉਹੀ*, ਪੰਨਾ 40

[101] ਰਾਏਜਸਬੀਰ ਸਿੰਘ, *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਪੰਨਾ- ਮੁੱਢ ਵਿਚੋਂ

ਬੰਸਾਵਲੀਨਾਮਾ ਇਕ ਅਜਿਹਾ ਗ੍ਰੰਥ ਹੈ ਜਿਸ ਵਿਚ ਸਿੱਖੀ ਰਹਿਤ ਦਾ ਵਿਸ਼ੇਸ਼ ਤੌਰ 'ਤੇ ਵਰਣਨ ਮਿਲਦਾ ਹੈ। ਇਨ੍ਹਾਂ ਵਿਚੋਂ ਸੰਬੰਧਿਤ ਵਿਸ਼ੇ ਦੇ ਅਨੇਕਾਂ ਹਵਾਲੇ ਪ੍ਰਾਪਤ ਹੁੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਦੱਸੀ ਸਿੱਖ ਰਹਿਤ ਦੇ ਹੇਠ ਲਿਖੇ ਨੁਕਤਿਆਂ ਨੂੰ ਕੇਸਰ ਸਿੰਘ ਛਿੱਬਰ ਨੇ ਪੇਸ਼ ਕੀਤਾ ਹੈ ਜਿਨ੍ਹਾਂ ਵਿਚੋਂ ਸਦਾਚਾਰਕ ਪੱਖ ਸਾਹਮਣੇ ਆਉਂਦੇ ਹਨ।[102]

1. ਮੰਦੇ ਕਰਮ ਨਾ ਕਰੋ।
2. ਮਨਮੁਖ ਬਿਰਤੀ ਵਾਲੇ ਮਨੁੱਖ ਨਾਲ ਵਰਤੋਂ ਵਿਹਾਰ ਨਾ ਕਰੇ।
3. ਗਰੀਬ ਮਜ਼ਲੂਮ ਦੀ ਰੱਖਿਆ ਲਈ ਧਰਮ ਯੁੱਧ ਕਰਨ ਨੂੰ ਹਮੇਸ਼ਾਂ ਤਿਆਰ ਰਹੇ।
4. ਵੇਸਵਾ ਦਾ ਸੰਗ ਨਾ ਕਰੇ।
5. ਪਰ-ਇਸਤਰੀ ਤੋਂ ਦੂਰ ਰਹਿਣਾ।
6. ਸ਼ਰਾਬ, ਜੂਆ, ਚੋਰੀ ਯਾਰੀ ਆਦਿ ਅਉਗਣਾਂ ਦਾ ਤਿਆਗ ਕਰਨਾ।
7. ਮੰਦੀ ਸੰਗਤ ਤੋਂ ਦੂਰ ਰਹਿਣਾ।
8. ਬਾਣੀ ਨਾਲ ਪਿਆਰ ਰੱਖ ਕੇ ਸਤਿ ਸੰਗਤ ਕਰਨੀ।
9. ਧਰਮ ਦੀ ਕਿਰਤ ਕਮਾਈ ਕਰਨੀ।
10. ਵੰਡ ਕੇ ਛਕਣਾ।

### 7.1. ਸਦਾਚਾਰਕ ਜੀਵਨ

ਕੇਸਰ ਸਿੰਘ ਛਿੱਬਰ ਅਨੁਸਾਰ ਇਕ ਗੁਰਸਿੱਖ ਨੂੰ ਸਦਾਚਾਰਕ ਜੀਵਨ ਬਤੀਤ ਕਰਨਾ ਚਾਹੀਦਾ ਹੈ। ਆਪਣੀ ਇੰਦ੍ਰਿਆਂ ਨੂੰ ਵਿਸ਼ੇ ਵਾਸ਼ਨਾਵਾਂ ਤੋਂ ਦੂਰ ਰੱਖ ਕੇ ਸਮ ਅਵਸਥਾ ਵਾਲਾ ਮਾਰਗ ਅਪਣਾਉਣਾ

---

[102] ਰਹਤਿ ਗੁਰੂ ਕੀ ਦਿਤੀ ਸਮਝਾਇ। ਸਿਖ ਗੁਰੂ ਕਾ ਮੰਦੇ ਕਰਮੁ ਨ ਕਮਾਇ।

ਸਰਾਬ ਤਮਾਕੂ ਜੂਆ ਚੋਰੀ ਯਾਰੀ ਇਨ ਸੋ ਹੇਤ ਨ ਕਰੇ। ਸੰਗਤ ਮੰਦੀ ਸਭ ਪਰਹਰੇ।

ਸਬਦ ਬਾਣੀ ਸੋ ਪ੍ਰੀਤ ਸਤਿ ਸੰਗਤ ਵਿਚਿ ਜਾਵੈ। ਨਿਜ ਨਾਰੀ ਸੋ ਪ੍ਰੀਤ ਲਗਾਵੈ।

ਨਾਮ ਦਾਨੁ ਇਸਨਾਨੁ ਧਰਮ ਦੀ ਕਿਰਤ ਕਮਾਵੈ।

ਸਿਖ ਸਿਖ ਸੋ ਪ੍ਰੀਤ ਦੁਸਟ ਸੋ ਨੇਹ ਨ ਲਾਵੈ। ਕ੍ਰਿਪਨ ਹੋਇ ਨ ਦਬੇ ਜਥਾ ਜਥਾ ਵੰਡ ਖਾਵੈ। *ਉਹੀ,* ਪੰਨਾ 97

ਚਾਹੀਦਾ ਹੈ-

ਬਾਸਨਾ ਚੰਗੀ ਮੰਦੀ ਫੁਰਨੇ ਪਾਵੈ।

ਇਦ੍ਰੀਆ ਸਭ ਕੈਦ ਨ ਕਾਈ ਧਾਵੈ।

ਬਿਖੈ/ਭੋਗ ਨ ਸੁਨੇ ਪਾਈਐ। ਨਿਜ ਸਰੂਪ ਚਿਦਾਨੰਦ ਮਹਿ ਸਮਾਈਐ।71 ।

ਧਰਮ ਦੀ ਕਿਰਤ ਕੁਸੰਗਤਿ ਦਾ ਤਿਆਗੁ। ਓਹੁ ਸਿਖ ਗੁਰੁ ਦਾ ਹੋਆ ਉਜਲ ਭਾਗੁ। 112[103]

ਸੀਤ ਉਸਨ ਮਾਨ ਅਪਮਾਨ। ਚੰਗਾ ਮੰਦਾ ਊਚ ਨੀਚ ਸ੍ਵਨ ਮਾਟੀ ਏਕ ਸਮਾਨ।

ਅੰਮ੍ਰਿਤ ਬਿਖ ਬ੍ਰਹਮਾ ਤ੍ਰਿਣ ਜਾਣੇ ਤੁਲ। ਸਭ ਕੇ ਸੁਹ੍ਰਿਦ ਮਿਤ੍ਰ ਸਤ੍ਰ ਸਭ ਗਏ ਭੁਲ।

ਦਇਆ ਮਇਆ ਹੈ ਸਭ ਪਰ ਕਰਨੀ। ਨਿਹ ਕਪਟ ਸਭ ਗੋਬਿੰਦ ਜਾਨ ਕੇ ਹਿਰਦੇ ਧਰਨੀ।

ਅਬ ਸੁਨ ਉਪ੍ਰਤ ਕੀ ਬਾਤ। ਉਪ੍ਰਤ ਸਾਸਤ ਕਿਸੇ ਕਹਾਤ।

ਜੋ ਬਿਕਾਰੁ ਸਭ ਤੇ ਰਹੇ ਨਿਆਰਾ। ਸਤਿ ਅਦਵੈਤ ਸੋ ਹੇਤੁ ਪਿਆਰਾ।

ਜਿਸ ਮੈਂ/ਨਿਜ ਸਰੂਪ ਕੀ ਹੋਵੈ ਹਾਨ। ਸੋ ਵਿਕਾਰ ਨ ਵੜਨੇ ਪਾਨ।[104]

### 7.2. ਵੰਡ ਕੇ ਛਕਣ ਅਤੇ ਹੰਕਾਰ ਤੋਂ ਦੂਰ ਰਹਿਣ ਸੰਬੰਧੀ

ਧਨ-ਪਦਾਰਥਾਂ ਨੂੰ ਗੁਰੂ ਦੀ ਦਾਤ ਸਮਝ ਕੇ ਲੋੜਵੰਦਾਂ ਨਾਲ ਵੰਡ ਕੇ ਛੱਕਦੇ ਹੋਏ ਇਸ ਦੇ ਹੰਕਾਰ ਤੋਂ ਦੂਰ ਰਹਿਣਾ ਚਾਹੀਦਾ ਹੈ-

ਮਾਇਆ/ਧਾਰੀ ਅਤਿ ਅੰਨਾ ਬੋਲਾ। ਸਬਦੁ ਨ ਸੁਣਈ ਬਹੁ ਰੋਲ ਘਚੋਲਾ।

ਏਹ ਗ੍ਰੰਥ ਸਾਹਿਬ ਵਿਚਿ ਹੈਨ ਦੁਇ ਤੁਕਾਂ। ਦੀਦਾਰੀ ਮੁਕਤੇ ਤੀਜਾ ਹਿਸਾ ਮਾਇਆ ਹੋਇ ਚੁਕਾ।

ਚਉਥਾ ਹਿਸਾ ਮੁਰੀਦ ਕਰ ਦੇਖੁ। ਜੋ ਮਾਇਆ ਰਾਜੁ ਵਿਚਿ ਰਹੇ ਨਿਰਲੇਪੁ।

ਸਭ ਕਿਛੁ ਦਾਤ ਗੁਰੂ ਦੀ ਜਾਣੇ। ਸਿਖਾਂ ਵਿਚਿ ਸਿਖ ਹੋਇ ਵਰਤੇ ਸਬਦ ਪੋਥੀ ਗੁਰਵਾਕ ਪਛਾਣੇ।

ਰਾਜੁ ਭਾਗ ਦੇਸ ਅਰੁ ਮਾਇਆ। ਦਾਤ ਜਾਣੇ ਗੁਰੂ ਕੀ ਸਿਖਾਂ ਨਾਲਿ ਬਣਿ ਸਿਖ ਰਲ ਵੰਡ ਖਾਇਆ।

---

[103] *ਉਹੀ*, ਪੰਨਾ 54

[104] *ਉਹੀ*, ਪੰਨਾ 28

ਸੋ ਮੁਰੀਦ ਸਤਿਗੁਰੂ ਕਾ ਜਾਣੋ। ਅਤੇ ਰਾਜ ਪਾਇ ਅਹੰਕਾਰੇ ਰਹੇ ਸਿਖੀ ਦੀ ਪਛਾਣੋ।

ਸੋ ਮਾਇਕੀ ਸਿਖ ਰਾਜਾ ਕਹੀਐ। ਰਾਜੁ ਪਾਇ ਰਹੇ ਨਿਰਲੇਪ ਮੁਰੀਦ ਸੋ ਲਹੀਐ।[105]

### 7.3. ਗੁਰਸਿੱਖੀ ਮਾਰਗ 'ਤੇ ਸੰਬੰਧੀ

ਗੁਰਸਿੱਖੀ ਮਾਰਗ ਦਾ ਧਾਰਨੀ ਆਪਣੇ ਧਰਮ ਵਿਚ ਪੱਕਾ ਰਹਿੰਦਾ ਹੋਇਆ ਗੁਰੂ ਗ੍ਰੰਥ ਸਾਹਿਬ ਦੇ ਅਨੁਸਾਰੀ ਚਲ ਕੇ ਪਾਪ ਤੇ ਅਧਰਮ ਤੋਂ ਦੂਰ ਰਹਿੰਦਾ ਹੈ[106] ਅਤੇ ਦੂਸਰੇ ਦੇ ਔਗੁਣਾਂ ਨੂੰ ਨਹੀਂ ਵੇਖਦਾ ਹੈ।[107]

## 8. ਸ੍ਰੀ ਗੁਰ ਪੰਥ ਪ੍ਰਕਾਸ਼

ਸ੍ਰੀ ਗੁਰ ਪੰਥ ਪ੍ਰਕਾਸ਼ 18ਵੀਂ ਸਦੀ ਦੇ ਸਿੱਖ ਇਤਿਹਾਸ ਦੀ ਜਾਣਕਾਰੀ ਪ੍ਰਦਾਨ ਕਰਨ ਵਾਲਾ ਇਕ ਪ੍ਰਮੁੱਖ ਸ੍ਰੋਤ ਹੈ ਜੋ ਤਤਕਾਲੀਨ ਸਮੇਂ ਦੇ ਸਿੱਖ ਪੰਥ ਦੇ ਰਾਜਨੀਤਿਕ ਹਾਲਾਤਾਂ ਨੂੰ ਸਮਝਣ ਲਈ ਇਕ ਅਹਿਮ ਰੋਲ ਅਦਾ ਕਰਦਾ ਹੈ। ਇਸ ਗ੍ਰੰਥ ਦਾ ਰਚਨਾਕਾਰ ਸ੍ਰ. ਰਤਨ ਸਿੰਘ ਭੰਗੂ ਹੈ ਜਿਸ ਨੇ ਕਪਤਾਨ ਮਰੇ ਦੁਆਰਾ ਮੌਲਵੀ ਬੂਟੇ ਸ਼ਾਹ ਤੋਂ ਸਿੱਖ ਇਤਿਹਾਸ ਲਿਖਵਾਏ ਜਾਣ ਦੇ ਸੁਧਾਈ ਵਾਲੇ ਕਾਰਜ ਦੇ ਰੂਪ ਵਿਚ ਇਹ ਸਿੱਖ ਇਤਿਹਾਸ ਲਿਖਿਆ। ਅਸਲ ਵਿਚ ਇਹ ਗ੍ਰੰਥ ਇਸ ਪ੍ਰਸ਼ਨ ਦੇ ਦੁਆਲੇ ਹੀ ਕੇਂਦਰਿਤ ਹੈ ਕਿ ਬਿਨ੍ਹਾਂ ਕਿਸੇ ਰਾਜਸੀ ਸ਼ਕਤੀ ਦੇ ਪਿਛੋਕੜ ਵਾਲੀ ਸਿੱਖ ਕੌਮ ਨੇ ਰਾਜ ਕਿਵੇਂ ਪ੍ਰਾਪਤ ਕੀਤਾ। ਸਿੱਖਾਂ ਦੇ ਰਾਜ ਪ੍ਰਾਪਤ ਕਰਨ ਦੀ ਵਿਥਿਆ ਹੀ ਸ੍ਰੀ ਗੁਰ ਪੰਥ ਪ੍ਰਕਾਸ਼ ਵਿਚ ਵਿਸਥਾਰ ਸਹਿਤ ਲਿਖੀ ਗਈ ਹੈ।

ਇਸ ਗ੍ਰੰਥ ਦਾ ਕਰਤਾ ਸ੍ਰ. ਰਤਨ ਸਿੰਘ ਭੰਗੂ, ਰਿਸ਼ਤੇ ਵਿਚ ਸ੍ਰ. ਮਹਿਤਾਬ ਸਿੰਘ ਮੀਰਾਕੋਟੀਆਂ ਦਾ ਪੋਤਰਾ ਸੀ ਜਿਸ ਨੇ ਸ੍ਰ. ਸੁੱਖਾ ਸਿੰਘ ਨਾਲ ਮਿਲ ਕੇ ਮੱਸੇ ਰੰਘੜ ਦਾ ਸਿਰ ਵੱਡ ਕੇ ਸ੍ਰੀ ਦਰਬਾਰ ਸਾਹਿਬ ਦੀ

---

105 *ਉਹੀ,* ਪੰਨਾ 86

106 ਗੁਰੂ ਕਾ ਸਿਖ ਪਾਪ ਅਧਰਮ ਤੇ ਭਾਗੇਗਾ। ਪਰੁ ਜਿਸ ਗੁਰੂ ਕੇ ਸਿਖ ਦੇ ਪੋਤੇ ਪੁੰਨ ਕੋਈ ਜਾਗੇਗਾ। 173।

ਮਲੇਛ ਦਾ ਸੰਗ ਨਹੀ ਕਰਨਾ। ਗੁਰੂ ਕਾ ਸਿਖ ਰਹੇ ਗੁਰੂ ਕੀ ਸਰਨਾ।

ਅਜੇ ਕਲਿਜੁਗ ਹੈ ਨਿਦਾਨ ਅਪਨਾ ਧਰਮ ਨਹੀ ਤਿਆਗਨਾ। ਗੁਰੂ ਗ੍ਰੰਥ ਸਾਹਿਬ ਦੇ ਕਹੇ ਲਾਗਨਾ। 174।

*ਉਹੀ,* ਪੰਨਾ 158

107 ਸਿਖੀ ਸਾਸਾ ਦੀ ਆਪ ਕਮਾਵੈ ਗੁਰ ਬੈਨ ਹੋਰੁ ਨ ਜਣੇ।

ਪਰਾਏ ਅਉਗਨ ਚੁਨੇ ਨ ਮੂਲੇ ਸਭ ਵਰਤੇ ਉਸ ਦੇ ਭਾਣੇ।614 *ਉਹੀ,* ਪੰਨਾ 186

ਬੇਅਦਬੀ ਦਾ ਬਦਲਾ ਲਿਆ।

ਸ੍ਰੀ ਗੁਰ ਪੰਥ ਪ੍ਰਕਾਸ਼ ਲਗਭਗ 33-34 ਸਾਲਾਂ ਦੀ ਮਿਹਨਤ ਤੋਂ ਬਾਅਦ 1841 ਈ: ਵਿਚ ਸੰਪੂਰਨ ਹੋਇਆ ਜਿਸ ਦੇ ਲਗਭਗ 183 ਪ੍ਰਸੰਗ/ਸਾਖੀਆਂ ਹਨ। ਇਨ੍ਹਾਂ ਵਿਚੋਂ 30 ਪ੍ਰਸੰਗ ਗੁਰ ਇਤਿਹਾਸ ਨਾਲ ਸੰਬੰਧਿਤ ਹਨ, ਅਗਲੇ 45 ਪ੍ਰਸੰਗ ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਅਤੇ ਸੰਘਰਸ਼ ਨੂੰ ਪੇਸ਼ ਕਰਦੇ ਹਨ ਅਤੇ ਬਾਕੀ ਪ੍ਰਸੰਗਾਂ ਵਿਚ 18ਵੀਂ ਸਦੀ ਦਾ ਸਿੱਖ ਇਤਿਹਾਸ ਅੰਕਿਤ ਕੀਤਾ ਗਿਆ ਹੈ। ਹੱਥਲੇ ਵਿਸ਼ੇ ਨਾਲ ਇਸ ਗ੍ਰੰਥ ਵਿਚੋਂ ਸਾਹਮਣੇ ਆਉਣ ਵਾਲੇ ਹਵਾਲੇ ਇਸ ਪ੍ਰਕਾਰ ਹਨ-

### 8.1. ਧਰਮ ਨਾਲ ਜੋੜਨ ਸੰਬੰਧੀ

ਸ੍ਰੀ ਗੁਰ ਪੰਥ ਪ੍ਰਕਾਸ਼ ਦੇ ਕਰਤਾ ਨੇ ਗੁਰੂ ਨਾਨਕ ਸਾਹਿਬ ਨੂੰ ਆਚਾਰ ਵਿਹਾਰ ਤੋਂ ਦੂਰ ਹੋ ਚੁੱਕੀ ਲੁਕਾਈ ਨੂੰ ਨੈਤਿਕ ਗੁਣਾਂ ਜਿਵੇਂ- ਸੱਚ, ਦਇਆ, ਧਰਮ ਆਦਿ ਨਾਲ ਜੋੜਣ ਵਾਲਾ ਰਹਿਬਰ ਕਿਹਾ ਹੈ-

ਠੱਗੀ ਤੇ ਦਏ ਠੱਗ ਹਟਵਾਇ। ਕਰਾਹੋਂ ਮੁੜ ਸਭ ਰਾਹ ਦੀਏ ਪਾਇ।
ਸਬਦ ਸਾਖੀ ਸਚ ਦੀਨੇ ਲਾਇ। ਧਰਮਸਾਲ ਦਈ ਬਹੁ ਥਾਂ ਪਾਇ।7।
ਸਿਖ ਸੰਗਤ ਕੋ ਜੋੜ ਕਰਾਵੈਂ। ਸਤਿਨਾਮੁ ਕੋ ਜਾਪ ਜਪਾਵੈਂ।
ਔਰ ਖੁਲਾਇਕੈ ਪਿੱਛੈ ਖਾਇਂ। ਦਯਾ ਧਰਮ ਇਤ ਲਾਏ ਰਾਹਿ। 8।
ਧੰਨਿ ਧੰਨਿ ਕਹੈ ਬਾਬੇ ਕੋ ਓਈ। ਵਾਹਿ ਵਾਹਿ ਗੁਰ ਆਖੈ ਤੋਈ।
ਹਮ ਕੋ ਕੂੜੋਂ ਦੀਓ ਹਟਵਾਇ। ਸਤਿ ਸਬਦ ਹਮ ਦੀਨੇ ਲਾਇ। 9।[108]

### 8.2. ਔਰਤ ਦੇ ਸਤਿਕਾਰ ਸੰਬੰਧੀ

ਬਾਬਾ ਬੰਦਾ ਸਿੰਘ ਬਹਾਦਰ ਵਾਲੇ ਪ੍ਰਸੰਗ ਵਿਚ ਉਸ ਦੁਆਰਾ ਸਿੱਖਾਂ ਨੂੰ ਔਰਤ ਦੇ ਕਪੜੇ- ਗਹਿਣੇ ਅਤੇ ਮਰਦ ਦੀ ਪੱਗ ਨੂੰ ਹੱਥ ਲਾਉਣ ਵਾਲੀ ਸਦਾਚਾਰ ਤੋਂ ਡਿੱਗੀ ਹਰਕਤ ਤੋਂ ਰੋਕਣ ਵਾਲਾ ਕਥਨ[109] ਇਸ ਗ੍ਰੰਥ ਦਾ ਆਚਾਰ ਵਿਹਾਰ ਨਾਲ ਸੰਬੰਧਿਤ ਸੁੰਦਰ ਨਮੂਨਾ ਹੈ।

---

108 ਢਿੱਲੋਂ,ਬਲਵੰਤ ਸਿੰਘ (ਡਾ. ), (ਸੰਪਾ.), *ਸ੍ਰੀ ਗੁਰ ਪੰਥ ਪ੍ਰਕਾਸ਼,* ਪੰਨਾ 17

109 ਇਸਤ੍ਰੀ ਤਨ ਜੋ ਗਹਿਣਾ ਹੋਈ। ਤਾਂਕੋ ਹਾਥ ਨਾ ਲਾਓ ਕੋਈ।
ਪੁਰਸ਼ ਪੁਸ਼ਾਕ ਔ ਸਿਰ ਕੀ ਪਾਗ। ਇਨ ਭੀ ਕੋਈ ਹੱਥ ਨ ਲਾਗ। 33। *ਉਹੀ,* ਪੰਨਾ 110

### 8.3. ਸਦਾਚਾਰੀ ਗੁਣਾਂ ਸੰਬੰਧੀ

ਭਾਈ ਮਨੀ ਸਿੰਘ ਨੂੰ ਸਦਾਚਾਰੀ ਗੁਣਾਂ ਵਿਚ ਸੰਪੂਰਨ ਦਾਰਸਾਉਣ ਵਾਲੀਆਂ ਸਤਰਾਂ, ਅਧਿਆਤਮਕ ਜੀਵਨ ਆਚਾਰ ਵਿਹਾਰ ਦੀ ਮਹੱਤਤਾ ਨੂੰ ਪ੍ਰਗਟ ਕਰਦੀਆਂ ਹਨ। ਇਨ੍ਹਾਂ ਸਤਰਾਂ ਵਿਚ ਭਾਈ ਮਨੀ ਸਿੰਘ ਦੇ ਸਦਾਚਾਰੀ ਪੁਰਖ ਹੋਣ ਕਾਰਨ ਉਨ੍ਹਾਂ ਦੀ ਪ੍ਰਸੰਸਾ ਇਸ ਪ੍ਰਕਾਰ ਕੀਤੀ ਗਈ ਹੈ-

ਮਨੀ ਸਿੰਘ ਥੋ ਸੰਤ ਸੁਜਾਨ। ਜਤੀ ਸਤੀ ਔ ਧਯਾਨੀ ਮਾਨ।
ਹਠੀ ਤਪੀ ਔ ਮਤ ਕੋ ਪੂਰੋ। ਸਹਨ ਸ਼ੀਲ ਔ ਦਿਲ ਕੋ ਸੂਰੋ।
ਕਰਮੀ ਧਰਮੀ ਭਗਤਿ ਗਿਆਨੀ। ਸਤਿਗੁਰ ਬਚਨਨ ਪਰ ਮਤਿ ਠਾਨੀ।
ਹੁਤ ਸਤਿਗੁਰ ਸੋ ਰਹਿਤ ਹਜ਼ੂਰ। ਤਿਸ ਕਰ ਭਯੋ ਸੁ ਗੁਰਮਤ ਪੂਰ। 3।[110]

### 8.4. ਉੱਚੇ ਚਰਿੱਤਰ ਸੰਬੰਧੀ

ਇਸ ਗ੍ਰੰਥ ਵਿਚ ਮਨੁੱਖੀ ਆਚਰਣ ਦੇ ਉੱਚ ਚਰਿੱਤਰ ਸੰਬੰਧੀ ਸੇਧ ਦੇਣ ਵਾਲਾ ਇਕ ਬਹੁਤ ਸੁੰਦਰ ਪ੍ਰਸੰਗ ਪ੍ਰਾਪਤ ਹੁੰਦਾ ਹੈ ਜੋ 18 ਵੀਂ ਸਦੀ ਦੇ ਸਿੱਖਾਂ ਦੇ ਉੱਚੇ ਆਚਰਣ ਦੇ ਸੰਬੰਧ ਵਿਚ ਹੈ। ਇਸ ਗ੍ਰੰਥ ਦੇ 157 ਨੰ: ਪ੍ਰਸੰਗ ਵਿਚ ਜਲਾਲਾਬਾਦ ਦੇ ਸਯੱਦ ਦੁਆਰਾ ਇਕ ਬ੍ਰਾਹਮਣ ਦੀ ਬੇਟੀ ਚੁੱਕ ਲਏ ਜਾਣ 'ਤੇ ਉਹ ਸਾਰੀਆਂ ਅਦਾਲਤਾਂ ਤੋਂ ਨਿਰਾਸ ਹੋ ਕੇ ਸਿੰਘਾਂ ਪਾਸ ਫਰਿਆਦ ਕਰਦਾ ਹੈ ਤਾਂ ਨਿਹੰਗ ਸਿੰਘਾਂ ਦਾ ਜਥਾ ਇਸ ਨੇਕੀ ਦੇ ਕਾਰਜ ਲਈ ਫੌਜ ਦੀ ਗਿਣਤੀ ਅਤੇ ਖਤਰਿਆਂ ਦੀ ਪਰਵਾਹ ਕੀਤੇ ਬਿਨ੍ਹਾਂ ਤਿਆਰ ਹੋ ਜਾਂਦਾ ਹੈ-

ਊਹਾਂ ਲੜਾਈ ਬਹੁਤ ਹੈ ਹੈ ਉਤ ਬਡੀ ਸਿਪਾਹ।
ਊਹਾਂ ਜਾਵੈ ਪੁਰਸ਼ ਸੋ ਜਿਨ ਮਿਲਨ ਨ ਹੋਵੈ ਮਾਇ।
ਸ਼ਹੀਦ ਨਿਹੰਗ ਭੁਜੰਗੀਅਨ ਕਹਿ ਨਗਾਰੇ ਦਏ ਬਜਾਇ।
ਹਮ ਤੌ ਜ਼ਰੂਰਹਿ ਜਾਇੰਗੇ ਔਰ ਕੋਈ ਜਾਇ ਨ ਜਾਇ। 7।[111]

---

110 *ਉਹੀ,* ਪੰਨਾ 215

111 *ਉਹੀ,* ਪੰਨਾ 413

ਇਕ ਭਿਆਨਕ ਜੰਗ ਮਗਰੋਂ ਸਿੰਘ ਉਸ ਬ੍ਰਾਹਮਣ ਦੀ ਧੀ ਨੂੰ ਖਾਲਸਾ ਪੰਥ ਦੀ ਧੀ ਬਣਾ ਕੇ ਪੂਰੇ ਵਿਧੀ ਵਿਧਾਨ ਨਾਲ ਉਸ ਦੇ ਸਹੁਰੇ ਘਰ ਵਸਾ ਕੇ ਆਉਂਦੇ ਹਨ।[112] ਇਹ ਘਟਨਾ ਸਿੰਘਾਂ ਦੇ ਉੱਚ ਚਰਿੱਤਰ ਵਾਲੀ ਭਾਵਨਾ ਨੂੰ ਪ੍ਰਗਟ ਕਰਦੀ ਹੋਈ ਚਰਿੱਤਰ ਦੀ ਅਜਿਹੀ ਉੱਚਤਾ ਲਈ ਪ੍ਰੇਰਿਤ ਕਰਦੀ ਹੈ।

### 8.5. ਨਿਮਰਤਾ ਦਾ ਧਾਰਨੀ ਹੋਣ ਸੰਬੰਧੀ

ਉੱਚ ਰੁਤਬਾ ਪ੍ਰਾਪਤ ਹੋਣ 'ਤੇ ਵੀ ਨਿਮਰਤਾ ਦੇ ਧਾਰਨੀ ਹੋਣ ਦਾ ਢੰਗ ਨਵਾਬ ਕਪੂਰ ਸਿੰਘ ਦੇ ਨਵਾਬੀ ਵਾਲੇ ਪ੍ਰਸੰਗ ਵਿਚ ਉਨ੍ਹਾਂ ਦੀ ਇਸ ਪ੍ਰਕਾਰ ਦੀ ਹਲੀਮੀ ਤੋਂ ਮਿਲਦਾ ਹੈ-

ਪੰਜ ਭੁਜੰਗੀਅਨ ਚਰਨੀ ਛੁਹਾਇ। ਧਰੋ ਸੀਸ ਮੋਹਿ ਪਵਿਤ੍ਰ ਕਰਾਇ।
ਪੰਜ ਭੁਜੰਗੀਅਨ ਚਰਨ ਬਲ ਪਾਈ। ਸਿੰਘ ਸਸੋ ਹੋਇ ਪ੍ਰਬਤ ਭਏ ਰਾਈ। 47[113]

ਉਪਰੋਕਤ ਸ੍ਰੋਤਾਂ ਦੇ ਆਧਾਰ 'ਤੇ ਇਹ ਸਪੱਸ਼ਟ ਹੁੰਦਾ ਹੈ ਕਿ ਸਿੱਖ ਨੂੰ ਆਪਣੀ ਰਹਿਣੀ-ਬਹਿਣੀ ਨੂੰ ਉੱਚਾ ਤੇ ਸੁੱਚਾ ਰੱਖਣ ਲਈ ਕਿਹਾ ਹੈ। ਜਿਸ ਸਿੱਖ ਦਾ ਆਪਣਾ ਕੋਈ ਚਰਿੱਤਰ ਨਹੀਂ ਹੁੰਦਾ ਉਹ ਸਮਾਜ ਵਿਚ ਕੋਈ ਰੁਤਬਾ ਨਹੀਂ ਹਾਸਲ ਕਰ ਸਕਦਾ। ਪੰਥਕ ਤੌਰ 'ਤੇ ਚਰਿੱਤਰਹੀਣ ਮਨੁੱਖ ਨੂੰ ਤਨਖਾਹੀਆ ਕਰਾਰ ਦਿੱਤਾ ਜਾਂਦਾ ਹੈ।

---

112 ਪੁੱਛੀ ਪੰਥ ਸੱਦ ਬ੍ਰਾਹਮਨ ਧੀਅ। ਕਹੁ ਅਬ ਤੇਰੇ ਕਯਾ ਮੱਧ ਜੀਅ।
ਉਨੈ ਕਹਯੋ ਮੈਂ ਵੱਸ ਪਰੀ ਪਰਾਇ। ਮੈਂ ਕਰ ਸੱਕੀ ਨ ਪ੍ਰਾਨ ਉਡਾਇ। 27।
ਬਦੋ ਬਦੀ ਉਨ ਮੈਂ ਸੰਗ ਕਯੋ। ਸੋਊ ਨਤੀਜਾ ਪੰਥ ਉਸ ਦਯੋ।
ਕਹਯੋ ਪੰਥ ਤੂੰ ਬੇਟੀ ਹਮਾਰੀ। ਦਯੁਗੁ ਮਿਲਾਇ ਅਬ ਦੋ ਕੁਲ ਥਾਰੀ। 28।
ਸੱਦ ਪੰਥ ਉਸ ਪਿਤਾ ਪੁਛਾਯਾ। ਉਨ ਉਸ ਪਿੰਡ ਸੁਸਰਾਰ ਬਤਾਯਾ।
ਸੁਨਤ ਪੰਥ ਦਏ ਹਲਕਾਰੇ ਤੋਰ। ਕਹੀ ਪੰਥ ਹਮ ਆਵੈਂ ਤੁਮ ਕੋਰ। 29।
ਇਕੈ ਤੂੰ ਹਮ ਸੰਗ ਕਰੋ ਲਰਾਈ। ਇਕੈ ਤੂ ਬੇਟੀ ਲਿਹੋ ਪੰਥ ਰਲਾਈ।
ਇਹ ਬੇਟੀ ਅਬ ਪੰਥਹ ਭਈ। ਅਬ ਤੁਮ ਲੇਹੋ ਇਸੈ ਰਲਾਈ। 30। *ਉਹੀ,* ਪੰਨਾ 415

113 *ਉਹੀ,* ਪੰਨਾ 207

# ਸਿੱਖ ਆਚਾਰ ਵਿਹਾਰ: ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਵਿਸ਼ੇਸ਼ ਹਵਾਲੇ ਨਾਲ

ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪਹਿਲਾਂ ਸਮਾਜ ਦੀ ਜੋ ਸਥਿਤੀ ਸੀ ਉਸ ਨੂੰ ਅਰਾਜਕਤਾ ਦਾ ਯੁਗ ਕਿਹਾ ਜਾ ਸਕਦਾ ਹੈ। ਵਿਦੇਸ਼ੀ ਧਾੜਵੀਆਂ ਦੇ ਵਾਰ ਵਾਰ ਹਮਲਿਆਂ ਕਾਰਨ ਸਮਾਜ ਦਾ ਆਰਥਿਕ, ਰਾਜਨੀਤਿਕ ਤੇ ਬੌਧਿਕ ਪਤਨ ਹੋ ਚੁੱਕਾ ਸੀ। ਅਜਿਹੀ ਸਥਿਤੀ ਦੇ ਸੁਧਾਰ ਲਈ ਕਿਸੇ ਨਬੀ ਪੈਗੰਬਰ ਦਾ ਧਰਤੀ 'ਤੇ ਆਉਣਾ ਜ਼ਰੂਰੀ ਹੋ ਜਾਂਦਾ ਹੈ। ਭਾਰਤੀ ਧਾਰਮਿਕ ਵਿਸ਼ਵਾਸ਼ ਅਨੁਸਾਰ ਅਜਿਹੇ ਮੌਕੇ ਪਰਮਾਤਮਾ ਕਿਸੇ ਪੈਗੰਬਰ ਨੂੰ ਧਰਤੀ ‘ਤੇ ਭੇਜਦਾ ਹੈ। ਅਜਿਹੇ ਸਮੇਂ ਵਿਚ ਗੁਰੂ ਨਾਨਕ ਸਾਹਿਬ ਦਾ ਇਸ ਜਗਤ ਵਿਚ ਆਗਮਨ ਹੁੰਦਾ ਹੈ।

ਗੁਰੂ ਨਾਨਕ ਸਾਹਿਬ ਨੇ ਆਪਣੀ ਉੱਚੀ-ਸੁੱਚੀ ਵਿਚਾਰਧਾਰਾ ਰਾਹੀਂ ਇਕ ਨਵੀਂ ਧਾਰਮਿਕ ਅਤੇ ਸਮਾਜਿਕ ਵਿਵਸਥਾ ਦਾ ਆਗਾਜ਼ ਕੀਤਾ ਅਤੇ ਅਗਿਆਨਤਾ ਦੇ ਹਨੇਰੇ ਉੱਪਰ ਗਿਆਨ ਦਾ ਪ੍ਰਕਾਸ਼ ਪਾ ਕੇ ਸਮਾਜ ਨੂੰ ਸੱਚ ਦੇ ਮਾਰਗ ਵੱਲ ਤੋਰਿਆ। ਸ੍ਰੀ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਜੀ ਦੀ ਰਚਨਾ ਤੇ ਹੋਰ ਸਿੱਖ ਸ੍ਰੋਤਾਂ ਵਿਚ ਗੁਰੂ ਨਾਨਕ ਦੇਵ ਜੀ ਵਲੋਂ ਦ੍ਰਿੜ ਕਰਵਾਈ ਗਈ ਜੀਵਨ-ਜੁਗਤਿ ਤੇ ਆਚਾਰ ਵਿਹਾਰ ਦੇ ਵੇਰਵੇ ਦਰਜ ਮਿਲਦੇ ਹਨ। ਇਸ ਪ੍ਰਕਾਰ ਹੀ ਕਵੀ ਭਾਈ ਸੰਤੋਖ ਸਿੰਘ ਨੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਰਾਹੀਂ ਸਿੱਖ ਇਤਿਹਾਸ ਤੋਂ ਇਲਾਵਾ ਸਿੱਖੀ ਦੇ ਚਾਲ-ਚਲਣ, ਵਰਤੋਂ ਵਿਹਾਰ, ਰਹਿਣ-ਸਹਿਣ ਆਦਿ ਨੂੰ ਵੀ ਕਾਵਿਕ ਰੂਪ ਵਿਚ ਵਰਣਨ ਕੀਤਾ ਹੈ। ਸਿੱਖ ਕਿਰਦਾਰ ਨੂੰ ਅਧਾਰ ਬਣਾ ਕੇ ਇਸ ਅਧਿਆਇ ਵਿਚ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚੋਂ ਆਚਾਰ ਵਿਹਾਰ ਬਾਰੇ ਮਿਲਦੇ ਸੰਦਰਭਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ ਜਿਨ੍ਹਾਂ ਨੂੰ ਅਸੀਂ ਤਿੰਨ ਭਾਗਾਂ ਵਿਚ ਵਰਗੀਕ੍ਰਿਤ ਕੀਤਾ ਹੈ।

1. ਧਾਰਮਿਕ ਆਚਾਰ ਵਿਹਾਰ
2. ਸਮਾਜਿਕ ਆਚਾਰ ਵਿਹਾਰ
3. ਰਾਜਨੀਤਿਕ ਆਚਾਰ ਵਿਹਾਰ

## 1. ਧਾਰਮਿਕ ਆਚਾਰ ਵਿਹਾਰ

ਸਮਾਜ ਅਤੇ ਧਰਮ ਆਪਸ ਵਿਚ ਅੰਤਰ ਸੰਬੰਧਿਤ ਹਨ ਅਤੇ ਦੋਵੇਂ ਹੀ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਧਰਮ ਸਮਾਜ ਦਾ ਸਭ ਤੋਂ ਮਹੱਤਵਪੂਰਨ ਤੱਤ ਹੁੰਦਾ ਹੈ ਜੋ ਲੋਕਾਂ ਦੇ ਜੀਵਨ ਨੂੰ ਅਨੇਕ ਪੱਖਾਂ ਤੋਂ ਪ੍ਰਭਾਵਿਤ ਕਰਦਾ ਹੈ। ਜਪੁ ਜੀ ਸਾਹਿਬ ਵਿਚ ਧਰਮ ਨੂੰ ਸ੍ਰਿਸ਼ਟੀ ਦੇ ਆਧਾਰ ਵੱਜੋਂ ਪੇਸ਼ ਕੀਤਾ ਗਿਆ ਹੈ ਜੋ ਸੰਤੋਖ ਵਾਲੇ ਗੁਣ ਰਾਹੀਂ ਸ੍ਰਿਸ਼ਟੀ ਨੂੰ ਵਿਵਸਥਿਤ ਰੱਖਦਾ ਹੈ।[1] ਕੁੱਝ ਵਿਚਾਰਕਾਂ ਦੇ ਅਨੁਸਾਰ ਧਰਮ ਨੈਤਿਕਤਾ 'ਤੇ ਆਧਾਰਿਤ ਹੈ। ਦੁਰਖੀਮ ਦੇ ਅਨੁਸਾਰ ਨੈਤਿਕਤਾ ਦੀ ਉੱਤਪਤੀ ਧਰਮ ਤੋਂ ਪਹਿਲਾਂ ਹੋਈ। ਉਸ ਦੇ ਅਨੁਸਾਰ ਪਵਿੱਤਰ ਚੀਜ਼ਾਂ ਜਾਂ ਕ੍ਰਿਆਵਾਂ ਉਹ ਹੁੰਦੀਆਂ ਹਨ ਜਿਹੜੀਆਂ ਕਿ ਸਮਾਜ ਦੇ ਲੋਕਾਂ ਨੂੰ ਕਰਨੀਆਂ ਚਾਹੀਦੀਆਂ ਹਨ।[2] ਧਰਮ ਨੈਤਿਕਤਾ ਤੋਂ ਬਿਨ੍ਹਾਂ ਨਹੀਂ ਚੱਲ ਸਕਦਾ ਅਤੇ ਨੈਤਿਕਤਾ ਵੀ ਕਾਫੀ ਹੱਦ ਤੱਕ ਧਰਮ ਦੇ ਪ੍ਰਭਾਵ ਨੂੰ ਕਬੂਲਦੀ ਹੈ। ਧਰਮ ਵਿਚ ਉਹ ਸਾਰੇ ਤੱਤ ਮੌਜੂਦ ਹੁੰਦੇ ਹਨ ਜਿਹੜੇ ਕਿ ਸਮਾਜ ਦੀ ਨੈਤਿਕਤਾ ਨੂੰ ਨਿਰਧਾਰਿਤ ਕਰਦੇ ਹਨ ਜਦ ਕਿ ਨੈਤਿਕਤਾ ਸੰਬੰਧੀ ਨਿਯਮ ਵੀ ਕਾਫੀ ਹੱਦ ਤਕ ਧਰਮ ਦੇ ਸਰੂਪ ਨੂੰ ਪ੍ਰਭਾਵਿਤ ਕਰਦੇ ਹਨ। ਧਾਰਮਿਕ ਰੰਗਤ ਤੋਂ ਬਿਨ੍ਹਾਂ ਨੈਤਿਕਤਾ ਨੂੰ ਘੱਟ ਹੀ ਪ੍ਰਵਾਨ ਕੀਤਾ ਜਾਂਦਾ ਹੈ।[3] ਪ੍ਰੋ. ਪ੍ਰੀਤਮ ਸਿੰਘ ਦਾ ਵਿਚਾਰ ਹੈ ਕਿ ਜੇ ਇਨਸਾਨ ਵਿਚ ਮਨੁਖਤਾ ਲਈ ਪਿਆਰ, ਪਰਉਪਕਾਰ, ਸ਼ੁਭ ਇੱਛਾ ਤੇ ਕੁਰਬਾਨੀ ਦੇ ਜਜ਼ਬੇ ਪੈਦਾ ਕਰਨੇ ਹਨ ਤਾਂ ਸਦਾਚਾਰ ਦਾ ਆਧਾਰ ਚੰਗਾ ਧਾਰਮਿਕ ਜੀਵਨ ਹੀ ਰੱਖਣਾ ਪਏਗਾ। ਨਿਰੀ ਸਮਾਜਕ ਲੋੜ ਨੂੰ ਆਧਾਰ ਨਹੀਂ ਬਣਾਇਆ ਜਾ ਸਕਦਾ।[4] ਇਸ ਲਈ ਸਮਾਜਿਕ ਦੇ ਨਾਲ-ਨਾਲ ਧਾਰਮਿਕ ਆਚਾਰ ਵੀ ਜ਼ਰੂਰੀ ਹੈ। ਅਧਿਆਇ ਦੇ ਇਸ ਹਿੱਸੇ ਵਿਚ ਅਸੀਂ ਧਾਰਮਿਕ ਆਚਾਰ ਵਿਹਾਰ ਦੀ ਚਰਚਾ ਕਰਨ ਜਾ ਰਹੇ ਹਾਂ।

---

1 ਧੌਲ ਧਰਮੁ ਦਇਆ ਕਾ ਪੂਤੁ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥ *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 3

2 ਮਨਜੀਤ ਸਿੰਘ, *ਧਰਮ ਦਰਸ਼ਨ*, ਪੰਨਾ 30

3 *ਉਹੀ*, ਪੰਨਾ 31

4 ਪ੍ਰੀਤਮ ਸਿੰਘ (ਪ੍ਰੋ.), *ਗੁਰੂ ਨਾਨਕ ਵਿਚਾਰ ਅਧਿਐਨ*, ਪੰਨਾ 188

### 1.1 ਨੇਕ ਆਚਾਰ

ਧਾਰਮਿਕ ਆਚਾਰ ਲਈ ਪਹਿਲਾਂ ਇਹ ਜ਼ਰੂਰੀ ਹੈ ਕਿ ਮਨੁੱਖ ਆਪਣੇ ਅੰਦਰ ਪ੍ਰੇਮ, ਸਬਰ, ਸੰਤੋਖ, ਸੰਜਮ, ਸਾਹਸ, ਧੀਰਜ, ਨਿਮ੍ਰਤਾ ਆਦਿ ਨੈਤਿਕ ਗੁਣ ਧਾਰਨ ਕਰੇ। ਗੁਰਮਤਿ ਮਨ ਨੀਵਾਂ ਤੇ ਮਤ ਉੱਚੀ ਰੱਖਣ ਦੀ ਪ੍ਰੇਰਨਾ ਕਰਦੀ ਹੈ। ਗੁਰਬਾਣੀ ਵਿਚ ਗੁਰੂ ਜੀ ਦੁਆਰਾ ਬ੍ਰਾਹਮਣਾਂ ਨੂੰ ਦਿੱਤੇ ਉਪਦੇਸ਼ ਰਾਹੀN ਸਮਝਾਇਆ ਹੈ ਕਿ ਜਿਹੜਾ ਮਨੁੱਖ ਇਨ੍ਹਾਂ ਗੱਲਾਂ 'ਤੇ ਨਹੀਂ ਚਲਦਾ ਉਸ ਦੀ ਮੰਦੀ ਮਤ 'ਡੂਮਣੀ' ਹੈ, 'ਦਇਆ ਰਹਿਤ ਮੱਤ ਕਸਾਈਪੁਣਾ ਹੈ, 'ਪਰ-ਨਿੰਦਾ ਭੰਗਣ' ਹੈ, 'ਧੋਖੇਬਾਜ਼ੀ ਤੇ ਕ੍ਰੋਧ ਚੰਡਾਲਨੀ' ਹੈ।[5] ਬਾਹਰੀ ਸੁੱਚਮਤਾ ਨਾਲ ਪਵਿੱਤਰਤਾ ਨਹੀਂ ਬਣਦੀ ਜੇਕਰ ਮਨ ਵਿਚੋਂ ਇਨ੍ਹਾਂ ਨੀਚ ਬਿਰਤੀਆਂ ਨੂੰ ਦੂਰ ਨਾ ਕੀਤਾ ਜਾਵੇ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਬਿਰਤੀਆਂ ਤੋਂ ਛੁਟਕਾਰਾ ਪਾਉਣ ਲਈ ਸੱਚ ਨੂੰ ਸੰਜਮ ਬਣਾਓਣ, ਪਵਿੱਤਰ ਜੀਵਨ ਰੀਤੀ ਨੂੰ ਲਕੀਰ ਬਣਾਉਂਣ ਅਤੇ ਨਾਮ ਸਿਮਰਨ ਨੂੰ ਇਸ਼ਨਾਨ ਬਣਾਉਣ ਦਾ ਉਪਦੇਸ਼ ਕੀਤਾ ਹੈ। ਪਰਲੋਕ ਵਿਚ ਕੇਵਲ ਉਹੀ ਉੱਤਮ ਗਿਣੇ ਜਾਣਗੇ ਜਿਹੜੇ ਪਾਪਾਂ ਦੇ ਰਾਹ ਨਹੀਂ ਤੁਰਦੇ।[6] ਇਸ ਲਈ ਮਨੁੱਖ ਨੂੰ ਆਪਣੇ ਮਨ ਵਿਚ ਮੰਦੇ ਵਿਚਾਰ ਨਹੀਂ ਰੱਖਣੇ ਚਾਹੀਦੇ। ਇਹ ਮੰਦੇ ਵਿਚਾਰ ਮਨੁੱਖ ਲਈ ਪ੍ਰਮਾਤਮਾ ਦੀ ਪ੍ਰਾਪਤੀ ਦੇ ਰਾਹ ਵਿਚ ਰੁਕਾਵਟਾਂ ਪੈਦਾ ਕਰਦੇ ਹਨ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ, ਔਗੁਣਾਂ ਤੋਂ ਦੂਰ ਰਹਿਣ ਲਈ ਅਤੇ ਨੈਤਿਕ ਗੁਣਾਂ ਦੀ ਸੇਧ ਦੇਣ ਵਾਲਾ ਇਕ ਹਾਜ਼ਰਨਾਮਾ ਦਿੱਤਾ ਗਿਆ ਹੈ ਜੋ ਇਸ ਪ੍ਰਕਾਰ ਹੈ-

ਹਾਜ਼ਰਾ ਕਉ ਮਿਹਰ ਹੈ॥ ਬਿਹਾਜਰਾਂ ਕਉ ਬਿਮਿਹਰ ਹੈ॥

ਈਮਾਨ ਦੋਸਤ ਹੈ॥ ਬੇਈਮਾਨ ਕਾਫਰ ਹੈ॥

ਤਕੱਬਰ ਕਹਰ ਹੈ॥ ਗੁੱਸਾ ਹਰਾਮ ਹੈ॥

ਨਫ਼ਸ ਸ਼ੈਤਾਨ ਹੈ॥ ਗੁਮਾਨ ਲਾਨਤੀ ਹੈ॥

---

[5] ਕੁਬੁਧਿ ਡੂਮਣੀ ਕੁਦਇਆ ਕਸਾਇਣਿ ਪਰ ਨਿੰਦਾ ਘਟ ਚੂਹੜੀ ਮੁਠੀ ਕ੍ਰੋਧਿ ਚੰਡਾਲਿ॥

*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 91

[6] ਸਚੁ ਸੰਜਮੁ ਕਰਣੀ ਕਾਰਾਂ ਨਾਵਣੁ ਨਾਉ ਜਪੇਹੀ॥

ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੰਦਿ ਨ ਦੇਹੀ॥ 1॥ *ਉਹੀ,* ਪੰਨਾ 91

ਪਸਗ਼ੈਬਤ ਕਾ ਮੂੰਹ ਕਾਲਾ ਹੈ॥ ਦਿਆਨਤਦਾਰ ਨਾਪਾਕ ਹੈ॥

ਮੋਮ ਦਿਲ ਪਾਕ ਹੈ॥ ਬੇਹਿਰਸ ਅਉਲੀਆ ਹੈ॥

ਹਿਰਸਮੰਦ ਫਾਜਰਨ ਹੈ॥ ਦਰੋਗ ਦੋਜ਼ਕ ਹੈ॥

ਸੱਚੁ ਭਿਸਤੁ ਹੈ॥ ਬਦ ਜ਼ੁਬਾਨ ਫਿੱਕਾ ਹੈ॥

ਦਰਦਵੰਦ ਦਰਵੇਸ਼ ਹੈ॥ ਬੇਦਰਦ ਕਸਾਈ ਹੈ॥

ਰੋਜ਼ੀ ਬਖਸ ਰਹੀਮ ਹੈ॥ ਇਲਮ ਹਲੀਮੀ ਹੈ॥

ਤਵੱਜਾ ਬੁਲੰਦੀ ਹੈ॥ ਖੈਰਵੰਦ ਸਤੀ ਹੈ॥

ਬੇਖ਼ੈਰ ਬਖੀਲ ਹੈ॥ ਜ਼ੋਰ ਜ਼ੁਲਮ ਹੈ॥

ਬੇਜ਼ੋਰ ਪਾਕ ਹੈ॥ ਮਸਾਫਾ ਸਿਫਤ ਹੈ॥

ਹਿਕਮਤ ਕਤੇਬ ਹੈ॥ ਦੁਆਇ ਦOਲਤ ਹੈ॥

ਬਦਦੁਆਇ ਕਹਿਰ ਹੈ॥ ਇਨਸਾਫ ਸਾਫ ਹੈ॥

ਚੋਰੀ ਲਾਲਚ ਹੈ॥ ਯਾਰੀ ਪਲੀਤੀ ਹੈ॥

ਸਿਫਤ ਉਜ਼ੂ ਹੈ॥ ਬਾਂਗ ਬਲੇਲਿ ਹੈ॥

ਕਰਾਮਾਤ ਕੁਦਰਤਿ ਹੈ॥ ਫਕੀਰੀ ਸਬੂਰੀ ਹੈ॥

ਨਾਸਬੂਰੀ ਮਕਰ ਹੈ॥ ਰਾਹੁ ਪੀਰਾਂ ਹੈ॥

ਬੇਰਹੁ ਬੇਪੀਰਾਂ ਹੈ॥ ਤੇਗ ਮਰਦਾਂ ਹੈ॥

ਦੇਗ ਖਰਾਇਤ ਹੈ॥ ਅਦਲ ਬਾਦਸ਼ਾਹ ਹੈ॥

ਏਤੇ ਟੋਲਿ ਜਿ ਜਾਣ ਜਣਾਵੈ॥ ਤਉ ਨਾਨਕ ਦਾਸ਼ਨਵੰਦ ਕਹਾਵੈ॥੧॥[7]

## 1.2 ਨਾਮ ਸਿਮਰਨ

ਗੁਰਬਾਣੀ ਵਿਚ ਅਨੇਕਾਂ ਥਾਂਵਾਂ ’ਤੇ ਨਾਮ ਸਿਮਰਨ ਨੂੰ ਪਰਮਾਤਮਾ ਨਾਲ ਮਿਲਾਪ ਦਾ ਪ੍ਰਮੁੱਖ

[7] ਵੀਰ ਸਿੰਘ (ਭਾਈ), *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਜਿਲਦ ਚੌਥੀ,* ਪੰਨੇ 1074-1075

ਸਾਧਨ ਮੰਨ ਕੇ ਵਾਰ-ਵਾਰ ਇਸ ਦੇ ਮਹੱਤਵ[8] ਨੂੰ ਦ੍ਰਿੜ੍ਹ ਕਰਵਾਇਆ ਹੈ ਅਤੇ ਮਨੁੱਖ ਨੂੰ ਨਾਮ ਸਿਮਰਨ ਦੀ ਤਾਕੀਦ[9] ਕੀਤੀ ਗਈ ਹੈ। ਕਵੀ ਜੀ ਨੇ ਨਾਮ ਦੀ ਮਹਿਮਾਂ ਨੂੰ ਬਿਆਨ ਕਰਦੇ ਹੋਏ ਦੱਸਿਆ ਹੈ ਕਿ ਜਿਹੜੇ ਸੰਤ ਅਤੇ ਸੂਰਮੇ ਚੰਗੀ ਰੀਤ ਅਨੁਸਾਰ ਚਲਦੇ ਹਨ, ਪੜ੍ਹਦੇ ਹਨ, ਸੁਣਦੇ ਹਨ ਅਤੇ ਸਤਿਸੰਗ ਨਾਲ ਪ੍ਰੀਤ ਕਰਦੇ ਹਨ ਉਨ੍ਹਾਂ 'ਤੇ ਕਾਮ, ਕ੍ਰੋਧ, ਲੋਭ, ਅਹੰਕਾਰ ਦਾ ਪ੍ਰਭਾਵ ਨਹੀਂ ਪੈਂਦਾ। ਜਿਹੜਾ ਮੁਕਤੀ ਪ੍ਰਾਪਤ ਕਰਨੀ ਚਾਹੁੰਦਾ ਹੈ, ਉਸ ਨੂੰ ਨਾਮ ਜਪਣਾ ਚਾਹੀਦਾ ਹੈ-

ਅਬ ਕੇ ਸਮੇਂ ਜੇ ਚਾਹੇ।
ਨਾਮ ਵਡਾਈ ਕੋ ਅਵਗਾਹ॥34॥
ਦੰਭਹਿ ਕੀ ਪੂਜਾ ਸਭਿ ਤਜੀਏ।
ਹ੍ਵੈ ਨਿਹਕਪਟ ਨਾਮ ਕੋ ਭਜੀਏ।

---

8 (ੳ) ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ॥
ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿਨਾਮੁ॥2॥ *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 709
(ਅ) ਪ੍ਰਭ ਕਾ ਸਿਮਰਨੁ ਸਭ ਤੇ ਊਚਾ॥ ਪ੍ਰਭ ਕੈ ਸਿਮਰਨਿ ਉਧਰੇ ਮੂਚਾ॥
ਪ੍ਰਭ ਕੈ ਸਿਮਰਨਿ ਤ੍ਰਿਸਨਾ ਬੁਝੈ॥ ਪ੍ਰਭ ਕੈ ਸਿਮਰਨਿ ਸਭੁ ਕਿਛੁ ਸੁਝੈ॥
ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ॥ ਪ੍ਰਭ ਕੈ ਸਿਮਰਨਿ ਪੂਰਨ ਆਸਾ॥
ਪ੍ਰਭ ਕੈ ਸਿਮਰਨਿ ਮਨ ਕੀ ਮਲੁ ਜਾਇ॥ਅੰਮ੍ਰਿਤ ਨਾਮੁ ਰਿਦ ਮਾਹਿ ਸਮਾਇ॥
ਪ੍ਰਭ ਜੀ ਬਸਹਿ ਸਾਧ ਕੀ ਰਸਨਾ॥ ਨਾਨਕ ਜਨ ਕਾ ਦਾਸਨਿ ਦਸਨਾ॥4॥ *ਉਹੀ,* ਪੰਨਾ 263

9 (ੳ) ਰਾਮ ਸਿਮਰਿ ਰਾਮ ਸਿਮਰਿ ਰਾਮ ਸਿਮਰਿ ਭਾਈ।।
ਰਾਮ ਨਾਮ ਸਿਮਰਨ ਬਿਨੁ ਬੂਡਤੇ ਅਧਿਕਾਈ ।। *ਉਹੀ,* ਪੰਨਾ 692
(ਅ) ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ।।
ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ।। 1।। ਰਹਾਉ।।
ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ।।
ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ।। *ਉਹੀ,* ਪੰਨਾ 726
(ੲ) ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ ਰੇ।। 1।। *ਉਹੀ,* ਪੰਨਾ 1352

ਲਿਵਲਾਵਹੁ ਨਿਸ ਦਿਨ ਸ੍ਰੀ ਨਾਮੂ।

ਜੇ ਦਿਜ ਤੂੰ ਕਰਿ ਹੈਂ ਅਸਕਾਮੂ।। 35।।

ਦੋਨਹੁ ਲੋਕ ਬਿਖੈ ਸੁਖ ਪਾਂਹੀ।

ਰਿੱਧਿ ਸਿਧਿ ਆਵਹਿਂ ਕਰ ਮਾਂਹੀ।[10]

ਗੁਰੂ ਨਾਨਕ ਦੇਵ ਜੀ ਪੀਰਾਂ ਨੂੰ ਸਮਝਾਉਂਦੇ ਹਨ ਕਿ ਹਿਰਦੇ ਵਿਚ ਇਹ ਗੱਲ ਦ੍ਰਿੜ ਕਰ ਲਵੋ, ਤਨ ਮਨ ਨਾਲ ਜੋ ਸੱਚੇ ਵਾਹਿਗੁਰੂ ਦਾ ਸਿਮਰਨ ਕਰਦੇ ਹਨ ਉਹ ਵਿਸ਼ੇ ਵਿਕਾਰਾਂ ਤੋਂ ਅਤੇ ਚੌਰਾਸੀ ਦੀਆਂ ਭਟਕਣਾਂ ਤੋਂ ਬਚੇ ਰਹਿੰਦੇ ਹਨ। ਜਿਹੜੇ ਤਨ 'ਤੇ ਭੇਸ ਧਾਰਨ ਕਰਕੇ ਮਨ ਵਿਚ ਕੂੜ ਧਾਰਨ ਕਰਦੇ ਹਨ ਤੇ ਕਾਮ, ਲੋਭ, ਮੋਹ ਅਤੇ ਹੰਕਾਰ ਅਨੁਸਾਰ ਰਹਿੰਦੇ ਹਨ ਉਹ ਚੁਰਾਸੀ ਲੱਖ ਜੂਨਾਂ ਵਿਚ ਜੰਮਦੇ ਮਰਦੇ ਰਹਿੰਦੇ ਹਨ ਅਤੇ ਭਾਰੀ ਦੁਖ ਪਾਉਂਦੇ ਹਨ-

ਸਾਚ ਚਵੋ ਤੁਮ ਬਰਾਖੁਦਾਈ।

ਦਰਗਹਿ ਮਹਿਂ ਕਸ ਹਾਲ ਬਿਹਾਈ।

ਤਨ ਮਨ ਸੰਗ ਰਹਤਿ ਜੋ ਸਾਚੇ।

ਜਗਤ ਗਰਤ ਤੇ ਸੋਊ ਬਾਚੇ।।65।।

ਸਾਚੇ ਸੰਗਿ ਰਤੇ ਚਿਤ ਜਾਂਹੀ।

ਬਿਸ਼ਿਯਨ ਬਿਖੈ ਲਿਪਾਇ ਜਿ ਨਾਂਹੀ।

ਸ਼ੋਭਾ ਕੇ ਸਮੇਤ ਸੋ ਜਾਈਂ।

ਦਰਗਹਿ ਮਹਿਂ ਬਹੁ ਆਦਰ ਪਾਈਂ।।66।।

ਤਨ ਮਹਿਂ ਪਹਿਰ ਬੇਖ ਧਰਿ ਕੂੜੇ।

ਮਨ ਕੇ ਮੂੜ ਮੰਦ ਮਤਿ ਮੂੜੇ।

ਕਾਮ, ਕ੍ਰੋਧ, ਲਬੁ, ਮੋਹੁ, ਹੰਕਾਰਾ।

---

[10] *ਜਿਲਦ ਚੌਥੀ,* ਪੰਨਾ 956

ਪੰਚ ਦੁਸ਼ਟ ਕੇ ਨਿਤ ਅਨੁਸਾਰਾ॥67॥

ਤਿਨ ਕੋ ਦਰਗਹਿ ਥਾਉਂ ਨ ਕਾਈ।

ਆਵਾਗੌਨ ਬਿਖ਼ੈ ਭਰਮਾਈਂ।

ਲਖਿ ਚਉਰਸੀਹ ਜੋਨਿ ਮਝਾਰੀ।

ਆਇ ਜਾਇ ਦੁਖ ਪਾਵਹਿੰ ਭਾਰੀ॥68॥[11]

### 1.3 ਸਤਿਸੰਗਤ

ਸਤਿ ਸੰਗਤ ਤੋਂ ਭਾਵ ਹੈ- ਭਲੇ ਮਨੁੱਖਾਂ ਦੀ ਸੰਗਤ, ਜੋ ਸੱਚ ਨਾਲ ਜੁੜੇ ਹੋਣ। ਮੱਧਯੁਗ ਦੇ ਲਗਭਗ ਸਾਰਿਆਂ ਸਾਧਕਾਂ ਨੇ ਸਾਧਸੰਗਤ ਵਿਚ ਪੂਰੀ ਤਰ੍ਹਾਂ ਵਿਸ਼ਵਾਸ਼ ਪ੍ਰਗਟ ਕੀਤਾ ਹੈ ਪਰ ਸਿੱਖ ਮੱਤ ਵਿਚ ਇਸ ਦੀ ਵਿਸ਼ੇਸ਼ ਰੂਪ ਵਿਚ ਪ੍ਰਤਿਸ਼ਠਾ ਹੋਈ ਹੈ। ਗੁਰੂ ਨਾਨਕ ਦੇਵ ਜੀ ਦਾ ਵਿਚਾਰ ਹੈ ਕਿ ਵਿਅਕਤੀ ਉੱਤਮ ਸੰਗਤ ਰਾਹੀਂ ਚੰਗਾ ਬਣਦਾ ਹੈ, ਕਿਉਂਕਿ ਚੰਗੀ ਸੰਗਤ ਨਾਲ ਹੀ ਉਹ ਗੁਣਾਂ ਨੂੰ ਪ੍ਰਾਪਤ ਕਰਨ ਦਾ ਯਤਨ ਕਰਦਾ ਹੈ ਅਤੇ ਅਵਗੁਣਾਂ ਨੂੰ ਤਿਆਗਦਾ ਹੈ।[12] ਸਤਿਸੰਗਤ ਦੀ ਪਰਿਭਾਸ਼ਾ ਪ੍ਰਸਤੁਤ ਕਰਦਿਆਂ ਗੁਰੂ ਜੀ ਨੇ ਕਿਹਾ ਹੈ ਕਿ ਸਤਿਸੰਗਤ ਉਹ ਹੈ ਜਿੱਥੇ ਕੇਵਲ ਨਾਮ ਦਾ ਹੀ ਵਿਖਿਆਨ ਹੁੰਦਾ ਹੈ।[13]

ਸਤਿਸੰਗਤ ਸੰਬੰਧੀ ਕਵੀ ਜੀ ਲਿਖਦੇ ਹਨ ਕਿ ਜਿਹੜਾ ਮਨੁੱਖ ਸਤਿਸੰਗਤ ਵਿਚ ਸ਼ਰਧਾ ਧਾਰਨ ਕਰਕੇ ਆਉਂਦਾ ਹੈ ਉਹ ਹੀ ਸਤਿਨਾਮ ਦਾ ਸਿਮਰਨ ਕਰਨ ਯੋਗ ਹੁੰਦਾ ਹੈ। ਉਸ ਮਨੁੱਖ ਵਿਚ ਕਿਸੇ ਨਾਲ ਵੈਰ ਵਿਰੋਧ ਦੀ ਭਾਵਨਾ ਨਹੀਂ ਰਹਿੰਦੀ। ਵੈਰ ਵਿਰੋਧ ਦੀ ਭਾਵਨਾ ਉਦੋਂ ਉਪਜਦੀ ਹੈ ਜਦੋਂ ਮਨ ਵਿਚ ਈਰਖਾ ਹੋਵੇ। ਇਹੀ ਈਰਖਾ ਮਨੁੱਖ ਦੇ ਦੁੱਖਾਂ ਦਾ ਕਾਰਨ ਬਣਦੀ ਹੈ। ਮਨੁੱਖ ਆਪਣਾ ਜਨਮ ਬਿਰਥਾ ਗਵਾ ਲੈਂਦਾ ਹੈ। ਇਸ ਲਈ ਸਤਿਸੰਗਤ ਹੀ ਅਜਿਹਾ ਮਾਰਗ ਹੈ ਜਿਸ ਰਾਹੀਂ ਮਨੁੱਖ ਪਰਮ ਪੱਦਵੀ ਪਾਉਣ ਦੇ ਕਾਬਲ ਹੋ ਜਾਂਦਾ ਹੈ-

---

[11] *ਉਹੀ,* ਪੰਨਾ 1030

[12] https://punjabipedia.org/topic.aspx?txt=%Eo%A8%A4%EO%A8%BF%EO%A8%

[13] ਸਤਿਸੰਗਤਿ ਕੈਸੀ ਜਾਣੀਐ ਜਿਥੇ ਏਕੋ ਨਾਮੁ ਵਖਾਣੀਐ॥ *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 72

ਸਤਿ ਸੰਗਤਿ ਮਹਿਂ ਸ਼ਰਧਾ ਧਰਨੰ।

ਸੱਤਿਨਾਮ ਕੋ ਸਿਮਰਨ ਕਰਨੰ।

ਪੂਰਨ ਲਖਹੁ ਪ੍ਰਮਾਤਮ ਏਕੂ।

ਮਨ ਕੇ ਕਲਪਨ ਹੋਤਿ ਅਨੇਕੂ।। 64।।

ਇਸ ਮਨ ਕੋ ਜੋ ਜੀਤਨ ਕਰਿਹੀਂ।

ਸੋਊ ਪਰਮਾਪਦ ਕੇ ਅਨੁਸਰਹੀਂ।[14]

ਸਤਿਸੰਗਤ ਵਿਚ ਜਾਣ ਨਾਲ ਮਨੁੱਖ ਕੁਕਰਮ ਕਰਨ ਤੋਂ ਬਚਿਆ ਰਹਿੰਦਾ ਹੈ। ਭਾਈ ਬਹੋੜੇ ਨਾਮੀ ਸੁਨਿਆਰ ਦੇ ਪ੍ਰਸੰਗ ਵਿਚ ਕੁਕਰਮ ਕਰਨ ਦੀ ਬ੍ਰਿਤੀ ਨੂੰ ਰੋਕਣ ਅਤੇ ਸੁਖ ਦੇਣ ਵਾਲੇ ਹਰੀ ਦੇ ਨਾਮ ਨੂੰ ਜਪਦੇ ਹੋਏ ਸਤਿਸੰਗਤ ਵਿਚ ਆਪਣੀ ਉਮਰ ਗੁਜਾਰਨ ਅਤੇ ਧਰਮ ਦੀ ਕਮਾਈ ਕਰਨ ਲਈ ਕਿਹਾ ਹੈ-

ਸੁਖਕਾਰੀ ਹਰਿ ਨਾਮ ਸੰਭਾਰਹੁ।

ਕਰਨਿ ਕੁਕਰਮ ਬ੍ਰਿਤੀ ਹਟਕਾਰਹੁ।

ਸਤਿਸੰਗਤਿ ਮਹਿਂ ਬੈਸ ਗੁਜ਼ਾਰਹੁ।

ਧਰਮ ਜੀਵਕਾ ਮਹਿਂ ਚਿਤ ਧਾਰਹੁ।। 30।।[15]

ਜਿਹੜੇ ਮਨੁੱਖ ਸਦਾ ਗੁਰਮੁੱਖ, ਸੰਤਾਂ ਦਾ ਸੰਗ ਕਰਦੇ ਹਨ ਭਾਵ ਚੰਗੇ ਆਚਰਣ ਵਾਲੇ ਵਿਅਕਤੀ ਦੇ ਸੰਗੀ ਹੁੰਦੇ ਹਨ ਉਨ੍ਹਾਂ ਦਾ ਭਲਾ ਹੀ ਹੁੰਦਾ ਹੈ[16] ਤੇ ਉਹ ਵਿਸ਼ੇ ਵਾਸ਼ਨਾਵਾਂ [17] ਤੋਂ ਬਚ ਕੇ ਰਹਿੰਦੇ ਹਨ। ਗੁਰੂ

---

[14] *ਜਿਲਦ ਚੌਥੀ,* ਪੰਨੇ 817-818

[15] *ਜਿਲਦ ਛੇਵੀਂ,* ਪੰਨਾ 1826

[16] ਤਿਨ ਕੇ ਦੇਖਿ ਅਚਾਰ ਨਰ ਜੇ ਕੋ ਆਪ ਕਮਾਇ।

ਸ੍ਰਸਤ ਹੋਤਿ ਤਿਨ ਕੋ ਸਦਾ ਜਮਪੁਰਿ ਸੋ ਨਹੀਂ ਜਾਇ।। 63।। *ਜਿਲਦ ਚੌਥੀ,* ਪੰਨਾ 844

[17] (ੳ) ਸਤਿਸੰਗਤਿ ਮਹਿਂ ਕੀਰਤਿ ਸੁਨੀਏ।

ਬਿਸ਼ੈ ਬਾਸ਼ਨਾ ਮਨ ਤੇ ਹਨੀਏ।। 54।। *ਉਹੀ,* ਪੰਨਾ 786

(ਅ) ਜਨ ਸੁਸ਼ੀਲ ਕੀ ਸੰਗਤਿ ਕਰੀਏ।

ਜਿਨ ਮਿਲਿਤੇ ਅਵਗੁਨ ਪਰਹਰੀਏ।..24।। *ਜਿਲਦ ਤੇਰਵੀਂ,* ਪੰਨਾ 5683

ਗੋਬਿੰਦ ਸਿੰਘ ਜੀ ਨੇ ਵੀ ਆਪਣੇ ਸਿੱਖਾਂ ਨੂੰ ਕੁਸੰਗਤ ਭਾਵ ਮਾੜੇ ਲੋਕਾਂ ਦੀ ਸੰਗਤ[18] ਕਰਨ ਤੋਂ ਵਰਜਿਆ ਹੈ।

### 1.4 ਸੰਤੋਖ

ਸਬਰ, ਸ਼ੁਕਰ, ਰਜਾ, ਲੋਭ ਦਾ ਤਿਆਗ, ਆਪਣੀ ਪਰਾਲਬਧ ਪਰ ਸੰਤੁਸ਼ਟ ਰਹਿਣਾ, ਜੋ ਪ੍ਰਭੂ ਪ੍ਰਮੇਸ਼ਰ ਨੇ ਦਿੱਤਾ ਉਸੇ ਪਰ ਪ੍ਰਸੰਨ ਰਹਿਣ ਦੀ ਅਵਸਥਾ ਨੂੰ ਸੰਤੋਖ[19] ਕਿਹਾ ਜਾਂਦਾ ਹੈ। ਸੰਤੋਖ ਨੈਤਿਕ ਗੁਣਾਂ ਵਿੱਚੋਂ ਸਭ ਤੋਂ ਉੱਤਮ ਅਤੇ ਸਿਰਮੌਰ ਗੁਣ ਹੈ। ਇਹ ਨੈਤਿਕਤਾ ਦਾ ਮੁੱਖ ਅੰਗ ਹੈ। ਸੰਤੋਖ ਨੂੰ ਸਿਆਣਿਆਂ, ਦਾਨੀਆਂ ਨੇ ਗਿਆਨ ਦਾ ਗੁਰੂ ਅਨੁਮਾਨਿਆ ਹੈ। ਸੰਤੋਖ ਮਨੁੱਖ ਨੂੰ ਖੁਸ਼ੀ ਅਤੇ ਸੰਤੁਸ਼ਟਤਾ ਪ੍ਰਦਾਨ ਕਰਦਾ ਹੈ।[20] ਪਾਤੰਜਲ ਯੋਗਸੂਤ੍ਰ ਅਨੁਸਾਰ ਅਸ਼ਟਾਂਗ ਮਾਰਗ ਦੇ ਨਿਯਮਾਂ ਵਿਚ ਸੰਤੋਖ ਨੂੰ ਦੂਜਾ ਸਥਾਨ ਪ੍ਰਾਪਤ ਹੈ। ਉੱਥੇ ਇਸ ਤੋਂ ਭਾਵ ਹੈ ਕਰਤੱਵ ਕਰਮ ਦੀ ਪਾਲਨਾ ਕਰਦੇ ਹੋਇਆਂ, ਉਸ ਦੇ ਜੋ ਕੁਝ ਵੀ ਸਿੱਟੇ ਨਿਕਲਣ ਅਤੇ ਪ੍ਰਾਲਬਧ ਅਨੁਸਾਰ ਆਪਣੇ ਆਪ ਨੂੰ ਜੋ ਕੁਝ ਵੀ ਪ੍ਰਾਪਤ ਹੋਵੇ, ਉਸੇ ਵਿਚ ਤ੍ਰਿਪਤ ਰਹਿਣਾ ਅਤੇ ਕਿਸੇ ਪ੍ਰਕਾਰ ਦੀ ਕਾਮਨਾ, ਇੱਛਾ ਜਾਂ ਤ੍ਰਿਸ਼ਨਾ ਨ ਕਰਨਾ ਸੰਤੋਸ਼ ਹੈ।[21] ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਨ ਉਪਰੰਤ ਅਖੀਰ ਉੱਤੇ ਮੰਦਾਵਣੀ ਅੰਕਿਤ ਕਰਨ ਵੇਲੇ 'ਸੰਤੋਖ'[22] ਸ਼ਬਦ ਨੂੰ ਵੀ ਸ਼ਾਮਲ ਕੀਤਾ ਹੈ।

ਭਾਈ ਮਨੀ ਸਿੰਘ ਜੀ ਨੇ ਗਿਆਨ ਰਤਨਾਵਲੀ ਦੇ ਟੀਕੇ ਵਿਚ ਪ੍ਰਮੇਸ਼ਰ ਨੂੰ ਮਿਲਣ ਦੇ ਚਾਰ ਰਸਤੇ ਵਰਨਣ ਕੀਤੇ ਹਨ ਜਿਨ੍ਹਾਂ ਵਿਚੋਂ ਪਹਿਲਾ 'ਸਤਸੰਗਤ', ਦੂਸਰਾ 'ਸਤਯ', ਤੀਸਰਾ 'ਸੰਤੋਖ', ਚੌਥਾ 'ਸਮ ਦਮ'

---

18 ਚੋਰ, ਜਾਰ, ਬਟਪਾਰ, ਜੁਆਰੀ।

ਕ੍ਰਿਤਘਨ, ਬੰਚਕ, ਛਲੀ ਕੁਚਾਰੀ।

ਸੁਪਨੇ ਮਹਿਂ ਭੀ ਇਨ ਕੀ ਸੰਗਤਿ।

ਕਰੇ ਨ ਕਬਿਹੂੰ, ਥਿਰ ਨ ਪੰਗਤਿ।। 22।। *ਉਹੀ,* ਪੰਨਾ 5683

19 ਨਾਭਾ, ਕਾਨ੍ਹ ਸਿੰਘ (ਭਾਈ), *ਮਹਾਨ ਕੋਸ਼,* ਪੰਨਾ 244

20 ਸੇਵਾ ਸਿੰਘ, *ਸਬਦੁ ਗੁਰ ਪੀਰਾ,* ਪੰਨਾ 83

21 https://punjabipedia.org/topic.aspx?txt=%E0%A8%B8%E0%A9%B0%E0%A8%A4%E0%A9%8B%

22 ਥਾਲ ਵਿਚਿ ਤਿੰਨਿ ਵਸਤੂ ਪਇਓ ਸਤੁ ਸੰਤੋਖੁ ਵੀਚਾਰੋ।। *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1429

ਹੈ। ਸੰਤੋਖ ਪ੍ਰਮਾਤਮਾ ਨੂੰ ਮਿਲਣ ਦਾ ਦਰਵਾਜਾ ਹੈ। ਸੰਤੋਖੀ ਲਈ ਪ੍ਰਮਾਤਮਾ ਦੇ ਚਾਰੇ ਦਰਵਾਜੇ ਖੁਲ੍ਹੇ ਹਨ। ਸੰਤੋਖ ਸਤਿ ਨਾਲ ਜੁੜ ਕੇ ਪ੍ਰਾਪਤ ਹੁੰਦਾ ਹੈ। ਇਸ ਲਈ ਸੰਤੋਖੀ ਮਨੁੱਖ ਸਤਵਾਦੀ ਹੁੰਦਾ ਹੈ।[23] ਭਾਈ ਸੰਤੋਖ ਸਿੰਘ ਨੇ ਸੰਤੋਖ ਨੂੰ ਗੁਰਮਤਿ ਦੀ ਸਾਧਨਾ ਵਿਚ ਸ਼ਾਮਿਲ ਕਰਦੇ ਹੋਏ ਮਨੁੱਖ ਨੂੰ ਲਾਲਚ ਤਿਆਗ ਕੇ ਸੰਤੋਖ ਧਾਰਣ ਕਰਨ ਲਈ ਕਿਹਾ ਹੈ-

ਲਾਲਚ ਤਜੈ ਧਰੈ ਸੰਤੋਖ।[24]

ਮਨੁੱਖ ਆਪਣੇ ਬਹੁਤੇ ਸੁੱਖ ਵਾਸਤੇ ਮਾਇਆ ਦੇ ਮਗਰ ਫਿਰਦਾ ਹੈ। ਉਸ ਨੂੰ ਜਗਤ ਦੇ ਜਿੰਨੇ ਵੀ ਪਦਾਰਥ ਹਨ ਉਸ ਦਾ ਤਿਆਗ ਕਰਦੇ ਹੋਏ ਸੰਤੋਖ ਧਾਰਨ ਕਰ ਕੇ ਪ੍ਰਮਾਤਮਾ ਦਾ ਹੋ ਜਾਣਾ ਹੀ ਸੋਭਦਾ ਹੈ-

ਜਗਤ ਪਦਾਰਥ ਸੁਖ ਜੇ ਸਾਰੇ।

ਸਭਿ ਕੇ ਮਿਟਿ ਕਰਿ ਹੋਹਿਂ ਹਮਾਰੇ।। 45।।[25]

## 1.5 ਨਿਮਰਤਾ

ਨਿਮਰਤਾ ਦਾ ਅਰਥ ਨੀਵਾਂ ਹੋਣਾ, ਹਲੀਮੀ, ਨਿਰ ਅਭਿਮਾਨਤਾ।[26] ਸਿੱਖ ਜੀਵਨ ਜਾਚ ਵਿਚ ਨਿਮਰਤਾ ਨੂੰ ਬਹੁਤ ਮਹੱਤਵਪੂਰਨ ਦਰਜ਼ਾ ਦਿੱਤਾ ਗਿਆ ਹੈ। ਇਸ ਨੂੰ ਮੁੱਢਲਾ ਗੁਣ ਮੰਨਿਆ ਜਾ ਸਕਦਾ ਹੈ ਕਿਉਂਕਿ ਇਸ ਦੇ ਧਾਰਨੀ ਹੋਣ ਤੋਂ ਬਗੈਰ ਅਧਿਆਤਮਿਕ ਮਾਰਗ ਦਾ ਪਾਂਧੀ ਬਣਨ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ। ਨਿਮਰਤਾ ਸਿੱਖ ਦੀ ਸ਼ਖ਼ਸੀਅਤ ਦਾ ਗਹਿਣਾ ਵੀ ਹੈ ਤੇ ਹਥਿਆਰ ਵੀ, ਜਿਸ ਨਾਲ ਅੰਦਰੂਨੀ ਤੇ ਬੈਰੂਨੀ ਵਿਰੋਧੀਆਂ ਉਪਰ ਜਿੱਤ ਪ੍ਰਾਪਤ ਕੀਤੀ ਜਾ ਸਕਦੀ ਹੈ।[27]

ਗਰੀਬੀ ਗਦਾ ਹਮਾਰੀ।।

---

23 *ਉਹੀ*, ਪੰਨਾ 84

24 *ਜਿਲਦ ਤੇਰਵੀਂ*, ਪੰਨਾ 5682

25 *ਜਿਲਦ ਚੌਥੀ*, ਪੰਨਾ 1128

26 ਨਾਭਾ, ਕਾਨ੍ਹ ਸਿੰਘ (ਭਾਈ), *ਮਹਾਨ ਕੋਸ਼*, ਪੰਨਾ 710

27 ਅਮਰਜੀਤ ਸਿੰਘ (ਡਾ.), *ਮੁੱਢਲੇ ਸਿੱਖ ਸ੍ਰੋਤ ਤੇ ਸਿੱਖ ਰਹਿਤ*, ਪੰਨਾ 162

ਖੰਨਾ ਸਗਲ ਰੇਨੁ ਛਾਰੀ॥

ਇਸ ਆਗੈ ਕੋ ਨ ਟਿਕੇ ਵੇਕਾਰੀ॥[28]

ਨਿਮਰਤਾ ਹੋਰਨਾਂ ਪ੍ਰਤੀ ਅਸੀਮ ਅਦਬ ਤੇ ਪਿਆਰ ਦੀ ਭਾਵਨਾ ਜਗਾਉਂਦੀ ਹੈ। ਇਸ ਪਿਆਰ ਨਾਲ ਲਬਰੇਜ਼ ਮਨੁੱਖ ਨੂੰ ਸਦੀਵੀ ਆਤਮਿਕ ਆਨੰਦ ਦੀ ਪ੍ਰਾਪਤੀ ਹੁੰਦੀ ਹੈ। ਨਿਮਰਤਾ ਸ਼ਾਂਤੀ ਤੇ ਸਾਦਗੀ ਦਾ ਦੂਜਾ ਨਾਂ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਹਲੀਮੀ ਤੇ ਨਿਮਰਤਾ ਦੀ ਸਭ ਤੋਂ ਵੱਡੀ ਮਿਸਾਲ ਹੈ।[29] ਨਿਮਰਤਾ ਨੂੰ ਸਿੱਖ ਸਦਾਚਾਰ ਵਿਚ ਵਿਸ਼ੇਸ਼ ਸਥਾਨ ਹਾਸਲ ਹੈ। ਭਾਈ ਗੁਰਦਾਸ ਜੀ ਆਪਣੇ ਕਬਿਤ (137) ਵਿਚ ਨਿਮ੍ਰਤਾ ਦੀ ਉਦਾਹਰਨ ਦਿੱਤੀ ਹੈ-

ਨਿਮ੍ਰਤਾ ਨਿਵਾਸ ਦਾਸ ਦਾਸਨ ਦਾਸਾਨ ਮਤਿ ਮਧੁਰ ਬਚਨ ਮੁਖ ਬੇਨਤੀ ਬਖਾਨੀਐ।[30]

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਗੁਰੂ ਨਾਨਕ ਦੇਵ ਜੀ ਭਾਈ ਮਰਦਾਨਾ ਜੀ ਨੂੰ ਸਮਝਾਉਂਦੇ ਹਨ ਕਿ ਇਸ ਜਗਤ ਵਿਚ ਜੋ ਨਿਮਰਤਾ ਸਹਿਤ ਰਹਿੰਦੇ ਹਨ, ਪਰਲੋਕ ਵਿਚ ਉਹ ਮਾਣ ਪ੍ਰਾਪਤ ਕਰਦੇ ਹਨ-

ਇਹ ਸਭਿ ਕੂਰ ਕਾਜ ਨਹਿ ਸਰਿਈ।

ਮੁਕਤਿ ਪੰਥ ਤੇ ਬਰਜਨ ਕਰਿਈ।

ਚਹਿਤ ਰਹੈਂ ਜਗ ਮਹਿਂ ਬਡਿ ਆਈ।

ਅਲਪ ਕਾਲ ਜਿਸ ਬੀਚ ਰਹਾਈ॥ 50॥

ਜਹਿਂ ਜਾਵਨ ਲਹਿ ਨੇ ਸੁਖ ਭਾਰੀ।

ਤਹਿਂ ਕੀ ਗਤਿ ਨਹਿਂ ਕਰਹਿਂ ਬਿਚਾਰੀ।

ਮਾਨਹੀਨ ਰਹਿ ਜਗ ਮਹਿਂ ਜੋਈ।

ਚਹੈ ਮਾਨ ਪਰਲੋਕਹਿਂ ਸੋਈ॥51॥[31]

---

28 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 628

29 http://ph-media.ca/25-5-6 (ਨਿਮਰਤਾ)

30 *ਭਾਈ ਗੁਰਦਾਸ ਜੀ ਕਬਿੱਤ ਸਵੈਯੇ*, ਸਰਬਜਿੰਦਰ ਸਿੰਘ (ਸੰਪਾ.), ਕਬਿੱਤ 137, ਪੰਨਾ 21

31 *ਜਿਲਦ ਚੌਥੀ,* ਪੰਨੇ 950-951

ਨਿਮਰਤਾ ਵਿਚ ਰਹਿਣ ਨਾਲ ਮਿੱਠਾ ਬੋਲਣਾ ਵਰਗਾ ਗੁਣ ਸਹਿਜੇ ਹੀ ਮਨੁੱਖ ਅੰਦਰ ਆ ਜਾਂਦਾ ਹੈ। ਇਸ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਕਿਹਾ ਹੈ ਕਿ-

ਮਧੁਰ ਕਹੈ ਸਭਿ ਕੋ ਤ੍ਰਿਪਤਾਵੈ।

ਫੀਕਾ ਬੋਲ ਨ ਕਿਸੀ ਦੁਖਾਵੈ।। 20।।[32]

### 1.6 ਰਜ਼ਾ

ਭਾਣੇ ਦਾ ਅਰਥ ਹੈ ਕਰਤਾਰ ਦਾ ਹੁਕਮ।[33] ਰਬੀ ਰਜ਼ਾ ਜਾਨਣ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਮਨੁੱਖਤਾ ਦੀ ਅਗਵਾਈ ਕਰਦੀ ਹੈ। ਗੁਰਮਿਤ ਅਨੁਸਾਰ ਇਸ ਦੁਨੀਆਂ 'ਤੇ ਜੋ ਕੁੱਝ ਵੀ ਹੋ ਰਿਹਾ ਹੈ ਉਸ ਅਕਾਲ ਪੁਰਖ ਦੇ ਭਾਣੇ ਅੰਦਰ ਹੀ ਹੋ ਰਿਹਾ ਹੈ।[34] ਭਾਈ ਸੰਤੋਖ ਸਿੰਘ ਅਨੁਸਾਰ ਸਾਨੂੰ ਪ੍ਰਭੂ ਦੀ ਆਗਿਆ[35] ਵਿਚ ਹੀ ਰਹਿਣਾ ਚਾਹੀਦਾ ਹੈ। ਗੁਰੂ ਅਰਜਨ ਦੇਵ ਜੀ ਭਾਈ ਜੀਵਾ ਨੂੰ ਪ੍ਰਭੂ ਦੀ ਰਜ਼ਾ ਵਿਚ ਰਾਜ਼ੀ ਰਹਿਣ ਦਾ ਉਪਦੇਸ਼ ਕਰਦੇ ਹਨ।[36] ਗੁਰੂ ਰਾਮਦਾਸ ਜੀ ਭਾਈ ਤਿਲੋਕੇ ਨਾਮੀ ਸਿੱਖ ਨੂੰ ਸਮਝਾਉNਦੇ ਹਨ ਕਿ ਉਠਦੇ ਬੈਠਦੇ, ਆਉਂਦੇ ਜਾਂਦੇ, ਦਿਨ ਰਾਤ ਸਿਮਰਨ ਦਾ ਕਦੀ ਵੀ ਤਿਆਗ ਨਾ ਕਰੋ। ਪਰਮੇਸ਼ਰ ਦੇ ਭਾਣੇ ਨੂੰ ਮੰਨੋ, ਇਹ ਜਾਣ ਕੇ ਪ੍ਰਸੰਨ ਹੋਵੋ ਕਿ ਪਰਮੇਸ਼ਰ ਜੋ ਵੀ ਕਰਦਾ ਹੈ, ਭਲਾ ਹੀ ਕਰਦਾ ਹੈ। ਪ੍ਰਭੂ 'ਤੇ ਕਦੀ ਵੀ ਦੋਸ਼ ਨਾ ਲਾਵੋ, ਜੋ ਸਾਰਿਆਂ ਵਿਚ ਆਕਾਸ਼ ਵਾਂਗ ਵਿਆਪਕ ਹੈ-

ਊਠਤਿ ਬੈਠਤਿ ਆਵਤਿ ਜਾਤੇ।

---

[32] *ਜਿਲਦ ਤੇਰਵੀਂ,* ਪੰਨਾ 5683

[33] ਨਾਭਾ, ਕਾਨ੍ਹ ਸਿੰਘ (ਭਾਈ), *ਮਹਾਨ ਕੋਸ਼,* ਪੰਨਾ 913

[34] ਜੋ ਕਿਛੁ ਵਰਤੈ ਸਭ ਤੇਰਾ ਭਾਣਾ।।

ਹੁਕਮੁ ਬੂਝੈ ਸੋ ਸਚਿ ਸਮਾਣਾ।। *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 193

[35] ਪ੍ਰਭੁ ਆਗਯਾ ਮਹਿਂ ਤਥਾ ਸਦੀਵਾ।

ਰਹੁ ਰਾਜ਼ੀ ਬਨਿ ਗੁਰਮੁਖ ਜੀਵਾ। 17।। *ਜਿਲਦ ਪੰਜਵੀਂ,* ਪੰਨਾ 1353

[36] ਐਸੋ ਨਹੀਂ ਮਨੋਰਥ ਕਰੀਅਹਿ।

ਜਿਸ ਤੇ ਮਹਾਂ ਦੋਸ਼ ਸਿਰ ਧਰੀਅਹਿ। 6।। *ਉਹੀ,* ਪੰਨਾ 1352

ਨਹਿਂ ਸਿਮਰਨ ਤਯਾਗਹੁ ਦਿਨ ਰਾਤੇ।

ਪਰਮੇਸੁਰ ਭਾਣੇ ਕੋ ਮਾਨਿ।

ਹਰਖਹੁ ਭਲੀ ਕਰਹਿ ਇਮ ਜਾਨਿ।

ਦੋਸ਼ ਅਰੋਪਹੁ ਕੋਇ ਨ ਪ੍ਰਭੁ ਮੈਂ।

ਜੋ ਬਯਾਪਕ ਨਭ ਕੀ ਸਮ ਸਭਿ ਮੈਂ।[37]

ਗੁਰੂ ਹਰਿਕ੍ਰਿਸ਼ਨ ਜੀ ਦੇ ਉਪਦੇਸ਼ ਰਾਹੀਂ ਇਸ ਗ੍ਰੰਥ ਵਿਚ ਇਹ ਵਿਚਾਰ ਪੇਸ਼ ਕੀਤਾ ਗਿਆ ਹੈ ਕਿ ਸਾਨੂੰ ਹਮੇਸ਼ਾਂ ਪ੍ਰਭੂ ਦੀ ਮਰਜ਼ੀ ਵਿਚ ਰਾਜ਼ੀ ਰਹਿਣਾ ਚਾਹੀਦਾ ਹੈ। ਇਹ ਜਗ ਰਚਨਾ ਸਾਰੀ ਝੂਠੀ ਹੈ। ਇਹ ਸਥਿਰ ਨਹੀਂ ਹੈ, ਸਦਾ ਹੀ ਨਾਸ਼ ਹੋਣ ਯੋਗ ਹੈ। ਸ੍ਰੇਸ਼ਟ ਬੁੱਧੀ ਵਾਲਾ ਮਨੁੱਖ ਇਸ ਨਾਲ ਪ੍ਰੀਤ ਨਹੀਂ ਪਾਉਂਦਾ। ਸਭ ਨੇ ਖ਼ਤਮ ਹੋ ਜਾਣਾ ਹੈ, ਕੋਈ ਪਹਿਲਾਂ ਹੋ ਜਾਵੇਗਾ, ਕੋਈ ਬਾਅਦ ਵਿਚ ਚਲਾ ਜਾਵੇਗਾ। ਮੂਰਖ ਇਸ ਵਿਚ ਸਥਿਰਤਾ ਚਾਹੁੰਦੇ ਹਨ। ਇਹ ਤਾਂ ਇਸ ਤਰ੍ਹਾਂ ਹੈ ਜਿਵੇਂ ਨਦੀ ਦਾ ਪ੍ਰਵਾਹ ਹੈ। ਸਦਾ ਭਰਿਆ ਰਹਿਣ ਕਰਕੇ ਉਸ ਤਰ੍ਹਾਂ ਦਿਖਾਈ ਦਿੰਦਾ ਹੈ।[38]

### 1.7 ਹੰਕਾਰ

ਹਉਮੈ ਦਾ ਅਰਥ ਹੈ- *ਮੈਂ ਮੇਰੀ ਦਾ ਭਾਵ, ਅਹੰਤਾ, ਅਭਿਮਾਨ, ਖ਼ੁਦੀ।*[39] ਹੰਕਾਰ, ਮਨੁੱਖ ਅਤੇ ਪਰਮਾਤਮਾ ਦੇ ਮਿਲਾਪ ਵਿਚ ਸਭ ਤੋਂ ਵੱਡੀ ਰੁਕਾਵਟ ਹੈ। ਇਸ ਹਉਮੈ ਕਰ ਕੇ ਹੀ ਵਿਸ਼ੇਸ ਪਦਾਰਥ ਮੈਂ, ਤੂੰ,

---

[37] *ਜਿਲਦ ਛੇਵੀਂ,* ਪੰਨਾ 2145

[38] ਪ੍ਰਭੁ ਮਰਜ਼ੀ ਮਹਿਂ ਰਹੁ ਨਿਤ ਰਾਜ਼ੀ।

ਜਗ ਰਚਨਾ ਜਾਨਹੁ ਅਸ ਪਾਜੀ। 26।।

ਬਿਨਸਹਿ ਕੋ ਆਗੈ ਕੋ ਪਾਛੇ।

ਇਸ ਮਹਿਂ ਮੂਰਖ ਥਿਰਤਾ ਬਾਂਛੇ।

ਚਲਯੋ ਜਾਤਿ ਜਿਮ ਨਦੀ ਪ੍ਰਵਾਹੂ।

ਭਰਯੋ ਰਹਹਿ ਦਿਖਿਯਤਿ ਬਿਧ ਤਾਹੂ।। 28।। *ਜਿਲਦ ਦੱਸਵੀਂ,* ਪੰਨਾ 3952

[39] ਨਾਭਾ, ਕਾਨ੍ਹ ਸਿੰਘ (ਭਾਈ), *ਮਹਾਨ ਕੋਸ਼,* ਪੰਨਾ 255

ਇਹ, ਉਹ ਹੋਂਦ ਵਿਚ ਆਉਂਦੇ ਹਨ। ਇਹ ਉਹ ਚਾਰ ਦੀਵਾਰੀ ਹੈ, ਜਿਹੜੀ ਸਰਵ-ਵਿਆਪੀ ਆਤਮਾ ਤੋਂ ਜੀਵਾਤਮਾ ਬਣਾਉਂਦੀ ਹੈ।[40] ਹਉਮੈ ਦੀ ਬੂਝ ਹੀ ਹਉਮੈ ਦਾ ਦਾਰੂ ਹੈ, ਹਉਮੈ ਦੀ ਅਸੂਝ ਦੀਰਘ ਰੋਗ ਹੈ। ਇਹੋ ਕੂੜ ਦੀ ਪਾਲ ਖੜ੍ਹੀ ਕਰ ਦੇਂਦੀ ਹੈ। ਜੇ ਹਉਮੈ ਨੂੰ ਚੰਗੀ ਤਰ੍ਹਾਂ ਸਮਝ ਲਿਆ ਜਾਵੇ ਤਾਂ ਮਨੁੱਖ ਦਾ ਦ੍ਰਿਸ਼ਟੀ ਕੋਣ ਬਦਲ ਜਾਂਦਾ ਹੈ।[41] ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਹੰਕਾਰ ਨੂੰ ਖਤਮ ਕਰਨ ਲਈ ਗੁਰੂ ਦੇ ਅਧੀਨ ਰਹਿਣ ਲਈ ਕਿਹਾ ਗਿਆ ਹੈ। ਬਿਨ੍ਹਾਂ ਸਤਿਗੁਰੂ ਦੇ ਮਾਰਗ ਦੀ ਸੂਝ ਨਹੀਂ ਆਉਂਦੀ। ਕੁੰਜੀ ਬਗੈਰ ਬੰਦ ਹੋਇਆ ਤਾਲਾ ਖੁਲ੍ਹਦਾ ਨਹੀਂ, ਭਾਵੇਂ ਮਨੁੱਖ ਕਈ ਉਪਾਅ ਕਰਦਾ ਰਹੇ। ਜੇ ਫਿਰ ਪੂਰਨ ਭਾਗ ਹੋਣ ਤਾਂ ਗੁਰੂ ਮਿਲਦਾ ਹੈ ਅਤੇ ਉਪਦੇਸ਼ ਰਾਹੀਂ ਸੱਚ ਝੂਠ ਦਾ ਨਿਤਾਰਾ ਕਰ ਦਿੰਦਾ ਹੈ।

ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਬਹੁਤ ਸਿੱਖ ਸੰਗਤਾਂ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਂਦੀਆਂ ਸਨ ਤੇ ਆਪਣੇ ਉਧਾਰ ਬਾਰੇ ਵਿਚਾਰ ਚਰਚਾ ਕਰਦੀਆਂ ਸਨ। ਗੁਰੂ ਜੀ ਹਰ ਕਿਸੇ ਨੂੰ ਆਪਣੇ ਮਨ ਦੇ ਹੰਕਾਰ ਨੂੰ ਦੂਰ ਕਰਨ ਲਈ ਕਹਿੰਦੇ ਸਨ। ਕਿਉਂਕਿ ਈਰਖਾ ਦਾ ਤਿਆਗ ਕਰਕੇ, ਨਿਮਰਤਾ ਧਾਰਨ ਕਰਕੇ ਹੀ ਨਿੰਦਿਆ ਵਰਗੇ ਔਗੁਣਾਂ ਨੂੰ ਦੂਰ ਕੀਤਾ ਜਾ ਸਕਦਾ ਹੈ।[42]

ਗੁਰੂ ਹਰਿਗੋਬਿੰਦ ਸਾਹਿਬ ਦੇ ਉਪਦੇਸ਼ ਰਾਹੀਂ ਇਹ ਵਿਚਾਰ ਪੇਸ਼ ਕੀਤਾ ਗਿਆ ਹੈ ਕਿ ਜੇ ਕਿਸੇ ਨੇ ਚੰਗੇ ਆਚਰਣ ਵਿਚ ਰਹਿਣਾ ਹੈ ਤਾਂ ਉਹ ਆਪਣੇ ਹੰਕਾਰ ਨੂੰ ਤਿਆਗੇ। ਹੰਕਾਰ ਨੂੰ ਤਿਆਗਣ ਲਈ ਨਾਮ ਹੀ ਇਕ ਅਜਿਹਾ ਸਹਾਰਾ ਹੈ ਜੋ ਕਿ ਮਨੁੱਖ ਦੇ ਮਨ ਨੂੰ ਸਨਿਮਰ ਕਰ ਦਿੰਦਾ ਹੈ ਤੇ ਸੁੱਖ ਦਿੰਦਾ ਹੈ।'[43] ਗੁਰੂ ਹਰਿਗੋਬਿੰਦ ਸਾਹਿਬ ਜੀ ਆਪਣੇ ਸਿੱਖਾਂ ਨੂੰ ਨਿੱਤ ਦੇ ਕਾਰਜਾਂ ਵਿਚ ਵੀ ਪਰਮਾਤਮਾ ਦਾ ਨਾਮ ਸਿਮਰਨ

---

40 ਸ਼ੇਰ ਸਿੰਘ (ਪ੍ਰੋ.), *ਗੁਰਮਤਿ ਦਰਸ਼ਨ,* ਪੰਨਾ 401

41 *ਉਹੀ,* ਪੰਨਾ 405

42 ਗਹੋ ਨੰਮ੍ਰਤਾ, ਤਯਾਗਹੁ ਮਤਸਰ।

ਕਰਹੁ ਨ ਨਿੰਦਾ ਅਵਗੁਨ ਪਰਹਰਿ। 21 ।। *ਜਿਲਦ ਪੰਜਵੀਂ,* ਪੰਨਾ 1715

43 ਬਿਨਾਂ ਨਾਮ ਤੇ ਨਹਿਂ ਛੁਟਕਾਰਾ। ਅਪਰ ਕਰਮ ਤੇ ਵਧੈ ਹੰਕਾਰਾ।

ਨੰਮ੍ਰਿ ਹੋਨਿ ਮਿਸਰਨਿ ਹਰਿਨਾਮ।

ਲਹੈ ਅੰਤ ਕੋ ਸੁਖ ਬਿਸਰਾਮ।। 10।। *ਜਿਲਦ ਸੱਤਵੀਂ,* ਪੰਨਾ 2692

ਕਰਨ ਲਈ ਕਹਿੰਦੇ ਹਨ। ਗੁਰੂ ਜੀ ਨੇ ਤਨ ਦੇ ਹੰਕਾਰ ਨੂੰ ਦੂਰ ਕਰਨ ਲਈ ਵੀ ਕਿਹਾ ਹੈ। ਇਸ ਵਿਚ ਇਕ ਪ੍ਰਕ੍ਰਿਤੀ ਦੀ ਉਦਾਹਰਨ ਦਿੱਤੀ ਹੈ ਕਿ ਜੇਕਰ ਰੁੱਖ ਦਾ ਮੁੱਢ ਹੀ ਪੁਟ ਦੇਈਏ ਤਾਂ ਰੁੱਖ ਸੁੱਕ ਜਾਂਦਾ ਹੈ ਤੇ ਉਸਨੂੰ ਫਿਰ ਪੱਤੇ ਅਤੇ ਡਾਹਣੀਆਂ ਨਹੀਂ ਲੱਗਦੀਆਂ। ਉਸ ਤਰ੍ਹਾਂ ਹੀ ਸਰੀਰ ਦੇ ਹੰਕਾਰ ਕਾਰਨ ਵਿਕਾਰ ਪੈਦਾ ਹੁੰਦੇ ਹਨ ਜਿਹੜੇ ਹੰਕਾਰ ਦੇ ਨਾਸ਼ ਹੋਣ 'ਤੇ ਖਤਮ ਹੋ ਜਾਂਦੇ ਹਨ-

ਜਥਾ ਮੂਲ ਕੋ ਦੇਹਿ ਉਖਾਰੇ।

ਸੂਕਹਿ ਤਰੁ ਦਲ ਫੂਲ ਸ ਡਾਰੇ।

ਤਿਮ ਤਨ ਹੰਤਾ ਸੰਗ ਬਿਕਾਰਾ।

ਬਿਨਸਤਿ ਬਿਨਸਹਿਂ ਕੋ ਬਾਰੇ।। 49।।[44]

### 1.8 ਇਕ ਅਕਾਲ ਪੁਰਖ ਦੀ ਬੰਦਗੀ

ਅੰਗ੍ਰੇਜ਼ੀ ਦਾ ਸ਼ਬਦ 'ਮੋਨੋਥੀਇਜ਼ਮ' (Monotheism) 'ਮੋਨੋ' ਅਤੇ 'ਥੀਇਜ਼ਮ' ਦੇ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ। ਮੋਨੋ ਯੂਨਾਨੀ ਭਾਸ਼ਾ ਦੇ ਸ਼ਬਦ 'ਮੋਨੋਸ'(Monos) ਤੋਂ ਨਿਕਲਿਆ ਹੈ ਜਿਸ ਦਾ ਅਰਥ ਹੈ 'ਇਕ'(Single) ਅਤੇ ਇਸੇ ਤਰ੍ਹਾਂ 'ਥੀਇਜ਼ਮ' ਸ਼ਬਦ ਵੀ ਯੂਨਾਨੀ ਭਾਸ਼ਾ ਦੇ ਸ਼ਬਦ 'ਥੀਓਸ'(Theos) ਤੋਂ ਬਣਿਆ ਹੈ ਜਿਸ ਦਾ ਅਰਥ ਹੈ 'ਈਸ਼ਵਰ ਵਿਚ ਵਿਸ਼ਵਾਸ਼ ਰੱਖਣਾ। ਇਸ ਤਰ੍ਹਾਂ ਮੋਨੋਥੀਇਜ਼ਮ ਦੇ ਸ਼ਬਦੀ ਅਰਥ ਹਨ ਕਿ ਇਹ ਧਰਮ ਦਾ ਇਕ ਅਜਿਹਾ ਸਿਧਾਂਤ ਹੈ ਜਿਹੜਾ ਕਿ ਸਿਰਫ ਅਤੇ ਸਿਰਫ ਇਕ ਹੀ ਈਸ਼ਵਰ ਦੀ ਹੋਂਦ ਵਿਚ ਵਿਸ਼ਵਾਸ ਰੱਖਦਾ ਹੈ। ਇਸ ਵਿਚ ਦੇਵੀ-ਦੇਵਤਿਆਂ ਅਤੇ ਮਨੁੱਖੀ ਪੂਜਾ ਵਰਗੇ ਖਿਆਲਾਂ ਨੂੰ ਭੰਡਿਆ ਜਾਂਦਾ ਹੈ ਅਤੇ ਇਕ ਹੀ ਰੱਬ ਦੀ ਹੋਂਦ ਨੂੰ ਪ੍ਰਵਾਨ ਕੀਤਾ ਜਾਂਦਾ ਹੈ।[45] ਅਕਾਲ ਪੁਰਖ ਸ਼ਬਦ ਵੀ ਸਿੱਖ ਧਾਰਮਿਕ ਸਾਹਿਤ ਵਿਚ ਦੈਵੀ ਹਸਤੀ ਅਰਥਾਤ ਪਰਮਾਤਮਾ ਲਈ ਵਰਤਿਆ ਜਾਂਦਾ ਹੈ। ਅਕਾਲ ਮੂਰਤਿ ਦੀ ਤਰ੍ਹਾਂ ਇਹ ਦੋ ਇਕਾਈਆਂ ਦਾ ਸਮਾਸ ਹੈ ਜਿਵੇਂ ਅਕਾਲ (ਅਲੌਕਿਕ) ਅਤੇ ਪੁਰਖ (ਪੁਰਸ਼)। ਭਾਸ਼ਾ ਵਿਗਿਆਨਿਕ ਚਿੰਨ੍ਹ ਦੇ ਤੌਰ 'ਤੇ ਪੁਰਖ ਸੰਸਕ੍ਰਿਤ 'ਪੁਰਸ਼' (ਨਰ-ਮਨੁੱਖ) ਤੋਂ ਲਿਆ ਗਿਆ

---

[44] *ਜਿਲਦ ਅੱਠਵੀਂ,* ਪੰਨਾ 2882

[45] ਮਨਜੀਤ ਸਿੰਘ, *ਉਹੀ,* ਪੰਨਾ 39

ਹੈ ਜੋ ਨਿਸ਼ਚਿਤ ਤੌਰ 'ਤੇ ਪੁਲਿੰਗ ਰੂਪ ਵਿਚ ਵਰਤਿਆ ਜਾਂਦਾ ਹੈ[46] ਪਰ ਸਿੱਖ ਧਰਮ ਵਿਚ ਮਨੁੱਖੀ ਪੂਜਾ ਨੂੰ ਕੋਈ ਥਾਂ ਨਹੀਂ। ਸਿੱਖ ਧਰਮ ਦਾ ਮਨੋਰਥ ਸੱਚ ਦਾ ਗਿਆਨ ਕਰਵਾਉਣਾ ਅਤੇ ਅਕਾਲ ਪੁਰਖ ਨਾਲ ਜੋੜਣਾ ਹੈ। ਗੁਰੂ ਜੀ ਦਸਦੇ ਹਨ ਕਿ ਮਨੁੱਖੀ ਪੂਜਾ ਛੱਡ ਕੇ ਉਸ ਪ੍ਰਮਾਤਮਾ ਦਾ ਨਾਮ ਜਪੋ-

ਬ੍ਰਹਮੰਡ ਖੰਡ ਜਿਨ ਸਿਰਜਿ ਦੀਨ।
ਤਿਹਂ ਸਿਮਰ ਹੋਇਂ ਸਭਿ ਕਸ਼ਟ ਛੀਨ॥49॥
ਪ੍ਰਿਥਮੇ ਸਿਮਰੋ ਕਰਤਾਰ ਨਾਮ।
ਪੁਨ ਬੋਇ ਖੇਤ ਹੁਇ ਸਿੱਧ ਕਾਮ।[47]

## 1.9 ਪਰਉਪਕਾਰ

ਇਸ ਸ਼ਬਦ-ਜੁਟ ਵਿਚ ਪਰ ਦਾ ਅਰਥ ਹੈ 'ਦੂਜਾ' ਅਤੇ ਉਪਕਾਰ ਦਾ ਅਰਥ ਹੈ 'ਨੇਕੀ', 'ਭਲਾਈ', 'ਸਹਾਇਤਾ'। ਇਸ ਤਰ੍ਹਾਂ ਇਸ ਸ਼ਬਦ ਤੋਂ ਭਾਵ ਹੈ ਬਿਨ੍ਹਾਂ ਕਿਸੇ ਸੁਆਰਥ ਜਾਂ ਖ਼ੁਦਗਰਜ਼ੀ ਦੇ ਲੋੜਵੰਦਾਂ, ਗਰੀਬਾਂ ਦੁਖੀਆਂ ਆਦਿ ਦੀ ਸਹਾਇਤਾ ਜਾਂ ਉਨ੍ਹਾਂ ਪ੍ਰਤਿ ਕੋਈ ਨੇਕੀ ਦਾ ਆਚਾਰ ਕਰਨਾ।[48] ਸਿੱਖ ਧਰਮ ਮਨੁੱਖ ਨੂੰ ਪਰਉਪਕਾਰੀ ਤੇ ਸਰਬੱਤ ਦਾ ਭਲਾ ਚਾਹੁਣ ਦਾ ਅਭਿਲਾਸ਼ੀ ਬਣਾਉਂਦਾ ਹੈ। ਇਹ ਮੰਗ ਦੋਨੋਂ ਸਮੇਂ ਅਰਦਾਸ ਕਰਨ ਵੇਲੇ ਦੁਹਰਾਈ ਜਾਂਦੀ ਹੈ। ਗੁਰਮਤਿ ਨੇ ਮਨੁੱਖ ਨੂੰ ਨਿੱਜੀ ਸਵਾਰਥਾਂ ਦੀ ਤੰਗ ਵਲਗਣ ਵਿਚੋਂ ਕੱਢ ਕੇ ਦੂਜਿਆਂ ਦੀ ਸੇਵਾ ਕਰਨ ਤੇ ਸਰਬਤ ਦੇ ਭਲੇ ਨੂੰ ਉਸ ਦੇ ਜੀਵਨ ਦਾ ਉਦੇਸ਼ ਬਣਾਇਆ ਹੈ। ਨਿੱਜੀ ਜੀਵਨ ਬਤੀਤ ਕਰਨ ਤੋਂ ਇਲਾਵਾ ਆਪਣੇ ਆਲੇ-ਦੁਆਲੇ ਰਹਿਣ ਵਾਲੇ ਵਸਨੀਕਾਂ ਤੇ ਸਮੁੱਚੇ ਸਮਾਜ ਦੀਆਂ ਸਮੱਸਿਆਵਾਂ ਤੇ ਔਕੜਾਂ ਨੂੰ ਵੀ ਧਿਆਨ ਵਿਚ ਰੱਖਦਿਆਂ ਉਨ੍ਹਾਂ ਦੇ ਹਲ ਲਈ ਆਪਣੇ ਵੱਲੋਂ ਤਨ, ਮਨ, ਧਨ ਨਾਲ ਭਰਪੂਰ ਯੋਗਦਾਨ ਪਾਉਣਾ ਹੈ।[49] ਸਿੱਖ ਦੇ ਮਨ ਵਿਚ ਪਰਉਪਕਾਰ ਲਈ ਸਦਾ ਚਾਅ

---

[46] http://punjabipedia.org topic. *ਅਕਾਲ ਪੁਰਖ*

[47] *ਜਿਲਦ ਚੌਥੀ,* ਪੰਨਾ 862

[48] https://punjabipedia.org/topic. *ਉਪਕਾਰ*

[49] ਅਮਰਜੀਤ ਸਿੰਘ (ਡਾ.), *ਮੁੱਢਲੇ ਸਿੱਖ ਸ੍ਰੋਤ ਤੇ ਸਿੱਖ ਰਹਿਤ,* ਪੰਨੇ 159-160

ਚੜ੍ਹਿਆ ਰਹਿਣਾ ਚਾਹੀਦਾ ਹੈ।[50] ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਤਿੰਨ ਪ੍ਰਕਾਰ ਦੇ ਉਪਕਾਰ ਦੱਸੇ ਗਏ ਹਨ-

1. ਜੋ ਆਪਣੇ ਪਾਸ ਧਨ ਹੈ, ਉਸ ਨੂੰ ਦੁਖੀ ਵਿਖਾਈ ਦੇਣ ਵਾਲੇ ਗਰੀਬਾਂ ਵਿਚ ਵੰਡ ਦੇਣਾ।

2. ਆਪਣੀ ਬਾਣੀ ਨਾਲ ਸ਼ੁਭ ਬਚਨ ਬੋਲਣਾ ਅਤੇ ਦੂਸਰੇ ਦੇ ਵਿਗੜੇ ਕਾਰਜ ਵੀ ਸੁਧਾਰ ਦੇਣੇ।

3. ਆਪਣੇ ਮਨ ਨਾਲ ਸਭ ਦਾ ਭਲਾ ਕਰਨਾ ਅਤੇ ਬੁਰਾ ਕਰਨ ਲਈ ਕਦੀ ਵੀ ਤਿਆਰ ਨਾ ਹੋਣਾ।[51]

ਕਵੀ ਸੰਤੋਖ ਸਿੰਘ ਪਰਉਪਕਾਰ ਬਾਰੇ ਵਿਚਾਰ ਪ੍ਰਗਟ ਕਰਦੇ ਹੋਏ ਕਹਿੰਦੇ ਹਨ-

ਪਰਉਪਕਾਰ ਸਮਾਨ ਨ ਔਰ।
ਕਰਹਿ ਸਦਾ ਤਿਸ ਗਤਿ ਸੁਖ ਠੌਰ।[52]
ਪਰਉਪਕਾਰ ਸਦਾ ਉਰਧਾਰੇ।
ਕਿਸਹੂੰ ਕੀ ਨਹਿ ਨਿੰਦ ਉਚਾਰੇ।[53]

ਸਚਾ ਮਿੱਤਰ ਅਤੇ ਸੱਜਣ ਅਖਵਾਉਣ ਦਾ ਉਹੀ ਅਧਿਕਾਰੀ ਹੈ ਜੋ ਜਗਿਆਸੂਆਂ ਦੇ ਔਗੁਣਾਂ ਨੂੰ ਖ਼ਤਮ ਕਰਕੇ ਉਨ੍ਹਾਂ ਦੇ ਹਿਰਦੇ ਵਿਚ ਹਰਿ-ਨਾਮ ਦਾ ਸੰਚਾਰ ਕਰਨ ਦਾ ਪਰਉਪਕਾਰ ਕਰਦਾ ਹੈ-

ਸਾਜਨੁ ਬੰਧੁ ਸੁਮਿਤ੍ਰੁ ਸੋ ਹਰਿ ਨਾਮੁ ਹਿਰਦੈ ਦੇਇ।।
ਅਉਗਣ ਸਭਿ ਮਿਟਾਇ ਕੈ ਪਰਉਪਕਾਰੁ ਕਰੇਇ।।[54]

---

[50] ਬ੍ਰਹਮ ਗਿਆਨੀ ਪਰਉਪਕਾਰ ਉਮਾਹਾ।। *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 273

[51] ਜੇਤਿਕ ਅਪਨੇ ਢਿਗ ਧਨ ਅਹੈ। ਦੇਹੁ ਰੰਕ ਜੋ ਦੁਖੀਆ ਲਹੈ।। 4।।
ਨਿਜ ਬਾਨੀ ਤੇ ਸ਼ੁਭ ਬਨਿ ਆਵੈ। ਬਿਗਰਯੋ ਕਾਰਜ ਪਰ ਸੁਧਰਾਵੈ।
ਪੁਨ ਮਨ ਤੇ ਸਭਿ ਕੋ ਭਲ ਚਾਹੈ। ਬੁਰਾ ਕਰਨਿ ਹਿਤ ਕਬਿ ਨ ਉਮਾਹੈ। 7 ।। *ਜਿਲਦ ਪੰਜਵੀਂ,* ਪੰਨੇ 1480-1481

[52] *ਉਹੀ,* ਪੰਨਾ 1480

[53] *ਜਿਲਦ ਨੌਵੀਂ,* ਪੰਨਾ 3565

[54] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 218

### 1.10 ਹਿੰਸਾ ਦਾ ਤਿਆਗ

ਸੰਸਕ੍ਰਿਤ ਭਾਸ਼ਾ ਦੇ ਇਸ ਸ਼ਬਦ ਦਾ ਸਾਧਾਰਣ ਅਰਥ ਹੈ ਸਿਰੋਂ ਮਾਰਨ ਦੀ ਕ੍ਰਿਆ, ਬਧ, ਘਾਤ।[55] ਭਾਰਤੀ ਸੰਸਕ੍ਰਿਤੀ ਵਿਚ ਹਿੰਸਾ ਦਾ ਕੋਈ ਸਥਾਨ ਨਹੀਂ ਹੈ। ਜੈਨ ਅਤੇ ਬੋਧ ਧਰਮਾਂ ਵਿਚ ਇਸ ਦੇ ਵਿਰੋਧ ਪ੍ਰਤਿ ਉਚੇਚਾ ਉਲਾਰ ਹੈ। ਈਸਾਈ ਮਤ ਵਿਚ ਵੀ ਹਿੰਸਾ ਪ੍ਰਤਿ ਸਪੱਸ਼ਟ ਰੂਪ ਵਿਚ ਤਿਰਸਕਾਰ ਦੀ ਭਾਵਨਾ ਵਿਅਕਤ ਕੀਤੀ ਗਈ ਹੈ।[56] ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਗੁਰੂ ਰਾਮਦਾਸ ਜੀ ਹਿੰਸਾ ਸੰਬੰਧੀ ਕਹਿੰਦੇ ਹਨ ਕਿ ਹਿੰਸਾ ਤਿਆਗ ਕੇ ਸਭ 'ਤੇ ਦਇਆ ਕਰੋ, ਕਿਸੇ ਦੇ ਵੀ ਦਿਲ ਨੂੰ ਨਾ ਦੁਖਾਉ। ਜਿੰਨਾ ਵੀ ਲਾਭ ਹੁੰਦਾ ਹੈ, ਉਸ 'ਤੇ ਸੰਤੋਖ ਕਰੋ। ਕ੍ਰੋਧ ਆਦਿ ਜੋ ਵਿਕਾਰ ਹਨ, ਇਨ੍ਹਾਂ ਨੂੰ ਛੱਡ ਦੇਵੋ[57] ਕਿਉਂਕਿ ਗੁਰਮਤਿ ਵਿਚ ਹਿੰਸਾ ਦੀ ਬਿਰਤੀ ਨੂੰ ਤਿਆਗਣ ਉੱਤੇ ਬਲ ਦਿੱਤਾ ਗਿਆ ਹੈ। ਜਿਸ ਦੇ ਮਨ ਵਿਚ ਪਰਮਾਤਮਾ ਵਸ ਜਾਂਦਾ ਹੈ ਉਸ ਵਿਚ ਹਿੰਸਾ, ਅਭਿਮਾਨ ਅਤੇ ਲੋਭ ਦਾ ਕੋਈ ਸਥਾਨ ਨਹੀਂ ਰਹਿ ਜਾਂਦਾ-

ਜਿਸ ਮਨੁ ਮਾਨੈ ਅਭਿਮਾਨੁ ਨ ਤਾ ਕਉ ਹਿੰਸਾ ਲੋਭੁ ਵਿਸਾਰੇ।[58]

ਦਇਆ ਸੰਬੰਧੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਸਿੱਖਾਂ ਨੂੰ ਗੁਰਮਤਿ ਦੇ ਸਾਧਨਾਂ ਦੀ ਜਾਣਕਾਰੀ ਦਿੰਦਿਆਂ ਸਮਝਾਉਂਦੇ ਹਨ ਕਿ-

ਛੁਧਤਿ ਕਿ ਨਗਨ ਬਿਨਾ ਧਨ ਕੋਇ।

ਦਿਹੁ ਭੋਜਨ ਛਾਦਨ ਤਿਸ ਜੋਇ।। 11।।

---

55 ਨਾਭਾ, ਕਾਨ੍ਹ ਸਿੰਘ (ਭਾਈ), *ਮਹਾਨ ਕੋਸ਼,* ਪੰਨਾ 273

56 https://punjabipedia.org/topic.aspx?txt=*ਹਿੰਸਾ*

57 ਊਠਤਿ ਬੈਠਤਿ ਆਵਤਿ ਜਾਤੇ। ਨਹਿੰ ਸਿਮਰਨ ਤਯਾਗਹੁ ਦਿਨ ਰਾਤੇ।

ਪਰਮੇਸ਼ੁਰ ਭਾਣੇ ਕੋ ਮਾਨਿ। ਹਰਖਹੁ ਭਲੀ ਕਰਹਿ ਇਮ ਜਾਨਿ।

ਦੋਸ਼ ਅਰੋਪਹੁ ਕੋਇ ਨ ਪ੍ਰਭੁ ਮੈਂ। ਜੋ ਬਯਾਪਕ ਨਭ ਕੀ ਸਮ ਸਭਿ ਮੈਂ।

ਤਨ ਹੰਤਾ ਕੋ ਤਜਿ ਅੱਭਯਾਸ। ਸਨੈ ਸਨੈ ਲਖਿ ਰੂਪ ਪ੍ਰਕਾਸ਼।

ਰਹੁ ਅਹਿੰਸ ਕਰਿ ਸਭਿ ਪਰ ਦਯਾ। ਕਿਸ ਕੋ ਨਹੀਂ ਦੁਖਾਵਹੁ ਹਿਯਾ।

ਜਥਾ ਨਾਭ ਕੀਜਹਿ ਸੰਤੁਸ਼ਾ। ਤਜਹੁ ਬਿਕਾਰ ਆਦਿ ਜੇ ਰੋਸਾ।। 6 ।। *ਜਿਲਦ ਛੇਵੀਂ,* ਪੰਨਾ 2145

58 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1198

ਦੇਖਿ ਦੁਖੀ ਕੇ ਦਇਆ ਉਪਾਵਹੁ।

ਜਥਾ ਸ਼ਕਤਿ ਤਿਸ ਕਸ਼ਟ ਮਿਟਾਵਹੁ।

ਕਰਨ ਦਇਆ ਕੋ ਪੁੰਨ ਘਨੇਰਾ।

ਦਇਆ ਕਰਤਿ ਹੁਇ ਬਡਿਹੁਂ ਬਡੇਰਾ।। 12।।[59]

ਗੁਰਮਤਿ ਅਨੁਸਾਰ ਅਕਾਰਣ ਹਿੰਸਾ ਅਥਵਾ ਦੁਖ ਨ ਦੇਣ ਵਾਲੇ ਪ੍ਰਤਿ ਹਿੰਸਾ ਵਰਜਿਤ ਹੈ, ਪਰ ਧਰਮ, ਸਮਾਜ ਜਾਂ ਮਨੁੱਖਤਾ ਦੇ ਸਹਿਜ ਧਰਾਤਲ ਨੂੰ ਝੰਜੋੜਨ ਵਾਲੇ ਤੱਤ੍ਵ ਪ੍ਰਤਿ ਦਇਆ ਦੀ ਭਾਵਨਾ ਰੱਖਣਾ ਅਨੁਚਿਤ ਹੈ।[60]

## 1.11 ਸਿੱਖ ਦੀ ਰਹਿਣੀ

ਭਾਈ ਸੰਤੋਖ ਸਿੰਘ ਨੇ ਇਸ ਗ੍ਰੰਥ ਵਿਚ ਇਕ ਸਿੱਖ ਦੀ ਰਹਿਣੀ ਨੂੰ ਵੀ ਵਿਅਕਤ ਕੀਤਾ ਹੈ ਜੋ ਗੁਰੂ ਅਮਰਦਾਸ ਜੀ ਦੇ ਉਪਦੇਸ਼ ਦੇ ਰੂਪ ਵਿਚ ਆਇਆ ਹੈ। ਇਸ ਨੂੰ ਅਸੀਂ ਧਾਰਮਿਕ ਆਚਾਰ ਦੇ ਰੂਪ ਵਿਚ ਵੀ ਸਮਝ ਸਕਦੇ ਹਾਂ ਜਿਸ ਦੇ ਮੁੱਖ ਪੱਖ ਇਸ ਪ੍ਰਕਾਰ ਹਨ-

(ੳ) ਰਹਿੰਦੀ ਰਾਤ ਜਾਗ ਕੇ ਸਰੀਰ ਦੀ ਸੁੱਚਮਤਾ ਤੋਂ ਬਾਅਦ ਪਰਮਾਤਮਾ ਦੀ ਯਾਦ ਵਿਚ ਇਕਾਂਤ ਹੋ ਕੇ ਬੈਠਣਾ।

(ਅ) ਗੁਰੂ ਦੇ ਸਰੂਪ ਨੂੰ ਹਿਰਦੇ ਵਿਚ ਧਾਰਨ ਕਰ ਕੇ ਗੁਰ ਉਪਦੇਸ਼ ਦੀ ਹਿਰਦੇ ਵਿਚ ਵਿਚਾਰ ਕਰਨੀ।

(ੲ) ਦ੍ਰਿੜ੍ਹਤਾ ਨਾਲ ਮਨ ਨੂੰ ਕਾਬੂ ਕਰ ਕੇ ਦਿਨ ਚੜ੍ਹਨ ਉਪਰੰਤ ਨਾਮ ਦਾ ਜਾਪ ਕਰਨਾ।

(ਸ) ਧਰਮ ਦੀ ਕਿਰਤ ਕਰ ਕੇ ਧਰਮੀ ਮਨੁੱਖਾਂ ਦੀ ਸੇਵਾ ਕਰਨੀ ਅਤੇ ਪਰਾਏ ਤਨ-ਧਨ ਤੋਂ ਦੂਰ ਰਹਿਣਾ।

(ਹ) ਨਿੰਦਾ ਚੁਗਲੀ ਤੋਂ ਦੂਰ ਰਹਿ ਕੇ ਪਰਾਏ ਦੁੱਖ ਸੁੱਖ ਨੂੰ ਆਪਣਾ ਜਾਣ ਕੇ ਸਮਝਣਾ।

(ਕ) ਨੀਂਦ ਤੋਂ ਬਿਨ੍ਹਾਂ ਸੌਣ ਤੋਂ ਅਤੇ ਭੁੱਖ ਤੋਂ ਬਿਨ੍ਹਾਂ ਭੋਜਨ ਖਾਣ ਤੋਂ ਪਰਹੇਜ਼ ਕਰਨਾ ਕਿਉਂਕਿ ਅਜਿਹਾ

---

[59] *ਜਿਲਦ ਤੇਰਵੀਂ,* ਪੰਨਾ 5682

[60] https://punjabipedia.org/topic.aspx?txt= *ਹਿੰਸਾ*

ਕਰਨਾ ਸਰੀਰ ਵਿਚ ਰੋਗਾਂ ਦਾ ਕਾਰਨ ਬਣਦਾ ਹੈ।

(ਖ) ਸਾਸ ਗਿਰਾਸ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਨਾ।[61]

### 1.12 ਚੋਰੀ ਦਾ ਤਿਆਗ

ਚੋਰੀ ਦਾ ਤਿਆਗ ਕਰਨਾ ਧਾਰਮਿਕ ਆਚਾਰ ਦਾ ਇਕ ਵਿਸ਼ੇਸ਼ ਪੱਖ ਹੈ ਜਿਸ ਨੂੰ ਸਮਾਜਿਕ ਤੌਰ ’ਤੇ ਵੀ ਗਲਤ ਮੰਨਿਆ ਜਾਂਦਾ ਹੈ। ਗੁਰਬਾਣੀ ਵਿਚ ਚੋਰੀ ਕਰਨ ਵਾਲੇ ਮਨੁੱਖ ਸੰਬੰਧੀ ਕਿਹਾ ਗਿਆ ਹੈ ਕਿ ਕੋਈ ਵੀ ਮਨੁੱਖ ਕਿਸੇ ਚੋਰ ਦੇ ਚੰਗੇ ਹੋਣ ਦੀ ਗਵਾਹੀ ਨਹੀਂ ਭਰ ਸਕਦਾ। ਚੋਰੀ ਕਰਨ ਵਾਲਾ ਅਨੇਕਾਂ ਯਤਨ ਕਰਨ ‘ਤੇ ਵੀ ਦੂਸਰਿਆਂ ਦੇ ਸਾਹਮਣੇ ਚੰਗਾ ਨਹੀਂ ਬਣ ਸਕਦਾ।[62] ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਗੁਰੂ ਅਰਜਨ ਦੇਵ ਜੀ ਨੇ ਵੀ ਸਿੱਖਾਂ ਨੂੰ ਚੋਰੀ ਦਾ ਤਿਆਗ ਕਰਕੇ ਖੋਟ-ਰਹਿਤ ਸੱਚੀ ਕਿਰਤ ਕਰਨ ਦਾ ਉਪਦੇਸ਼ ਦਿੱਤਾ ਹੈ। ਲੋੜਵੰਦਾਂ ਲਈ ਆਪਣੇ ਘਰ ਵਿਚ ਲੰਗਰ ਚਲਾ ਕੇ ਅਤੇ ਹਉਮੈ ਤਿਆਗ ਕੇ ਪ੍ਰਭੂ ਭਾਣੇ ਵਿਚ ਰਹਿੰਦੇ ਹੋਏ ਹੀ ਪ੍ਰਸੰਨ ਰਿਹਾ ਜਾ ਸਕਦਾ ਹੈ-

ਸ੍ਰੀ ਅਰਜਨ ਸੁਨਿ ਗਿਰਾ ਉਚਾਰੀ।
ਤਯਾਗਹੁ ਕੁਲ ਕੀ ਕਿਰਤਿ ਕੁਕਾਰੀ।

---

[61] ਗੁਰੂ ਬਾਕ ਦ੍ਰਿੜ੍ਹ ਜਿਨ ਕਰਿ ਮਾਨੇ । ਸੋ ਮਮ ਪਯਾਰੋ ਸਿੱਖਯ ਮਹਾਂਨੇ।। 45।।
ਜਾਗਹਿ ਜਾਮ ਜਾਮਨੀ ਰਹੇ। ਮੱਜਨ ਕਰਿ ਇਕੰਤ ਹੁਇ ਬਹੈ।
ਮੋਰਿ ਸਰੂਪ ਰਿਦੇ ਮੋਂ ਧਾਰੇ। ਗੁਰਬਾਨੀ ਕੋ ਰਿਦੇ ਬਿਚਾਰੇ।। 46।।
ਮਨ ਦ੍ਰਿੜ ਕਰਿਕੈ ਸੁਰਤਿ ਟਿਕਾਵੈ। ਪ੍ਰਾਤਿ ਹੋਤਿ ਲੇ ਨਾਮ ਅਲਾਵੈ।
ਧਰਮ ਕਿਰਤ ਕਰਿ ਸੰਤਨ ਸੇਵੈ। ਪਰ ਤ੍ਰਿਯ ਪਰ ਧਨ ਕਬਹੁਂ ਨ ਲੇਵੈ।। 47।।
ਨਿੰਦਾ ਝੂਠ ਨ ਨਿਠੁਰ ਬਖਾਨੇ। ਪਰ ਦੁਖ ਦੁਖ, ਪਰ ਸੁਖੁ ਸੁਖੁ ਮਾਨੈ।
ਛੁਧਾ ਬਿਨਾ ਨਹਿਂ ਖੈਬੋ ਕਰੈ। ਨੀਂਦ ਬਿਨਾ ਨਹਿਂ ਸੁਪਤਨ ਪਰੈ।। 48।।
ਜੇ ਸੁਪਤਹਿ ਨਿਜ ਅਵਧਿ ਘਟਾਵਹਿ। ਛੁਧਿ ਬਿਨ ਖਾਇ ਰੋਗ ਉਪਜਾਵਹਿ।
ਹੋਹਿ ਨ ਸੱਤਿਨਾਮ ਕੋ ਸਿਮਰਨ। ਸਾਸ ਸਾਸਿ ਜਪੁ ਬਿਸਰ ਨ ਇਕ ਛਿਨ।।49।। *ਜਿਲਦ ਪੰਜਵੀਂ,* ਪੰਨਾ 1609

[62] ਚੋਰ ਕੀ ਹਾਮਾ ਭਰੇ ਨਕੋਇ।।
ਚੋਰੁ ਕੀਆ ਚੰਗਾ ਕਿਉ ਹੋਇ।। *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 662

ਮਮ ਹਿਤ ਗ੍ਰਿਹ ਮਹਿਂ ਲੰਗਰ ਕੀਜੈ।

ਆਇ ਛੁਧਿਤ ਨਰ ਤਿਨਕੋ ਦੀਜੈ।। 38।।

ਮਮ ਸਿੱਖੀ ਕੋ ਸਦਾ ਕਮਾਵਹੁ।

ਤਨ ਤੇ ਹੰਤਾ ਬੁੱਧਿ ਉਠਾਵਹੁ।

ਸੁਖ ਦੁਖ ਮਹਿਂ ਮਾਨਹੁਂ ਪ੍ਰਭੁ ਭਾਣਾ।

ਰਹਹੁ ਹਰਖ ਜੁਤਿ ਸਦਾ ਨਿਮਾਣਾ।। 39।।[63]

## 1.13 ਸੱਚ ਬੋਲਣਾ ਅਤੇ ਝੂਠ ਦਾ ਤਿਆਗ

ਸਚਿਆਰ ਪਦ ਦੀ ਪ੍ਰਾਪਤੀ ਲਈ ਸੱਚ ਦੇ ਧਾਰਨੀ ਹੋਣਾ ਤੇ ਝੂਠ ਦਾ ਤਿਆਗ ਕਰਨਾ ਅਤਿ ਜ਼ਰੂਰੀ ਹੈ। ਗੁਰੂ ਦੇ ਦੱਸੇ ਹੋਏ ਮਾਰਗ ਉੱਤੇ ਚਲਣਾ ਤੇ ਹਮੇਸ਼ਾਂ ਹੀ ਸੱਚ ਬੋਲਣਾ ਸਿੱਖ ਦਾ ਮੁੱਢਲਾ ਕਰਤੱਵ ਮਿਥਿਆ ਗਿਆ ਹੈ-

ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ।।

ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ।।[64]

ਭਾਈ ਸੰਤੋਖ ਸਿੰਘ ਅਨੁਸਾਰ ਝੂਠ ਬਰਾਬਰ ਕੋਈ ਪਾਪ ਨਹੀਂ ਹੈ। ਝੂਠ ਬੋਲਣ ਨਾਲ ਸ਼ੁਭ ਗਤੀ ਪ੍ਰਾਪਤ ਨਹੀਂ ਹੁੰਦੀ। ਕਲਿਯੁਗ ਵਿਚ ਝੂਠ ਨੂੰ ਆਗੂ ਕਹਿੰਦੇ ਹਨ ਜੋ ਵਿਕਾਰਾਂ ਦਾ ਮੁੱਖ ਕਾਰਣ ਬਣਦਾ ਹੈ। ਜਿਹੜੇ ਝੂਠ ਬੋਲਦੇ ਹਨ, ਉਹ ਮੁਕਤੀ ਪ੍ਰਾਪਤ ਨਹੀਂ ਕਰ ਸਕਦੇ ਤੇ ਆਵਾਗਵਨ ਦੇ ਚੱਕਰ ਵਿਚ ਫਸੇ ਰਹਿੰਦੇ ਹਨ-

ਝੂਠ ਸਮਾਨ ਪਾਪ ਨਹਿਂ ਕੋਈ।

ਨਹੀਂ ਝੂਠ ਤੇ ਸ਼ੁਭ ਗਤਿ ਹੋਈ।

ਕਲਿ ਕੋ ਕੂਰ ਕਹੈਂ ਅਗਵਾਨੀ।

ਕੂਰ ਬਿਕਾਰਨਿ ਕੀ ਰਜਧਾਨੀ।।7।।

---

[63] *ਜਿਲਦ ਛੇਵੀਂ*, ਪੰਨਾ 1827

[64] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 488

ਜੋ ਕਰਿ ਨੇਮ ਕੂਰ ਨਹਿਂ ਕਹੈਂ।

ਤਿਨ ਕੋ ਮੋਕਤਿ ਸੁਗਮ ਹੀ ਅਹੈ।

ਭੂਲ ਨ ਕੂਰ ਭਨੇ ਗੁਰ ਸਿੱਖ।

ਕਸ਼ਟ ਸਹਤ ਨਹਿਂ ਭਗਹਿਂ ਭਵਿੱਖ।। 8 ।।[65]

ਧਰਮ ਦੀ ਕਿਰਤ ਕਰਦਿਆਂ ਕਦੀ ਵੀ ਝੂਠ ਨਹੀਂ ਬੋਲਣਾ ਚਾਹੀਦਾ[66] ਅਤੇ ਹਉਮੈਂ ਨੂੰ ਛੱਡ ਕੇ ਮਨ ਨੂੰ ਨਿਮਰ ਰੱਖਣਾ ਚਾਹੀਦਾ ਹੈ-

ਤਜਿ ਹੋਮੈ ਧਾਰਹੁ ਮਨ ਨੀਵਾਂ।

ਇਮ ਸਤਿਸੰਗਤਿ ਕਰਹੁ ਸਦੀਵਾ। 39।।[67]

ਇਸ ਗ੍ਰੰਥ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਆਪਣੇ ਸਿੱਖਾਂ ਨੂੰ ਹਮੇਸ਼ਾਂ ਸੱਚ ਬੋਲਣ ਦਾ ਹੀ ਉਪਦੇਸ਼ ਦਿੰਦੇ ਹਨ ਕਿਉਂਕਿ ਝੂਠ ਬੋਲਣ ਨਾਲ ਪਵਿੱਤਰਤਾ ਹਾਸਲ ਨਹੀਂ ਹੁੰਦੀ। ਸੱਚ ਬੋਲਣ ਵਾਲੇ ਨੂੰ ਹੀ ਸੁੱਖ ਪ੍ਰਾਪਤ ਹੁੰਦਾ ਹੈ।[68] ਝੂਠ ਬੋਲਣਾ ਬਹੁਤ ਵੱਡਾ ਅਪਰਾਧ ਮੰਨਿਆ ਗਿਆ ਹੈ।[69]ਸੂਰਜ ਪ੍ਰਕਾਸ਼ ਅੰਦਰ ਸੱਚ ਬੋਲਣ ਨੂੰ ਸਭ ਤੋਂ ਵੱਡਾ ਪੁੰਨ ਤੇ ਪੂਜਾ ਦੇ ਤੁਲ ਦਸ ਕੇ ਝੂਠ ਬੋਲਣ ਨੂੰ ਸਭ ਤੋਂ ਵੱਡਾ ਪਾਪ ਆਖਿਆ ਹੈ-

ਝੂਠ ਬਰਾਬਰ ਪਾਪ ਨ ਦੂਜਾ।

ਸਾਚ ਸਮਾਨ ਪੁੰਨ ਨਹਿਂ ਪੂਜਾ।[70]

---

65 *ਜਿਲਦ ਛੇਵੀਂ,* ਪੰਨੇ 2149-2150

66 ਧਰਮ ਕਿਰਤ ਕਰਿ ਕੂਰ ਨ ਕਹੀਅਹਿ। 36।। *ਜਿਲਦ ਸੱਤਵੀਂ,* ਪੰਨਾ 2683

67 *ਉਹੀ,* ਪੰਨਾ 2683

68 ਮਿੱਥਯਾ ਤੇ ਸੁਧਰਤਿ ਹੁਇ ਨਾਂਹੀ, ਸਾਚ ਕਹੇ ਸੁਖ ਸਾਸ ਗਿਰਾਸਾ।। 15।। *ਜਿਲਦ ਨੌਵੀਂ,* ਪੰਨਾ 3348

69 ਕਰਿ ਬਿਚਾਰ ਕੋ ਸਾਚ ਉਚਾਰਹੁ ਗੁਨ ਅਪਰਾਧ ਛਿਮਾ ਤੇ ਸ਼ਾਂਤ। 20।। *ਉਹੀ,* ਪੰਨਾ 3349

70 *ਜਿਲਦ ਛੇਵੀਂ,* ਪੰਨਾ 2204

ਸੱਚ ਬੋਲਣ ਸੰਬੰਧੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ-

ਸਚੁ ਬੋਲਹੁ ਸੁਖਿ ਦੇਤਿ ਬਡੇਰਾ।

ਤਜਹੁ ਕੂਰ ਦੁਖ ਦਾਯ ਘਨੇਰਾ।[71]

## 1.14 ਮਿੱਠਾ ਬੋਲਣਾ

ਗੁਰਮਤਿ ਅਨੁਸਾਰ ਜਿਹੜਾ ਆਪਣੇ ਮੁੱਖ ਵਿਚੋਂ ਫਿਕੇ ਬੋਲ ਬੋਲਦਾ ਹੈ ਉਸ ਦੀ ਆਤਮਾ ਅਤੇ ਦੇਹ ਮੰਦੇ ਹੋ ਜਾਂਦੇ ਹਨ। ਉਹ ਮਲੀਨਾਂ ਵਿਚੋਂ ਪਰਮ ਮਲੀਨ ਆਖਿਆ ਜਾਂਦਾ ਹੈ। ਬਦ-ਜਬਾਨ ਬੰਦੇ ਨੂੰ ਬੇਵਕੂਫ ਆਖਿਆ ਜਾਂਦਾ ਹੈ।[72] ਮਿੱਠਾ ਬੋਲਣ ਅਤੇ ਨਿਮਰਤਾ ਵਾਲੇ ਗੁਣ ਨੂੰ ਗੁਰਬਾਣੀ ਵਿਚ ਸਾਰੇ ਗੁਣਾਂ ਦਾ ਤੱਤ ਕਿਹਾ ਗਿਆ ਹੈ-

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ।।[73]

ਸੂਰਜ ਪ੍ਰਕਾਸ਼ ਗ੍ਰੰਥ ਵਿਚ ਗੁਰੂ ਅਰਜਨ ਦੇਵ ਜੀ ਆਪਣੇ ਸਿੱਖਾਂ ਨੂੰ ਸਮਝਾਉਂਦੇ ਹਨ ਕਿ ਹਰ ਸਿੱਖ ਨੂੰ ਮਿੱਠਾ ਬੋਲਣਾ ਅਤੇ ਮਨ ਨੀਵਾਂ ਰੱਖਣਾ ਚਾਹੀਦਾ ਹੈ। ਪਿਛਲੀ ਰਾਤ ਉਠ ਕੇ ਇਸ਼ਨਾਨ ਕਰਨਾ ਤੇ ਸਵੇਰ ਹੁੰਦਿਆਂ ਤੱਕ ਗੁਰਬਾਣੀ ਦਾ ਪਾਠ ਕਰਨਾ ਚਾਹੀਦਾ ਹੈ। ਰਜੋ ਤੇ ਤਮੋ ਗੁਣਾਂ ਦਾ ਤਿਆਗ ਕਰਕੇ ਹਿਰਦੇ ਵਿਚ ਸਾਂਤਕੀ ਗੁਣ ਵਸਾਉਣਾ ਚਾਹੀਦਾ ਹੈ। ਹਿੰਸਾ ਗੁਣ ਤਾਮਸੀ ਗੁਣ ਹੈ। ਲੋਭ ਕਰਨ ਨਾਲ ਹਿਰਦੇ ਵਿਚ ਅਭਿਮਾਨ ਪੈਦਾ ਹੁੰਦਾ ਹੈ, ਜੋ ਰਾਜਸੀ ਗੁਣ ਦਾ ਪ੍ਰਤੀਕ ਹੈ। ਮਿੱਠਾ ਬੋਲਣਾ ਅਤੇ ਨੀਵੇਂ ਹੋ ਕੇ ਚਲਣਾ, ਇਹ ਸੁਖ ਦੇਣ ਵਾਲੇ ਸ਼ਾਂਤਕੀ ਗੁਣ ਹਨ-

ਰਜ ਤਮ ਗੁਣ ਜਿ ਤਯਾਗ ਨਹਿੰ ਨਾਨਾ।

ਰਿਦੈ ਸ਼ਾਂਤਿਕੀ ਗੁਨ ਨਹਿੰ ਧਾਰੋ।

ਤੌ ਲਗਿ ਸ਼ਾਤਿ ਨ ਭਲੇ ਬਿਚਾਰੋ।।22।।

---

[71] *ਜਿਲਦ ਤੇਰਵੀਂ,* ਪੰਨਾ 5682

[72] ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ।।

ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ।। *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 473

[73] *ਉਹੀ,* ਪੰਨਾ 470

ਹਿੰਸਾ ਕ੍ਰੋਧ ਤਾਮਸੀ ਗੁਨ ਹੈ॥23॥

ਕਰਨੋ ਲੋਭ ਰਿਦੈ ਅਭਿਮਾਨ।

ਇਹੀ ਰਾਜਸੀ ਗੁਣਨਿ ਪਛਾਨਿ।

ਮਿੱਠਾ ਬੋਲਨਿ ਅਰ ਨਿਵ ਚਾਲੇ।

ਇਹੀ ਸ਼ਾਂਤਿਕੀ ਹੋਂ ਸੁਖ ਵਾਲੇ॥24॥ [74]

ਮਿੱਠਾ ਬੋਲਣ ਸੰਬੰਧੀ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ-

ਮਧੁਰ ਕਹੈ ਸਭਿ ਕੋ ਤ੍ਰਿਪਤਾਵੈ।

ਫੀਕਾ ਬੋਲ ਨ ਕਿਸੀ ਦੁਖਾਵੈ॥ 20॥[75]

## 1.15 ਪ੍ਰੇਮ

ਪ੍ਰੇਮ ਦਾ ਅਰਥ ਹੈ ਪਿਆਰ, ਅਨੁਰਾਗ, ਮੁਹੱਬਤ ਆਦਿ। ਕਈ ਵਿਦਵਾਨ ਇਸ ਦਾ ਅਰਥ 'ਅਨੰਤ ਤ੍ਰਿਪਤੀ ਪ੍ਰਦਾਨ ਕਰਨ ਵਾਲਾ' ਕਰਦੇ ਹਨ।[76] ਗੁਰਬਾਣੀ ਵਿਚ ਪ੍ਰੇਮ ਸ਼ਬਦ ਦੀ ਵਰਤੋਂ ਬਹੁਤ ਖੁਲ੍ਹ ਕੇ ਹੋਈ ਹੈ ਕਿਉਂਕਿ ਜਿਸ ਭਗਤੀ ਦਾ ਪ੍ਰਤਿਪਾਦਨ ਗੁਰਬਾਣੀ ਵਿਚ ਹੋਇਆ ਹੈ, ਉਹ ਪ੍ਰੇਮ-ਰੂਪ ਹੈ। ਸੋਰਠਿ ਰਾਗ ਵਿਚ ਗੁਰੂ ਰਾਮਦਾਸ ਜੀ ਨੇ ਕਿਹਾ ਹੈ-

ਪ੍ਰੇਮ ਕੇ ਸਰ ਲਾਗੇ ਤਨ ਭੀਤਰਿ ਤਾ ਭ੍ਰਮੁ ਕਾਟਿਆ ਜਾਈ।[77]

ਪ੍ਰੇਮ ਸ਼ਬਦ ਬੁਹਤ ਵਿਆਪਕ ਸ਼ਬਦ ਹੈ। ਇਸ ਵਾਸਤੇ ਪੂਰਬੀ ਅਤੇ ਪੱਛਮੀ ਵਿਦਵਾਨਾਂ ਨੇ ਇਸ ਬਾਰੇ ਕਈ ਪ੍ਰਕਾਰ ਦੀਆਂ ਵੱਖ-ਵੱਖ ਵਿਆਖਿਆਵਾਂ ਪੇਸ਼ ਕੀਤੀਆਂ ਹਨ। ਫਲਸਰੂਪ ਪ੍ਰੇਮ ਸਥੂਲ ਇੰਦ੍ਰੀਆਂ ਤੋਂ ਉੱਚਾ ਉੱਠ ਕੇ ਸੂਖਮ ਅਤੇ ਸ੍ਰੇਸ਼ਠ ਭਾਵਨਾਵਾਂ ਦਾ ਵਿਅੰਜਕ ਹੋ ਗਿਆ ਹੈ। ਪ੍ਰੇਮ, ਅਸਲ ਵਿਚ ਮਨੁੱਖ ਦੀ ਉਹ

[74] *ਜਿਲਦ ਛੇਵੀਂ,* ਪੰਨਾ 2177

[75] *ਜਿਲਦ ਤੇਰਵੀਂ,* ਪੰਨਾ 5683

[76] https://punjabipedia.org/topic.aspx?txt=*ਪ੍ਰੇਮ*

[77] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 607

ਅਨੁਕੂਲ ਮਨੋਵ੍ਰਿੱਤੀ ਹੈ ਜੋ ਵੱਖ-ਵੱਖ ਵਿਅਕਤੀਆਂ ਵਿਚਾਲੇ ਗੁਣਾਂ ਦੀ ਸਾਂਝ ਕਾਰਣ ਪੈਦਾ ਹੁੰਦੀ ਹੈ।[78]

ਪ੍ਰੇਮ ਬਾਰੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਕਿਹਾ ਗਿਆ ਹੈ ਕਿ ਪ੍ਰੀਤ ਦੀ ਰੀਤ ਦੁੱਧ ਪਾਣੀ ਵਾਂਗ ਹੈ। ਦੋਵੇਂ ਮਿਲ ਕੇ ਇਕ ਸਮਾਨ ਹੋ ਜਾਂਦੇ ਹਨ। ਜਦ ਉਸ ਵਿਚ ਕੋਈ ਕਪਟ ਰੂਪੀ ਖਟਾਸ ਪਾ ਦਿੰਦਾ ਹੈ ਤਾਂ ਫਿਰ ਦੇਰ ਨਹੀਂ ਲੱਗਦੀ ਤੁਰੰਤ ਫਟ ਜਾਂਦਾ ਹੈ। ਫਿਰ ਅਨੇਕਾਂ ਯਤਨ ਕਰਨ ਨਾਲ ਵੀ ਦੁਬਾਰਾ ਮਿਲਦਾ ਨਹੀਂ-

ਜਬਿ ਮੇਲਹਿ ਕੋ ਕਪਟ ਖਟਾਈ।

ਲਗਹਿ ਨ ਬਿਲਮ ਤੁਰਤ ਬਿਲਗਾਈ।

ਬਹੁਰ ਨ ਮਿਲਹਿ ਅਨੇਕ ਜਤਨ ਤੇ।

ਬਹੁਰ ਨ ਮਿਲਹਿ ਅਨੇਕ ਜਤਨ ਤੇ। 25।[79]

## 1.16 ਬਚਨਾਂ 'ਤੇ ਪੱਕਾ ਰਹਿਣਾ

ਸਿੱਖ ਧਰਮ ਵਿਚ ਆਪਣੇ ਕੀਤੇ ਹੋਏ ਬਚਨਾਂ 'ਤੇ ਪੱਕੇ ਰਹਿਣ ਦੀ ਤਾਕੀਦ ਕੀਤੀ ਗਈ ਹੈ। ਜਿਹੜਾ ਮਨੁੱਖ ਆਪਣੇ ਬਚਨਾਂ ਤੋਂ ਖਿਸਕਦਾ ਹੈ ਉਸ ਨੂੰ ਕੱਚਾ ਮਨੁੱਖ ਮੰਨਿਆ ਗਿਆ ਹੈ।[80] ਉਸ ਉੱਤੇ ਕਦੇ ਵੀ ਵਿਸ਼ਵਾਸ਼ ਨਹੀਂ ਕੀਤਾ ਜਾ ਸਕਦਾ। ਇਸ ਨੂੰ ਮਨੁੱਖ ਦੇ ਚਰਿੱਤਰ ਦਾ ਹੀ ਇਕ ਹਿੱਸਾ ਮੰਨਿਆ ਗਿਆ ਹੈ। ਜਿਹੜਾ ਮਨੁੱਖ ਆਪਣੇ ਬਚਨਾਂ 'ਤੇ ਪੱਕਾ ਰਹਿੰਦਾ ਹੈ ਉਸ ਉੱਤੇ ਭਰੋਸਾ ਰੱਖਿਆ ਜਾਂਦਾ ਹੈ। ਸੂਰਜ ਪ੍ਰਕਾਸ਼ ਗ੍ਰੰਥ ਵਿਚ ਗੁਰੂ ਹਰਿਗੋਬਿੰਦ ਜੀ ਵੀ ਕਹਿੰਦੇ ਹਨ ਕਿ ਜਿਹੜਾ ਮਨੁੱਖ ਆਪਣੇ ਬਚਨਾਂ ਤੋਂ ਖਿਸਕਦਾ ਹੈ ਉਹ ਦੋਜ਼ਕ ਦੀ ਅੱਗ ਵਿਚ ਪੈਂਦਾ ਹੈ-

ਕਹਨਿ ਬਾਕ ਕਰਿ ਪੁਨ ਫਿਰ ਜਾਨਾ।

ਕਰਹਿ ਜਿ ਨਰ ਸੋ ਦੋਜ਼ਕ ਜਾਨਾ।। 45।[81]

---

78 https://punjabipedia.org/topic.aspx?txt=*ਪ੍ਰੇਮ*

79 *ਜਿਲਦ ਨੌਵੀਂ,* ਪੰਨਾ 3378

80 ਬਚਨੁ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ।। *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1099

81 *ਜਿਲਦ ਸੱਤਵੀਂ,* ਪੰਨਾ 2575

### 1.17 ਕਾਇਰਤਾ

ਕਾਇਰਤਾ ਤੋਂ ਭਾਵ ਹੈ' ਭੀਰੁਤਾ, ਕਮ-ਹਿੰਮਤੀ, ਬੁਜ਼ਦਿਲੀ, ਕਾਤਯਂ'।[82] ਆਮ ਕਹਾਵਤ ਹੈ ਕਿ ਜਿਹੜਾ ਜੰਗ ਦੇ ਮੈਦਾਨ 'ਚੋਂ ਪਿੱਠ ਵਿਖਾ ਕੇ ਭੱਜ ਗਿਆ ਉਹ ਆਪਣੀ ਸਾਰੀ ਉਮਰ ਲਈ ਆਪਣੇ ਆਪ ਨੂੰ ਮਰਿਆ ਸਮਝੇ। ਜੰਗੇ ਮੈਦਾਨ 'ਚੋਂ ਭੱਜਣਾ ਸੂਰਬੀਰਾਂ ਦੇ ਹਿੱਸੇ ਨਹੀਂ ਆਉਂਦਾ। ਕਿਉਂਕਿ ਅਜਿਹਾ ਮਨੁੱਖ ਸਮਾਜ ਵਿਚ ਚੰਗੀ ਥਾਂ ਨਹੀਂ ਬਣਾਉਂਦਾ। ਉਸ ਨੂੰ ਕਾਇਰ, ਡਰਪੋਕ ਤੇ ਬੇਇਤਬਾਰਾ ਕਹਿ ਕੇ ਪੁਕਾਰਿਆ ਜਾਂਦਾ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਸਿੱਖਾਂ ਨੂੰ ਸਿੱਖਿਆ ਦਿੰਦੇ ਹਨ ਕਿ ਜੰਗ ਵਿਚ ਕਾਇਰਤਾ ਵਿਖਾਉਣ ਵਾਲਾ ਡਰਪੋਕ ਮੰਨਿਆ ਜਾਂਦਾ ਹੈ। ਇਸ ਲਈ ਉਹ ਜੰਗੇ ਮੈਦਾਨ ਵਿਚ ਲੜ ਕੇ ਜਗ ਵਿਚ ਜਸ ਪ੍ਰਾਪਤ ਕਰਨ ਨੂੰ ਹੀ ਚੰਗਾ ਸਮਝਦੇ ਹਨ-

> ਰਣ ਤਜਿਬੋ ਮੁਹਿ ਨਹਿੰ ਮਨ ਭਾਵੈ।
>
> ਅਹੈ ਉਚਿਤ ਲਰਿਬੇ ਜਸੁ ਪਾਵੈਂ।।[83]

### 1.18 ਨਿਤਨੇਮ

ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਹਰਿਗੋਬਿੰਦ ਜੀ ਸਿੱਖਾਂ ਨੂੰ ਸਮਝਾਉਂਦੇ ਹਨ ਕਿ ਸਿੱਖ ਨੂੰ ਆਪਣਾ ਨਿਤਨੇਮ ਕਦੀ ਨਹੀਂ ਭੁੱਲਣਾ ਚਾਹੀਦਾ। ਅੰਮ੍ਰਿਤ ਵੇਲੇ ਪਹਿਰ ਰਾਤ ਰਹਿੰਦਿਆਂ ਇਸ਼ਨਾਨ ਕਰਕੇ, ਬਾਣੀ ਦਾ ਪਾਠ ਕਰਨਾ ਸਿੱਖ ਦੀ ਨਿਤ ਕਰਨੀ ਦਾ ਲਾਜ਼ਮੀ ਭਾਗ ਹੈ ਸ਼ਾਂਮ ਨੂੰ ਰਹਰਾਸਿ ਦਾ ਪਾਠ ਤੇ ਸੌਣ ਤੋਂ ਪਹਿਲਾਂ ਸੋਹਿਲਾ ਸਾਹਿਬ ਦਾ ਪਾਠ ਕਰਨਾ ਸਿੱਖ ਲਈ ਜ਼ਰੂਰੀ ਹੈ।

> ਪੁਨ ਰਹਰਾਸ ਸਮੋਂ ਜਬਿ ਲਹੀਅਹਿ।
>
> ਜਾਮ ਨਿਸਾ ਲਗਿ ਕਿਰਤਨੁ ਕਰੀਅਹਿ।
>
> ਅੰਤ ਸੋਹਿਲਾ ਪਢਿਬੋ ਲਹੀਅਹਿ।। 36।।
>
> ਜਾਮ ਨਿਸਾ ਤੇ ਕਰਹੁ ਸ਼ਨਾਨ।

---

[82] ਨਾਭਾ, ਕਾਨ੍ਹ ਸਿੰਘ (ਭਾਈ), *ਮਹਾਨ ਕੋਸ਼,* ਪੰਨਾ 314

[83] *ਜਿਲਦ ਅੱਠਵੀਂ,* ਪੰਨਾ 3209

ਪਠਹੁ ਕੰਠ ਬਾਨੀ ਸੁਖ ਖਾਨਿ। 37।।[84]

### 1.19 ਨਸ਼ਿਆਂ ਦਾ ਤਿਆਗ

ਨਸ਼ਾ ਸਰੀਰਕ ਅਰੋਗਤਾ ਨੂੰ ਨਸ਼ਟ ਕਰਕੇ ਸਰੀਰ ਨੂੰ ਬਿਮਾਰੀਆਂ ਦਾ ਘਰ ਬਣਾ ਦਿੰਦਾ ਹੈ। ਸਿੱਖ ਧਰਮ ਝੂਠੇ ਨਸ਼ਿਆਂ ਦਾ ਤਿਆਗ ਕਰਕੇ ਨਾਮ ਰਸ ਦਾ ਨਸ਼ਾ ਮਾਨਣ ਦੀ ਪ੍ਰੇਰਣਾ ਦਿੰਦਾ ਹੈ-

ਨਾਮ ਰਸੁ ਪੀਆ ਰੇ।।

ਜਿਹ ਰਸ ਵਿਸਰਿ ਗਏ ਰਸ ਅਉਰ।।[85]

ਗੁਰਮਿਤ ਅਨੁਸਾਰ ਨਸ਼ੇ ਵਰਤਨ ਦੀ ਸਖ਼ਤ ਮਨਾਹੀ ਹੈ। ਗੁਰਬਾਣੀ ਵਿਚ ਸ਼ਰਾਬ ਪੀਣਾ ਸ਼ਰੀਰ ਲਈ ਹਾਨੀਕਾਰਕ ਦੱਸਿਆ ਗਿਆ ਹੈ।[86] ਸਿੱਖ ਧਰਮ ਦੀ ਰਹਿਤ ਮਰਿਯਾਦਾ ਵਿਚ ਸਿੱਖਾਂ ਨੂੰ ਚਾਰ ਬਜ਼ਰ ਕੁਰਿਹਤਾਂ ਦੱਸੀਆਂ ਹਨ ਜਿਨ੍ਹਾਂ ਵਿਚੋਂ ਇਕ ਤੰਬਾਕੂ ਦਾ ਸੇਵਨ ਨਾ ਕਰਨ ਬਾਰੇ ਹੈ।[87] ਤੰਬਾਕੂ ਇਕ ਪ੍ਰਕਾਰ ਦਾ ਨਸ਼ੀਲਾ ਪਦਾਰਥ ਹੈ ਜਿਸ ਦਾ ਸੇਵਨ ਕਰਨ ਨਾਲ ਸਰੀਰ ਕੈਂਸਰ ਵਰਗੀਆਂ ਗੰਭੀਰ ਤੇ ਘਾਤਕ ਬਿਮਾਰੀਆਂ ਦਾ ਸ਼ਿਕਾਰ ਬਣ ਜਾਂਦਾ ਹੈ। ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਤੇਗ ਬਹਾਦਰ ਜੀ ਆਪਣੇ ਸਿੱਖ ਨੂੰ ਤੰਬਾਕੂ ਖਾਣ ਤੋਂ ਵਰਜਦੇ ਹਨ ਕਿਉਂਕਿ ਤੰਬਾਕੂ ਜਾਂ ਹੋਰ ਕਿਸੇ ਵੀ ਪ੍ਰਕਾਰ ਦਾ ਨਸ਼ਾ ਕਰਨ ਨਾਲ ਮਨੁੱਖ ਦੀ ਮਿਹਨਤ ਨਾਲ ਕੀਤੀ ਕਮਾਈ ਅਜਾਂਈ ਚਲੀ ਜਾਂਦੀ ਹੈ। ਜਿਸ ਦਾ ਨਤੀਜਾ ਪਰਿਵਾਰ ਨੂੰ ਅਨੇਕਾਂ ਆਰਥਿਕ ਸਮੱਸਿਆਵਾਂ ਦੇ ਰੂਪ ਵਿਚ ਭੁਗਤਨਾ ਪੈਂਦਾ ਹੈ-

ਗੰਦਾਧੂਮ ਕਰਹਿ ਜਬਿ ਪਾਨ।

ਤਵ ਕੁਲ ਰੰਕ ਹੋਹਿ ਧਨ ਹਾਨ। 46।।[88]

---

[84] *ਜਿਲਦ ਸੱਤਵੀਂ,* ਪੰਨਾ 2682

[85] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 337

[86] ਜਿਤੁ ਪੀਤੇ ਮਤਿ ਦੂਰ ਹੋਇ ਬਰਲੁ ਪਵੈ ਵਿਚ ਆਇ।। *ਉਹੀ,* ਪੰਨਾ 554

[87] ਗੁਲਸ਼ਨ, ਗੁਰਬਖ਼ਸ਼ ਸਿੰਘ, *ਦਰਪਣ ਸਿੱਖ ਰਹਿਤ ਮਰਯਾਦਾ*, ਪੰਨਾ 225

[88] *ਜਿਲਦ ਦੱਸਵੀਂ,* ਪੰਨਾ 4143

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪਦਾਰਥ ਦੀ ਬਹੁਤ ਨਿੰਦਿਆ ਕੀਤੀ ਹੈ[89] ਤੇ ਇਸ ਦੇ ਨੇੜੇ ਜਾਣ ਤੋਂ ਵੀ ਮਨ੍ਹਾ ਕੀਤਾ ਹੈ। ਕਵੀ ਜੀ ਨੇ ਅਜਮੇਰ ਦੇ ਰਾਜੇ ਦੀ ਪੁੱਤਰੀ ਦਾ ਇਕ ਪ੍ਰਸੰਗ ਦੱਸਿਆ ਹੈ ਜਿਸ ਵਿਚ ਬ੍ਰਾਹਮਣ ਨੇ ਤੰਬਾਕੂ ਦਾ ਸੇਵਨ ਕੀਤਾ ਤੇ ਔਰਤ ਦੇ ਸਪਰਸ਼ ਤੋਂ ਬਚਨ ਵਾਲੇ ਮੰਤ੍ਰ ਦੀ ਸ਼ਕਤੀ ਨੂੰ ਗੁਆ ਬੈਠਾ-

ਕਹੇ ਸਭਿਨਿ ਕੇ ਕੀਨਸਿ ਪਾਨ।

ਭਈ ਜਾਮਨੀ ਦਿਨ ਜੁ ਬਿਹਾਨ।

ਘਰ ਅਜਮੇਰ ਸੁਤਾ ਕੇ ਗਯੋ।

ਤਥਾ ਮੰਤ੍ਰ ਪਠਿ ਕਰਿ ਥਿਰ ਭਯੋ।। 53।।

ਬਨਯੋ ਨ ਕੋਟ ਮੰਤ੍ਰ ਨਹਿਂ ਫੁਰਯੋ।[90]

ਵਰਤਮਾਨ ਯੁੱਗ ਵਿਚ ਨਸ਼ਿਆਂ ਦਾ ਸੇਵਨ ਸਮਾਜਿਕ ਬੁਰਾਈ ਦਾ ਰੂਪ ਧਾਰਨ ਕਰ ਗਿਆ ਹੈ। ਨਸ਼ਿਆਂ ਦੇ ਪ੍ਰਯੋਗ ਕਾਰਨ ਹੋਰ ਕਈ ਕਿਸਮ ਦੀਆਂ ਸਮਾਜਿਕ ਬੁਰਾਈਆਂ ਜਿਵੇਂ ਝਗੜੇ, ਫਸਾਦ, ਫ਼ਜ਼ੂਲ ਖਰਚੀ, ਗਰੀਬੀ, ਚੋਰੀ ਆਦਿ ਪੈਦਾ ਹੁੰਦੀਆਂ ਹਨ। ਗ੍ਰਹਿਸਤ ਜੀਵਨ ਦੀ ਬਰਬਾਦੀ ਨੂੰ ਰੋਕਣ ਲਈ ਸਮਾਜਿਕ ਸੰਸਥਾਵਾਂ ਲੋਕਾਂ ਨੂੰ ਨਸ਼ਾਬੰਦੀ ਲਈ ਪ੍ਰੇਰਿਤ ਕਰ ਰਹੀਆਂ ਹਨ।

### 1.20 ਨਿਡਰਤਾ

ਆਚਾਰੀ ਮਨੁੱਖ ਅੰਦਰ ਨਿਡਰ ਹੋ ਕੇ ਚੱਲਣ ਦੀ ਭਾਵਨਾ ਆ ਜਾਂਦੀ ਹੈ। ਸਿੱਖ ਧਰਮ ਵਿਚ ਨਿਡਰ ਹੋ ਕੇ ਚਲਣ ਦੀ ਹੀ ਪ੍ਰੇਰਨਾ ਦਿੱਤੀ ਗਈ ਹੈ ਕਿਉਂਕਿ ਮੌਤ ਹਰ ਕਿਸੇ ਦੀ ਪੱਕੀ ਹੈ। ਸਭ ਆਪਣੀ ਆਪਣੀ ਵਾਰੀ ਤੁਰ ਜਾਂਦੇ ਹਨ। ਮੁਸੀਬਤ ਵੇਲੇ ਆਪਣੇ ਪ੍ਰਾਣਾ ਦੀ ਪਰਵਾਹ ਨਾ ਕਰਨਾ ਸੱਚ[91] 'ਤੇ ਚਲਣ ਵਾਲੇ ਦੇ

---

89 ਚੋਬਦਾਰ ਕਲਜੁਗ ਕੋ ਜਗ ਮੈਂ।

ਸੋਚ ਆਦਿ ਗੁਨ ਨਾਸ਼ਕ ਲਗਿ ਮੈਂ।

ਅਧਿਕ ਅਪਾਵਨ ਕਰਿਬੇ ਹਾਰੋ। 56।। *ਜਿਲਦ ਤੇਰਵੀਂ,* ਪੰਨਾ 5553

90 *ਉਹੀ*, ਪੰਨਾ 5552

91 ਸਚੁ ਬੋਲਹੁ ਸੁਖਿ ਦੇਤਿ ਬਡੇਰਾ।

ਤਜਹੁ ਕੂਰ ਦੁਖ ਦਾਯ ਘਨੇਰਾ। *ਜਿਲਦ ਤੇਰਵੀਂ,* ਪੰਨਾ 5682

ਹਿੱਸੇ ਹੀ ਆਉਂਦਾ ਹੈ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚੋਂ ਇਸ ਸੰਬੰਧ ਵਿਚ ਇਤਿਹਾਸਕ ਘਟਨਾਵਾਂ ਨੂੰ ਵੇਖਿਆ ਜਾ ਸਕਦਾ ਹੈ। ਗੁਰੂ ਤੇਗ ਬਹਾਦਰ ਜੀ ਨੂੰ ਜਦੋਂ ਦਿੱਲੀ ਵਿਚ ਸ਼ਹੀਦ ਕੀਤਾ ਗਿਆ ਤਾਂ ਭਾਈ ਜੈਤਾ ਜੀ ਨੇ ਨਿਡਰਤਾ ਸਹਿਤ ਗੁਰੂ ਜੀ ਦਾ ਸੀਸ ਚੁੱਕ ਲਿਆ ਤੇ ਉਸ ਥਾਂ ਤੋਂਨਿਕਲ ਗਏ।[92]ਭਾਈ ਲੱਖੀ ਸ਼ਾਹ ਵਣਜਾਰੇ ਨੇ ਵੀ ਹਿੰਮਤ ਵਿਖਾਈ ਤੇ ਆਪਣੇ ਲੁਬਾਣੇ ਸਿੱਖ ਭਰਾਵਾਂ ਨਾਲ ਮਿਲ ਕੇ ਮੁਗਲਾਂ ਦਾ ਸਖਤ ਪਹਿਰਾ ਹੁੰਦਿਆਂ ਹੋਇਆਂ ਵੀ ਗੁਰੂ ਜੀ ਦੇ ਧੜ ਨੂੰ ਚੁੱਕ ਲਿਆ[93] ਤੇ ਆਪਣੇ ਛਪਰਾਂ ਦੇ ਘਰਾਂ ਵਿਚ ਗੁਰੂ ਜੀ ਦੀ ਚਿਖਾ ਬਣਾਈ ਤੇ ਸਾਰੇ ਘਰਾਂ ਸਮੇਤ ਗੁਰੂ ਜੀ ਦੇ ਧੜ ਦਾ ਸੰਸਕਾਰ ਕਰ ਦਿੱਤਾ।[94] ਮੁਗਲਾਂ ਨੂੰ ਇਸ ਗਲ ਦਾ ਭੋਰਾ ਵੀ ਇਲਮ ਨਾ ਹੋਇਆ ਕਿ ਸੀਸ ਕੌਣ ਲੈ ਗਿਆ ਹੈ।

## 2. ਸਮਾਜਿਕ ਆਚਾਰ ਵਿਹਾਰ

ਸਮਾਜਿਕ ਸਰੋਕਾਰ ਮਨੁੱਖੀ ਜੀਵਨ ਦੇ ਅਹਿਮ ਅੰਗ ਹੁੰਦੇ ਹਨ ਜਿਨ੍ਹਾਂ ਰਾਹੀਂ ਮਨੁੱਖ ਦਾ ਬਹੁਪੱਖੀ ਵਿਕਾਸ ਹੁੰਦਾ ਹੈ। ਗੁਰਮਤਿ ਵਿਚ ਸੰਸਾਰੀ ਜੀਵਨ ਨੂੰ ਤਿਲਾਂਜਲੀ ਨਹੀਂ ਦਿੱਤੀ ਗਈ ਬਲਕਿ ਗ੍ਰਹਿਸਤ ਵਿਚ ਰਹਿ ਕੇ ਅਧਿਆਤਮਕ ਪਾਂਧੀ ਬਣਨ ਦਾ ਮਾਰਗ[95] ਦੱਸਿਆ ਗਿਆ ਹੈ। ਸੰਸਾਰੀ ਜੀਵਨ ਬਤੀਤ ਕਰਦਿਆਂ

---

[92] ਤ੍ਰਸਤਿ ਹੋਹਿ ਤਿਨ ਭਲੇ ਛਪਾਯਹੁ।। 41।।

ਹਟਿ ਕਿਸਹੂੰ ਕੀ ਦਿਸ਼ਿ ਨਹਿਂ ਦੇਖਾ।

ਨਿਕਸਯੋ ਪੁਰਿ ਤੇ ਸ਼ੀਘ੍ਰ ਵਿਸ਼ੇਖਾ।

ਜਿਤਿਕ ਬੇਗ ਬਪੁ ਮਹਿਂ ਬਲ ਜੇਤਾ।

ਗਮਨਯੋ ਮਾਰਗ ਮਹਿਂ ਕਰਿ ਤੇਤਾ।। 42।। *ਜਿਲਦ ਗਿਆਰਵੀਂ,* ਪੰਨਾ 4473

[93] ਧਰ ਦਿਸ਼ਿ ਦ੍ਰਿਸ਼ਟਿ ਨ ਕਿਸ ਕੀ ਹੇਰੀ।

ਨਰ ਪੰਚਹੁਂ ਉਚਾਇ ਤਿਸਿ ਬੇਰੀ।। 20।। *ਉਹੀ,* ਪੰਨਾ 4479

[94] ਨਰ ਗਨ ਮਿਲੇ ਕਾਜ ਤਤਕਾਲਾ।

ਕਰਤਿ ਪਏ ਧਰਿ ਭਾਉ ਬਿਸਾਲਾ।

ਸਭਿ ਛਪਰਨਿ ਕੋ ਅਗਨਿ ਲਗਾਈ।

ਚਿਖਾ ਬੀਚ ਤਹਿਂ ਅਧਿਕ ਜਲਾਈ।। 37।। *ਉਹੀ,* ਪੰਨਾ 4481

[95] ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ।। ਸ਼ਬਦਾਰਥ *ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 938

ਮਨੁੱਖ ਦਾ ਸਰੋਕਾਰ ਇਸ ਸਮਾਜ ਨਾਲ ਕਾਇਮ ਰਹਿੰਦਾ ਹੈ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਸਮਾਜਿਕ ਅਚਾਰ ਵਿਹਾਰ ਨਾਲ ਸੰਬੰਧਿਤ ਜਿਹੜੇ ਪੱਖਾਂ ਬਾਰੇ ਚਰਚਾ ਕੀਤੀ ਗਈ ਮਿਲਦੀ ਹੈ ਉਸ ਦਾ ਵੇਰਵਾ ਇਸ ਪ੍ਰਕਾਰ ਹੈ:

### 2.1 ਕਿਰਤ

ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗ੍ਰਹਿਸਤ ਜੀਵਨ ਨੂੰ ਸਭ ਤੋਂ ਉੱਤਮ ਮੰਨਿਆ ਹੈ ਤੇ ਇਸ ਧਰਮ ਦੀ ਪਾਲਣਾ ਕਰਨ ਉੱਤੇ ਬਲ ਦਿੱਤਾ ਹੈ। ਗ੍ਰਿਹਸਤ ਜੀਵਨ ਨੂੰ ਠੀਕ ਢੰਗ ਨਾਲ ਚਲਾਉਣ ਲਈ ਮਨੁੱਖ ਵਾਸਤੇ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਆਪਣੀ ਉਪਜੀਵਕਾ ਲਈ ਉੱਦਮ ਕਰੇ ਨਾ ਕਿ ਇਸ ਤੋਂ ਭੱਜੇ। ਇਸ ਲਈ ਗੁਰੂ ਸਾਹਿਬਾਨ ਨੇ ਸਮਾਜ ਤੋਂ ਪਲਾਇਣ ਕਰਨ ਦੀ ਬਿਰਤੀ ਨੂੰ ਖ਼ਤਮ ਕਰਕੇ ਕਿਰਤ ਕਰਨ ਦੇ ਸਿਧਾਂਤ ਦੀ ਸਥਾਪਨਾ ਕੀਤੀ। ਗੁਰਮਤਿ ਭਗਤੀ ਭਾਂਜਵਾਦੀ ਜਾਂ ਨਿਰਵਿਰਤੀ ਮਾਰਗ ਦੀ ਥਾਂ ਪ੍ਰਵਿਰਤੀ ਮਾਰਗ ਦੀ ਪ੍ਰੇਰਨਾ ਕਰਦੀ ਹੈ। ਇਸ ਭਗਤੀ ਦੀ ਅਧਿਆਤਮਿਕ ਪਹੁੰਚ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦੁਆਰਾ ਕਾਰਜਸ਼ੀਲ ਹੁੰਦੀ ਹੈ। ਸਮਾਜਿਕ ਜੀਵਨ ਵਿਚ ਨਿਰਬਾਹ ਲਈ ਮਨੁੱਖ ਵਾਸਤੇ ਕਿਰਤ ਅਤਿ ਲਾਜ਼ਮੀ ਹੈ। ਕਿਰਤ ਮਨੁੱਖੀ ਸਮਾਜ ਦਾ ਇਕ ਮਹੱਤਵਪੂਰਨ ਅੰਗ ਹੈ। ਜੋ ਇਨਸਾਨ ਧਰਮ ਦੀ ਸੱਚੀ-ਸੁੱਚੀ ਕਿਰਤ ਕਰਕੇ ਉਸ ਵਿਚੋਂ ਦਾਨ ਆਦਿ ਕਰਦਾ ਹੈ ਉਸ ਨੂੰ ਸੱਚਾ ਕਿਰਤੀ ਇਨਸਾਨ ਕਿਹਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸਿਰਫ ਕਿਰਤ ਕਰਨ ਦਾ ਪ੍ਰਚਾਰ ਹੀ ਨਹੀਂ ਕੀਤਾ ਸਗੋਂ ਉਨ੍ਹਾਂ ਨੇ ਆਪ ਵੀ ਕਿਰਤ ਕਰਕੇ ਵਿਖਾਈ ਹੈ।[96]

ਗੁਰੂ ਨਾਨਕ ਦੇਵ ਜੀ ਨੇ ਕਿਰਤ ਨੂੰ ਇੰਨੀ ਮਹਾਨਤਾ ਦਿੱਤੀ ਹੈ ਕਿ ਉਨ੍ਹਾਂ ਨੇ ਮਲਕ ਭਾਗੋ ਦੇ ਜਾਲਮਾਨਾ[97] ਢੰਗ ਨਾਲ ਇੱਕਠੇ ਕੀਤੇ ਧਨ ਤੋਂ ਬਣੇ ਅਨੇਕਾਂ ਪ੍ਰਕਾਰ ਦੇ ਪਦਾਰਥਾਂ ਨੂੰ ਤਿਆਗ ਕੇ ਗਰੀਬ

---

[96] ਕ੍ਰਿਖੀ ਕਰਾਵਨ ਲਗੇ ਬਿਸ਼ਾਲਾ।

ਦੇਗ ਚਲਾਵਹਿਂ ਪਰਮ ਕ੍ਰਿਪਾਲਾ॥10॥ *ਜਿਲਦ ਚੌਥੀ,* ਪੰਨਾ 1091

[97] ਹੁਤੋ ਪਾਸ ਤਿਂਹ ਕੇ ਬਹੁ ਦਰਬਾ।

ਕਰਿ ਕਲਿਮਲ ਸੋ ਸੰਚਯੋ ਸਰਬਾ। *ਜਿਲਦ ਤੀਜੀ,* ਪੰਨਾ 456

ਭਾਈ ਲਾਲੋ ਦੀ ਸੁੱਚੀ ਕਿਰਤ ਦੀ ਸਾਦੀ ਰੋਟੀ[98] ਨੂੰ ਪ੍ਰਵਾਨ ਕੀਤਾ। ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਪਰਾਏ ਧਨ ਦੀ ਲਾਲਸਾ ਨਾ ਕਰਕੇ ਆਪਣੀ ਹੱਕ ਹਲਾਲ ਦੀ ਕਮਾਈ ਖਾਣ ਨੂੰ ਕਿਹਾ ਹੈ। ਹੱਕ ਦੀ ਕਮਾਈ ਖਾਣ ਵਾਲੇ ਦਾ ਆਪਣਾ ਇਕ ਚਰਿੱਤਰ ਹੁੰਦਾ ਹੈ ਜੋ ਕਿ ਸਮਾਜ ਵਿਚ ਸਨਮਾਨ ਯੋਗ ਹੁੰਦਾ ਹੈ। ਗੁਰੂ ਨਾਨਕ ਦੇਵ ਜੀ[99], ਗੁਰੂ ਅਰਜਨ ਦੇਵ ਜੀ[100] ਅਤੇ ਭਗਤ ਕਬੀਰ ਜੀ[101] ਮਨੁੱਖ ਨੂੰ ਪ੍ਰਮਾਤਮਾ ਦਾ ਨਾਮ ਜਪਦੇ ਹੋਏ ਕਿਰਤ ਕਮਾਈ ਕਰਨ ਦਾ ਉਪਦੇਸ਼ ਦਿੰਦੇ ਹਨ।

ਗੁਰਮਤਿ ਫ਼ਲਸਫ਼ੇ ਦੀ ਲੋਅ ਵਿਚ ਕਵੀ ਜੀ ਕਿਰਤ ਸੰਬੰਧੀ ਆਪਣੀ ਰਾਏ ਪ੍ਰਗਟਾਉਦਿਆਂ ਲਿਖਦੇ ਹਨ ਕਿ ਮਨੁੱਖ ਨੂੰ ਹਮੇਸ਼ਾਂ ਹੱਕ ਸੱਚ ਦੀ ਕਮਾਈ ਹੀ ਕਰਨੀ ਚਾਹੀਦੀ ਹੈ। ਮਨੁੱਖ ਦੇਖਾ ਦੇਖੀ ਉੱਚੇ ਸੁੱਚੇ ਆਚਾਰ ਵਿਹਾਰ ਨੂੰ ਛੱਡ ਕੇ ਅਨੈਤਿਕ ਹੋ ਜਾਂਦਾ ਹੈ ਕਿਉਂਕਿ ਉਹ ਸੌਖੇ ਢੰਗ ਨਾਲ ਜੀਵਨ ਨਿਰਬਾਹ ਕਰਨਾ ਚਾਹੁੰਦਾ ਹੈ। ਜਿਸ ਪ੍ਰਮਾਤਮਾ ਨੇ ਜੀਵਾਂ ਨੂੰ ਜਨਮ ਦਿੱਤਾ ਹੈ, ਉਸ ਦੇ ਰੁਜਗਾਰ ਦੀ ਚਿੰਤਾ ਵੀ ਉਸ ਨੂੰ ਹੀ ਹੈ। ਕਵੀ ਸੰਤੋਖ ਸਿੰਘ ਜੀ ਲਿਖਦੇ ਹਨ ਕਿ-

ਸੋ ਦੇਵਤਿ ਸਭਿ ਕੋ ਰੁਜਗਾਰਾ।
ਔਰ ਬਹਾਲਾ ਕਰਹਿ ਤੁਮਾਰਾ।
ਮਿਸ ਕਰਿਕੈ ਦੇਵਤਿ ਨਿਤ ਰੋਜੀ।
ਲਖਹਿੰ ਸੰਤ ਸ੍ਰੀ ਪ੍ਰਭੁ ਕੇ ਖੋਜੀ॥13॥[102]

---

98 ਬਨੀ ਬਾਜਰੇ ਕੀ ਸੁਭ ਰੋਟੀ ਸਰਖਪ ਸਾਕ ਬਨਾਈ।। 25।। *ਉਹੀ*, ਪੰਨਾ 450

99 ਘਾਲਿ ਖਾਇ ਕਿਛੁ ਹਥਹੁ ਦੇਇ।।
ਨਾਨਕ ਰਾਹੁ ਪਛਾਣਹਿ ਸੇਇ।। *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1245

100 ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ।। *ਉਹੀ*, ਪੰਨਾ 522

101 ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ।।
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ।। *ਉਹੀ*, ਪੰਨਾ 1375

102 ਵੀਰ ਸਿੰਘ (ਭਾਈ), *ਉਹੀ, ਜਿਲਦ ਚੌਥੀ*, ਪੰਨਾ 947

ਗੁਰੂ ਸਾਹਿਬ ਇਸ ਬਾਬਤ ਫੁਰਮਾਉਂਦੇ ਹਨ-

ਜਿਨਿ ਜੀਉ ਦੀਆ ਸੁ ਰਿਜਕੁ ਅੰਬਰਾਵੈ॥

ਸਭ ਘਟ ਭੀਤਰਿ ਹਾਟੁ ਚਲਾਵੈ॥[103]

ਘਾਲ ਕਰਨ ਦੇ ਨਾਲ ਇਹ ਵੀ ਸ਼ਰਤ ਹੈ ਕਿ ਧਨ, ਸੰਪੱਤੀ ਆਦਿ ਦਾ ਇਕੱਠ ਨਹੀਂ ਕਰਨਾ ਚਾਹੀਦਾ, ਸਗੋਂ ਆਪਣੀ ਲੋੜ ਤੋਂ ਵੱਧ ਸਾਮਗ੍ਰੀ ਲੋੜਵੰਦਾਂ ਵਿਚ ਵੰਡ ਦੇਣੀ ਵਾਜਬ ਹੈ।[104]

ਕਵੀ ਨੇ ਗੁਰੂ ਹਰਿਗੋਬਿੰਦ ਸਾਹਿਬ[105] ਤੇ ਗੁਰੂ ਹਰਿ ਰਾਇ ਜੀ[106] ਦੇ ਉਪਦੇਸ਼ਾਂ ਰਾਹੀਂ ਆਪਣੀ ਉਪਜੀਵਕਾ ਧਰਮ ਦੀ ਕਿਰਤ ਰਾਂਹੀ ਕਰਨ ਦੇ ਆਚਾਰ ਵਿਹਾਰ ਨੂੰ ਦ੍ਰਿੜ ਕਰਵਾਇਆ ਹੈ। ਭਾਈ ਗੁਰਦਾਸ ਜੀ ਕੰਮਚੋਰ ਜਾਂ ਵਿਹਲੜ ਰਹਿ ਕੇ ਹਰਾਮ ਦੀ ਕਮਾਈ ਨਾਲ ਆਪਣਾ ਗੁਜ਼ਾਰਾ ਚਲਾਉਣ ਦੀ ਝਾਕ ਰੱਖਣ ਦੀ ਬਿਰਤੀ ਦਾ ਸਖਤੀ ਨਾਲ ਖੰਡਣ ਕਰਦਿਆਂ ਸਿੱਖ ਨੂੰ ਦਸਾਂ ਨੌਹਾਂ ਦੀ ਕਿਰਤ ਕਰਕੇ ਆਪਣਾ ਜੀਵਨ ਨਿਰਬਾਹ ਕਰਨ ਦੀ ਹਦਾਇਤ ਕਰਦੇ ਹਨ:

ਜਿਉ ਮਿਰਜਾਦਾ ਹਿੰਦੂਆ ਗਊ ਮਾਸੁ ਅਖਾਜੁ॥

ਮੁਸਲਮਾਣਾਂ ਸੂਅਰਹੁ ਸਉਗੰਦ ਵਿਆਜੁ॥

ਸਹੁਰਾ ਘਰਿ ਜਾਵਾਈਐ ਪਾਣੀ ਮਦ ਰਾਜੁ।

ਸਹਾ ਨ ਖਾਈ ਚੂਹੜਾ ਮਾਇਆ ਮੁਹਤਾਜੁ।

ਜਿਉ ਮਿਠੈ ਮਖੀ ਮਰੈ ਤਿਸੁ ਹੋਇ ਅਕਾਜੁ।

---

[103] *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 794

[104] ਵੀਰ ਸਿੰਘ (ਭਾਈ), *ਉਹੀ, ਜਿਲਦ ਤੇਰਵੀਂ,* ਪੰਨਾ 5683

[105] ਸ੍ਰੀ ਮੁਖ ਤੇ ਫੁਰਮਾਵਨਿ ਕੀਨਿ।

ਇਹ ਭੋਜਨ ਹਮ ਖਾਹਿਂ ਕਬੀ ਨ।

ਵਹਿਰ ਜਾਇ ਮਿਹਨਤ ਕਰਿ ਲਯਾਵਹੁ।

ਰਸਦ ਖਰੀਦਹੁ ਬਿਪਨੀ ਜਾਵਹੁ॥46॥ *ਉਹੀ,ਜਿਲਦ ਸੱਤਵੀਂ,* ਪੰਨਾ 2476

[106] ਮਨ ਸੁਧ ਭਗਤਿ ਭਾਇ ਸੰਜੁਗਤੈ ਨਿੰਮ੍ਰਿਭੂਤ ਉਰ ਪ੍ਰੀਤੀ ਧਾਰਿ। 21॥ *ਉਹੀ, ਜਿਲਦ ਨੌਵੀਂ,* ਪੰਨਾ 3554

ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੁ ਪਾਜੁ॥[107]

## 2.2 ਦਸਵੰਧ

ਧਰਮ ਦੀ ਕਮਾਈ ਵਿਚੋਂ ਦਸਵਾਂ ਹਿੱਸਾ ਕੌਮੀ ਕਾਰਜਾਂ ਲਈ ਅਰਪਨ ਕਰਨਾ ਪੰਥਕ ਰੀਤਿ ਹੈ। ਸਿੱਖੀ ਦੇ ਅਸੂਲਾਂ ਦੇ ਅਨੁਸਾਰ ਇਹ ਸਿੱਖੀ ਆਚਾਰ ਦਾ ਹਿੱਸਾ ਹੈ।[108] ਗੁਰਮਿਤ ਅੰਦਰ ਵੰਡ ਛਕਣ ਤੇ ਸੇਵਾ ਦੇ ਸੰਕਲਪ ਨੂੰ ਦਸਵੰਧ ਰਾਹੀਂ ਵਿਅਕਤ ਕੀਤਾ ਗਿਆ ਹੈ। ਬਾਅਦ ਵਿਚ ਦਾਨ ਨੇ ਸੰਸਥਾਈ ਰੂਪ ਧਾਰਨ ਕੀਤਾ ਤੇ ਇਹ ਦਸਵੰਧ ਵਿਚ ਤਬਦੀਲ ਹੋ ਗਿਆ।[109] ਦਸਵੰਧ ਗੁਰੂ ਨਾਨਕ ਦੇਵ ਜੀ ਦੇ ਵੰਡ ਛਕੋ ਦੇ ਸੰਕਲਪ ਵਿਚ ਸਮਲਿਤ ਹੈ। ਦਸਵੰਧ ਦੀ ਧਾਰਨਾ ਗੁਰੂ ਨਾਨਕ ਦੇਵ ਜੀ ਦੀ ''ਘਾਲਿ ਖਾਇ ਕਿਛੁ ਹਥਹੁ ਦੇਹਿ ਨਾਨਕ ਰਾਹੁ ਪਛਾਨਿਹ ਸੇਇ॥''[110] ਵਾਲੀ ਸਤਰ ਵਿਚ ਪਈ ਹੈ। ਦਸਵੰਧ ਇਕ ਅਜਿਹਾ ਧਾਰਮਿਕ ਕਾਰਜ ਹੈ ਜਿਸ ਦੁਆਰਾ ਉਹ ਪੰਥਕ ਤੇ ਸਮਾਜ ਸੇਵਾ ਨੂੰ ਵਧੇਰੇ ਕਾਰਗਰ ਢੰਗ ਨਾਲ ਪੂਰਿਆਂ ਕਰ ਸਕਦਾ ਹੈ। ਦਸਵੰਧ ਦੇਣ ਦਾ ਮਨੋਰਥ ਕੇਵਲ ਇਹ ਨਹੀਂ ਹੈ ਕਿ ਗੁਰੂ ਘਰ ਵਿਚ ਮਾਇਆ ਦੇ ਕੇ ਆਪਣੀ ਸਸਤੀ ਸ਼ੁਹਰਤ ਦੀ ਲਾਲਸਾ ਰੱਖੇ। ਸਗੋਂ ਦਸਵੰਧ ਦਾ ਮਨੋਰਥ ਪੰਥਕ ਕਾਰਜਾਂ ਦੇ ਨਾਲ-ਨਾਲ ਸਮਾਜ ਦੇ ਨਿਮਾਣੇ ਤੇ ਨਿਤਾਣਿਆਂ ਦੀ ਮਦਦ ਕਰਨਾ ਹੈ।

ਦਾਨ ਦੇ ਸੰਬੰਧ ਵਿਚ ਕਿਹਾ ਜਾਂਦਾ ਹੈ ਕਿ ਦਾਨ ਦਾ ਭਾਵ ਕਿਸੇ ਨੂੰ ਦਿੱਤੀ ਹੋਈ ਵਸਤੂ ਜਾਂ ਧਨ ਹੈ ਜਿਸ ਲਈ ਲੈਣ ਵਾਲੇ ਦਾ ਕੋਈ ਕਾਨੂੰਨੀ ਹੱਕ ਤਾਂ ਨਹੀਂ ਹੁੰਦਾ, ਪਰ ਨੈਤਿਕਤਾ ਦੇ ਆਧਾਰ 'ਤੇ ਕਿਸੇ ਲੋੜਵੰਦ ਵਿਅਕਤੀ ਜਾਂ ਸੰਸਥਾ ਨੂੰ ਦਿੱਤਾ ਜਾਂਦਾ ਹੈ ਤਾਂ ਜੋ ਉਹ ਵਸਤੂ ਜਾਂ ਧਨ ਕਿਸੇ ਚੰਗੇ ਕਾਰਜ ਲਈ ਵਰਤਿਆ ਜਾਵੇ।[111] ਗੁਰਬਾਣੀ ਅਨੁਸਾਰ[112] ਅਸੀਂ ਸਾਰੇ ਜੀਵ ਇਕ ਪਿਤਾ ਦੀ ਔਲਾਦ ਹਾਂ। ਇਸ ਕਰਕੇ ਲੋੜਵੰਦ ਨੂੰ ਆਪਣੀ ਕਮਾਈ ਵਿਚੋਂ ਦਸਵੰਧ ਦੇ ਕੇ ਉਸ ਨੂੰ ਆਪਣੇ ਪੈਰਾਂ 'ਤੇ ਖੜੇ ਹੋਣ ਦੇ ਯੋਗ ਬਣਾਉਣਾ ਚਾਹੀਦਾ ਹੈ।

---

107 *ਭਾਈ ਗੁਰਦਾਸ ਜੀ*, ਵਾਰ 35, ਪਉੜੀ 12

108 http://pa.m.wikipedia.org. *ਕਿਰਤ*

109 ਅਮਰਜੀਤ ਸਿੰਘ (ਡਾ.), *ਉਹੀ*, ਪੰਨਾ 102

110 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1245

111 www.sikhmarg.com *(ਦਾਨ)*

112 ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ॥ *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 611

ਗੁਰੂ ਅਰਜਨ ਦੇਵ ਜੀ ਦੇ ਗੁਰਤਾ ਕਾਲ ਦੌਰਾਨ ਇਹ ਰਾਸ਼ੀ ਦਸਵਾਂ ਹਿੱਸਾ ਨਿਰਧਾਰਤ ਕੀਤੀ ਗਈ। ਦਾਨ ਤੇ ਦਸਵੰਧ ਦੀ ਰਾਸ਼ੀ ਨੂੰ ਸਮਾਜਿਕ ਖੇਤਰ ਨਾਲ ਸੰਬੰਧਿਤ ਜਨਤਕ ਭਲਾਈ ਦੇ ਕਾਰਜਾਂ ਉੱਪਰ ਖਰਚ ਕਰਨਾ ਯੋਗ ਸਮਝਿਆ ਗਿਆ।[113]

ਗੁਰੂ ਗੋਬਿੰਦ ਸਿੰਘ ਜੀ ਨੇ ਹਰੇਕ ਸਿੱਖ ਨੂੰ ਆਪਣੀ ਕਮਾਈ ਵਿਚੋਂ ਦਾਨ ਕੱਢਣ ਦਾ ਆਦੇਸ਼ ਦਿੱਤਾ ਹੈ। ਗੁਰੂ ਜੀ ਤਾਂ ਇਥੋਂ ਤੱਕ ਕਹਿੰਦੇ ਹਨ ਕਿ ਮੇਰਾ ਸਿੱਖ ਕੀਤੇ ਹੋਏ ਦਾਨ ਨੂੰ ਕਦੀ ਮੂੰਹ ਨਾਲ ਨਾ ਕਹੇ, ਸਦਾ ਛੁਪਾਉਣ ਦੀ ਅਭਿਲਾਸ਼ਾ ਰੱਖੇ।[114]

ਸਿੱਖ ਰਹਿਤਨਾਮਿਆਂ ਦੇ ਵਿਚ ਵੀ ਇਹ ਸੰਦੇਸ਼ ਮਿਲਦਾ ਹੈ ਕਿ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਕੇ ਗੁਰੂ ਨੂੰ ਦਸਵੰਧ ਦੇਣਾ ਹੈ-

ਦਸ ਨਖ ਕਰ ਜੋ ਕਾਰ ਕਮਾਵੈ॥
ਤਾਂ ਕਰ ਜੋ ਧਨ ਘਰ ਮੈ ਆਵੈ॥
ਤਿਹ ਤੇ ਗੁਰ ਦਸਵੰਧ ਜੁ ਦੇਈ॥
ਸਿੰਘ ਸੁ ਜਸ ਬਹੁ ਜਗ ਮਹਿ ਲੇਈ॥[115]

ਗੁਰੂ ਕਾ ਸਿਖ ਕਿਰਤ ਕੇ ਨਫੇ ਵਿਚਹੁ ਦਸਵੰਧ ਗੁਰੂ ਕਾ ਦੇਵੈ। ਗੁਰੂ ਅਰਥ ਲਗਾਏ।[116]

ਗੁਰ ਪ੍ਰਤਾਪ ਸੂਰਜ ਗ੍ਰੰਥ ਅਨੁਸਾਰ ਸਮਾਜਿਕ ਭਲਾਈ ਹਿਤ ਗੁਰੂ ਸਾਹਿਬਾਨ ਨੇ ਦਸਵੰਧ ਸੰਸਥਾ ਸਥਾਪਤ ਕੀਤੀ। ਗੁਰੂ ਅੰਗਦ ਦੇਵ ਜੀ ਨੇ ਆਪਣੀ ਕਿਰਤ ਕਮਾਈ ਕਰਨ ਵਾਲਿਆਂ ਨੂੰ ਧਰਮ ਦੇ ਨਾਲ-ਨਾਲ ਸ਼ੁਭ ਕਾਰਜਾਂ ਲਈ ਆਪਣੀ ਕਮਾਈ ਵਿਚੋਂ ਕੁੱਝ ਹਿੱਸਾ ਕੱਢਣ ਦਾ ਉਪਦੇਸ਼ ਕੀਤਾ ਹੈ-

ਵਰਣ ਧਰਮ ਰਣ ਕਰਹੁ ਮਹਾਨੇ।

---

113 ਅਮਰਜੀਤ ਸਿੰਘ (ਡਾ.), *ਉਹੀ*, ਪੰਨਾ 102

114 ਦਾਨ ਕਰਯੋ ਮੁਖ ਤੇ ਨਹਿੰ ਭਾਖੈ।
ਸਦਾ ਛਪਾਵਨ ਕੋ ਅਭਿਲਾਖੈ। ਵੀਰ ਸਿੰਘ (ਭਾਈ), *ਉਹੀ, ਜਿਲਦ ਤੇਰਵੀਂ*, ਪੰਨਾ 5683

115 ਪਦਮ, ਪਿਆਰਾ ਸਿੰਘ (ਸੰਪਾ.), *ਰਹਿਤਨਾਮੇ*, ਪੰਨਾ 128

116 *ਉਹੀ*, ਪੰਨਾ 83

ਆਤਮ ਸਾਚ ਕੂੜ ਤਨ ਜਾਨੇ।

ਦੀਜਹਿ ਦਾਨ ਸੁਕਰਮ ਕਰੀਜਹਿ।

ਤਨ ਬਿਨਸਨ ਨਹਿੰ ਸੰਸਾ ਕੀਜਹਿ।।9।।[117]

ਰਾਸ਼ਿ 1, ਅੰਸੂ 11 ਅਨੁਸਾਰ[118] ਵੀ ਸਿੱਖ ਨੂੰ ਆਪਣੀ ਕਿਰਤ ਕਮਾਈ ਵਿਚੋਂ ਦਸਵੰਧ ਦੇਣ ਦੀ ਗੱਲ ਕਹੀ ਹੈ।

### 2.3 ਸੇਵਾ

ਸੇਵਾ ਦਾ ਸਮਾਜ ਨਾਲ ਬਹੁਤ ਡੂੰਘਾ ਸੰਬੰਧ ਹੈ। ਜਿਹੜਾ ਮਨੁੱਖ ਸਮਾਜ ਵਿਚ ਰਹਿ ਕੇ ਸਮਾਜ ਦੀ ਸੇਵਾ ਕਰਦਾ ਹੈ ਉਸ ਨੂੰ ਸਮਾਜ-ਸੇਵੀ ਕਿਹਾ ਜਾਂਦਾ ਹੈ। ਸਿੱਖ ਧਰਮ ਵਿਚ ਸੇਵਾ ਨੂੰ ਬਹੁਤ ਮਹਾਨਤਾ ਦਿੱਤੀ ਗਈ ਹੈ। ਸੇਵਾ ਤੋਂ ਭਾਵ ਹੈ ਖਿਦਮਤ, ਉਪਾਸਨਾ।[119] ਗੁਰਬਾਣੀ ਅੰਦਰ ਸਿਮਰਨ ਦੇ ਨਾਲ-ਨਾਲ ਸੇਵਾ ਨੂੰ ਵੀ ਮਹੱਤਵਪੂਰਨ ਸਥਾਨ ਹਾਸਿਲ ਹੈ। ਇਸ ਲਈ ਹੀ ਸੇਵਾ ਤੇ ਸਿਮਰਨ ਨੂੰ ਗੁਰਮਤਿ ਦੇ ਦੋ ਮੁੱਖ ਥੰਮ ਮੰਨਿਆ ਜਾਂਦਾ ਹੈ। ਸੁਆਰਥੀ ਤੇ ਲਾਲਚੀ ਮਨੁੱਖ ਸੇਵਾ ਨਹੀਂ ਕਰ ਸਕਦਾ ਕਿਉਂਕਿ ਸੇਵਾ ਤਿਆਗ ਦੀ ਮੰਗ ਕਰਦੀ ਹੈ। ਅਧਿਆਤਮਿਕ ਮਾਰਗ 'ਤੇ ਚੱਲਣ ਲਈ ਗੁਰੂ ਘਰ ਵਿਚ ਨਿਰ-ਇੱਛਤ ਅਤੇ ਸ਼ਰਧਾ ਵਿਚ ਕੀਤੀ ਗਈ ਸੇਵਾ ਦੀ ਬੜੀ ਮਹਾਨਤਾ ਹੈ ਅਤੇ ਗੁਰੂ ਦੇ ਦਰ 'ਤੇ ਪਰਵਾਨ ਹੁੰਦੀ ਹੈ। ਗੁਰੂ ਦੀ ਸੇਵਾ ਸਾਰੇ ਤਪਾਂ ਤੋਂ ਉੱਤਮ ਸੇਵਾ ਹੈ ਇਸ ਦੇ ਸਾਹਮਣੇ ਘਰ ਬਾਹਰ ਛੱਡ ਕੇ ਜੰਗਲਾਂ, ਗੁਫ਼ਾਵਾਂ ਅਤੇ ਭੋਰਿਆਂ ਵਿਚ ਤਰ੍ਹਾਂ-ਤਰ੍ਹਾਂ ਦੇ ਦੁੱਖ ਸਹਿ ਕੇ ਕੀਤੇ ਜਪ-ਤਪ ਸਭ ਤੁੱਛ ਹਨ। ਸੇਵਾ ਕਰਨ ਨਾਲ ਮਨ ਵਿਚ ਹਲੀਮੀ ਆਉਂਦੀ ਹੈ।[120]ਭਾਈ ਗੁਰਦਾਸ ਜੀ ਅਨੁਸਾਰ[121] ਸੇਵਾ ਨਾ ਕਰਨ ਵਾਲੇ ਮਨੁੱਖੀ ਅੰਗ ਲਾਹਨਤ ਦੇ ਯੋਗ ਹਨ ਅਤੇ ਸੇਵਾ ਤੋਂ ਰਹਿਤ ਸਾਰੇ ਕਾਰਜ ਵਿਅਰਥ ਹਨ। ਸੇਵਾ ਨਾਲ ਨਿਮਰਤਾ, ਦਿਆਲਤਾ ਤੇ ਕਿਸੇ ਦੇ ਪਰਦੇ ਢੱਕਣ ਵਰਗੇ ਗੁਣ

---

[117] ਵੀਰ ਸਿੰਘ (ਭਾਈ), *ਉਹੀ, ਜਿਲਦ ਪੰਜਵੀਂ,* ਪੰਨਾ 1359

[118] ਜੋ ਅਪਨੀ ਕਛੁ ਕਰਹੁ ਕਮਾਈ।

ਗੁਰ ਹਿਤ ਦਿਹੁ ਦਸਵੰਧ ਬਨਾਈ।। 25।। *ਉਹੀ,* ਪੰਨਾ 1354

[119] ਕਾਨ੍ਹ ਸਿੰਘ ਨਾਭਾ (ਭਾਈ), *ਮਹਾਨ ਕੋਸ਼,* ਪੰਨਾ 228

[120] https://pa.m.wikipedia.org.topic=*ਸੇਵਾ*

[121] ਵਿਣੁ ਸੇਵਾ ਧ੍ਰਿਗ ਹਥ ਪੈਰ ਹੋਰ ਨਿਹਫਲ ਕਰਣੀ ।। *ਭਾਈ ਗੁਰਦਾਸ ਜੀ,* ਵਾਰ 27, ਪਉੜੀ 10

ਸਹਿਜੇ ਹੀ ਮਨੁੱਖ ਵਿਚ ਆ ਜਾਂਦੇ ਹਨ। ਅਜਿਹੀ ਇਕ ਉਦਾਹਰਨ ਕਵੀ ਜੀ ਨੇ ਮੂਲਾ ਕੀੜ ਨਾਮੀ ਵਿਅਕਤੀ ਵਲੋਂ ਕੀਤੀ ਗਈ ਸੇਵਾ ਵਾਲੇ ਪ੍ਰਸੰਗ ਵਿਚ ਦਿੱਤੀ ਹੈ।

ਕ੍ਰਿਪਾਨਿਧਾਨ ਕਹਯੋ ਸੁਨਿ ਮੂਲਾ!।
ਰਿਦਾ ਤੋਰ ਸਿੱਖੀ ਅਨਕੂਲਾ।
ਮਮ ਪਰਦਾ ਤੈਂ ਢਕਯੋ ਬਨਾਈ।
ਤੋਰੋ ਢਕਿ ਹੈ ਗੁਰੂ ਸਦਾਈ॥46॥[122]

ਇਨ੍ਹਾਂ ਗੁਣਾਂ ਸਦਕਾ ਮਨੁੱਖ ਵਿਚ ਇਕ ਨਵੇਂ ਚਰਿੱਤਰ ਦਾ ਨਿਰਮਾਣ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਨੇ ਸੇਵਾ ਬਾਰੇ ਸਮਝਾਉਦਿਆਂ ਕਿਹਾ ਹੈ ਕਿ ਸੇਵਾ ਸਭ ਦਾ ਮੂਲ ਹੈ। ਅਹੰਕਾਰ ਦਾ ਨਾਸ਼ ਕਰਕੇ ਸੇਵਾ ਰੂਪੀ ਘਾਲ ਕਮਾਈ ਕਰੋ ਅਤੇ ਤਨ ਮਨ ਸਾਰਾ ਖ਼ੁਦਾ ਨੂੰ ਅਰਪਣ ਕਰ ਦੇਵੋ। ਸੇਵਾ ਕਰਕੇ ਸਾਹਿਬ ਵੱਸ ਵਿਚ ਹੁੰਦਾ ਹੈ ਅਤੇ ਕਿਰਪਾ ਦੀ ਨਜ਼ਰ ਨਾਲ ਵੇਖਦਾ ਹੈ।[123] ਕਵੀ ਜੀ ਨੇ ਇਕ ਹੋਰ ਥਾਂ 'ਤੇ ਜ਼ਿਕਰ ਕੀਤਾ ਹੈ ਕਿ ਸਿੱਖ ਨੇ ਦੂਜਿਆਂ ਦੇ ਦੁੱਖ ਵਿਚ ਸ਼ਰੀਕ ਹੁੰਦੇ ਹੋਏ ਲੋੜਵੰਦਾਂ ਦੀ ਭੋਜਨ ਤੇ ਬਸਤ੍ਰਾਂ ਆਦਿ ਨਾਲ ਯਥਾ ਸ਼ਕਤਿ ਸੇਵਾ ਕਰਨੀ ਹੈ ਤੇ ਨਾਲ ਇਹ ਵੀ ਹਦਾਇਤ ਕੀਤੀ ਹੈ ਕਿ ਗੁਰੂ ਦਾ ਸੱਚਾ ਸਿੱਖ ਉਹੋ ਹੀ ਹੈ ਜਿਹੜਾ ਸੇਵਾ ਕਰਦੇ ਸਮੇਂ ਆਪਣਾ ਮਨ ਨੀਵਾਂ ਰੱਖੇ-

ਛੁਧਤਿ ਕਿ ਨਗਨ ਬਿਨਾ ਧਨ ਕੋਇ।
ਦਿਹੁ ਭੋਜਨ ਛਾਦਨ ਤਿਸ ਜੋਇ।
ਦੇਖ ਦੁਖੀ ਕੇ ਦਇਆ ਉਪਾਵਹੁ।
ਜਥਾ ਸ਼ਕਤਿ ਤਿਸ ਕਸ਼ਟ ਮਿਟਾਵਹੁ।[124]

---

122 ਵੀਰ ਸਿੰਘ (ਭਾਈ), *ਉਹੀ, ਜਿਲਦ ਚੌਥੀ,* ਪੰਨਾ 1121

123 ਸੇਵਾ ਤੇ ਹੈ ਨਦਰਿ ਅਭੇਵ।
ਕਿਧੋਂ ਨਦਰ ਤੇ ਹੋਵੈ ਸੇਵ ॥50॥
ਸੁਖ ਸੁਹਾਗ ਮਾਣਹਿ ਸਦਾ ਮਿਲਤਿ ਆਪਨੇ ਈਠ॥55॥ *ਉਹੀ,* ਪੰਨਾ 1043

124 *ਉਹੀ, ਜਿਲਦ ਤੇਰਵੀਂ,* ਪੰਨਾ 5665

ਮਮ ਸਿਖ ਹੋਇ ਜੁ ਸੇਵਾ ਕਰੇ।

ਨੀਵੇਂ ਮਨ ਭਗਤੀ ਕੋ ਧਰੇ।[125]

ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਿੱਖਾਂ ਨੂੰ ਸੇਵਾ ਬਾਬਤ ਸਮਝਾਉਂਦਿਆਂ ਕਿਹਾ ਹੈ ਕਿ-

ਤਿਸਕੋ ਕਹੈਂ ਕਰਹੁ ਧ੍ਰਮਕਾਰ।

ਸੇਵਹੁ ਸਿੱਖੀਨ ਦੇਹੁ ਅਹਾਰ।

ਜਥਾ ਸ਼ਕਤਿ ਦਿਹੁ ਛਾਦਨ ਆਛੇ।

ਚਾਂਪਹੁ ਪਗ, ਕਰੀਐ ਸਿਖ ਬਾਂਛੇ।। 7।।

ਮਰਦਨ ਕਰਿ ਇਸ਼ਨਾਨ ਕਰਾਵਹੁ।

ਬਸਤ੍ਰ ਪਖਾਰਹੁ ਸੁੱਧ ਬਨਾਵਹੁ।

ਹਾਂਕਹੁ ਪੌਨ ਸ੍ਵੇਦ ਜਬਿ ਹੋਇ।

ਝਾਰਹੁ ਪਨਹੀ, ਪਗ ਕੋ ਧੋਇ।। 8।।

ਜੂਠੇ ਭਾਂਝਨਿ ਮਾਂਜਨ ਕਰਹੁ।

ਸੀਤਲ ਨੀਰ ਕੂਪ ਤੇ ਭਰਹੁ।[126]

## 2.4 ਲਾਲਚ / ਲੋਭ

ਲਾਲਚ ਨੂੰ ਧਾਰਮਿਕ ਪ੍ਰੰਪਰਾ ਅੰਦਰ ਪੰਜ ਔਗੁਣਾਂ ਵਿਚ ਸ਼ਾਮਿਲ ਕੀਤਾ ਹੈ ਜੋ ਮਨੁੱਖ ਨੂੰ ਅਧਿਆਤਮਕ ਪੱਖ ਤੋਂ ਗਿਰਾਵਟ ਵੱਲ ਲੈ ਜਾਂਦਾ ਹੈ। ਗੁਰਬਾਣੀ ਵਿਚ ਇਸ ਨੂੰ ਇਕ ਕੁੱਤੇ ਵਾਂਗ ਪੇਸ਼ ਕੀਤਾ ਹੈ ਗਿਆ ਹੈ[127] ਜਿਸ ਦੀਆਂ ਲਹਿਰਾਂ ਵਿਚ ਫਸ ਕੇ ਮਨੁੱਖ ਕਲੋਲਾਂ ਕਰਦਾ ਹੋਇਆ ਭਟਕਦਾ ਰਹਿੰਦਾ ਹੈ।[128]

---

[125] *ਉਹੀ, ਜਿਲਦ ਨੈਵੀਂ,* ਪੰਨਾ 3565

[126] *ਉਹੀ, ਜਿਲਦ ਤੇਰਵੀਂ,* ਪੰਨਾ 5682

[127] ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ ॥ *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 15

[128] ਹੇ ਲੋਭਾ ਲੰਪਟ ਸੰਗ ਸਿਰਮੋਰਹ ਅਨਿਕ ਲਹਰੀ ਕਲੋਲਤੇ।। *ਉਹੀ,* ਪੰਨਾ 1358

ਗੁਰੂ ਨਾਨਕ ਦੇਵ ਜੀ ਆਸਾ ਰਾਗ ਅੰਦਰ ਮਾਇਆ ਦੇ ਲਾਲਚ ਨੂੰ ਠੁਕਰਾਉਣ ਦਾ ਉਪਦੇਸ਼[129] ਦ੍ਰਿੜ ਕਰਵਾਉਂਦਿਆਂ ਲਾਲਚ ਨੂੰ ਵੱਡਾ ਦੁੱਖ ਬਿਆਨ ਕਰਦੇ ਹਨ।

ਇਹ ਗੱਲ ਆਮ ਹੀ ਪ੍ਰਚੱਲਿਤ ਹੈ ਕਿ ਜ਼ਿਆਦਾ ਦੇ ਲਾਲਚ ਨਾਲੋਂ ਚੰਗਾ ਹੈ ਘੱਟ ਵਿਚ ਹੀ ਸੰਤੁਸ਼ਟ ਰਹਿਣਾ। ਮਨੁੱਖ ਨੂੰ ਧਨ ਦਾ ਲਾਲਚ ਨਹੀਂ ਕਰਨਾ ਚਾਹੀਦਾ। ਪੈਸੇ ਦਾ ਲਾਲਚ ਬੰਦੇ ਤੋਂ ਪਾਪ ਕਰਵਾਉਂਦਾ ਹੈ। ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਗੁਰੂ ਨਾਨਕ ਦੇਵ ਜੀ ਤੇ ਕਾਰੂੰ ਨਾਮਕ ਬਾਦਸ਼ਾਹ ਦੇ ਪ੍ਰਸੰਗ ਰਾਹੀਂ ਮਨੁੱਖ ਨੂੰ ਧਨ ਦੇ ਲਾਲਚ ਤੋਂ ਬਚਣ ਲਈ ਸਮਝਾਇਆ ਗਿਆ ਹੈ ਕਿਉਂਕਿ ਇਹੀ ਲਾਲਚ ਮਨੁੱਖ ਤੋਂ ਪਾਪ ਕਰਵਾਉਂਦਾ ਹੈ।[130] ਇਸ ਸੰਬੰਧੀ ਗੁਰੂ ਜੀ ਨੇ ਬਹੁਤ ਹੀ ਸੋਹਣੀ ਉਦਾਹਰਨ ਦਿੱਤੀ ਹੈ –

ਇਸ ਪ੍ਰਾਨੀ ਕੇ ਤੀਨੋ ਮੀਤਾ।<br>
ਦਰਬ, ਪ੍ਰਵਾਰ, ਕਰਮ, ਲਖਿ ਲੀਜੈ।<br>
ਜਸ ਸੰਗੀ ਤਸ ਦਸ਼ਾ ਸੁਨੀਜੈ।।[131]

ਧਨ ਸੰਬੰਧੀ ਇਹ ਵੀ ਕਿਹਾ ਹੈ ਕਿ ਜਦ ਤਕ ਪ੍ਰਾਣ ਸਰੀਰ ਵਿਚ ਰਹਿੰਦੇ ਹਨ, ਤਦ ਤਕ ਧਨ ਮਿੱਤਰ ਹੈ, ਬਾਅਦ ਵਿਚ ਨਹੀਂ। ਵਾਧੂ ਧਨ ਜਿਹੜਾ ਜੋੜ ਕੇ ਰਖਿਆ ਹੈ, ਉਸ ਨੂੰ ਕੋਈ ਹੋਰ ਹੀ ਸੰਭਾਲ ਲੈਂਦਾ ਹੈ। ਧਨ ਨੂੰ ਇਕੱਠਾ ਕਰਨ ਵਾਸਤੇ ਅਨੇਕ ਪ੍ਰਕਾਰ ਦੇ ਪਾਪ ਕੀਤੇ ਜਾਂਦੇ ਹਨ। ਪਰਵਾਰ ਵਾਲੇ ਸਰੀਰ ਨੂੰ ਸਾੜਨ ਤਕ ਹੀ ਮਿੱਤਰ ਹੁੰਦੇ ਹਨ। ਅੱਗੇ ਕੋਈ ਵੀ ਸੰਗੀ ਸਾਥੀ ਨਹੀਂ ਜਾਂਦਾ, ਜਿਨ੍ਹਾਂ ਨੂੰ ਪਿਆਰ ਕਰਕੇ ਉਮਰ ਬਿਤਾਈ ਸੀ। ਮਨੁੱਖ ਦੇ ਅਸਲੀ ਮਿੱਤਰ ਉਸ ਦੇ ਕਰਮ ਹਨ। ਉਹ ਸਦਾ ਹੀ ਸੰਗੀ ਹਨ ਅਤੇ ਮਨੁੱਖ ਦੇ ਨਾਲ ਅੱਗੇ ਵੀ ਜਾਂਦੇ ਹਨ। ਜਿਸ ਤਰ੍ਹਾਂ ਵੀ ਕੋਈ ਬੁਰਾ ਭਲਾ ਕਰਦਾ ਹੈ, ਉਸ ਤਰ੍ਹਾਂ ਦੇ ਹੀ ਫਲ ਦਿੰਦੇ ਹਨ, ਕਿਸੇ ਤਰ੍ਹਾਂ ਵੀ ਪਿਛੇ ਨਹੀਂ ਹਟਦੇ-

ਜਬ ਲੌ ਪ੍ਰਾਨ ਰਹੈਂ ਤਨ ਮਾਂਹੀ।<br>
ਤਬ ਲੌ ਧਨ ਮਿਤ, ਬਹੁਰੋ ਨਾਂਹੀ।

---

[129] ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ।। *ਉਹੀ,* ਪੰਨਾ 419

[130] ਤੈਂ ਜ਼ੁਲਮੀ ਕਰ ਦੇਸ਼ ਮੈਂ ਕੀਨ ਪੈਂਤਾਲੀ ਗੰਜ।

ਕਯੋਂ ਕਰਿ ਜਾਵਹਿਂ ਸੰਗ ਇਹ ਕੀਨ ਪਾਪ ਕੋ ਸੰਜਿ।। 41।। ਵੀਰ ਸਿੰਘ (ਭਾਈ), *ਉਹੀ, ਜਿਲਦ ਚੌਥੀ,* ਪੰਨਾ 805

[131] *ਉਹੀ,* ਪੰਨਾ 801

ਲੇਤਿ ਸੰਭਾਰ ਅਪਰਹੀ ਯਾਂਕੋ।

ਕਲਮਲ ਅਨਿਕ ਕਿਯੇ ਹਿਤ ਜਾਂਕੋ।। 37।।

ਤਨ ਕੇ ਦਾਹ ਤੀਕ ਪਰਵਾਰਾ।

ਪੁਨ ਤ੍ਰਿਨ ਤੋਰਹਿਂ ਆਇ ਅਗਾਰਾ।

ਆਗੇ ਕੋਇ ਨ ਸੰਗਿ ਸਹਾਈ।

ਜਿਨ ਸੋਂ ਹਿਤ ਕਰਿ ਔਧ ਬਿਤਾਈ।। 38।।

ਤੀਜੇ ਕਰਮ ਮੀਤ ਇਸ ਕੇਰੇ।

ਸੋ ਨਿਤ ਸੰਗੀ ਜਾਹਿਂ ਅਗੇਰੇ।

ਬੁਰੇ ਕਿ ਭਲੇ ਕਰੇ ਹੈਂ ਜੈਸੇ।

ਫਲ ਦੇਵੈਂ ਤਸ ਹਟੈਂ ਨ ਕੈਸੇ।। 39।।[132]

ਇਸ ਕਰਕੇ ਮਨੁੱਖ ਨੂੰ ਧਨ ਦਾ ਲਾਲਚ ਛੱਡ ਕੇ ਧਨ, ਨੂੰ ਭਲੇ ਕੰਮਾਂ ਵਿਚ ਲਾਉਣਾ ਚਾਹੀਦਾ ਹੈ।

ਮਾਇਆ ਨੂੰ ਨਾਗਨੀ ਜਾਣ ਕੇ ਹੀ ਗੁਰੂ ਸਾਹਿਬਾਨ ਨੇ ਇਸ ਦਾ ਲਾਲਚ ਤਿਆਗਣ ਲਈ ਕਿਹਾ ਹੈ। ਇਸ ਗ੍ਰੰਥ ਵਿਚ ਵੀ ਇਸੇ ਭਾਵ ਦੀਆਂ ਸਤਰਾਂ ਪ੍ਰਾਪਤ ਹੁੰਦੀਆਂ ਹਨ-

ਜਿਤਨੋ ਹੈ ਧਨ ਪਾਸ ਤੁਮਾਰੇ।

ਪਰਮੇਸੁਰ ਹਿਤ ਸਰਬ ਲੁਟਾਵਹੁ।

ਪੁਨ ਸਿਖ ਹੋਇ ਪਰਮ ਸੁਖ ਪਾਵਹੁ॥56॥[133]

ਉਪਰੋਕਤ ਪ੍ਰਸੰਗ ਦੀ ਪੁਸ਼ਟੀ ਲਈ ਕਵੀ ਜੀ ਨੇ ਇਤਿਹਾਸਕ ਸਾਖੀਆਂ ਵੀ ਅੰਕਿਤ ਕੀਤੀਆਂ ਹਨ। ਰੂਮ ਦੇਸ਼ ਦੇ ਕਾਰੂ ਨਾਮ ਦੇ ਬਾਦਸ਼ਾਹ ਦੇ ਪ੍ਰਸੰਗ ਵਿਚ ਕਵੀ ਜੀ ਨੇ ਗੁਰੂ ਨਾਨਕ ਦੇਵ ਜੀ ਦਾ ਹਵਾਲਾ ਦਿੰਦਿਆਂ ਹੋਇਆ ਕਿਹਾ ਹੈ ਕਿ ਧਨ ਦੀ ਮਿੱਤਰਤਾ ਦੁੱਖ ਵੇਲੇ ਕੰਮ ਨਹੀਂ ਆਉਂਦੀ, ਦੁੱਖ ਸੁਖ ਵੇਲੇ ਕੇਵਲ ਇਕ ਖੁਦਾ ਹੀ ਸਹਾਇਤਾ ਕਰਦਾ ਹੈ ਇਸ ਲਈ ਉਸ ਨਾਲ ਸਦਾ ਪ੍ਰੇਮ ਕਰੋ। ਰਾਜੇ ਦਾ ਇਹੋ ਕਰਤੱਵ ਹੁੰਦਾ ਹੈ ਕਿ ਉਹ ਦੀਨ ਹੋ ਕੇ ਸਭ ਦੀ ਰਖਿਆ ਕਰੇ, ਦਿਲ ਵਿਚੋਂ ਜ਼ੁਲਮੀ ਭਾਵਨਾ ਨੂੰ ਦੂਰ ਕਰ ਦੇਵੇ ਤੇ ਸਭ ਲੋਕਾਂ

---

[132] *ਉਹੀ*, ਪੰਨਾ 801

[133] *ਉਹੀ*, ਪੰਨਾ 833

ਦਾ ਖੋਹਿਆ ਹੋਇਆ ਧਨ ਵਾਪਸ ਦੇ ਦੇਵੇ।[134] ਪਾਪਾਂ ਨਾਲ ਜੋ ਧਨ ਇਕੱਠਾ ਕੀਤਾ ਹੈ, ਉਸ ਨੂੰ ਖੁਦਾ ਦੇ ਨਾਂ ਤੇ ਦਾਨ ਪੁੰਨ ਕਰ ਦੇਵੇ। ਅਧੀਨ ਹੋ ਕੇ ਬੰਦਗੀ ਕਰੇ, ਇਸ ਨੂੰ ਹਿਰਦੇ ਵਿਚ ਆਪਣਾ ਭਲਾ ਸਮਝੇ।[135]

ਕਵੀ ਜੀ ਨੇ ਗੁਰੂ ਸਾਹਿਬਾਨ ਦੇ ਨਿਸ਼ਕਾਮ ਅਤੇ ਲਾਲਚੀ ਦੋਨਾਂ ਤਰ੍ਹਾਂ ਦੇ ਸਿੱਖਾਂ ਦਾ ਹੀ ਬਿਰਤਾਂਤ ਪੇਸ਼ ਕੀਤਾ ਹੈ। ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਆਚਰਣ ਸੰਬੰਧੀ ਵੱਡੀ ਉਦਾਹਰਨ ਗੰਗੂ ਦੀ ਹੈ ਜਿਸ ਨੇ ਮੁਸੀਬਤ ਆਉਂਣ ਤੇ ਮਾਤਾ ਜੀ ਅਤੇ ਛੋਟੇ ਬੱਚਿਆਂ ਨੂੰ ਪਨਾਹ ਦੇਣ ਦੇ ਬਦਲੇ ਅਸ਼ਰਫੀਆਂ ਚੋਰੀ ਕਰ ਲਈਆਂ,[136] ਤੇ ਮੁਗਲਾਂ ਨੂੰ ਵੀ ਇਤਲਾਹ ਦੇ ਦਿੱਤੀ। ਦੂਸਰੇ ਪਾਸੇ ਗੁਰੂ ਜੀ ਦੇ ਅਜਿਹੇ ਸਿੱਖ ਸਨ ਜਿਨ੍ਹਾਂ ਨੇ ਸ਼ੇਰਗਾਹ ਵਿਚ ਸ਼ੇਰ ਮਾਰ ਕੇ ਬਹਾਦਰਸ਼ਾਹ ਦੇ ਇਨਾਮ[137] ਦੀ ਪੇਸ਼ਕਸ਼ ਨੂੰ ਵੀ ਨਾਂਹ ਕਰ ਦਿੱਤੀ।

### 2.5 ਬਲੀ ਦਾ ਖੰਡਨ

ਬਲੀ ਪੁਰਾਤਨ ਕਾਲ ਤੋਂ ਹੀ ਵੈਦਿਕ ਧਰਮ ਦੇ ਇਕ ਪ੍ਰਮੁੱਖ ਧਾਰਮਿਕ ਕਰਮ ਵਜੋਂ ਪ੍ਰਚਲਿਤ ਰਹੀ ਹੈ ਜੋ ਆਪਣੇ ਕਾਰਜ ਦੀ ਪੂਰਤੀ ਦੇ ਉਦੇਸ਼ ਨਾਲ, ਇਸ਼ਟ ਦੇਵੀ-ਦੇਵਤੇ ਨੂੰ ਖੁਸ਼ ਕਰਨ ਦੇ ਲਈ ਕਿਸੇ ਮਨੁੱਖ ਜਾਂ ਕਿਸੇ ਜਾਨਵਰ ਦੀ ਜਾਨ ਦੇ ਰੂਪ ਵਿਚ ਦਿੱਤੀ ਜਾਂਦੀ ਸੀ। ਵੈਦਿਕ ਗ੍ਰੰਥਾਂ ਵਿਚ ਮਨੁੱਖ, ਘੋੜੇ, ਹਾਥੀ, ਬਲਦ, ਬੱਕਰੇ ਆਦਿ ਦੀ ਬਲੀ ਦੇਣ ਦੇ ਵੇਰਵੇ ਪ੍ਰਾਪਤ ਹੁੰਦੇ ਹਨ। ਰਿਗਵੇਦ ਵਿਚ ਇੰਦਰ ਨੂੰ ਖੁਸ਼ ਕਰਨ ਲਈ ਬਲਦਾਂ ਦੀ ਬਲੀ ਦੇਣ ਦਾ ਸੰਕੇਤ[138] ਪ੍ਰਾਪਤ ਹੁੰਦਾ ਹੈ ਜਿਸ ਦੇ ਮਾਸ ਦਾ ਸੇਵਨ ਇੰਦਰ ਦੇਵਤੇ ਦੁਆਰਾ

---

[134] ਕਲਮਲ ਪੁੰਜ ਕੀਨ ਸਭਿ ਗੰਜੰ। ਸੰਗ ਨ ਚਲਿਹੀ ਰਾਖਤਿ ਸੰਜੰ।

ਜੇ ਕਰਿ ਚਾਹਤਿ ਆਪਨ ਨੀਕਾ। ਤਜੋ ਖਸੋਟਨ ਨਰ ਸਭਿ ਹੀ ਕਾ॥46॥ *ਉਹੀ*, ਪੰਨਾ 806

[135] ਰਹੇ ਬੰਦਗੀ ਬੀਚ ਸਦੀਵਾ।

ਕਰਿ ਅਸਥਿਰ ਮਨ ਰਾਖਹਿ ਨੀਵਾਂ।

ਕਰਹੁ ਬੰਦਗੀ ਹੋਇ ਅਧੀਨ।

ਅਪਨਾ ਭਲਾ ਰਿਦੈ ਇਉਂ ਚੀਨ॥68॥ *ਉਹੀ*, ਪੰਨਾ 809

[136] ਆਂਖ ਬਚਾਇ ਉਠਾਇ ਕਰਿ ਲੈ ਕੈ ਘਰ ਮਾਂਹੀ।

ਦਾਬੀ ਅਵਨੀ ਕੇ ਬਿਖੈ ਜਿਮ ਜਾਨਹਿਂ ਨਾਂਹੀ। 17॥ *ਉਹੀ, ਜਿਲਦ ਚੌਦਵੀਂ*, ਪੰਨਾ 5946

[137] ਬਖਸ਼ਿਸ਼ ਲਗਯੋ ਸ਼ਾਹੁ ਬਹੁ ਦੈਬੇ।

ਕਹੈ ਸਿੰਘ ਹੌ ਕਰੌ ਨ ਲੈਬੇ। 45॥ *ਉਹੀ*, ਪੰਨਾ 6219

[138] ਸ਼ਰਮਾ, ਗੰਗਾ ਸਹਾਇ, ਡਾ. (ਅਨੁ.), *ਰਿਗਵੇਦ*, 10.86.14

ਕੀਤਾ ਜਾਂਦਾ ਸੀ। ਗੁਰੂ ਗ੍ਰੰਥ ਸਾਹਿਬ ਵਿਚ ਭਗਤ ਕਬੀਰ ਜੀ ਬਲੀ ਪ੍ਰਥਾ ਉੱਪਰ ਵਿਅੰਗ ਕਰਦੇ ਹੋਏ ਕਹਿੰਦੇ ਹਨ ਕਿ ਜੇਕਰ ਧਰਮ ਦੇ ਨਾਮ ਤੇ ਜੀਵਾਂ ਦੀ ਹੱਤਿਆ ਕਰਨ ਵਾਲੇ ਵੀ ਧਾਰਮਿਕ ਵਿਅਕਤੀ ਹਨ ਤਾਂ ਫਿਰ ਕਸਾਈ ਕਿਸ ਨੂੰ ਕਿਹਾ ਜਾਵੇ?[139] ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਗੁਰੂ ਨਾਨਕ ਦੇਵ ਜੀ ਸੰਤਾਨ ਪ੍ਰਾਪਤੀ ਵਾਸਤੇ ਪਸ਼ੂਆਂ ਦੀ ਬਲੀ ਦੇਣ ਨੂੰ ਝੂਠੇ ਪ੍ਰਯੋਜਨ ਦਸਦੇ ਹਨ। ਇਹ ਸਭ ਮਨੁੱਖ ਦੇ ਵਹਿਮ ਭਰਮ ਹਨ ਕਿ ਕਿਸੇ ਪਸ਼ੂ-ਪੰਛੀ ਦੀ ਬਲੀ ਦੇ ਕੇ ਸੰਤਾਨ ਪ੍ਰਾਪਤੀ ਹੋ ਸਕਦੀ ਹੈ। ਜੀਵ ਪੈਦਾ ਕਰਨਾ ਉਸ ਅਕਾਲ ਪੁਰਖ ਦੇ ਹੱਥਾਂ ਵਿਚ ਹੈ। ਬਲੀ ਦੇਣ ਦੇ ਪ੍ਰਸੰਗ ਵਿਚ ਇਸੇ ਗੱਲ ਦਾ ਸੰਕੇਤ ਦਿੱਤਾ ਗਿਆ ਹੈ ਕਿ ਹਰ ਮਨੁੱਖ/ਜੀਵ ਪਰਮੇਸ਼ਰ ਨੂੰ ਪਿਆਰਾ ਹੈ ਤੇ ਪ੍ਰਭੂ ਸਦਾ ਉਨ੍ਹਾਂ ਦੀ ਰੱਖਿਆ ਕਰਦਾ ਹੈ। ਜੇ ਮਾੜੀ ਬੁੱਧੀ ਵਾਲਾ ਇਨ੍ਹਾਂ ਨੂੰ ਦੁੱਖੀ ਕਰੇ ਤਾ ਉਸ ਨੂੰ ਵੀ ਦੁੱਖਾਂ ਦਾ ਭਾਗੀ ਬਣਨਾ ਪੈਂਦਾ ਹੈ।[140]

### 2.6 ਈਰਖਾ / ਚੁਗਲੀਦਾ ਤਿਆਗ

ਲਾਲਚ ਵਾਲੇ ਔਗੁਣ ਵਾਂਗ ਹੀ ਈਰਖਾ, ਚੁਗਲੀ ਆਦਿ ਮਨੁੱਖ ਦੀ ਅਧਿਆਤਮਕ ਅਵਸਥਾ ਵਿਚ ਬਹੁਤ ਵੱਡੀ ਰੁਕਾਵਟ ਬਣਦੇ ਹਨ। ਈਰਖਾ, ਪਰ-ਨਿੰਦਾ, ਚੁਗਲੀ ਅਤੇ ਕਪਟ ਨੂੰ ਤਿਆਗ ਕੇ ਹੀ ਮਨੁੱਖ ਪ੍ਰੇਮ ਦਾ ਸਦਗੁਣ ਧਾਰਨ ਕਰ ਸਕਦਾ ਹੈ। ਗੁਰਬਾਣੀ ਅਨੁਸਾਰ ਚੁਗਲੀ ਕਰਨ ਵਾਲੇ ਦਾ ਕੀਤਾ ਹੋਇਆ ਸਭ ਕੁਝ ਨਸ਼ਟ ਹੋ ਜਾਂਦਾ ਹੈ[141] ਅਤੇ ਈਰਖਾ ਕਰਨ ਵਾਲੇ ਦਾ ਕਦੀ ਵੀ ਭਲਾ ਨਹੀਂ ਹੋ ਸਕਦਾ।[142] ਇਨ੍ਹਾਂ ਦਾ ਤਿਆਗ ਹੀ ਅਸਲ ਅਰਥਾਂ ਵਿਚ ਧਾਰਮਿਕ ਆਚਾਰ ਕਿਹਾ ਜਾ ਸਕਦਾ ਹੈ। ਇਸ ਸੰਬੰਧ ਵਿਚ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅੰਦਰ ਇਕ ਪ੍ਰੇਰਨਾਮਈ ਪ੍ਰਸੰਗ ਆਉਂਦਾ ਹੈ। ਜਦੋਂ ਗੁਰੂ ਜੀ ਜੰਬੂ ਦੀਪ ਗਏ ਤਾਂ ਉੱਥੋਂ ਦੇ

---

[139] ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥
ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥ 2॥ *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1102

[140] ਜੇ ਹਰਿਜਨ ਪਰਮੇਸ਼ੁਰ ਪਯਾਰੇ।
ਰਛਯਾ ਕਰਿ ਹੈਂ ਸੰਝ ਸਕਾਰੇ।
ਜੇ ਮਤਿਮੰਦ ਤਿਨਹੁ ਦੁਖ ਦੇਹੀਂ।
ਤਿਹ ਮਾਰੌਂ ਮੇਰੀ ਮਤਿ ਏਹ॥23॥ ਵੀਰ ਸਿੰਘ (ਭਾਈ), *ਉਹੀ, ਜਿਲਦ ਚੌਥੀ,* ਪੰਨਾ 790

[141] ਜਿਸ ਅੰਦਰਿ ਚੁਗਲੀ ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ ॥
*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 308

[142] ਜਿਸੁ ਅੰਦਰਿ ਤਾਤਿ ਪਰਾਈ ਹੋਵੈ ਤਿਸ ਦਾ ਕਦੇ ਨਾ ਹੋਵੀ ਭਲਾ ॥ *ਉਹੀ,* ਪੰਨਾ 308

ਲੋਕ ਈਰਖਾ, ਚੁਗਲੀ ਆਦਿ ਔਗੁਣਾਂ ਵਿਚ ਗ੍ਰਸਤ ਸਨ। ਉਹ ਆਪਣੇ ਨਾਲੋਂ ਵੱਡੇ ਮਨੁੱਖ ਨੂੰ ਈਰਖਾ ਕਰਦੇ ਸਨ। ਛੋਟੇ ਨੂੰ ਵੇਖ ਕੇ ਬਹੁਤ ਹੰਕਾਰ ਕਰਦੇ ਸਨ, ਜਿਹੜਾ ਬਰਾਬਰ ਦਾ ਹੁੰਦਾ ਸੀ, ਉਸ ਦੀ ਚੁਗਲੀ ਕਰਦੇ ਸਨ। ਅਜਿਹੀ ਸੋਚ ਦੇ ਧਾਰਨੀ ਹੋਣ ਕਰਕੇ ਉਥੋਂ ਦੇ ਨਰ/ਨਾਰੀ ਸਭ ਦੁਖੀ ਸਨ। ਉੱਥੋਂ ਦੇ ਲੋਕਾਂ ਨੇ ਗੁਰੂ ਜੀ ਤੋਂ ਇਸ ਦਾ ਉਪਾਅ ਪੁਛਿਆ ਤਾਂ ਗੁਰੂ ਜੀ ਨੇ ਕਿਹਾ ਕਿ ਸਭ ਥਾਂ ਇਕ ਰਾਮ ਹੈ ਅਤੇ ਰਾਮ ਬਗੈਰ ਹੋਰ ਕੁੱਝ ਨਹੀਂ ਹੈ। ਜਦੋਂ ਇਸ ਸੱਚਾਈ ਨੂੰ ਜਾਣ ਜਾਓਗੇ ਤਾਂ ਕਦੇ ਵੀ ਈਰਖਾ ਨਹੀਂ ਹੋਵੇਗੀ। ਤੁਹਾਡੇ ਮਨ ਵਿਚ ਜਦੋਂ ਇਹ ਗੱਲ ਦ੍ਰਿੜ੍ਹ ਹੋ ਜਾਵੇਗੀ, ਫਿਰ ਤੁਹਾਨੂੰ ਕੋਈ ਵੀ ਦੁੱਖ ਨਹੀਂ ਸਤਾਵੇਗਾ।[143]

### 2.7 ਜੂਏ ਦਾ ਤਿਆਗ

ਜੂਆ ਇਕ ਸਮਾਜਿਕ ਕੁਰੀਤੀ ਹੈ। ਕੁੱਝ ਲੋਕ ਪੈਸੇ ਕਮਾਉਣ ਦਾ ਸਾਧਨ ਸਮਝ ਕੇ ਜੂਆ ਖੇਡਦੇ ਹਨ ਤੇ ਕਈ ਮਨੋਰੰਜਨ ਦੇ ਵਸੀਲੇ ਵਜੋਂ ਸ਼ੌਂਕ ਪੂਰਾ ਕਰਨ ਲਈ ਖੇਡਦੇ ਹਨ। ਜੂਆ ਕਿਸੇ ਵੀ ਭਾਵਨਾ ਨਾਲ ਖੇਡਿਆ ਜਾਵੇ, ਇਹ ਇਕ ਭੈੜੀ ਵਾਦੀ ਹੈ। ਇਹ ਬੁਰਾਈ ਸਮਾਜ ਦੇ ਦੂਜੇ ਅੰਗਾਂ ਨੂੰ ਵੀ ਦੂਸ਼ਿਤ ਕਰਦੀ ਹੈ। ਸਿੱਖ ਨੇ ਸਮਾਜ ਅੰਦਰ ਦੂਜੇ ਪ੍ਰਾਣੀਆਂ ਦੀ ਅਗਵਾਈ ਲਈ ਇਕ ਆਦਰਸ਼ਕ ਜੀਵਨ ਬਤੀਤ ਕਰਨਾ ਹੈ।[144]

ਗੁਰੂ ਨਾਨਕ ਸਾਹਿਬ ਨੇ ਬਹੁਤ ਸਾਰੇ ਨਾਮੀ ਵਿਅਕਤੀਆਂ ਨੂੰ ਉਪਦੇਸ਼ ਦੇ ਕੇ ਵਿਕਾਰਾਂ ਨੂੰ ਦੂਰ ਕਰਨ ਦਾ ਮਾਰਗ ਦਰਸਾਇਆ ਜਿਨ੍ਹਾਂ ਵਿਚੋਂ ਮੂਲਾ ਕੀੜ ਦਾ ਜ਼ਿਕਰ ਕਵੀ ਜੀ ਨੇ ਕੀਤਾ ਹੈ। ਮੂਲਾ ਕੀੜ ਨਾਮੀ ਵਿਅਕਤੀ ਨੇ ਗੁਰੂ ਜੀ ਨੂੰ ਮਨ ਦੀ ਚੰਚਲਤਾ ਬਾਰੇ ਦੱਸਿਆ ਕਿ ਚਿੱਤ ਦੀ ਚੰਚਲਤਾ ਦੂਰ ਨਹੀਂ ਹੁੰਦੀ ਤੇ ਇਹ ਦੁਨਿਆਵੀ ਤਮਾਸ਼ਿਆਂ ਵਿਚ ਉਲਝੀ ਹੋਈ ਹੈ। ਮਨ ਜੂਆ ਖੇਡਣ ਜਾਣ ਤੋਂ ਰੁਕਦਾ ਨਹੀਂ ਤੇ ਕਿਸੇ ਹੋਰ ਪਾਸੇ ਲੱਗਦਾ ਨਹੀਂ।[145] ਗੁਰੂ ਜੀ ਨੇ ਮੂਲੇ ਕੀੜ ਨੂੰ ਸਮਝਾਇਆ ਕਿ ਜਿਹੜਾ ਰਾਜਾ ਹੋ ਕੇ ਜੂਆ ਖੇਡਦਾ

---

[143] ਸਰਬ ਬਿਖੈ ਇਕ ਰਾਮ ਹੈ ਰਾਮ ਬਿਨਾਂ ਨਹਿਂ ਕੋਇ। ਐਸੇ ਜਬ ਉਰ ਮੈਂ ਲਖੋ ਦ੍ਵੈਤ ਨ ਕਬਹੂੰ ਹੋਇ।।

ਦ੍ਰਿੜ ਮਨ ਮਹਿਂ ਇਸ ਬਿਧਿ ਜਬ ਹੋਊ। ਤਬ ਪੁਨ ਦੂਖ ਨ ਬਯਾਪੈ ਕੋਊ। ਵੀਰ ਸਿੰਘ (ਭਾਈ), *ਉਹੀ, ਜਿਲਦ ਚੌਥੀ,* ਪੰਨਾ 933

[144] ਅਮਰਜੀਤ ਸਿੰਘ (ਡਾ), *ਉਹੀ,* ਪੰਨਾ 120

[145] ਬੰਦਿ ਹਾਥ ਬੋਲਯੋ ਇਹ ਅਰਥਾ। ਮੋਹਿ ਬਤਾਵਹੁ ਪ੍ਰਭੂ ਸਮਰਥਾ।

ਚੰਚਲ ਚੀਤ ਨ ਜਾਇ ਤਮਾਸ਼ੇ। ਜੂਏ ਜਾਇ ਨ ਖੇਲੇ ਪਾਸੇ।। 25।। ਵੀਰ ਸਿੰਘ (ਭਾਈ), *ਉਹੀ, ਜਿਲਦ ਚੌਥੀ,* ਪੰਨਾ 1119

ਹੈ, ਭਿਆਨਕ ਸੰਕਟ ਵਿਚ ਫਸ ਕੇ ਰੋਂਦਾ ਹੈ। ਜਿਹੜੇ ਇਨ੍ਹਾਂ ਨੂੰ ਛੱਡ ਦਿੰਦੇ ਹਨ, ਉਹ ਸੁੱਖ ਪਾਉਂਦੇ ਹਨ।[146] ਗੁਰੂ ਅਰਜਨ ਦੇਵ ਜੀ ਵੀ ਸਿੱਖਾਂ ਨੂੰ ਜੂਏ ਤੋਂ ਦੂਰ ਰਹਿਣ ਦੀ ਤਾੜਣਾ ਕਰਦੇ ਹਨ ਕਿਉਂਕਿ ਇਹ ਭੈੜੀਆਂ ਅਲਾਮਤਾ ਮਨੁੱਖ ਨੂੰ ਨਾਲ ਜੋੜੀ ਰੱਖਦੀਆਂ ਹਨ-

ਹਾਰ ਜੂਆਰ ਜੂਆ ਬਿਧੇ ਇੰਦ੍ਰੀ ਵਸਿ ਲੈ ਜਿਤਨੋ ।।1।।[147]

## 2.8 ਗ੍ਰਿਹਸਤ ਧਰਮ ਦੀ ਮਹਾਨਤਾ

ਗੁਰਮਤਿ ਅਨੁਸਾਰ ਸੰਸਾਰ ਦੇ ਕੰਮਕਾਰ ਪ੍ਰਭੂ ਮਿਲਾਪ ਵਿਚ ਬਾਧਕ ਨਹੀਂ ਹਨ। ਪ੍ਰਭੂ ਪ੍ਰਾਪਤੀ ਲਈ ਸੰਸਾਰ ਤਿਆਗ ਕੇ ਜੰਗਲਾਂ ਵਿਚ ਜਾਣ ਜਾਂ ਸੰਨਿਆਸੀਆਂ ਵਾਲਾ ਪਹਿਰਾਵਾ ਧਾਰਨ ਕਰਨ ਦੀ ਵੀ ਲੋੜ ਨਹੀਂ ਬਲਕਿ ਗ੍ਰਿਹਸਤ ਵਿਚ ਰਹਿੰਦੇ ਹੋਏ ਸਮਾਜ ਪ੍ਰਤੀ ਆਪਣੀਆਂ ਜਿੰਮੇਵਾਰੀਆਂ ਨੂੰ ਪੂਰਿਆਂ ਕਰਨਾ ਹੈ। ਪਰਿਵਾਰ ਤੇ ਸਮਾਜ ਵਿਚ ਵਿਰਕਤ ਬਿਰਤੀ ਦੇ ਧਾਰਨੀ ਹੋ ਕੇ ਸੰਸਾਰ ਅੰਦਰ ਵਿਚਰਦਿਆਂ ਦੁਨਿਆਵੀ ਧੰਧਿਆਂ ਵਿਚ ਗ੍ਰਸਤ ਹੋਣ ਤੋਂ ਬਚਣਾ ਹੈ।[148] ਗੁਰੂ ਨਾਨਕ ਦੇਵ ਜੀ ਦੀਆਂ ਸਿੱਧ-ਜੋਗੀਆਂ ਨਾਲ ਹੋਈਆਂ ਅਨੇਕਾਂ ਗੋਸਟਾਂ ਦਾ ਜ਼ਿਕਰ ਕਵੀ ਸੰਤੋਖ ਸਿੰਘ ਨੇ ਕੀਤਾ ਹੈ। ਇਨ੍ਹਾਂ ਗੋਸਟੀਆਂ ਦੁਆਰਾ ਗੁਰੂ ਸਾਹਿਬ ਸੰਨਿਆਸ ਧਾਰਨ ਦੀ ਥਾਂ ਗ੍ਰਿਹਸਤ ਜੀਵਨ ਦੀ ਮਹਾਨਤਾ ਨੂੰ ਉਜਾਗਰ ਕਰਦੇ ਹਨ। ਅਚੱਲ ਬਟਾਲੇ ਦੀ ਗੋਸ਼ਟੀ ਮੌਕੇ ਗੁਰੂ ਜੀ ਨੇ ਭੰਗਰ ਨਾਥ ਨੂੰ ਸਮਝਾਇਆ ਕਿ ਉਹ ਗ੍ਰਿਹਸਤ ਨੂੰ ਛੱਡ ਕੇ ਤਿਆਗੀ ਹੋ ਗਿਆ ਹੈ ਪਰ ਭੋਜਨ ਮੰਗਣ ਲਈ ਗ੍ਰਿਹਸਤੀਆਂ ਦੇ ਪਾਸ ਜਾਂਦਾ ਹੈ। ਲਾਜ ਗਵਾ ਕੇ ਘਰ ਘਰ ਫਿਰਦਾ ਹੈ।[149]

ਭਾਈ ਸੰਤੋਖ ਸਿੰਘ ਨੇ ਸੂਰਜ ਪ੍ਰਕਾਸ਼ ਅੰਦਰ ਗ੍ਰਿਹਸਤ ਆਸ਼ਰਮ ਦੀ ਮਹਾਨਤਾ ਨੂੰ ਉਜਾਗਰ ਕਰਦਿਆਂ ਸਪਸ਼ਟ ਕੀਤਾ ਹੈ ਕਿ ਇਹ ਆਸ਼ਰਮ ਦੂਜੇ ਆਸ਼ਰਮਾਂ ਨਾਲੋਂ ਸ੍ਰੇਸ਼ਟ ਹੈ ਕਿਉਂਕਿ ਸਾਰਿਆਂ ਦੇ

---

146 ਖੇਲੇ ਜੂਪ ਭੂਪ ਜੇ ਹੋਏ। ਪਰੀ ਆਪਦਾ ਦਾਰੁਨ ਰੋਏ।

ਇਨ ਕੋ ਤਯਾਗੇ ਜੋ ਸਿਖ ਹੋਇ। ਸੁਖ ਪਾਵਹਿ ਮਾਨਹਿ ਬਚ ਜੋਇ।। *ਉਹੀ*, ਪੰਨੇ 1119-1120

147 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 212

148 ਅਮਰਜੀਤ ਸਿੰਘ (ਡਾ.), *ਉਹੀ*, ਪੰਨਾ 108

149 ਦੇਸ਼ ਬਿਦੇਸ਼ਨ ਰਟਨੋ ਕੀਨੋ। ਨਿਜ ਉਪਦੇਸ਼ ਨਰਨ ਕੋ ਦੀਨੋ।...

ਭੋਜਨ ਹਿਤ ਮੰਗਨ ਤਿਹ ਜਾਈ। ਘਰ ਘਰ ਬਿਚਰਤਿ ਲਾਜ ਗੁਵਾਈ॥50॥

ਵੀਰ ਸਿੰਘ (ਭਾਈ), *ਉਹੀ, ਜਿਲਦ ਚੌਥੀ*, ਪੰਨੇ 1095-1096

ਪਾਲਣਹਾਰ ਗ੍ਰਿਹਸਤੀ ਹੀ ਹਨ-

ਸੁਨਿ ਕਰਿ ਬੋਲੇ ਬਚਨ ਕ੍ਰਿਪਾਲਾ।

ਸਭ ਤੇ ਜਾਨਹੁ ਗ੍ਰਿਹਸਤ ਬਿਸਾਲਾ।

ਉਤਪਤਿ ਕਰਨਹਾਰ ਸਭਿ ਹੀ ਕੋ।

ਬਹੁਰੇ ਪਾਲਨ ਕਰਿ ਹੈ ਨੀਕੋ।

ਮੂਲ ਬਿਟਪ ਕੋ ਗ੍ਰਿਹਸਤ ਪਛਾਨਹੁ।

ਆਸ੍ਰਮ ਅਪਰ ਜਿ ਸ਼ਾਖਾ ਮਾਨਹੁ।[150]

## 2.9 ਗੁਰਮੁੱਖਤਾ

ਗੁਰਮੁੱਖ ਤੋਂ ਭਾਵ ਜਿਸ ਦਾ ਮੁੱਖ ਸਦਾ ਗੁਰੂ ਵੱਲ ਰਹੇ ਭਾਵ ਆਪਣੇ ਗੁਰੂ ਦੇ ਆਸ਼ੇ ਅਨੁਸਾਰ ਚੱਲੇ। ਕਵੀ ਜੀ ਨੇ ਗੁਰਮੁੱਖ ਅਤੇ ਮਨਮੁੱਖ ਦੇ ਲੱਛਣਾ ਨੂੰ ਵੀ ਬਹੁਤ ਹੀ ਬਾਖ਼ੂਬੀ ਚਿਤਰਿਆ ਹੈ-

(ੳ) ਮਾੜੇ ਕਰਮਾਂ ਵੱਲ ਪਿੱਠ ਕਰੇ ਅਤੇ ਗੁਰੂ ਬਚਨਾਂ ਦੇ ਸਨਮੁਖ ਰਹੇ।

(ਅ) ਹਰ ਇਕ ਦੇ ਕੀਤੇ ਹੋਏ ਉਪਕਾਰ ਨੂੰ ਹਮੇਸ਼ਾਂ ਯਾਦ ਰੱਖੇ।

(ੲ) ਸਾਰਿਆਂ ਦਾ ਇਕ ਸਮਾਨ ਭਲਾ ਚਾਹੇ।

(ਸ) ਸਤਿਗੁਰੂ ਦੇ ਧਾਰਨ ਕੀਤੇ ਹੋਏ ਬਚਨਾਂ/ਉਪਦੇਸ਼ਾਂ ਰਾਹੀਂ ਆਪਣੇ ਆਤਮ ਰੂਪ ਦਾ ਜਾਣਕਾਰ ਹੋਵੇ।[151]

ਅੱਗੇ ਮਨਮੁਖ ਦਾ ਲੱਛਣ ਦੱਸਦੇ ਹੋਏ ਕਹਿੰਦੇ ਹਨ ਕਿ-

(ੳ) ਮਨਮੁਖ ਸਦਾ ਅਕ੍ਰਿਤਘਣ ਹੁੰਦੇ ਹਨ, ਉਹ ਕਿਸੇ ਦਾ ਕੀਤਾ ਹੋਇਆ ਉਪਕਾਰ ਨਹੀਂ ਜਾਣਦੇ।

---

[150] *ਉਹੀ,* ਪੰਨਾ 792

[151] ਪੀਠ ਕੁਕਰਮਨਿ ਕੋ ਜਿਨ ਦੀਨਿ। ਗੁਰੂ ਬਚਨ ਸਨਮੁਖ ਮੁਖ ਕੀਨਿ।

ਕੋ ਤਿਨ ਸੋ ਜਿ ਕਰਹਿ ਚੰਗਯਾਈ। ਸਦ ਜਾਨਹਿਂ ਤਿਸ ਕੀ ਭਲਿਆਈ।।

ਚਿਤ ਨ ਬਿਸਾਰਹਿਂ ਚਹਿਂ ਉਪਕਾਰਾ। ਸਭਿ ਕੋ ਭਲੈ ਕਰੈਂ ਇਕਸਾਰਾ।

ਇਹੁ ਗੁਰਮੁਖ ਕੇ ਲਖੀਯਹਿ ਲੱਛਨ। ਸੁਨਿ ਗੁਰਮੁਖ ਤਰ ਜਥਾ ਬਿਚੱਛਨ।।

ਵੀਰ ਸਿੰਘ (ਭਾਈ), *ਉਹੀ, ਜਿਲਦ ਛੇਵੀਂ,* ਪੰਨੇ 2155-56

(ਅ) ਆਪਣੇ ਮਨ ਦੀ ਖੋਟੀ ਮਤ ਨੂੰ ਹੀ ਹਮੇਸ਼ਾਂ ਧਾਰਨ ਕਰੀ ਰੱਖਦੇ ਹਨ। ਕਿਸੇ ਦੀ ਕਹੀ ਹੋਈ ਗੱਲ ਤੇ ਅਮਲ ਨਹੀਂ ਕਰਦੇ।

(ੲ) ਕਿਸੇ ਦਾ ਕਹਿਆ ਹੋਇਆ ਜਰਦੇ ਨਹੀਂ।

(ਸ) ਸਾਰਿਆਂ ਨੂੰ ਆਪਣਾ ਵੈਰੀ ਹੀ ਜਾਣਦੇ ਹਨ ਤੇ ਮਨ ਵਿਚ ਦ੍ਵੈਸ਼ ਭਾਵਨਾ ਜਗਾਈ ਰੱਖਦੇ ਹਨ।[152]

### 2.10 ਜਾਤ-ਪਾਤ / ਛੂਤ-ਛਾਤ

ਸ਼ਬਦਕੋਸ਼ ਅਨੁਸਾਰ ਜਾਤ 'ਇਕ ਪਿਤਾ ਪੁਰਖੀ ਉਹ ਸਮਾਜਿਕ ਗੁਟ ਹੈ ਜਿਸ ਵਿਚ ਇਕੋ ਨਸਲ ਦੇ ਇਕੋ ਸਮਾਜਿਕ ਅਹੁਦੇ, ਕੰਮ ਧੰਦੇ ਅਤੇ ਜਾਂ ਵਾਧ-ਘਾਟ ਨਾਲ ਇਕੋ ਤਰ੍ਹਾਂ ਦੇ ਲੋਕਾਚਾਰ ਦੇ ਮੂਲ ਤੱਤਾਂ ਵਾਲੇ ਲੋਕ ਸ਼ਾਮਲ ਹੋਣ।'[153] ਸਿੱਖ ਧਰਮ ਵਿਚ ਜਾਤ ਪਾਤ ਦੀ ਕੋਈ ਥਾਂ ਨਹੀਂ ਹੈ। ਜਾਤ-ਪਾਤ ਦਾ ਪੂਰੀ ਤਰ੍ਹਾਂ ਖੰਡਨ ਕਰਨਾ ਸਿੱਖ ਪਰੰਪਰਾ ਦਾ ਇਕ ਵਿਸ਼ੇਸ਼ ਗੁਣ ਹੈ। ਹਿੰਦੂ ਮੱਤ ਅੰਦਰ ਜਾਤ-ਪਾਤ ਨੂੰ ਦੈਵੀ ਆਦੇਸ਼ ਉੱਤੇ ਆਧਾਰਿਤ ਹੋਣ ਦਾ ਦਾਅਵਾ ਕਰਕੇ ਸਮਾਜ ਨੂੰ ਚਾਰ ਮੁੱਖ ਜਾਤੀਆਂ ਵਿਚ ਵੰਡਿਆ ਹੈ ਪਰ ਗੁਰਮਤਿ ਵਿਚ ਜੇ ਕਰ ਕੋਈ ਵਰਗ ਵੰਡ ਹੋ ਸਕਦੀ ਹੈ ਤਾਂ ਉਸ ਦਾ ਆਧਾਰ ਜਾਤ-ਪਾਤ ਨਹੀਂ ਸਗੋਂ ਮਨੁੱਖਾਂ

---

152 ਅਸ ਮਨਮੁਖ ਕੇ ਲੱਛਨ ਜਾਨਿ।

ਅਬਿ ਮਨਮੁਖ ਤਰ ਕੋ ਸੁਨਿ ਕਾਨ।।

ਪਰ ਕੋ ਭਲਾ ਹੋਤਿ ਦੁਖ ਪਾਵਹਿ।

ਕਿਮ ਬਿਗਰਹਿ ਅਸ ਜਤਨ ਬਤਾਵਹਿ।

ਦੇਖਤਿ ਸੁਨਿਤਿ ਤਪਤ ਅਤਿ ਛਾਤੀ। ਚਿਤਵਹਿ ਕੋ ਹੋਵਹਿ ਇਸ ਘਾਤੀ।।

ਅਪਰ ਭਲਾ ਕੋ ਕਹਾਂ ਸੁਹਾਇ। ਸਖਾ ਭਲੇ ਕੋ ਸੁਨਿ ਤਪਤਾਇ।

ਮੁਖ ਤੇ ਮੀਠੀ ਕਹੈ ਸੁਨਾਵੈ। ਨਹਿੰ ਉਰ ਜਰਹਿ ਸੁ ਜਰ ਜਰ ਜਾਵੈ।।

ਹਿਤ ਅਨਹਿਤ ਸਮ ਏਕ ਬਿਚਾਰਹਿ। ਸਭਿ ਕੋ ਬੁਰੋ ਹੋਇ ਸੁਖ ਧਾਰਹਿ।

ਸਭਿ ਜਗ ਕੋ ਬੈਰੀ ਸਮ ਜਾਨੈ। ਬਹੁਤਨਿ ਸੰਗ ਦ੍ਵੈਸ਼ ਹੀ ਠਾਨੈ।।

ਅਬਿ ਮਨਮੁਖ ਤਮਕੋ ਸੁਨਿ ਕਾਨ। ਸਭਿ ਕੋ ਬੁਰਾ ਅਪਨ ਹਿਤ ਜਾਨਿ।

ਸਤਿਗੁਰ ਸ਼ਬਦ ਸ੍ਰਵਨ ਨਹਿੰ ਕਰੈ। *ਉਹੀ*, ਪੰਨਾ 2155

153 https://punjabipedia.org/topic.aspx?txt=ਸਿੱਖ ਧਰਮ ਅਤੇ ਜਾਤ-ਪਾਤ

ਦੇ ਚੰਗੇ ਮਾੜੇ ਕਰਮ ਹਨ।[154] ਸਿੱਖ ਧਰਮ ਸਮਕਾਲੀ ਭਾਰਤੀ ਸਮਾਜ ਵਿਚ ਪ੍ਰਚਲਿਤ ਕਈ ਧਾਰਮਿਕ ਤੇ ਸਮਾਜਿਕ ਕੁਰੀਤੀਆਂ ਕਾਰਣ ਬਣ ਚੁੱਕੀ ਅਧੋਗਤੀ ਵਾਲੀ ਅਵਸਥਾ ਮੌਕੇ ਹੋਂਦ ਵਿਚ ਆਇਆ। ਇਨ੍ਹਾਂ ਵਿਚ ਸਭ ਤੋਂ ਵਧ ਨੁਕਸਾਨ ਕਰਨ ਵਾਲੀ ਪ੍ਰਵਿਰਤੀ ਜਾਤ-ਪਾਤ ਦੀ ਪ੍ਰਥਾ ਸੀ ਜਿਸ ਨੇ ਮਨੁੱਖਤਾਵਾਦੀ ਅਤੇ ਸਮਾਨਤਾ ਦੇ ਸਿਧਾਂਤਾਂ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ। ਸਿੱਖ ਧਰਮ ਵਿਚ ਇਹੀ ਸਿਧਾਂਤ ਪ੍ਰਮੁੱਖ ਹਨ। ਗੁਰੂ ਨਾਨਕ ਦੇਵ ਜੀ ਵਰਨ ਆਸ਼ਰਮ ਦੀ ਸਖਤ ਨਿਖੇਧੀ ਕਰਦੇ ਹਨ। ਇਹ ਵਰਨ ਆਸ਼੍ਰਮ ਅਸਮਾਨਤਾ ਪੈਦਾ ਕਰਦੇ ਹਨ। ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਅਤੇ ਇਨ੍ਹਾਂ ਦੇ ਨੌ ਗੱਦੀਨਸ਼ੀਨਾਂ ਨੇ ਬੜੇ ਜ਼ੋਰ ਨਾਲ ਜਾਤ-ਪਾਤ ਪ੍ਰਣਾਲੀ ਦਾ ਖੰਡਨ ਕੀਤਾ ਅਤੇ ਇਸ ਨੂੰ ਰੱਦਿਆ। ਗੁਰੂ ਨਾਨਕ ਦੇਵ ਜੀ ਸਭ ਇਨਸਾਨਾਂ ਨੂੰ ਬਰਾਬਰ ਸਮਝਦੇ ਹੋਏ ਕਹਿੰਦੇ ਹਨ ਕਿ-

ਜਾਤੀ ਦੈ ਕਿਆ ਹਥਿ ਸਚੁ ਪਰਖੀਐ।।
ਮਹੁਰਾ ਹੋਵੈ ਹਥਿ ਮਰੀਐ ਚਖੀਐ।।[155]

ਗੁਰੂ ਅਮਰਦਾਸ ਜੀ ਵੀ ਇਸ ਬਾਬਤ ਕਹਿੰਦੇ ਹਨ ਕਿ ਜਿਨ੍ਹਾਂ ਨੇ ਸਦਾ ਪ੍ਰਮਾਤਮਾ ਦਾ ਸਿਮਰਨ ਕੀਤਾ ਹੈ ਅਤੇ ਮਨ ਨੀਵਾਂ ਕਰਕੇ ਸਿੱਖਾਂ ਦੀ ਸੇਵਾ ਕੀਤੀ ਹੈ, ਉਨ੍ਹਾਂ ਦੀ ਇੱਜ਼ਤ ਆਬਰੂ ਕਿਸੇ ਲੇਖੇ ਵਿਚ ਪੈਂਦੀ ਹੈ, ਜਾਤ ਕੁਜਾਤ ਨੂੰ ਕੋਈ ਨਹੀਂ ਪਰਖਦਾ।[156] ਜਾਤ-ਪਾਤ ਜਾਂ ਛੂਆ-ਛਾਤ ਦੀ ਭੈੜੀ ਪਰੰਪਰਾ ਨੂੰ ਖਤਮ ਕਰਨ ਲਈ ਲੰਗਰ ਸੰਸਥਾ ਹੋਂਦ ਵਿਚ ਆਈ। ਜਦੋਂ ਗੁਰੂ ਘਰ ਵਿਚ ਲੰਗਰ ਤਿਆਰ ਹੁੰਦਾ ਹੈ ਤਾਂ ਸਾਰੇ ਇੱਕਠੇ ਬੈਠ ਕੇ ਹੀ ਖਾਂਦੇ ਹਨ। ਕਿਸੇ ਨਾਲ ਕੋਈ ਵੀ ਕਿਸੇ ਪ੍ਰਕਾਰ ਦਾ ਵਿਤਕਰਾ ਨਹੀਂ ਕੀਤਾ ਜਾਂਦਾ।[157] ਇਸ ਤਰ੍ਹਾਂ

---

154 ਜਾਤਿ ਜਨਮ ਨਹ ਪੂਛੀਐ ਸਚ ਘਰੁ ਲੇਹੁ ਬਤਾਇ।।
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ।। *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1330

155 *ਉਹੀ*, ਪੰਨਾ 142

156 ਸਿਮਰਯੋ ਜਿਨ ਸਤਿਨਾਮ ਸਦੀਵਾ।
...ਜਾਤਿ ਕੁਜਾਤਿ ਨ ਪਰਖਹਿਂ ਕਾਇ।।13।। ਵੀਰ ਸਿੰਘ (ਭਾਈ), *ਉਹੀ, ਜਿਲਦ ਪੰਜਵੀਂ,* ਪੰਨਾ 1486

157 ਚਤੁਰ ਬਰਨ ਤਹਿਂ ਸਮਸਰ ਬੈਸਹਿਂ।
....ਏਕ ਸਮਾਨ ਅਸਨ ਅਚਾਵਹਿਂ॥12॥ *ਉਹੀ*, ਪੰਨਾ 1346

ਅਜਿਹੇ ਵਰਤਾਰੇ ਨਾਲ ਸਮਾਜਿਕ ਏਕਤਾ ਵੀ ਵੱਡੇ ਪੱਧਰ ਤੇ ਕਾਇਮ ਕੀਤੀ ਜਾਂਦੀ ਹੈ।

ਇਸ ਗ੍ਰੰਥ ਵਿਚ ਬਹੁਤ ਥਾਵਾਂ ਤੇ ਜਾਤ-ਪਾਤ ਦੀ ਗਲ ਕੀਤੀ ਗਈ ਹੈ। ਬਹੁਤੇ ਸਿੱਖਾਂ ਦੇ ਨਾਮ ਦੇ ਨਾਲ ਉਸ ਦੀ ਜਾਤ ਗੋਤ ਦਾ ਵੀ ਜ਼ਿਕਰ ਕੀਤਾ ਹੈ। ਪਰ ਗੁਰੂ ਅਰਜਨ ਦੇਵ ਜੀ ਨੇ ਆਪਣੇ ਸਿੱਖਾਂ ਨੂੰ ਜਾਤ ਪਾਤ ਦੇ ਵਿਵਾਦ ਵਿਚ ਨਾ ਪੈਣ ਲਈ ਕਿਹਾ ਹੈ ਅਤੇ ਭਗਤੀ ਸਿਮਰਨ ਕਰਨ ਦਾ ਹੁਕਮ ਦਿੱਤਾ ਹੈ।[158]
ਕਵੀ ਜੀ ਨੇ ਜਾਤ ਪਾਤ ਸੰਬੰਧੀ ਹੋਰ ਵੀ ਉਦਾਹਰਣਾਂ ਦਿੱਤੀਆਂ ਹਨ-

ਉਪਜਹਿਂ ਜੇ ਸਰੀਰ ਜਗ ਮਾਂਹੀ।
ਇਨ ਕੀ ਜਾਤਿ ਸਾਚ ਸੋ ਨਾਂਹੀ।
ਬਿਨਸਿ ਜਾਤ ਇਹੁ ਜਰਜਰਿ ਹੋਇ।
ਆਗੇ ਜਾਤਿ ਜਾਤ ਨਹਿਂ ਕੋਇ।। 11।।[159]

ਬਡੇ ਲਘੂ ਕੋ ਭੇਦ ਨਹਿਂ ਸਿਖਯਾ ਲੇਵੈ ਸਿੱਖ।
ਬਰਣ ਜਾਤ ਕੋ ਦੂਰ ਧਰਿ ਐਸੇ ਸਿੱਖ ਸੁਲੱਖ।। 11।।[160]

ਜਾਤ ਵਰਣ ਕੀ ਕਾਣ ਤਜਿ ਮਿਲਹਿ ਖਾਲਸੇ ਸੰਗ।
ਗੁਰਬਾਣੀ ਸੌਂ ਪ੍ਰੇਮ ਕਰਿ ਮਨ ਰਪ ਗੂੜ੍ਹਾ ਰੰਗ।। 13।।[161]

### 2.11 ਵੱਡਿਆਂ ਦਾ ਸਤਿਕਾਰ

ਵੱਡਿਆਂ ਦਾ ਸਤਿਕਾਰ ਕਰਨਾ ਛੋਟਿਆਂ ਦਾ ਕਰਤੱਵ ਬਣਦਾ ਹੈ। ਅਸਲ ਵਿਚ ਮਨੁੱਖ ਦਾ ਦੂਸਰਿਆਂ ਪ੍ਰਤੀ ਵਿਹਾਰ ਹੀ ਉਸ ਦੇ ਆਚਾਰ ਵਿਹਾਰ ਨੂੰ ਉਜਾਗਰ ਕਰਦਾ ਹੈ। ਉਸ ਦੇ ਅਸਲੀ ਵਿਹਾਰ ਦਾ ਪਤਾ ਉਦੋਂ ਲੱਗਦਾ ਹੈ ਜਦੋਂ ਉਸ ਕੋਲ ਕੋਈ ਤਾਕਤ ਹੋਵੇ। ਉਹ ਤਾਕਤ ਭਾਵੇਂ ਬਲ ਦੀ ਹੋਵੇ, ਧੰਨ ਦੀ ਜਾਂ

---

[158] ਜਾਤਿ ਮਾਨ ਧਰਿ ਜਨਮ ਨ ਖੋਵਹੁ।
ਕਰਹੁ ਭਗਤਿ ਪ੍ਰਭੁ ਸਭਿ ਮਹਿਂ ਜੋਵਹੁ।53।। *ਉਹੀ, ਜਿਲਦ ਛੇਵੀਂ,* ਪੰਨਾ 2202

[159] *ਉਹੀ, ਜਿਲਦ ਪੰਜਵੀਂ,* ਪੰਨਾ 1486

[160] *ਉਹੀ, ਜਿਲਦ ਨੌਵੀਂ,* ਪੰਨਾ 5495

[161] *ਉਹੀ, ਜਿਲਦ ਤੇਰਵੀਂ,* ਪੰਨਾ 5555

ਰਾਜ ਸੱਤਾ ਦੀ। ਭਾਈ ਸੰਤੋਖ ਸਿੰਘ ਗੁਰੂ ਅੰਗਦ ਦੇਵ ਜੀ ਰਾਹੀਂ ਇਹ ਵਿਚਾਰ ਪੇਸ਼ ਕਰਦੇ ਹਨ ਕਿ ਜਿਹੜੇ ਵੱਡਿਆਂ ਦੀ ਬੇਅਦਬੀ ਕਰਦੇ ਹਨ, ਉਨ੍ਹਾਂ ਦਾ ਨਾਸ਼ ਹੋ ਜਾਂਦਾ ਹੈ। ਜਿਹੜੇ ਵੱਡਿਆਂ ਦਾ ਸਨਮਾਨ ਕਰਦੇ ਹਨ, ਉਹ ਸਮਝੋ ਮਹਾਨ ਹੋ ਜਾਂਦੇ ਹਨ-

ਪਲੰਘ ਪੰਘੂਰਾ ਕਛੂ ਨ ਰਹਯੋ।

ਅਬਿ ਤੇ ਇਨ ਕੋ ਸਭਿ ਕਿਛੁ ਦਹਯੋ।

ਕਰਨਿ ਬਿਅਦਬੀ ਬਡਿਅਨਿ ਕੇਰੀ।

ਨਾਸ਼ ਦੇਤਿ ਕਰਿ ਬਡਿਹੁਂ ਬਡੇਰੀ। 12।।

ਬਡਿਅਨਿ ਕੌ ਠਾਨਹਿਂ ਸਨਮਾਨਾ।

ਸੋ ਜਾਨਹੁ ਇਹੁ ਹੋਇ ਮਹਾਨਾ। 13।।[162]

### 2.12 ਝੂਠੀ ਸੌਂਹ

ਨਿੱਜ-ਸੁਆਰਥਾਂ ਦੀ ਪੂਰਤੀ ਲਈ ਝੂਠ ਬੋਲਣਾ ਸਮਾਜਿਕ ਵਰਤਾਰਾ ਹੈ। ਸਮਾਜ ਵਿਚ ਐਸੇ ਲੋਕ ਮਾੜੀ ਨਜ਼ਰ ਨਾਲ ਵੇਖੇ ਜਾਂਦੇ ਹਨ। ਸਮਾਜਿਕ ਜੀਵਨ ਪਰਸਪਰ ਵਿਸਵਾਸ਼ ਉੱਤੇ ਨਿਰਭਰ ਕਰਦਾ ਹੈ। ਸਚਾਈ ਉੱਤੇ ਪਹਿਰਾ ਦੇਣਾ ਤੇ ਸਚਾਈ ਦੀ ਸਥਾਪਤੀ ਲਈ ਯਤਨਸ਼ੀਲ ਰਹਿਣਾ ਨਰੋਏ ਸਮਾਜਿਕ ਜੀਵਨ ਲਈ ਅਤਿ ਜ਼ਰੂਰੀ ਹੈ। ਸਹੁੰ ਖਾਣੀ ਜਾਂ ਸਹੁੰ ਚੁੱਕਣੀ ਅਜਿਹੇ ਸ਼ਬਦ ਮਨੁੱਖ ਦੀ ਜ਼ਿੰਦਗੀ ਵਿਚ ਕਈ ਵਾਰ ਆਉਦੇ ਹਨ। ਸਹੁੰ ਇਸ ਵਾਸਤੇ ਚੁਕਾਈ ਜਾਂਦੀ ਹੈ ਤਾਂ ਜੋ ਕਿਸੇ ਗੱਲ ਦਾ ਸਹੀ ਨਿਰਣਾ ਲਿਆ ਜਾ ਸਕੇ। ਸਹੁੰ ਚੁੱਕਣ ਵਾਲੇ ਜਾਂ ਖਾਣ ਵਾਲੇ ਨੂੰ ਸਚਾ ਮੰਨਿਆ ਜਾਂਦਾ ਹੈ। ਪਰ ਬਹੁਤੇ ਹਾਲਾਤਾਂ ਵਿਚ ਝੂਠੀ ਸਹੁੰ ਚੁੱਕ ਕੇ ਬੇਦੋਸ਼ੇ ਨੂੰ ਸਜ਼ਾ ਦਾ ਹੱਕਦਾਰ ਠਹਿਰਾ ਦਿੱਤਾ ਜਾਂਦਾ ਹੈ। ਜਿੱਥੋਂ ਨਿਆਂ ਕੋਹਾਂ ਦੂਰ ਰਹਿ ਜਾਂਦਾ ਹੈ। ਇਸ ਲਈ ਸਿੱਖ ਧਰਮ ਵਿਚ ਵੀ ਸਹੁੰ ਖਾਣ ਦੀ ਮਨਾਹੀ ਕੀਤੀ ਗਈ ਹੈ। ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਕਵੀ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਸੰਗ ਵਿਚ ਗੁਰੂ ਜੀ ਵਲੋਂ ਆਪਣੇ ਸਿੱਖਾਂ ਨੂੰ ਆਚਰਨ ਦੀ ਨੀਤੀ ਸਮਝਾਉਂਦੇ ਹੋਏ ਦਰਸਾਇਆ ਹੈ। ਕਿ ਸੱਚੀ ਝੂਠੀ ਸਹੁੰ ਖਾਣੀ ਚੰਗੇ ਆਚਰਨ ਵਾਲੇ ਮਨੁੱਖ ਨੂੰ ਸ਼ੋਭਾ ਨਹੀਂ ਦਿੰਦੀ ਤੇ ਉਹ ਦੁੱਖ ਭੋਗਦਾ ਹੈ-

---

[162] *ਉਹੀ, ਜਿਲਦ ਪੰਜਵੀਂ,* ਪੰਨਾ 1363

ਸਾਚੀ ਝੂਠੀ ਸਪਥ ਨ ਭਨੀਏਂ। 41।।

ਸਪਥ ਖਾਇ ਸੋ ਸਿੱਖ ਨ ਮੇਰਾ।

ਤਸਕਰ ਹ੍ਵੈ ਲਹਿ ਕਸ਼ਟ ਬਡੇਰਾ।। 43।।[163]

## 2.13 ਮਨੁੱਖ ਦਾ ਚਰਿੱਤਰ

ਚਰਿੱਤਰ ਮਨੁੱਖੀ ਸ਼ਖ਼ਸੀਅਤ ਦਾ ਇਕ ਵਿਸ਼ੇਸ਼ ਪੱਖ ਹੈ ਜਿਸ ਰਾਹੀਂ ਮਨੁੱਖ ਦੀ ਅਸਲ ਅਰਥਾਂ ਵਿਚ ਪਛਾਣ ਹੁੰਦੀ ਹੈ। ਪਤੀ ਪਤਨੀ ਦੇ ਪਵਿੱਤਰ ਸੰਬੰਧਾਂ ਨੂੰ ਤਰਜੀਹ ਦਿੰਦਿਆਂ ਸਮਾਜ ਦੁਆਰਾ ਇਸ ਰਿਸ਼ਤੇ ਪ੍ਰਤਿ ਇਮਾਨਦਾਰ ਮਨੁੱਖ ਨੂੰ ਚਰਿਤਰਵਾਨ ਮੰਨਿਆ ਜਾਂਦਾ ਹੈ। ਗੁਰਮਤਿ ਵਿਚ ਵੀ 'ਏਕਾ ਨਾਰੀ ਜਤੀ ਹੋਇ ਪਰ ਨਾਰੀ ਧੀ ਭੈਣ ਵਖਾਣੈ।'[164] ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ ਗਿਆ ਹੈ। ਚਰਿੱਤਰ ਦੱਸਿਆ ਨਹੀਂ ਜਾਂਦਾ ਬਲਕਿ ਚਰਿੱਤਰਵਾਨ ਨੂੰ ਵੇਖ ਕੇ ਹਰ ਕੋਈ ਮੁਗਧ ਹੋ ਜਾਂਦਾ ਹੈ। ਚਰਿੱਤਰ ਵਿਚ ਹੀ ਉਹ ਸ਼ਕਤੀ ਹੈ ਜਿਹੜੀ ਮੁਸ਼ਕਲ ਰਾਹਾਂ ਨੂੰ ਵੀ ਆਸਾਨ ਬਣਾ ਦਿੰਦੀ ਹੈ। ਜਿਹੜਾ ਵਿਅਕਤੀ ਆਪਣੇ ਆਪ ਨੂੰ ਵਸ ਵਿਚ ਕਰ ਸਕਦਾ ਹੈ ਉਹ ਦੂਸਰਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ।[165] ਇਕ ਚਰਿੱਤਰਵਾਨ ਵਿਅਕਤੀ ਵਿਚ ਆਤਮਬਲ, ਆਤਮ ਵਿਸ਼ਵਾਸ਼ ਦਾ ਹੋਣਾ ਸੁਭਾਵਿਕ ਹੈ। ਆਤਮਵਿਸ਼ਵਾਸ਼ ਜਿੱਥੇ ਹੋਵੇਗਾ ਉੱਥੇ ਸੰਜਮ ਵੀ ਸੰਭਵ ਹੈ ਕਿਉਂਕਿ ਆਤਮਵਿਸ਼ਵਾਸ਼ ਸੰਜਮ ਦੀ ਜ਼ਰੂਰੀ ਸ਼ਰਤ ਹੈ। ਮਾਨਸਿਕ ਪ੍ਰਵਿਰਤੀਆਂ ਤੇ ਪੂਰਾ ਨਿਯੰਤਰਨ ਪਾ ਲੈਣਾ ਹੀ ਸੱਚੇ ਚਰਿੱਤਰ ਦੀ ਪਹਿਚਾਨ ਹੈ।[166]

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਗੁਰੂ ਨਾਨਕ ਦੇਵ ਜੀ ਭੂਟਾਨ ਦੇ ਰਾਜੇ ਨੂੰ ਉਪਦੇਸ਼ ਕਰਦੇ ਹਨ ਕਿ ਜਿਹੜੇ ਪਰਾਈ ਇਸਤਰੀ ਨਾਲ ਭੋਗ ਕਰਦੇ ਹਨ, ਉਹ ਨਰਕਾਂ ਵਿਚ ਪੈਂਦੇ ਹਨ, ਜਮਰਾਜ ਦੇ ਦੂਤ ਉਸ ਨੂੰ ਭਾਰੀ ਦੁੱਖ ਦਿੰਦੇ ਹਨ। ਕਾਮੀ ਵਿਅਕਤੀ, ਜਿਹੜਾ ਪਲ ਭਰ ਦਾ ਸੁੱਖ ਪਾਉਂਦਾ ਹੈ, ਬਹੁਤ ਦੇਰ ਤਕ ਨਰਕਾਂ ਵਿਚ ਦੁੱਖ ਭੋਗਦਾ ਹੈ। ਹੋਰ ਕਈ ਪ੍ਰਕਾਰ ਦੀਆਂ ਤਾੜਨਾਵਾਂ ਬਰਦਾਸ਼ਤ ਕਰਦਾ ਹੈ-

ਇਨ ਵਸਤੁਨ ਬਿਨ ਹੁਇ ਨ ਆਨਾ।

---

163 *ਉਹੀ, ਜਿਲਦ ਤੇਰਵੀਂ,* ਪੰਨਾ 5471

164 *ਭਾਈ ਗੁਰਦਾਸ ਜੀ,* ਵਾਰ 6, ਪਉੜੀ 8, ਪੰਨਾ 65

165 ਰਾਮਮੂਰਤੀ ਮਿਸ਼ਰ, *ਮਹਾਂਮਾਨਵ ਬਨਨੇ ਕੀ ਆਚਾਰ ਸਹਿੰਤਾ,* ਪੰਨਾ 38,

166 *ਉਹੀ,* ਪੰਨਾ 37

ਜਿਨਹਿਂ ਬਿਲੋਕੇ ਆਇ ਗਿਲਾਨਾ।

ਪੁਨ ਜਿ ਦਾਤ ਕਹਿ ਕਲੀ ਸਮਾਨ।

ਮਾਸ ਬਿਨਾ ਲਿਹੁ ਹਾਡ ਪਛਾਨੇ॥.......

ਜੋ ਪਾਵਤਿ ਹੈਂ ਨਰਕ ਮਝਾਂਰੀ।

ਜਮ ਕੇ ਦੂਤ ਦੇਤਿ ਦੁਖ ਭਾਰੀ॥39॥.......

ਛਿਨਕ ਜਿ ਮਨ ਸੁਖ ਪਾਵਹਿ ਕਾਮੀ।

ਚਿਰੰਕਾਲ ਦੁਖ ਨਾਰਕ ਗਾਮੀ।[167]

ਗੁਰੂ ਗੋਬਿੰਦ ਸਿੰਘ ਜੀ ਨੇ ਪਰਾਈ ਇਸਤਰੀ ਦਾ ਸੰਗ ਕਰਨ ਤੋਂ ਮਨ੍ਹਾ ਕੀਤਾ ਹੈ। ਗੁਰੂ ਸਾਹਿਬ ਜੀ ਕਹਿੰਦੇ ਹਨ ਕਿ ਮੇਰਾ ਸਿੱਖ ਤੁਰਕਣੀ ਦਾ ਸੰਗ ਨਾ ਕਰੇ। ਸਿੱਖਾਂ ਨੂੰ ਆਚਰਨ ਦੀ ਰੀਤ ਸਿਖਾਉਂਦੇ ਹੋਏ ਇਸ ਪ੍ਰਤੀ ਤਾੜਨਾ ਕੀਤੀ ਹੈ ਕਿ ਜਿਹੜਾ ਸਿੱਖ ਹੈ ਉਹ ਵੇਸਵਾ ਜਾਂ ਮੁਸਲਮਾਨੀ ਨਾਲ ਰਮਨ ਨਹੀਂ ਕਰੇਗਾ ਤੇ ਇਸ ਪ੍ਰਤੀ ਮਨ ਵਿਚ ਡਰ ਰੱਖ ਕੇ ਬਾਕੀ ਰਹਿਤਾਂ ਨੂੰ ਵੀ ਧਾਰੀ ਰੱਖੇਗਾ।[168] ਜੋ ਕੋਈ ਇਕ ਵਾਰੀ ਵੀ ਤੁਰਕਣੀ ਦਾ ਸੰਗ ਕਰ ਲਵੇ ਤਾਂ ਉਹ ਤੁਰMਤ ਮੁਸਲਮਾਨ ਹੋ ਜਾਂਦਾ ਹੈ।[169] ਇਸ ਤੋਂ ਭਾਵ ਇਹੋ ਹੈ ਕਿ ਸਿੱਖ ਨੂੰ ਪਰਾਈ ਇਸਤਰੀ ਦਾ ਸੰਗ ਸੋਭਾ ਨਹੀਂ ਦਿੰਦਾ। ਉਹ ਗੁਰੂ ਦੀ ਨਫ਼ਰਤ ਦਾ ਪਾਤਰ ਬਣਦਾ ਹੈ।

ਕਵੀ ਸੰਤੋਖ ਸਿੰਘ ਜੀ ਨੇ ਇਕ ਕਾਬਲ ਦੀ ਪਤੀਬ੍ਰਤਾ[170] ਸਿੱਖ ਬੀਬੀ ਦਾ ਪ੍ਰਸੰਗ ਬਿਆਨਦਿਆਂ ਇਸਤ੍ਰੀਆਂ ਨੂੰ ਸੇਧ ਦੇਣ ਦਾ ਯਤਨ ਕੀਤਾ ਹੈ ਕਿ ਔਰਤ ਨੂੰ ਹਮੇਸ਼ਾ ਆਪਣਾ ਪਤੀਬ੍ਰਤਾ ਧਰਮ ਨਿਭਾਉਣਾ

---

167 ਵੀਰ ਸਿੰਘ (ਭਾਈ), *ਉਹੀ, ਜਿਲਦ ਪਹਿਲੀ,* ਪੰਨੇ 878-879

168 ਯਾਂਗੀ ਤੇ ਜਾਨਿ ਕਲੰਕ ਅਮੇਟ, ਨਸ਼ੰਕ ਹ੍ਵੈ ਕੈ ਸੁ ਰਮੈ ਨਹਿਂ ਤਾਂਗੀ।

ਔਰ ਸਭੈ ਰਹਿਤਾਂ ਦਿਢ ਰਾਖਹੁ ਧੀਰਜ ਧਾਰਿ ਕੈ ਤਯਾਗਹੁ ਨਾਂਗੀ....14॥ *ਉਹੀ, ਜਿਲਦ ਤੇਰਵੀਂ,* ਪੰਨਾ 5061

169 ਮਮ ਸਿਖ ਤੁਰਕਣਿ ਸੰਗ ਨ ਕਰੈ।

ਏਕ ਬਾਰ ਹੀ ਭੋਗੈ ਕੋਇ।

ਮੁਸਲਮਾਨ ਸੋ ਤਤਛਿਨ ਹੋਇ॥ 14॥ *ਉਹੀ,* ਪੰਨਾ 5815

170 ਨਹਿਂ ਪਰ ਪੁਰਸ਼ ਫੁਰੈ ਮਨ ਮਾਂਹੀ।

ਸਦਾ ਪ੍ਰੇਮ ਨਿਜ ਪਤਿ ਕੇ ਮਾਂਹੀ। *ਉਹੀ, ਜਿਲਦ ਪੰਜਵੀਂ,* ਪੰਨਾ 1561

ਚਾਹੀਦਾ ਹੈ। ਇਸਤਰੀ ਪਾਸ ਪਤੀਬ੍ਰਤਾ ਤੋਂ ਵੱਡਾ ਹੋਰ ਕੋਈ ਵੀ ਧਰਮ ਨਹੀਂ ਹੈ, ਜਿਸ ਕਾਰਨ ਹਿਰਦੇ ਵਿਚ ਮਹਾਂ ਸ਼ਕਤੀ ਪ੍ਰਾਪਤ ਹੁੰਦੀ ਹੈ।[171]

### 2.14 ਪਾਖੰਡ ਦਾ ਤਿਆਗ

ਭਾਈ ਸੰਤੋਖ ਸਿੰਘ ਨੇ, ਗੁਰੂ ਜੀ ਦੁਆਰਾ ਪੰਡਿਤ ਦੇ ਪਖੰਡ ਸੰਬੰਧੀ ਉਪਦੇਸ਼ ਰਾਹੀਂ ਇਹ ਵਿਚਾਰ ਪੇਸ਼ ਕੀਤਾ ਹੈ ਕਿ ਮਨ ਦਾ ਆਚਰਣ ਤਾਹੀਂ ਸਹੀ ਜਾਣਿਆ ਜਾ ਸਕਦਾ ਹੈ ਜੇ ਕੋਈ ਪਖੰਡ ਨਾ ਕੀਤਾ ਜਾਵੇ। ਪਰਮਾਤਮਾ ਹਰ ਜਗ੍ਹਾ ਵਸਦਾ ਹੈ। ਪੰਡਿਤ ਨੂੰ ਉਪਦੇਸ਼ ਦਿੰਦਿਆਂ ਕਿਹਾ ਕਿ ਜੇ ਸਾਲਗਰਾਮ (ਠਾਕਰ) ਅੱਗੇ ਰੱਖਿਆ ਹੈ ਤਾਂ ਅੱਖਾਂ ਬੰਦ ਕਰਨ ਦੀ ਲੋੜ ਨਹੀਂ। ਅੱਖਾਂ ਬੰਦ ਕਰਨ ਦੀ ਲੋੜ ਇਸ ਲਈ ਪੈਂਦੀ ਹੈ ਜੇ ਇਸ਼ਟ ਨੇੜੇ ਨਾ ਹੋਵੇ-

ਹੇ ਦਿਜ ਧਯਾਨ ਕਾਹਿ ਕੋ ਧਾਰੀ।
ਸਾਲਗਰਾਮ ਤੁਮਾਰ ਅਗਾਰੀ।
ਅਪਨੇ ਇਸ਼ਟ ਸਮੀਪ ਨ ਹੋਈ।
ਤੌ ਹਿਤ ਧਯਾਨ ਮੁੰਦੈ ਚਖੁ ਦੋਈ॥12॥[172]

ਇਹ ਨਿਰਾ ਪਾਖੰਡ ਦੇ ਸਮਾਨ ਹੈ। ਲੋਕਾਂ ਨਾਲ ਝੂਠ ਸੱਚ ਬੋਲ ਕੇ, ਠੱਗੀ ਮਾਰ ਕੇ ਕਮਾਇ ਧੰਨ ਨਾਲ ਹੰਕਾਰ ਆਉਂਦਾ ਹੈ ਤੇ ਉਹ ਜਗਤ ਵਿਚ ਆਪਣੀ ਵਡਿਆਈ ਖਾਤਰ ਇਹ ਭੈੜੇ ਕੰਮ ਕਰਦਾ ਹੈ। ਜਿਵੇਂ ਬਗਲਾ ਧਿਆਨ ਲਾ ਕੇ ਬੈਠ ਜਾਂਦਾ ਹੈ, ਉਸ ਤਰ੍ਹਾਂ ਤੂੰ ਬੈਠ ਜਾਂਦਾ ਹੈ ਅਤੇ ਮੁੱਖ ਤੋਂ ਗਿਆਨ ਦਾ ਕਥਨ ਕਰਦਾ ਹੈਂ, ਧਨ ਕਾਰਨ ਇਹ ਸਾਰਾ ਉਪਾਅ ਕਰਦਾ ਹੈਂ। ਮਨ ਵਿਚ ਸਦਾ ਲੋਭ ਦੀ ਭਟਕਣ ਰਹਿੰਦੀ ਹੈ।[173]ਇਸ ਲਈ ਝੂਠ ਬੋਲਣ ਦੀ ਥਾਂ ਸ਼ੁੱਧ ਆਤਮਾ ਨਾਲ ਪਰਮਾਤਮਾ ਦਾ ਨਾਮ ਜਪਣਾ ਚਾਹੀਦਾ ਹੈ। ਪਖੰਡ

---

[171] ਪਤਿਬ੍ਰਤਿ ਸਮ ਨਹਿਂ ਧਰਮ ਔਰ ਤ੍ਰਿਯ।
ਜਿਸ ਤੇ ਮਹਾਂ ਸ਼ਕਤਿ ਧਾਰਤਿ ਹਿਯ।। 29।। *ਉਹੀ,* ਪੰਨਾ 1562

[172] *ਉਹੀ, ਜਿਲਦ ਚੌਥੀ,* ਪੰਨਾ 954

[173] ਬਕ ਜਿਉਂ ਬੈਠਹਿਂ ਲਾਇ ਧਿਆਨਾ।
ਸਭਿ ਮਹਿਂ ਮੁਖ ਤੇ ਕਥਹਿਂ ਗਿਆਨਾ।

ਛੱਡ ਕੇ ਸੱਚ ਬੋਲਣ ਨਾਲ, ਪਰਮਾਤਮਾ ਆਪ ਹੀ ਰਿਜ਼ਕ ਦਾ ਪ੍ਰਬੰਧ ਕਰਦਾ ਹੈ।[174]

## 3. ਰਾਜਨੀਤਿਕ ਆਚਾਰ ਵਿਹਾਰ

ਰਾਜਨੀਤੀ ਦਾ ਸਿੱਧਾ ਸੰਬੰਧ ਭਾਵੇਂ ਰਾਜ ਪ੍ਰਬੰਧ ਚਲਾਉਣ ਵਾਲੀਆਂ ਨੀਤੀਆਂ ਨਾਲ ਹੈ ਪਰ ਇਸ ਦਾ ਸਮਾਜ ਉੱਤੇ ਬਹੁਤ ਗਹਿਰਾ ਪ੍ਰਭਾਵ ਪੈਂਦਾ ਹੈ। ਧਰਮ ਦੇ ਟਾਕਰੇ ਉੱਤੇ ਰਾਜਨੀਤੀ ਦਾ ਮੁੱਖ ਸਰੋਕਾਰ ਸਮਾਜ ਦੇ ਸਿਰਫ ਵਿਵਸਥਾ ਵਿਧਾਨ, ਸ਼ਾਸ਼ਨ ਪੱਖ ਤੱਕ ਹੀ ਸੀਮਿਤ ਹੈ। ਧਰਮ ਦੇ ਦੀਨ ਦੁਨੀ, ਲੋਕ-ਪ੍ਰਲੋਕ ਦੇ ਵਿਆਪਕ ਖੇਤਰ ਦੇਟਾਕਰੇ 'ਤੇ ਰਾਜਨੀਤੀ ਕੇਵਲ ਦੁਨਿਆਵੀ ਖੇਤਰ ਤੱਕ ਹੀ ਸੀਮਿਤ ਹੁੰਦੀ ਹੈ। ਰਾਜਨੀਤੀ ਨੂੰ ਆਮ ਤੌਰ 'ਤੇ ਕਿਸੇ ਖੇਤਰ, ਖਿਤੇ ਜਾਂ ਸਮਾਜ ਵਿਚ ਸ਼ਾਸ਼ਨ ਚਲਾਉਣ ਦੇ ਮਨੋਰਥ ਲਈ ਸੱਤਾ ਦੀ ਪ੍ਰਾਪਤੀ, ਵਿਧਾਨ ਅਤੇ ਵਰਤੋਂ ਕਰਨ ਨਾਲ ਸੰਬੰਧਿਤ ਮੰਨਿਆ ਜਾਂਦਾ ਹੈ। ਰਾਜਨੀਤੀ ਦਾ ਕੇਂਦਰੀ ਵਾਸਤਾ ਇਸ ਗੱਲ ਨਾਲ ਹੁੰਦਾ ਹੈ ਕਿ ਸਮਾਜਿਕ ਸੰਸਥਾਵਾਂ ਦਾ ਅਧਿਕਾਰ ਕਿਸ ਕੋਲ ਹੋਵੇਗਾ। ਰਾਜਨੀਤੀ ਵਿਚ ਕੇਂਦਰੀ ਤੱਤ ਸਿਰਫ ਤਾਕਤ, ਬਲ ਤੇ ਸ਼ਕਤੀ ਹੁੰਦਾ ਹੈ। ਤਾਕਤ ਦੀ ਪ੍ਰਾਪਤੀ ਅਤੇ ਇਸ ਦੀ ਵਰਤੋਂ ਰਾਜਨੀਤਕ ਜੀਵਨ ਦੇ ਮੁੱਖ ਰੁਝਾਨ ਹੁੰਦੇ ਹਨ।[175] ਰਾਜਨੀਤੀ ਵਿਚ ਤਾਕਤ ਨਿਰੀਪੁਰੀ ਸਰੀਰਕ ਤਾਕਤ ਜਾਂ ਬਾਹੂ ਬਲ ਨਹੀਂ ਹੁੰਦਾ ਬਲਕਿ ਇਹ ਸ਼ਕਤੀ, ਪ੍ਰਭਾਵ ਅਤੇ ਪ੍ਰਭੂਸੱਤਾ ਦਾ ਮੇਲ ਹੁੰਦੀ ਹੈ। ਨਿਰੀਪੁਰੀ ਸ਼ਕਤੀ ਤੇ ਸ਼ਕਤੀ ਦੀ ਵਰਤੋਂ ਨਾਲ ਰਾਜਨੀਤੀ ਨਹੀਂ ਚੱਲਦੀ ਜਿੰਨੀ ਦੇਰ ਤੱਕ ਸ਼ਾਸ਼ਕ ਦਾ ਅਸਰ ਰਸੂਖ ਅਤੇ ਉਸ ਦਾ ਪ੍ਰਭੂਸੱਤਾ ਦਾ ਅਧਿਕਾਰ ਉਸ ਦੇ ਨਾਲ ਨਾ ਜੁੜੇ ਹੋਣ ਜਾਂ ਦੂਜੇ ਸ਼ਬਦਾਂ ਵਿਚ ਪ੍ਰਭੂਸੱਤਾ ਦੀ

---

ਧਨ ਕਾਰਨ ਸਭਿ ਕੀਨ ਉਪਾਈ।

ਮਨ ਸਦੀਵ ਲੋਭਹਿੰ ਡਹਿਕਾਈ॥32॥ *ਉਹੀ,* ਪੰਨਾ 956

174 ਸਦ ਹੀ ਕਰੀਏ ਸਾਚ ਵਖਾਨਾ।

ਕਰਵਾਵਹਿ ਸ੍ਰੀ ਪ੍ਰਭੁ ਗੁਜਰਾਨਾ।

ਜੋ ਕਰਤਾ ਸਭਿ ਕੀ ਪ੍ਰਤਿਪਾਰਾ।

ਕਯਾ ਤੁਮਕੋ ਨਹਿ ਦੇਹਿ ਅਹਾਰਾ॥25॥ *ਉਹੀ,* ਪੰਨਾ 955

175 ਦਰਸ਼ਨ ਸਿੰਘ (ਡਾ.), *ਧਰਮ ਅਧਿਐਨ ਅਤੇ ਸਿੱਖ ਅਧਿਐਨ,* ਪੰਨਾ 187

ਉੱਚਤਾ ਨਾ ਪ੍ਰਵਾਨੀ ਜਾਵੇ।[176]

ਗੁਰੂ ਨਾਨਕ ਦੇਵ ਜੀ ਰਾਜਨੀਤੀ ਨੂੰ ਨੈਤਿਕ ਆਧਾਰ ਪ੍ਰਦਾਨ ਕਰਨ ਦੇ ਇਛੁਕ ਸਨ। ਆਪ ਨੇ ਹਾਕਮ ਸ਼੍ਰੇਣੀ ਦੇ ਆਚਾਰ ਵਿਹਾਰ ਨੂੰ ਬੜਾ ਨੇੜਿਉਂ ਤੱਕਿਆ ਤੇ ਉਸ ਦੇ ਨਜਾਇਜ਼ ਵਿਹਾਰ ਨੂੰ ਨੁਕਤਾਚੀਨੀ ਦਾ ਵਿਸ਼ਾ ਬਣਾਇਆ। ਗੁਰੂ ਸਾਹਿਬ ਨੇ ਪਰਜਾ ਦੀ ਰੱਖਿਆ, ਇਨਸਾਫ ਤੇ ਲੋਕ ਭਲਾਈ ਦੇ ਕਾਰਜਾਂ ਨੂੰ ਰਾਜੇ ਦੇ ਪ੍ਰਮੁੱਖ ਕਰਤਵ ਦੱਸਿਆ। ਉਨ੍ਹਾਂ ਅਨੁਸਾਰ ਰਾਜਾ ਸਤ, ਸੰਤੋਖ, ਦਇਆ, ਧਰਮ, ਧੀਰਜ ਦਾ ਧਾਰਨੀ ਹੋਣਾ ਚਾਹੀਦਾ ਹੈ-

ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ॥[177]

ਪਲੈਟੋ ਅਨੁਸਾਰ ਰਾਜ, ਨਾਗਰਿਕਾਂ ਦੇ ਨੈਤਿਕ ਵਿਕਾਸ ਲਈ ਪਰਮ-ਆਵਸ਼ਕ ਪ੍ਰਕ੍ਰਿਤਿਕ ਸੰਸਥਾ ਹੈ। ਰਾਜ ਵਿਚ ਰਹਿ ਕੇ ਹੀ ਵਿਅਕਤੀ ਆਪਣੇ ਵਿਅਕਤਿਤਵ ਦੇ ਮੁੱਢਲੇ ਗੁਣਾਂ ਦਾ ਪੂਰਣ ਵਿਕਾਸ ਕਰ ਸਕਦਾ ਹੈ। ਪਲੈਟੋ ਨੇ ਐਸੇ ਰਾਜ ਦਾ ਸੰਕਲਪ ਪ੍ਰਸਤੁਤ ਕੀਤਾ ਹੈ ਜਿਸ ਦੀ ਵਾਗਡੋਰ ਇਕ ਐਸੇ ਗਿਆਨਵਾਨ ਅਤੇ ਦਾਰਸ਼ਨਿਕ ਰਾਜੇ ਦੇ ਹੱਥ ਵਿਚ ਹੈ ਜਿਹੜਾ ਆਪਣੇ ਵਿਵੇਕ ਨਾਲ ਮਨੁੱਖ ਦੀਆਂ ਪਰਸਪਰ ਵਿਰੋਧੀ ਰੁਚੀਆਂ ਤੇ ਸ਼ਕਤੀਆਂ ਨੂੰ ਇਕੱਠਾ ਕਰਕੇ ਇਕਸੁਰਤਾ ਵਿਚ ਬੰਨ੍ਹ ਸਕਦਾ ਹੈ। ਰਾਜ ਉੱਤੇ ਚੰਗਾ ਸ਼ਾਸਨ ਉਹੋ ਕਰ ਸਕਦੇ ਹਨ ਜਿਹੜੇ ਰਾਜ ਦੇ ਹਿਤ ਨੂੰ ਪ੍ਰਾਥਮਿਕਤਾ ਦੇਂਦੇ ਹਨ ਅਤੇ ਰਾਜ ਦੇ ਕਲਿਆਣ ਵਿਚ ਆਪਣਾ ਕਲਿਆਣ ਤੇ ਰਾਜ ਦੇ ਬੁਰੇ ਵਿਚ ਆਪਦਾ ਬੁਰਾ ਸਮਝਦੇ ਹਨ।[178]

ਜੇਕਰ ਗੁਰਬਾਣੀ ਦੇ ਰਾਜਨੀਤਿਕ ਪੱਖ ਦੀ ਗੱਲ ਕਰੀਏ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਅਧਿਆਤਮਿਕ ਪੱਖ ਨਾਲ ਜੋੜਣ ਵਾਲਾ, ਰੂਹਾਨੀ ਸੰਦੇਸ਼ ਦੇਣ ਵਾਲੇ ਗ੍ਰੰਥ ਹੀ ਨਹੀਂ ਹਨ ਸਗੋਂ ਇਸ ਵਿਚੋਂ ਮਾਨਵ ਜੀਵਨ ਦੇ ਵਿਭਿੰਨ ਪੱਖਾਂ ਸੰਬੰਧੀ ਵੀ ਸੇਧ ਪ੍ਰਾਪਤ ਹੁੰਦੀ ਹੈ। ਗੁਰਬਾਣੀ ਅਨੁਸਾਰ ਸਾਸ਼ਕ ਦਾ ਮੁੱਖ ਕਰਤੱਵ ਨਿਆਂ ਕਰਨਾ ਹੈ[179] ਅਤੇ ਰਾਜਨੀਤਿਕ ਸ਼ਕਤੀ ਯੋਗ ਵਿਅਕਤੀ ਦੇ ਹੱਥਾਂ ਵਿਚ ਹੀ ਹੋਣੀ ਚਾਹੀਦੀ

---

176 *ਉਹੀ*, ਪੰਨਾ 188

177 *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 992

178 ਜਸਪਾਲ ਸਿੰਘ (ਡਾ.), *ਰਾਜ ਦਾ ਸਿੱਖ ਸੰਕਲਪ*, ਪੰਨਾ 58

179 ਰਾਜੇ ਚੁਲੀ ਨਿਆਵ ਕੀ ਪੜਿਆ ਸਚੁ ਧਿਆਨੁ॥ *ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ 1240

ਹੈ।[180] ਗੁਰੂ ਨਾਨਕ ਦੇਵ ਜੀ ਨੇ ਮਲਾਰ ਰਾਗ ਵਿਚ ਰਾਜਨੀਤਿਕ ਆਚਾਰ ਤੋਂ ਡਿੱਗ ਚੁੱਕੇ ਸਾਸ਼ਕਾਂ ਅਤੇ ਉਨ੍ਹਾਂ ਦੇ ਅਹਿਲਕਾਰਾਂ ਨੂੰ ਖ਼ੂਨ ਪੀਣੇ ਸ਼ੇਰ ਅਤੇ ਕੁੱਤਿਆਂ ਦੇ ਰੂਪ ਵਿਚ ਚਿਤ੍ਰਿਤ[181] ਕੀਤਾ ਹੈ। ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਰਾਜਨੀਤਿਕ ਆਚਾਰ ਦੇ ਇਹ ਪੱਖ ਸਾਹਮਣੇ ਆਉਂਦੇ ਹਨ-

### 3.1 ਨਿਆਂ

ਰਾਜਨੀਤੀ ਅਸਲ ਵਿਚ ਨਿਆਂ ਨਾਲ ਜੁੜੀ ਹੋਈ ਹੁੰਦੀ ਹੈ। ਨਿਆਂ ਦਾ ਬੰਧਨ ਸਮਾਜ ਨੂੰ ਇਕਠਿਆਂ ਰੱਖਦਾ ਹੈ ਅਤੇ ਨਿਆਂ ਹੀ ਵਿਅਕਤੀਆਂ ਦੇ ਇਕ ਐਸੇ ਸੰਘ ਦਾ ਨਿਰਮਾਣ ਕਰਦਾ ਹੈ ਜਿਸ ਵਿਚ ਹਰ ਵਿਅਕਤੀ ਨੂੰ ਉਸ ਦੀ ਯੋਗਤਾ ਅਤੇ ਸਿਖਲਾਈ ਮੁਤਾਬਕ ਕੰਮ ਪ੍ਰਾਪਤ ਹੁੰਦਾ ਹੈ। ਰਾਜਨੀਤਿਕ ਨਿਆਂ ਐਸੇ ਰਾਜ ਦੀ ਸਿਰਜਨਾ ਕਰਦਾ ਹੈ ਜਿਸ ਵਿਚ ਰਾਜ ਕਰਨ ਵਾਲਾ ਸਵਾਰਥ ਪੂਰਤੀ ਦੀ ਥਾਂ 'ਤੇ ਆਮ ਹਿਤ ਲਈ ਕਾਰਜਸ਼ੀਲ ਹੁੰਦਾ ਹੈ।[182] ਅਰਸਤੂ ਨਿਆਂ ਨੂੰ ਰਾਜ ਦਾ ਇਕ ਧੁਰਾ ਮੰਨਦਾ ਹੈ। ਉਸ ਦੇ ਵਿਚਾਰ ਵਿਚ ਇਕ ਸੰਪੂਰਣ ਮਨੁੱਖ ਸਾਰੇ ਜੀਵਾਂ ਵਿਚ ਸ੍ਰੇਸ਼ਠ ਹੈ ਪਰ ਜੇ ਮਨੁੱਖ ਦੇ ਪਾਸ ਨਿਆਂ ਦਾ ਗੁਣ ਨਾ ਹੋਵੇ, ਤਾਂ ਉਹ ਸਭ ਤੋਂ ਨਖਿੱਧ ਜੀਵ ਸਾਬਤ ਹੁੰਦਾ ਹੈ ਕਿਉਂਕਿ ਹਥਿਆਰਬੰਦ ਅਨਿਆਂ ਬਹੁਤਾ ਖ਼ਤਰਨਾਕ ਹੈ ਇਸ ਲਈ ਬੁੱਧੀ ਵਾਲਾ ਮਨੁੱਖ ਨਿਆਂ ਤੋਂ ਸਖਣਾ ਹੋ ਕੇ ਹੱਦੋਂ ਵੱਧ ਅਪਵਿੱਤ੍ਰ ਅਤੇ ਆਚਾਰਹੀਨ ਹੋ ਜਾਂਦਾ ਹੈ। ਰਾਜ ਵਿਚ ਨਿਆਂ ਮਨੁੱਖਾਂ ਵਿਚ ਆਪਸੀ ਰਿਸ਼ਤਾ ਨਿਰਧਾਰਤ ਕਰਦਾ ਹੈ ਅਤੇ ਨਿਆਂ ਦਾ ਪ੍ਰਸ਼ਾਸ਼ਨ ਹੀ ਰਾਜਨੀਤਕ ਸਮਾਜ ਨੂੰ ਵਿਵਸਥਿਤ ਕਰਨ ਦਾ ਸਿਧਾਂਤ ਹੈ।[183]

ਸੂਰਜ ਪ੍ਰਕਾਸ਼ ਗ੍ਰੰਥ ਅਨੁਸਾਰ ਮੁਗਲ ਕਾਲ ਸਮੇਂ ਰਾਜਿਆਂ ਦੀ ਨੀਤੀ ਅਜਿਹੀ ਨਹੀਂ ਸੀ। ਉਹ ਆਪਣੇ ਪੈਸੇ ਅਤੇ ਤਾਕਤ ਦੇ ਦਮ 'ਤੇ ਦੁਨੀਆਂ ਉਪਰ ਰਾਜ ਕਰਦੇ ਸਨ। ਰਾਜੇ ਮਹਾਰਾਜਿਆਂ ਨੂੰ ਡਰਾਉਂਦੇ ਧਮਕਾਉਂਦੇ ਸਨ ਤੇ ਲੋਕਾਂ ਨੂੰ ਆਪਣੀਆਂ ਬੇਟੀਆਂ ਦੇ ਡੋਲੇ ਲੈ ਕੇ ਮਿਲਣ ਲਈ ਮਜਬੂਰ ਕਰਦੇ ਸਨ ਤੇ

---

180 ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਇ।। *ਉਹੀ*, ਪੰਨਾ 1088

181 ਰਾਜੇ ਸੀਹ ਮੁਕਦਮ ਕੁਤੇ।। *ਉਹੀ*, ਪੰਨਾ 1288

182 ਜਸਪਾਲ ਸਿੰਘ (ਡਾ.), *ਉਹੀ*, ਪੰਨਾ 58

183 *ਉਹੀ*, ਪੰਨੇ 59-60

ਬਦਲੇ ਵਿਚ ਉਨ੍ਹਾਂ ਦਾ ਕੋਈ ਕੰਮ ਸਵਾਰ ਦਿੰਦੇ ਸਨ।[184] ਰਾਜਨੀਤੀ ਦੇ ਨਸ਼ੇ ਵਿਚ ਲੁੱਟ-ਖਸੁੱਟ ਕਰਨੀ ਉਨ੍ਹਾਂ ਦਾ ਨਿੱਤ ਦਾ ਕੰਮ ਸੀ। ਜਿਹੜੀ ਵਸਤੂ ਚੰਗੀ ਸੁਣੀ ਉਸ ਨੂੰ ਜ਼ਬਰਦਸਤੀ ਲੁੱਟ ਲੈਣਾ ਆਪਣਾ ਹੱਕ ਸਮਝਦੇ ਸਨ।

ਛੀਨਿ ਲੀਨਿ ਸਿਖ ਕਹਿ ਬਹੁ ਰਹਯੋ।
ਬਲ ਤੇ ਉਰ ਹੰਕਾਰਤਿ ਗਹਯੋ।[185]
ਇਹ ਖੁਦਾਇ ਕੋ ਜਾਨਹਿ ਨਾਂਹੀ।
ਬਡੋ ਰਾਜ ਕੋ ਮਦ ਇਸ ਮਾਂਹੀ ॥26॥[186]

ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ ਰਾਜ ਨੂੰ ਕਾਇਮ ਕਰਨ ਲਈ ਅਜਿਹੇ ਮਜਬੂਰ ਤੇ ਲਿਤਾੜੇ ਹੋਏ ਲੋਕਾਂ ਦੀ ਬਾਹ ਫੜੀ। ਜਿਹੜੇ ਮੁਗਲ ਆਮ ਜਨਤਾ ਨਾਲ ਲੁੱਟ ਖਸੁੱਟ ਕਰਦੇ ਸਨ ਗੁਰੂ ਜੀ ਉਨ੍ਹਾਂ ਨਾਲ ਯੁੱਧ ਕਰਦੇ ਤੇ ਆਮ ਜਨਤਾ ਨੂੰ ਨਿਆਂ ਦਿਵਾਉਂਦੇ ਸਨ।[187]

### 3.2 ਯੁੱਧ

ਰਾਜਨੀਤਿਕ ਗਿਰਾਵਟ ਦੇ ਸੁਧਾਰ ਲਈ ਸੰਘਰਸ਼ ਕਰਨਾ ਹਰ ਧਰਮੀ ਤੇ ਜ਼ਿੰਮੇਵਾਰ ਨਾਗਰਿਕ ਦਾ ਫ਼ਰਜ਼ ਬਣਦਾ ਹੈ। ਭਾਈ ਸੰਤੋਖ ਸਿੰਘ ਨੇ ਗੁਰੂ ਅਰਜਨ ਦੇਵ ਜੀ ਦੇ ਉਪਦੇਸ਼ ਦੇ ਰੂਪ ਵਿਚ ਸਿੱਖਾਂ ਨੂੰ ਇਹ ਗੱਲ ਦ੍ਰਿੜ੍ਹ ਕਰਵਾਈ ਹੈ ਕਿ ਸਮਾਜ ਵਿਚ ਧਰਮ ਦੀਆਂ ਕਦਰਾਂ ਕੀਮਤਾਂ ਦੀ ਬਹਾਲੀ ਤੇ ਨਿਮਾਣਿਆਂ ਨਿਆਸਰਿਆਂ ਦੀ ਰਾਖੀ ਲਈ ਲੋੜ ਪੈਣ ਉੱਤੇ ਜੁੱਧ ਕਰਨ ਦੀ ਨੌਬਤ ਆਵੇ ਤਾਂ ਉਸ ਮੌਕੇ ਆਪਣੀ ਸਮਰੱਥਾ ਅਨੁਸਾਰ ਜੂਝਣ ਤੋਂ ਕੋਈ ਸ਼ੰਕਾ ਨਾ ਕਰੇ।[188] ਅੰਤਮ ਸਮੇਂ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਉਪਦੇਸ਼

---

[184] ਤਨੁਜਾ ਡੋਰੇ ਦੇ ਦੇ ਮਿਲੇ।

ਅਪਨੇ ਕਾਜ ਸਵਾਰਹਿਂ ਭਲੇ। 13॥ ਵੀਰ ਸਿੰਘ (ਭਾਈ), *ਉਹੀ, ਜਿਲਦ ਅੱਠਵੀਂ,* ਪੰਨਾ 2844

[185] *ਉਹੀ,* ਪੰਨਾ 2845

[186] *ਉਹੀ,* ਪੰਨਾ 2845

[187] ਮੂਢਨਿ ਸੰਗਤਿ ਛੀਨ ਲਈ ਤਿਸ ਕੋ ਪਲਟਾ ਹਮ ਲੇਂ ਅਬਿ ਪਾਈ॥ *ਉਹੀ, ਜਿਲਦ ਤੇਰਵੀਂ,* ਪੰਨਾ 5404

[188] ਸੰਤ, ਅਤਿਥ, ਦਿਜ, ਧੇਨੂ, ਰੰਕ।

ਦਿੱਤਾ ਕਿ-

ਆਯੁਧ ਬਿੱਦਯਾ ਕੋ ਅੱਭਯਾਸਹੁ।

ਬਨਹੁ ਬੀਰ ਅਰਿ ਸਮੁਖ ਬਿਨਾਸ਼ਹੁ।

ਜਗਤ ਪਦਾਰਥ ਸਗਰੇ ਪਾਵਹੁ।

ਭੋਗਹੁ ਆਪ ਭਿ ਅਵਰ ਭੁਗਾਵਹੁ।।14।।

ਮਰਹੁ ਜੁੱਧ ਮਹਿਂ ਸੁਰਗ ਸਿਧਾਰਹੁ।

ਸਹਿਕਾਮੀ ਸੁਖ ਸਕਲ ਬਿਹਾਰਹੁ।

ਨਿਹਕਾਮੀ ਹੁਇ ਮੁਝ ਸੋਂ ਮੇਲ।

ਪਰਹਿ ਨ ਜਨਮ ਮਰਨ ਕੋ ਗੈਲ।।15।।[189]

ਕਵੀ ਸੰਤੋਖ ਸਿੰਘ ਨੇ ਸਿੱਖ ਰਾਜੇ (ਗੁਰੂ ਗੋਬਿੰਦ ਸਿੰਘ ਜੀ) ਅਤੇ ਉਸ ਦੀ ਸੈਨਾ (ਸਿੱਖਾਂ) ਦੀ ਇਕ ਉਦਾਹਰਣ ਮੁਗਲਾਂ ਨਾਲ ਜੰਗ ਸਮੇਂ ਦੀ ਦਿੱਤੀ ਹੈ ਜਿਸ ਵਿਚ ਰਾਜੇ ਦਾ ਇਹੋ ਹੁਕਮ ਸੀ ਕਿ ਸ਼ਰਨੀ ਪੈਣ ਵਾਲੇ ਨੂੰ ਕੁੱਝ ਨਾ ਕਿਹਾ ਜਾਵੇ, ਤੇ ਉਸ ਦੀ ਜਾਨ ਬਖ਼ਸ਼ ਦਿੱਤੀ ਜਾਵੇ। ਖਿਮਾ ਕਰਨਾ ਮਨੁੱਖ ਦੇ ਚੰਗੇ ਗੁਣਾਂ ਦਾ ਹਿੱਸਾ ਹੈ।[190] ਆਪਣੇ ਰਾਜੇ ਦੇ ਹੁਕਮ ਦੀ ਪਾਲਣਾ ਕਰਨਾ ਸੈਨਾ (ਸਿੱਖਾ) ਨੇ ਆਪਣੇ ਪਹਿਲਾ ਕਰਤੱਬ ਮੰਨਿਆ। ਜਿਹੜਾ ਹੱਥ ਜੋੜ ਕੇ ਵਿਖਾਉਂਦਾ ਸੀ ਸਿੱਖ ਫੌਜਾਂ ਉਸ ਵਲੋਂ ਆਪਣਾ ਮੂੰਹ ਮੋੜ ਲੈਂਦੀਆਂ ਸਨ।[191] ਉੱਚੇ ਆਚਰਨ ਦਾ ਮਜ਼ਬੂਤੀ ਨਾਲ ਪਾਲਣ ਕਰਦਿਆਂ ਦੁਸ਼ਮਨ ਦੀਆਂ ਔਰਤਾਂ ਨੂੰ ਪਿੰਡ ਵਿਚੋਂ ਬਾਹਰ ਕੱਢ

---

ਜੋ ਇਨਕੋ ਦੁਖ ਦੇਹਿ ਅਤੰਕ।

ਤਹਾਂ ਧਰਮ ਕੋ ਜੰਗ ਮਚਾਵੈ।

ਘਨੇ ਕਿ ਥੋਰੇ ਨਹਿਂ ਮਨ ਲਯਾਵੈ।।20।। *ਉਹੀ, ਜਿਲਦ ਛੇਵੀਂ,* ਪੰਨਾ 2204

189 *ਉਹੀ, ਜਿਲਦ ਚੌਦਵੀਂ,* ਪੰਨਾ 6331

190 *ਉਹੀ, ਜਿਲਦ ਤੇਰਵੀਂ,* ਪੰਨਾ 5683

191 ਕੋ ਕਰ ਜੋਰਿ ਨਿਹੋਰਤਿ ਹੈਂ,

ਮੁਖ ਮੁਰਤਿ ਹੈਂ ਨ ਘਨੇ ਰਿਪੁ ਘਾਏ।। 20।। *ਉਹੀ,* ਪੰਨਾ 5403

ਦਿੱਤਾ ਤਾਂ ਜੋ ਉਨ੍ਹਾਂ ਦੀ ਬੇਪਤੀ ਨਾ ਹੋਵੇ।[192]

ਪੰਜਾਬ ਵਿਚ ਮੁਗਲ ਹਕੂਮਤ ਸਮੇਂ ਇਕ ਪ੍ਰਸਿੱਧ ਇਤਿਹਾਸਾਕਰ ਕਾਜ਼ੀ ਨੂਰ ਦੀਨ ਜੋ ਕਿ ਬੜਾ ਕਟੱੜ ਮੁਸਲਮਾਨ ਸਿੰਘਾਂ ਦਾ ਵਹੀ ਸੀ। ਉਸ ਨੇ ਆਪਣੀ ਲਿਖਤ ਵਿਚ ਸਿੰਘਾਂ ਵਾਸਤੇ ਵੈਹਸ਼ੀ ਤੇ ਸੱਗ (ਕੁੱਤੇ) ਦੇ ਲਕਬ ਵਰਤ ਕੇ, ਇਨ੍ਹਾਂ ਨੂੰ ਬਹੁਤ ਦੁਰਕਾਰਿਆ ਸੀ। ਐਪਰ ਉਹ ਵੀ ਸਿੰਘਾਂ ਦੀ ਹਰ ਪੱਖ ਤੋਂ ਉੱਚੇ ਤੇ ਸੁੱਚੇ ਆਚਾਰ ਵਿਹਾਰ ਦੀ ਤਾਰੀਫ਼, ਪ੍ਰਸੰਸਾ ਕਰਨ ਤੋਂ ਰਹਿ ਨਹੀਂ ਸਕਿਆ। ਉਸ ਨੇ ਲਿਖਿਆ ਹੈ ਕਿ 'ਇਹ ਸਗ ਸ਼ਰਨ ਪਏ ਜਾਂ ਭੱਜੇ ਜਾਂਦੇ ਦੁਸ਼ਮਨ ਪਰ ਵਾਰ ਨਹੀਂ ਕਰਦੇ, ਦੁਸ਼ਮਨ ਦੀਆਂ ਔਰਤਾਂ ਤੇ ਬੱਚਿਆਂ ਪਰ ਕਦੀ ਹੱਥ ਨਹੀਂ ਉਠਾਂਵਦੇ ਬਲਕਿ ਉਹਨਾਂ ਦੀ ਪੂਰੀ ਹਿਫ਼ਾਜ਼ਤ ਕਰਦੇ ਹਨ। ਉਹ ਕਿਸੇ ਵੀ ਜ਼ਨਾਨੀ ਵਲ ਬੁਰੀ ਨਜ਼ਰ ਨਾਲ ਨਹੀਂ ਵੇਖਦੇ, ਇਨ੍ਹਾਂ ਕੁੱਤਿਆਂ ਵਿਚ ਜ਼ਨ੍ਹਾਕਾਰੀ, ਵਿਭਚਾਰ (ADULTRY), ਉੱਕਾ ਹੀ ਨਹੀਂ, ਇਹ ਲੋਕ ਚੋਰੀ ਨਹੀਂ ਕਰਦੇ ਅਤੇ ਨਾ ਹੀ ਕਿਸੇ ਨੂੰ ਧੋਖਾ ਦਿੰਦੇ ਹਨ, ਲੁਚਿੱਆਂ-ਲਫ਼ੰਗਿਆਂ ਦੀ ਸੰਗਤ ਕਦੇ ਨਹੀਂ ਕਰਦੇ। ਹਿਹ ਲੋਕ ਪਰਉਪਕਾਰ ਕਾਰਜਾਂ ਵਿਚ ਲਗੇ ਰਹਿੰਦੇ ਹਨ, ਗਰੀਬ-ਗੁਰਬਾ ਦੀ ਨਿਸ਼ਕਾਮ ਸੇਵਾ ਕਰਦੇ ਹਨ, ਸੱਚ ਪੁੱਛੋ ਤਾਂ ਅਮਨ ਦੇ ਸਮੇਂ ਇਹ ਨਿਰੇ ਹਾਤਮ ਤਾਈ ਹਨ। ਦੋਸਤੀ ਪੂਰੀ ਨਿਭਾਂਵਦੇ ਹਨ ਅਤੇ ਅਪਣੀ ਜਾਨ ਖ਼ਤਰੇ ਵਿਚ ਪਾ ਕੇ ਵੀ ਮਜ਼ਲੂਮਾਂ ਦੀ ਮਦਦ ਕਰਦੇ ਹਨ। ਬਈ, ਇਨ੍ਹਾਂ ਸੱਗਾਂ ਨੂੰ ਸੱਗ, ਕੁੱਤੇ ਨਾ ਆਖੋ, ਸੱਚੀ ਤਾਂ ਗੱਲ ਇਹ ਹੈ ਕਿ ਇਹ ਸ਼ੇਰ ਹਨ, ਜਦੋਂ ਮੈਦਾਨੇ-ਜੰਗ ਵਿਚ ਖੰਡਾ ਚਲਦਾ ਹੈ ਤਾਂ ਇਹ ਸ਼ੇਰਾਂ ਜਿਹੀ ਦਲੇਰੀ, ਬੇਬਾਕੀ ਨਾਲ ਲੋਹਾ ਖੜਕਾਉਂਦੇ ਹਨ, ਗੋਇਆ ਕਿ ਲਾਸਾਨੀ ਜਾਨ-ਬਾਜ਼ ਬਹਾਦਰ ਹਨ। ਇਕ ਗੱਲ ਹੋਰ, ਇਹ ਵ੍ਹੈਸ਼ੀ ਲੋਗ ਝੂਠ ਬੋਲਨ ਦੇ ਬਿਲਕੁਲ ਨਾ-ਕਾਬਲ, ਅਸਮਰਥ ਹਨ'।[193]

ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਰਾਜਨੀਤੀ ਵੀ ਜੰਗਾਂ ਯੁੱਧਾਂ ਵਿਚ ਹੌਸਲੇ ਵਾਲੀ ਤੇ ਸਾਫ ਸੁਥਰੀ ਸੀ। ਮੁਖਲਸ ਖਾਨ ਨੇ ਜੰਗ ਨਾ ਕਰਨ ਲਈ ਜਦੋਂ ਆਪਣਾ ਦੂਤ ਗੁਰੂ ਜੀ ਕੋਲ ਭੇਜਿਆ ਤਾਂ ਗੁਰੂ ਜੀ ਨੇ ਸਾਫ ਹੀ ਕਹਿ ਦਿੱਤਾ ਕਿ ਜਿਹੜਾ ਬਾਜ਼ ਬਾਦਸ਼ਾਹ ਮੰਗ ਰਿਹਾ ਹੈ ਉਹ ਅਸੀਂ ਘੋੜਿਆਂ ਦੇ ਖੋਹੇ ਜਾਣ ਦੇ

192 ਬਾਹਰ ਦੂਰ ਨਿਕਾਰ ਦਈ ਸਿਰ ਪੀਟਤਿ ਹੈਂ ਕਿਸ ਜਾਇੰ ਸਥਾਨਾ। *ਉਹੀ,* ਪੰਨਾ 5403

193 ਉਧਰਿਤ, ਪਾਲ, ਮੁਹਿੰਦਰ ਸਿੰਘ, *ਗੁਰਮਿਤ ਜੀਵਨ,* ਪੰਨਾ 261

ਬਦਲੇ ਵਿਚ ਫੜਿਆ ਹੈ।[194] ਸਿੱਖ ਗੁਰੂ ਸਾਹਿਬਾਨਾਂ ਦੀ ਰਾਜਨੀਤੀ ਉਚੀ ਸੁੱਚੀ ਤੇ ਬਿਨ੍ਹਾਂ ਕਿਸੇ ਛਲ ਕਪਟ ਦੇ ਸੀ। ਜੰਗਾਂ ਦੌਰਾਨ ਵੀ ਗੁਰੂ ਜੀ ਦਾ ਅਤੇ ਸਿੱਖਾਂ ਦਾ ਵਿਹਾਰ ਮੁਗਲ ਸੈਨਾਂ ਨਾਲ ਕਿਤੇ ਨਾ ਕਿਤੇ ਹਮਦਰਦੀ ਵਾਲਾ ਸੀ। ਗੁਰੂ ਜੀ ਨੇ ਆਪਣੇ ਸਿੱਖਾਂ ਨੂੰ ਹੁਕਮ ਕੀਤਾ ਹੋਇਆ ਸੀ ਕਿ ਜੇ ਕੋਈ ਆਪਣੀ ਜਾਨ ਦੀ ਭੀਖ ਮੰਗੇ ਤਾਂ ਉਸ 'ਤੇ ਵਾਰ ਨਹੀਂ ਕਰਨਾ-

ਕਰੇ ਜੋਰਿ ਕਿਤਿਕ ਨਹਿਂ ਤਾਂਹਿ ਘਾਤ।। 43।।[195]

ਇੱਥੋਂ ਤੱਕ ਕੇ ਜਿਹੜਾ ਹਸਨ ਖਾਂ ਨਾਂ ਦਾ ਦੂਤ ਗੁਰੂ ਜੀ ਦੀ ਸੈਨਾਂ ਦੀ ਖਬਰ ਲੈਣ ਆਇਆ ਸੀ, ਉਸ ਨੂੰ ਵੀ ਪੱਗ ਦੇ ਕੇ ਵਾਪਸ ਭੇਜ ਦਿੱਤਾ ਤੇ ਸਾਰਾ ਭੇਤ ਦੇਣ ਲਈ ਵੀ ਕਹਿ ਦਿੱਤਾ।[196] ਅਜਿਹੀ ਸੁਚੱਜੀ ਰਾਜਨੀਤੀ ਦਾ ਕਾਰਨ ਸਿੱਖ ਧਰਮ ਦਾ ਨਿਆਰਾਪਨ ਹੈ। ਡਾ. ਦਰਸ਼ਨ ਸਿੰਘ ਅਨੁਸਾਰ[197] ਕਿਸੇ ਸਮਾਜ ਦੀਆਂ ਸਭਿਆਚਾਰਕ, ਸਮਾਜਿਕ, ਆਰਥਿਕ ਤੇ ਕਬਾਇਲੀ ਕਦਰਾਂ-ਕੀਮਤਾਂ ਉਸ ਦੀ ਰਾਜਨੀਤੀ ਨੂੰ ਪ੍ਰਭਾਵਿਤ ਕਰਦੀਆਂ ਹਨ ਕਿਉਂਕਿ ਉਹ ਪਵਿੱਤਰ, ਦੈਵੀ ਅਤੇ ਅਟੁੱਟ ਪ੍ਰਵਾਨ ਕੀਤੀਆਂ ਜਾਂਦੀਆਂ ਹਨ।

ਜਿੱਥੇ ਰਾਜਨੀਤਿਕ ਅਸਥਿਰਤਾ ਨੂੰ ਸਥਿਰ ਕਰਨ ਲਈ ਯੁੱਧ ਕਰਨਾ ਜਾਇਜ਼ ਹੈ ਉੱਥੇ ਇਹ ਵੀ ਜ਼ਰੂਰੀ ਹੈ ਕਿ ਯੁੱਧ ਦੇ ਮੈਦਾਨ ਵਿਚ ਪਿੱਠ ਨਾ ਵਿਖਾਈ ਜਾਵੇ। ਭਗਤ ਕਬੀਰ ਜੀ ਨੇ ਹੱਕ ਸੱਚ ਲਈ ਯੁੱਧ ਦੇ ਮੈਦਾਨ ਵਿਚ ਸਨਮੁੱਖ ਹੋ ਕੇ ਜੁਝਣ ਵਾਲੇ ਨੂੰ ਸੂਰਮੇ ਦਾ ਦਰਜਾ ਪ੍ਰਦਾਨ ਕੀਤਾ ਹੈ।[198]

ਯੁੱਧ ਵਾਲੇ ਮੈਦਾਨ ਵਿਚੋਂ ਪਿੱਠ ਵਿਖਾ ਕੇ ਭੱਜਣਾ ਕਾਇਰਤਾ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ। ਅਜਿਹਾ ਵਿਅਕਤੀ ਸੰਸਾਰਿਕ ਸਨਮਾਨ ਦੀ ਗੱਲ ਤਾਂ ਦੂਰ ਆਪਣਾ ਆਤਮ ਸਨਮਾਨ ਵੀ ਗਵਾ ਬੈਠਦਾ ਹੈ।

---

[194] ਕਹਹੁ ਸ਼ਾਹੁ ਸੈਂ ਪਲਟੇ ਬਾਜਿ।

ਗੁਰੁ ਨੇ ਗਹਯੋ ਤੁਮਾਰੋ ਬਾਜ਼।। 38।। ਵੀਰ ਸਿੰਘ (ਭਾਈ), *ਉਹੀ, ਜਿਲਦ ਅੱਠਵੀਂ,* ਪੰਨਾ 2846

[195] *ਉਹੀ*, ਪੰਨਾ 2854

[196] ਸੁਨਿ ਪ੍ਰਸੰਨ ਸਤਿਗੁਰ ਹੁਇ ਆਯੋ।

ਢਿਗ ਤੇ ਪਾਗ ਦਿਵਾਇ ਪਠਾਯੋ।

ਕਹਯੋ ਦੇਹੁ ਸੁਧਿ ਤਿਨ ਕਹੁ ਜਾਈ।19।। *ਉਹੀ,* ਪੰਨਾ 3228

[197] ਦਰਸ਼ਨ ਸਿੰਘ (ਡਾ.), *ਉਹੀ,* ਪੰਨੇ 188-189

[198] ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।।

ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ।। *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਪੰਨਾ 1105

ਉਸ ਨੂੰ ਸਮਾਜ ਵਲੋਂ ਲਾਹਨਤ ਭਰੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਕਵੀ ਭਾਈ ਸੰਤੋਖ ਸਿੰਘ ਨੇ ਯੁੱਧ ਦੇ ਮੈਦਾਨ ਵਿਚੋਂ ਨਾ ਭੱਜਣ ਸੰਬੰਧੀ ਆਪਣੀ ਕਲਮ ਰਾਹੀਂ ਦਰਸਾਇਆ ਹੈ ਕਿ-

ਪੀਠ ਨ ਦੇਹਿ ਸਮੁਖਿ ਰਿਪ ਰਹੈ।
ਨਿਰਭੈ ਸ਼ਸਤ੍ਰ ਬਹੈ ਜਸ ਲਹੈ।
ਜਗ ਮਹਿਂ ਪ੍ਰਾਪਤਿ ਬ੍ਰਿੰਦ ਪਦਾਰਥ।
ਲੇ ਸਤਿਸੰਗਤਿ ਲਾਇ ਸਕਾਰਥ।। 13।।
ਜੇ ਰਣ ਮਹਿਂ ਸਨਮੁਖ ਮ੍ਰਿਤੁ ਪਾਵੈ।
ਸ੍ਵਰਗ ਨਿਸੰਸੈ ਸੂਰ ਸਿਧਾਵੈ।[199]
ਧਰਮ ਬਡੋ ਇਹ ਆਯੁਧ ਧਾਰੀ।
ਨਹਿਂ ਸ਼ੱਤ੍ਰੂਨ ਦਿਖਾਇ ਪਿਛਾਰੀ।। 39।।[200]
ਰਣ ਮਹਿਂ ਸ੍ਵਾਮੀ ਧਰਮ ਕੋ ਪੀਠ ਨ ਰਿਪੁ ਕੋ ਦੇਹਿ।
ਸਨਮੁਖ ਹੁਇ ਸ਼ਸਤ੍ਰਨਿ ਹਤਿਹ, ਸੁਰਪੁਰਿ ਕੈ ਜਸ ਲੇਹਿ।। 11।।[201]

### 3.3 ਗੁਰੂ ਹਰਿਗੋਬਿੰਦ ਸਾਹਬਿ ਜੀ ਦੀ ਰਾਜਨੀਤੀ

ਗੁਰੂ ਹਰਿਗੋਬਿੰਦ ਸਾਹਿਬ ਜੀ ਰਾਜਨੀਤਿਕ ਤੌਰ 'ਤੇ ਦੂਰ ਅੰਦੇਸ਼ੀ ਸਨ। ਆਪ ਜੀ ਦੀ ਪਹਿਲੀ ਕੋਸ਼ਿਸ਼ ਇਹੀ ਹੁੰਦੀ ਸੀ ਕਿ ਕਿਸੇ ਵੀ ਗੱਲ ਨੂੰ ਪਿਆਰ ਨਾਲ ਸੰਭਾਲਿਆ ਜਾਵੇ। ਜਦੋਂ ਕੋਈ ਹੋਰ ਹੀਲਾ ਨਾ ਬਚਦਾ ਤਾਂ ਹੀ ਜੰਗ ਕਰਦੇ ਸਨ। ਉਨ੍ਹਾਂ ਦੇ ਦਰਬਾਰ ਵਿਚ ਜਿਹੜਾ ਵੀ ਦੀਨ ਹੋ ਕੇ ਆਉਂਦਾ ਸੀ ਗੁਰੂ ਜੀ ਉਸ ਨੂੰ ਪਰਮਾਤਮਾ ਦੀ ਵਡਿਆਈ ਤੇ ਸਿਫਤ ਸਲਾਹ ਕਰਨ ਦੀ ਸਿੱਖਿਆ ਦੇ ਕੇ ਸਿੱਧੇ ਰਸਤੇ ਪਾਉਂਦੇ ਸਨ।[202]

---

[199] ਵੀਰ ਸਿੰਘ (ਭਾਈ), *ਉਹੀ, ਜਿਲਦ ਪੰਜਵੀਂ,* ਪੰਨਾ 1359

[200] *ਉਹੀ,* ਜਿਲਦ ਛੇਵੀਂ, ਪੰਨਾ 2188

[201] *ਉਹੀ, ਜਿਲਦ ਤੇਰਵੀਂ,* ਪੰਨਾ 5555

[202] ਨਿਤ ਸਤਿਗੁਰੁ ਕੋ ਸਿਮਰਨਿ ਕਰੋ।
ਗਰਭ ਜੋਨਿ ਮਹਿਂ ਬਹੁਰਿ ਨ ਪਰੋ।
ਭਯੋ ਸਿੱਖ ਗੁਰੁ ਕੋ ਤਬਿ ਖਾਨ।
ਬਾਜ਼ੀ ਜੀਤਿ ਉਠੇ ਭਗਵਾਨ।। 34।। *ਉਹੀ, ਜਿਲਦ ਅੱਠਵੀਂ,* ਪੰਨਾ 2897

ਜੰਗ ਦੌਰਾਨ ਜਦੋਂ ਚੰਦੂ ਦਾ ਪੁੱਤਰ ਕਰਮ ਚੰਦ ਜੋ ਕਿ ਜੰਗ ਵਿਚ ਵਧ ਚੜ ਕੇ ਹਿੱਸਾ ਲੈ ਰਿਹਾ ਸੀ, ਉਹ ਬਿਧੀ ਚੰਦ ਦੇ ਹੱਥ ਆ ਗਿਆ ਤਾਂ ਗੁਰੂ ਜੀ ਨੇ ਉਸ ‘ਤੇ ਦਇਆ ਕਰਕੇ ਛੱਡ ਦਿੱਤਾ ਕਿਉਂਕਿ ਉਹ ਆਪਣੀ ਭੁੱਲ ਉੱਤੇ ਬਹੁਤ ਹੀ ਸ਼ਰਮਿੰਦਾ ਹੋ ਰਿਹਾ ਸੀ[203] ਪਰ ਉਸ ਵਾਪਸ ਜਾ ਕੇ ਗੁਰੂ ਜੀ ਦਾ ਇਹਸਾਨ ਨਾ ਜਾਣਿਆ ਤੇ ਮੁਗਲਾਂ ਨੂੰ ਜਾ ਕੇ ਸਿੱਖ ਫੌਜ ਦੀ ਸਾਰੀ ਖ਼ਬਰ ਦਿੱਤੀ। ਇਸ ਦੇ ਬਾਵਜੂਦ ਵੀ ਗੁਰੂ ਜੀ ਨੇ ਆਖ਼ਰੀ ਸਮੇਂ ਤੇ ਕਰਮ ਚੰਦ ਨੂੰ ਪਹਿਲਾਂ ਵਾਰ ਕਰਨ ਦਾ ਮੌਕਾ ਦਿੱਤਾ।[204] ਜਦੋਂ ਜੰਗ ਦੇ ਮੈਦਾਨ ਵਿਚ ਲਲਾ ਬੇਗ ਮਾਰਿਆ ਗਿਆ ਤਾਂ ਗੁਰੂ ਜੀ ਨੇ ਹੁਕਮ ਕੀਤਾ ਕਿ ਸਾਰੀ ਸੈਨਾਂ ‘ਤੇ ਹਮਲਾ ਕੀਤਾ ਜਾਵੇ ਅਤੇ ਜਿਹੜਾ ਸ਼ਸਤਰ ਸੁੱਟ ਕੇ ਸੁਲ੍ਹਾ ਸਫਾਈ ਨਾਲ ਮਿਲਦਾ ਹੈ, ਉਨ੍ਹਾਂ ਨੂੰ ਸੁਰੱਖਿਅਤ ਜਾਣ ਦਿੱਤਾ ਜਾਵੇ।[205]

### 3.4 ਗੁਰੂ ਤੇਗ ਬਹਾਦਰ ਜੀ ਰਾਜਨੀਤੀ

ਗੁਰੂ ਤੇਗ ਬਹਾਦਰ ਜੀ ਬਹੁਤ ਹੀ ਦੂਰ-ਅੰਦੇਸ਼ੀ ਸਨ। ਜਦੋਂ ਰਾਜਾ ਮਾਨ ਸਿੰਘ ਦਾ ਪੋਤਾ ਬਿਸ਼ਨ ਸਿੰਘ ਕਾਮਰੂਪ ਦੇਸ਼ ਨੂੰ ਜਿੱਤਣ ਲਈ ਗਿਆ ਤਾਂ ਉਸ ਮੌਕੇ ਗੁਰੂ ਤੇਗ ਬਹਾਦਰ ਜੀ ਵੀ ਉਸ ਦੇ ਨਾਲ ਗਏ ਸਨ। ਗੁਰੂ ਜੀ ਇਨ੍ਹਾਂ ਦੋਹਾਂ ਵਿਚਕਾਰ ਲੜਾਈ ਨਹੀਂ ਹੋਣ ਦੇਣਾ ਚਾਹੁੰਦੇ ਸਨ। ਉਸੇ ਇੱਛਾ ਤਹਿਤ ਗੁਰੂ ਜੀ ਨੇ ਉਨ੍ਹਾਂ ਦੋਵਾਂ ਵਿਚ ਚੰਗੇ ਸੰਬੰਧ[206] ਬਣਾ ਕੇ ਚੰਗੇ ਰਾਜਨੀਤਿਕ ਹੋਣ ਦਾ ਸਬੂਤ ਦਿੱਤਾ।

---

[203] ਗੁਰੁ ਕ੍ਰਿਪਾਲ ਹਸਿ ਕਰਿ ਕਹਯੋ 'ਕਯੋ ਇਸ ਤੇ ਲੈਬੋ?

ਛੋਰਿ ਦੇਹੁ ਕੁੜਿਆਰ ਕੋ ਪੁਨ ਕਰਹਿ ਨ ਐਬੋ॥ 36॥ *ਉਹੀ*, ਪੰਨਾ 2945

[204] ਇਹ ਭੀ ਖਰਯੋ ਨਿਰਾਯੁਧ ਰਹਯੋ।

ਹਤਨਿ ਸ਼ਸਤ੍ਰ ਨਹਿਂ ਆਛੇ ਲਹਯੋ। *ਉਹੀ*, ਪੰਨਾ 2971

[205] ਅਰਹਿ ਸੁ ਕਟਹੁ ਮਿਲਹਿ ਸੋ ਛੋਰਹੁ,

ਤਯਾਗੈ ਸ਼ਸਤ੍ਰ ਸੁ ਲੇਹੁ ਬਚਾਇ। 2॥ *ਉਹੀ*, ਪੰਨਾ 3271

[206] ਆਪਸ ਮਹਿਂ ਪਲਟੀ ਦਸਤਾਰ।

ਮਿਲੇ ਅੰਕ ਭਰਿ ਭੁਜਾ ਪਸਾਰਿ।

ਭਨਤਿ ਪਰਸਪਰ ਮਧੁਰੇ ਬੈਨ।

ਹਰਖਤਿ ਪਿਖਤਿ ਸਮੁਖ ਕਰਿ ਨੈਨ॥ 34॥ *ਉਹੀ, ਜਿਲਦ ਦੱਸਵੀਂ*, ਪੰਨਾ 4261

### 3.5 ਗੁਰੂ ਗੋਬਿੰਦ ਸਿੰਘ ਜੀ ਦੀ ਰਾਜਨੀਤੀ

ਗੁਰੂ ਗੋਬਿੰਦ ਸਿੰਘ ਜੀ ਸੰਤ ਸਿਪਾਹੀ ਬਿਰਤੀ ਵਾਲੇ ਸਨ ਤੇ ਸ਼ਰਨ ਆਇਆਂ ਦੀ ਇੱਜਤ ਕਰਨ ਵਾਲੇ ਸਨ। ਜਦੋਂ ਭੀਮ ਚੰਦ ਦੇ ਭੇਜੇ ਦੂਤ ਕਪਟ ਅਧੀਨ ਗੁਰੂ ਜੀ ਕੋਲੋਂ ਵਸਤੂਆਂ ਮੰਗਣ ਆਏ ਤਾਂ ਇਨਕਾਰ ਹੋਣ ਉਪਰੰਤ ਗੁਰੂ ਸਾਹਿਬ ਨੂੰ ਨਿਰਾਦਰੀ ਭਰੇ ਬੋਲ ਬੋਲਣ ਲੱਗੇ। ਇਸ ਗੁਸਤਾਖੀ ਲਈ ਸਿੱਖ ਉਨ੍ਹਾਂ ਨੂੰ ਸਬਕ ਸਿਖਾਉਣਾ ਚਾਹੁੰਦੇ ਸਨ ਪਰ ਗੁਰੂ ਜੀ ਨੇ ਨੀਤੀ ਤਹਿਤ ਉਨ੍ਹਾਂ ਨੂੰ ਸਹੀ ਸਲਾਮਤ ਜਾਣ ਦਿੱਤਾ[207] ਕਿਉਂਕਿ ਉਹ ਭੀਮ ਚੰਦ ਦੇ ਪ੍ਰਤੀਨਿਧ ਬਣ ਕੇ ਗੁਰੂ ਦਰਬਾਰ ਵਿਚ ਆਏ ਸਨ। ਇੱਥੋਂ ਤੱਕ ਕੇ ਜਦੋਂ ਪਹਾੜੀ ਰਾਜੇ ਹਾਰ ਖਾ ਕੇ ਪਿੱਛੇ ਨੂੰ ਭੱਜ ਰਹੇ ਸਨ ਤਾਂ ਸਿੰਘਾਂ ਨੇ ਉਨ੍ਹਾਂ ਦਾ ਪਿੱਛਾ ਕੀਤਾ ਪਰ ਗੁਰੂ ਜੀ ਨੇ ਹਾਰ ਖਾ ਕੇ ਭੱਜੇ ਜਾਂਦੇ ਦੁਸ਼ਮਨ ਉੱਤੇy ਪਿੱਛੋਂ ਵਾਰ ਕਰਨ ਤੋਂ ਮਨ੍ਹਾਂ ਕਰ ਦਿੱਤਾ।[208] ਗੁਰੂ ਸਾਹਿਬਾਨ ਦਾ ਮੂਲ ਆਦਰਸ਼ ਆਮ ਲੋਕਾਂ ਨੂੰ ਜਾਗਰਿਤ ਕਰਕੇ ਉਨ੍ਹਾਂ ਨੂੰ ਸੰਤ ਸਿਪਾਹੀ ਵਾਲੀ ਸਖਸ਼ੀਅਤ ਦੇ ਧਾਰਨੀ ਬਣਾਉਣਾ ਸੀ। ਉਹ ਸਮਾਜ ਅੰਦਰ ਪਿਆਰ ਤੇ ਹਮਦਰਦੀ ਦੀ ਭਾਵਨਾ ਜਗਾਉਣਾ ਚਾਹੁੰਦੇ ਸਨ। ਕ਼ਵੀ ਸੰਤੋਖ ਸਿੰਘ ਨੇ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦਾ ਇਕ ਰਾਜਨੀਤਿਕ ਨੁਕਤਾ ਦੱਸਿਆ ਹੈ ਕਿ ਜਦ ਕੋਈ ਜੋੜੀ ਆਪੋ ਵਿਚ ਪਾਟ ਜਾਵੇ ਤਾਂ ਦੋਵੇਂ ਨਿਰਬਲ ਹੋ ਕੇ ਮਾਰੇ ਜਾਂਦੇ ਹਨ, ਦੂਜੇ ਨਰਦਾਂ ਜੋਟੇ ਫੁੱਟਣ ਨਾਲ ਛੇਤੀ ਮਰਦੀਆਂ ਹਨ।[209]

ਸਮੁੱਚੀ ਵਿਚਾਰ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਗੁਰ ਇਤਿਹਾਸ ਦੇ ਨਾਲ-ਨਾਲ ਵਿਵਹਾਰਕ ਜੀਵਨ ਵਿਚ ਆਪਣਾਏ ਜਾਣ ਵਾਲੇ ਆਚਾਰ ਵਿਹਾਰ ਨੂੰ ਪ੍ਰਗਟ ਕਰਨ ਵਾਲਾ ਗ੍ਰੰਥ ਹੈ ਜਿਸ ਵਿਚ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਵਿਹਾਰ ਨਾਲ ਸੰਬੰਧਿਤ ਸਕਾਰਾਤਮਕ ਅਤੇ ਨਕਾਰਾਤਮਕ ਨੇਮਾਂ ਦੀ ਭਰਪੂਰ ਸਮਗਰੀ ਹੁੰਦੀ ਹੈ। ਗ੍ਰੰਥ ਵਿਚੋਂ ਪ੍ਰਗਟ ਹੋਣ ਵਾਲੇ

---

207 ਸੁਨਿ ਗੁਰ ਰਾਜਨੀਤ ਕੋ ਚਿਤਵਤਿ ਬਨਿ ਵਕੀਲ ਹਮਰੇ ਢਿਗ ਆਇ।

ਨਹੀਂ ਖਸੋਟਨਿ ਇਨਕੋ ਆਛੇ ਮਰਹੁ ਨਿਰਾਦਰ ਦਿਹੁ ਨਿਕਸਾਇ।

ਡੇਰੇ ਲਗਿ ਭਟ ਜਾਹਿਂ ਧਕੇਲਤਿ ਪਤਿ ਖੋਈ ਦੇਖਹਿਂ ਸਮੁਦਾਇ। 10॥ *ਉਹੀ, ਜਿਲਦ ਗਿਆਰਵੀਂ,* ਪੰਨਾ 4649

208 ਭਾਜੇ ਪੀਠ ਨ ਪਰੀਅਹਿ ਧਾਏ॥ 34॥ *ਉਹੀ, ਜਿਲਦ ਬਾਰ੍ਹਵੀਂ,* ਪੰਨੇ 5330-5331

209 ਸੁਨਿ ਗੁਰ ਉਚਰਯੋ ਜਬਿ ਜੁਗ ਫੂਟੈਂ।

ਤਿਸ ਕੋ ਸ਼ੱਤ੍ਰ ਤੁਰਤ ਹੀ ਕੂਟੈਂ। 9॥ *ਉਹੀ, ਜਿਲਦ ਨੌਵੀਂ,* ਪੰਨਾ 3377

ਸਕਾਰਾਤਮਕ ਪੱਖ ਜਿੱਥੇ ਸਮਾਜ ਨੂੰ ਉਸਾਰੂ ਸੇਧ ਪ੍ਰਦਾਨ ਕਰਦੇ ਹਨ, ਉਥੇ ਨਕਾਰਾਤਮਕ ਪੱਖ ਉਪਦੇਸ਼ਤਾਮਕ ਰੂਪ ਵਿਚ ਚਾਨਣ ਮੁਨਾਰੇ ਵਾਂਗ ਹਨ। ਗੁਰੂ ਸਾਹਿਬਾਨ ਵੱਲੋਂ ਕਿਸੇ ਵਿਸ਼ੇਸ਼ ਵਿਅਕਤੀ ਨੂੰ ਆਚਾਰ ਵਿਹਾਰ ਸੰਬੰਧੀ ਸੁਧਾਰ ਕਰਨ ਲਈ ਦਿੱਤੇ ਗਏ ਉਪਦੇਸ਼, ਇਕ ਵਿਅਕਤੀ ਲਈ ਨਾ ਹੋ ਕੇ ਸਮੁੱਚ ਲਈ ਹਨ। ਇਸ ਲਈ ਮੌਜੂਦਾ ਸਮੇਂ ਦੇ ਆਚਾਰ ਵਿਹਾਰ ਪੱਖੋਂ ਵੱਧ ਰਹੇ ਨਕਾਰਾਤਮਕ ਮਾਹੌਲ ਵਿਚ ਇਸ ਗ੍ਰੰਥ ਦੇ ਇਹ ਪੱਖ ਹੋਰ ਵੀ ਵਧੇਰੇ ਸਾਰਥਕ ਹਨ।

## ਸਾਰ

ਇਸ ਖੋਜ ਕਾਰਜ ਰਾਹੀਂ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚੋਂ ਆਚਾਰ-ਵਿਹਾਰ ਨਾਲ ਸੰਬੰਧਿਤ ਪੱਖਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।ਆਚਾਰ-ਵਿਹਾਰ ਦਾ ਸੰਬੰਧ ਮਨੁੱਖ ਦੇ ਸਮੁੱਚੇ ਆਚਰਣ ਨਾਲ ਹੈ ਜੋ ਕਿ ਮਨੁੱਖੀ ਜੀਵਨ ਦਾ ਜ਼ਰੂਰੀ ਅੰਗ ਹੈ। ਚੰਗੇ ਆਚਾਰ-ਵਿਹਾਰ ਵਾਲਾ ਮਨੁੱਖ ਹੀ ਸਮਾਜ ਵਿਚ ਸੱਭਿਅਕ ਮੰਨਿਆ ਜਾਂਦਾ ਹੈ। ਇਸ ਖੋਜ ਕਾਰਜ ਰਾਹੀਂ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਕਵੀ ਸੰਤੋਖ ਸਿੰਘ ਨੇ ਸਿੱਖਾਂ ਦੇ ਜਿਸ ਤਰ੍ਹਾਂ ਦੇ ਆਚਾਰਵਿਹਾਰ ਦੀ ਪੇਸ਼ਕਾਰੀ ਕੀਤੀ ਹੈ ਉਸ ਨੂੰ ਉਸੇ ਤਰ੍ਹਾਂ ਹੀ ਪ੍ਰਸਤੁਤ ਕਰਨ ਦੇ ਨਾਲ-ਨਾਲ ਗੁਰਬਾਣੀ ਦਾ ਸਹਾਰਾ ਲੈ ਕੇ ਵਿਸ਼ਿਆਂ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ। ਸਾਡਾ ਮਨੋਰਥ ਅਤੇ ਘੇਰਾ ਸਿਰਫ ਇਸ ਗ੍ਰੰਥਵਿਚ ਕੀਤੀ ਗਈ ਪੇਸ਼ਕਾਰੀ ਨੂੰ ਹੀ ਸਾਹਮਣੇ ਲਿਆਉਣ ਦਾ ਹੈ ਤਾਂ ਜੋ ਉਸ ਸਮੇਂ ਦੇ ਮਨੁੱਖੀ ਆਚਰਣ ਨੂੰ ਅੱਜ ਦੇ ਸਮੇਂ ਨਾਲ ਮੇਲ ਕੇ ਦੇਖਿਆ ਜਾ ਸਕੇ। ਇਸ ਵਿਚ ਤੁਲਨਾਤਮਕ ਵਿਧੀ ਰਾਹੀਂ ਵੀਆਚਾਰ ਵਿਹਾਰ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ ਤਾਂ ਜੋ ਉਸ ਸਮੇਂ ਦੇ ਆਚਾਰ-ਵਿਹਾਰ ਨੂੰ ਅੱਜ ਦੇ ਸਮੇਂ ਨਾਲ ਜੋੜ ਕੇ ਦੇਖਿਆ ਜਾ ਸਕੇ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਵਰਣਿਤ ਆਚਾਰ ਵਿਹਾਰ ਨਾਲ ਸੰਬੰਧਿਤ ਇਹ ਪਹਿਲਾ ਖੋਜ ਕਾਰਜ ਹੈ। ਇਸ ਖੋਜ ਕਾਰਜ ਨੂੰ ਚਾਰ ਅਧਿਆਇਆਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਰਚਨਾਕਾਰ ਚੂੜਾਮਣਿ ਕਵੀ ਭਾਈ ਸੰਤੋਖ ਸਿੰਘ ਦੇ ਜੀਵਨ ਅਤੇ ਰਚਨਾਵਾਂ ਸੰਬੰਧੀ ਮਿਲਦੀ ਜਾਣਕਾਰੀ ਰਾਹੀਂ ਕਵੀ ਜੀ ਦੇ ਚਰਿੱਤਰ ਨੂੰ ਉਘਾੜਿਆ ਗਿਆ ਹੈ। ਇਸ ਵਿਚ ਕਵੀ ਜੀ ਦੇ ਜੀਵਨ ਬਾਰੇ ਵੱਖ-ਵੱਖ ਵਿਦਵਾਨਾਂ ਦੀ ਖੋਜ ਮੁਤਾਬਕ ਉਨ੍ਹਾਂ ਦੀਆਂ ਨਿੱਜੀ ਰਾਵਾਂ ਨੂੰ ਹਵਾਲਿਆਂ ਦੇ ਤੌਰ ‘ਤੇ ਸ਼ਾਮਿਲ ਕਰਦੇ ਹੋਏ ਸਹੀ ਜਾਣਕਾਰੀ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਅਧਿਆਇ ਵਿਚਭਾਈ ਸੰਤੋਖ ਸਿੰਘ ਦੇ ਜਨਮ ਸਥਾਨ, ਉਨ੍ਹਾਂ ਦੇ ਜਨਮ ਦਾ ਸੰਨ, ਮਾਤਾ ਪਿਤਾ ਦਾ ਨਾਮ, ਵਿਦਿਅਕ ਗੁਰੂ (ਜਿਸ ਦੁਆਰਾ ਦਿੱਤੀ ਗਈ ਸਿੱਖਿਆ ਸਦਕਾ ਮਹਾਨ ਮਹਾਂ ਕਾਵਿ ਲਿਖਿਆ), ਉਨ੍ਹਾਂ ਦੇ ਪਟਿਆਲਾ ਨਿਵਾਸ ਬਾਰੇ ਤੇ ਬੂੜੀਆ ਰਿਆਸਤ ਵਿਚ ਨਿਵਾਸ ਆਦਿ ਸੰਬੰਧੀ ਨਿਰਣਾ ਕਰਨ ਦਾ ਯਤਨ ਕੀਤਾ ਗਿਆ ਹੈ।

ਕਵੀ ਜੀ ਦੀਆਂ ਕੁਲ ਛੇ ਰਚਨਾਵਾਂ (ਨਾਮ ਕੋਸ਼, ਸ੍ਰੀ ਨਾਨਕ ਪ੍ਰਕਾਸ਼, ਗਰਬ ਗੰਜਨੀ ਟੀਕਾ, ਬਾਲਮੀਕਿ ਰਾਮਾਇਣ, ਆਤਮ ਪੁਰਾਣ ਦਾ ਟੀਕਾ ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ) ਤੋਂ ਇਲਾਵਾ ਇਨ੍ਹਾਂ ਦੀ

ਪੰਜਾਬੀ ਵਿਚ ਲਿਖੀ ਹੋਈ ਸ਼ਿਹਰਫ਼ੀ ਅਤੇ ਕੁੱਝ ਫੁੱਟਕਲ ਰਚਨਾਵਾਂ ਬਾਰੇ ਅਤੇ ਵੱਖ- ਵੱਖ ਵਿਦਵਾਨਾਂਦੇ ਵਿਚਾਰਾਂ ਨੂੰ ਪੇਸ਼ ਕੀਤਾ ਗਿਆ ਹੈ।

ਦੂਸਰੇ ਅਧਿਆਇ ਵਿਚ ਆਚਾਰ ਵਿਹਾਰ ਦੇਅਰਥਾਂ ਬਾਰੇ ਚਰਚਾ ਕੀਤੀਗਈ ਹੈ। ਜਿਸ ਵਿਚ ਆਚਾਰ ਵਿਹਾਰ ਸੰਬੰਧੀ ਵੱਖ-ਵੱਖ ਕੋਸ਼ਾਂ ਤੇ ਵਿਦਵਾਨਾਂ ਦੀਆਂ ਟਿੱਪਣੀਆਂ ਨੂੰ ਵਰਤਿਆ ਗਿਆ ਹੈ। ਸਿੱਖ ਧਰਮ ਤੋਂ ਇਲਾਵਾ ਦੂਸਰੇ ਧਰਮ, ਜਿਵੇਂ ਕਿ ਹਿੰਦੂ, ਇਸਲਾਮ, ਇਸਾਈ, ਬੁੱਧ, ਯਹੂਦੀ, ਕਨਫਿਊਸ਼ਿਸ ਅਤੇ ਜੈਨ ਧਰਮ ਵਿਚ ਆਚਾਰ ਵਿਹਾਰ ਦੀ ਪਰਿਭਾਸ਼ਾ ਨੂੰ ਅੰਕਿਤ ਕਰਕੇ ਇਸ ਨੂੰ ਤੁਲਨਾਤਮਕ ਵਿਧੀ ਰਾਹੀਂ ਪੇਸ਼ ਕੀਤਾ ਗਿਆ ਹੈ। ਮਨੁੱਖ ਦੇ ਜਿਨ੍ਹਾਂ ਗੁਣਾਂ ਦਾ ਸੰਬੰਧ ਆਚਰਣ ਨਾਲ ਹੈ ਉਨ੍ਹਾਂ ਨੂੰ ਹੀ ਅਚਾਰ ਵਿਹਾਰ ਦੇ ਮਾਧਿਅਮ ਰਾਹੀਂ ਗੁਰਮਤਿ ਅਨੁਸਾਰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।

ਤੀਜਾ ਅਧਿਆਇ ਸਿੱਖ ਗੌਣ ਸ੍ਰੋਤਾਂ ਵਿਚੋਂ ਪ੍ਰਗਟ ਹੋਣ ਵਾਲੇ ਆਚਾਰ ਵਿਹਾਰ ਨਾਲ ਸੰਬੰਧਿਤ ਹੈ। ਇਸ ਅਧਿਆਇ ਵਿਚ ਸਿੱਖ ਗੌਣ ਗ੍ਰੰਥਾਂ ਵਿਚੋਂ ਆਚਾਰ ਵਿਹਾਰ ਨਾਲ ਸੰਬੰਧਿਤ ਹਵਾਲਿਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਸੰਬੰਧਿਤ ਵਿਸ਼ੇ ਦੀ ਉਪਲੱਬਧਤਾ ਵਾਲੇ ਹੇਠ ਲਿਖੇ ਕੁੱਝ ਚੋਣਵੇਂ ਸ੍ਰੋਤਾਂ ਨੂੰ ਇਸ ਅਧਿਆਇ ਦੀ ਸਮੱਗਰੀ ਦਾ ਆਧਾਰ ਬਣਾਇਆ ਗਿਆ ਹੈ-

1. ਭਾਈ ਗੁਰਦਾਸ ਜੀ ਦੀਆਂ ਰਚਨਾਵਾਂ (ਵਾਰਾਂ ਅਤੇ ਕਬਿੱਤ ਸਵੱਈਏ)
2. ਰਹਿਤਨਾਮੇ
3. ਪ੍ਰੇਮ ਸੁਮਾਰਗ ਗ੍ਰੰਥ
4. ਸ੍ਰੀ ਗੁਰ ਸੋਭਾ
5. ਗੁਰ ਬਿਲਾਸ ਪਾਤਸ਼ਾਹੀ ਛੇਵੀਂ
6. ਸਿੱਖਾਂ ਦੀ ਭਗਤਮਾਲਾ
7. ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ
8. ਸ੍ਰੀ ਗੁਰ ਪੰਥ ਪ੍ਰਕਾਸ਼

ਇਹਨਾਂ ਸ੍ਰੋਤਾਂ ਵਿਚ ਵਰਣਿਤ ਆਚਾਰ ਵਿਹਾਰ ਦੇ ਹਵਾਲਿਆਂ ਤੋਂ ਪਹਿਲਾਂ ਸੰਬੰਧਿਤ ਸ੍ਰੋਤ ਬਾਰੇ ਮੁੱਢਲੀ ਅਤੇ ਸੰਖੇਪ ਜਾਣਕਾਰੀ ਵੀ ਪ੍ਰਦਾਨ ਕੀਤੀ ਗਈ ਹੈ। ਅਧਿਆਇ ਵਿਚ ਸ੍ਰੋਤ ਗ੍ਰੰਥਾਂ ਵਿਚੋਂ ਉਭਰ ਕੇ

ਸਾਹਮਣੇ ਆਉਣ ਵਾਲੇ ਉਪਦੇਸ਼ਾਤਮਕ ਹਵਾਲਿਆਂ ਨੂੰ ਸਥਾਨ ਦਿੱਤਾ ਗਿਆ ਹੈ ਤਾਂ ਕਿ ਇਸ ਨਾਲ ਵਿਸ਼ੇ ਦੀ ਵਧੇਰੇ ਸਪੱਸ਼ਟਤਾ ਹੋ ਸਕੇ।

ਚੌਥਾ ਅਧਿਆਇ 'ਸਿੱਖ ਆਚਾਰ ਵਿਹਾਰ: ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਵਿਸ਼ੇਸ਼ ਹਵਾਲੇ ਨਾਲ' ਸੰਬੰਧਿਤ ਹੈ। ਇਸ ਅਧਿਆਇ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ-

1. ਧਾਰਮਿਕ ਆਚਾਰ ਵਿਹਾਰ
2. ਸਮਾਜਿਕ ਆਚਾਰ ਵਿਹਾਰ
3. ਰਾਜਨੀਤਿਕ ਆਚਾਰ ਵਿਹਾਰ

ਇਨ੍ਹਾਂ ਭਾਗਾਂ ਦੇ ਅੱਗੋਂ ਉਪ-ਸਿਰਲੇਖ ਬਣਾਏ ਗਏ ਹਨ ਤਾਂ ਕਿ ਆਚਾਰ ਵਿਹਾਰ ਵਾਲੇ ਹਰੇਕ ਪੱਖ ਨੂੰ ਚੰਗੀ ਤਰ੍ਹਾਂ ਉਜਾਗਰ ਕੀਤਾ ਜਾ ਸਕੇ।

ਧਾਰਮਿਕ ਆਚਾਰ ਵਿਹਾਰ ਵਿਚ ਨੈਤਿਕ ਗੁਣਾਂ ਜਿਵੇਂ ਸੱਚ, ਸੰਤੋਖ, ਸਬਰ, ਨਿਮਰਤਾ ਤੋਂ ਇਲਾਵਾ ਸਤਿਸੰਗਤ, ਸਿਮਰਨ, ਸਿਦਕ, ਵੰਡ ਛਕਣ, ਦਾਨ ਦੇਣ, ਰਜ਼ਾ, ਇਕ ਅਕਾਲ ਪੁਰਖ ਦੀ ਬੰਦਗੀ, ਪਰਉਪਕਾਰ, ਸਿੱਖ ਦੀ ਰਹਿਣੀ, ਮਿੱਠਾ ਬੋਲਣਾ ਆਦਿ ਤੋਂ ਇਲਾਵਾ ਕਾਮ, ਕ੍ਰੋਧ, ਲੋਭ, ਮੋਹ ਹੰਕਾਰ, ਝੂਠ, ਹਿੰਸਾ ਦਾ ਤਿਆਗ, ਭੈੜੀ ਸੰਗਤ ਦਾ ਤਿਆਗ ਕਰਨ ਆਦਿ ਹੋਰ ਕਈ ਅਜਿਹੇ ਪੱਖ, ਜਿਨ੍ਹਾਂ ਦਾ ਸੰਬੰਧ ਆਚਾਰ ਵਿਹਾਰ ਨਾਲ ਹੈ, ਨੂੰ ਇਸ ਅਧਿਆਇ ਦਾ ਹਿੱਸਾ ਬਣਾਇਆ ਗਿਆ ਹੈ।

ਸਮਾਜਿਕ ਆਚਾਰ ਵਿਹਾਰ ਵਿਚ ਕਿਰਤ, ਹੱਕ-ਸੱਚ ਦੀ ਕਮਾਈ, ਇਕ ਦੂਸਰੇ ਦੀ ਸਹਾਇਤਾ, ਇਮਾਨਦਾਰੀ, ਚੋਰੀ, ਪਰਾਈ ਇਸਤਰੀ ਨਾਲ ਸੰਗ, ਜੂਆ ਖੇਡਣਾ, ਆਦਰ-ਸਨਮਾਨ, ਮਨੁੱਖਤਾ ਦੀ ਸੇਵਾ, ਜਾਤ-ਪਾਤ, ਛੂਆ-ਛਾਤ, ਪਸ਼ੂ-ਬਲੀ, ਨਿੰਦਿਆ, ਚੁਗਲੀ ਆਦਿ ਵਿਧਿ002Dਨਿਖੇਧ ਕਰਮਾਂ ਤੇ ਹੋਰ ਵੀ ਕਈ ਪੱਖ ਜੋ ਮਨੁੱਖ ਦੇ ਆਚਾਰ ਵਿਹਾਰ ਨਾਲ ਸੰਬੰਧਿਤ ਹਨ ਉਨ੍ਹਾਂ ਨੂੰ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਹਵਾਲਿਆਂ ਨਾਲ ਹੀ ਪੇਸ਼ ਕੀਤਾ ਗਿਆ ਹੈ।

ਤੀਜਾ ਉਪ ਅਧਿਆਇ ਰਾਜਨੀਤਿਕ ਆਚਾਰ ਵਿਹਾਰ ਨਾਲ ਸੰਬੰਧਿਤ ਹੈ। ਇਸ ਵਿਚ ਉਸ ਸਮੇਂ ਦੇ ਹਾਕਮਾ ਵੱਲੋਂ ਚਲਾਈ ਜਾ ਰਹੀ ਰਾਜਨੀਤੀ, ਉਸ ਸਮੇਂ ਦੀ ਦਸ਼ਾ, ਜਿਸ ਵਿਚ ਮਨੁੱਖਤਾ ਦਾ ਘਾਣ ਹੋ ਰਿਹਾ ਸੀ, ਨੂੰ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ। ਭੈੜੀ ਰਾਜਨੀਤਿਕ ਦਸ਼ਾ ਕਾਰਨ ਆਪਣੇ ਹੀ ਲੋਕਾਂ ਦਾ

ਖ਼ੂਨ ਚੂਸਣਾ, ਹਾਕਮਾ ਦਾ ਆਚਰਣ ਤੇ ਉਨ੍ਹਾਂ ਨਾਲ ਜੁੜੇ ਹੋਏ ਵਿਅਕਤੀਆਂ ਦਾ ਆਚਰਣ, ਭੈੜੀ ਰਾਜਨੀਤੀ ਵਰਤਣਾ, ਨਿਆਂ, ਯੁੱਧ ਸਮੇਂ ਵਰਤੀ ਗਈ ਰਾਜਨੀਤੀ, ਕਪਟੀ ਚਾਲਾਂ, ਯੁੱਧ ਦੌਰਾਨ ਪਾਸਾ ਬਦਲਣਾ ਆਦਿ ਨੂੰ ਇਸ ਵਿਚ ਪੇਸ਼ ਕਰਕੇ ਰਾਜਨੀਤਿਕ ਆਚਾਰ ਵਿਹਾਰਨੂੰ ਪੇਸ਼ ਕੀਤਾ ਗਿਆ ਹੈ।

## ਸਥਾਪਨਾਵਾਂ

- ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਰਾਹੀਂ ਵਿਸ਼ਾ ਸਮੱਗਰੀ ਨਾਲ ਸੰਬੰਧਿਤ ਅਲੱਗ-ਅਲੱਗ ਪੱਖਾਂ ਨੂੰ ਅਕਾਦਮਿਕ ਤੌਰ 'ਤੇ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ।
- ਕਵੀ ਭਾਈ ਸੰਤੋਖ ਸਿੰਘ ਦੇ ਜੀਵਨ ਨਾਲ ਸੰਬੰਧਿਤ ਵੱਖ-ਵੱਖ ਵਿਦਵਾਨਾਂ ਦੀਆਂ ਰਾਵਾਂ ਨੂੰ ਇਸ ਵਿਚ ਸ਼ਾਮਿਲ ਕੀਤਾ ਗਿਆ ਹੈ।
- ਇਸ ਗ੍ਰੰਥ ਵਿਚੋਂ ਆਚਾਰ ਵਿਹਾਰ ਨੂੰ ਪ੍ਰਗਟ ਕਰਨ ਵਾਲੇ ਹਵਾਲਿਆਂ ਨੂੰ ਇਕ ਥਾਂ ਇਕੱਠਾ ਕੀਤਾ ਗਿਆ ਹੈ ਜਿਸ ਨਾਲ ਸਿੱਖ ਖੋਜਾਰਥੀਆਂ ਤੇ ਚਿੰਤਕਾਂ ਨੂੰ ਇਸ ਵਿਸ਼ੇ ਦੇ ਅਧਿਐਨ ਵਿਚ ਮਦਦ ਮਿਲੇਗੀ।
- ਗੁਰ ਪ੍ਰਤਾਪ ਸੂਰਜ ਗ੍ਰੰਥ ਤੋਂ ਇਲਾਵਾ ਗੁਰਮਤਿ ਅਤੇ ਹੋਰ ਧਰਮਾਂ ਵਿਚ ਆਚਾਰ ਵਿਹਾਰ ਦੀਆਂ ਪਰਿਭਾਸ਼ਾਵਾਂ ਨੂੰ ਵੀਇਸ ਦਾ ਹਿੱਸਾ ਬਣਾਇਆ ਹੈ ਤਾਂ ਜੋ ਆਚਾਰ ਵਿਹਾਰ ਰਾਹੀਂ ਜੀਵਨ ਸੇਧ ਮਿਲੇ।
- ਵਿਸ਼ੇ ਦੀ ਸਮੱਗਰੀ ਇਕ ਥਾਂ ਇਕੱਠੀ ਹੋ ਗਈ ਹੈ।
- ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਆਚਾਰ ਵਿਹਾਰ ਨਾਲ ਸੰਬੰਧਿਤ ਇਸ ਖੋਜ ਕਾਰਜ ਨਾਲ ਭਵਿੱਖ ਦੇ ਖੋਜਾਰਥੀਆਂ ਨੂੰ ਇਸ ਗ੍ਰੰਥ ਵਿਚਲੇ ਹੋਰ ਅਨੇਕਾਂ ਪੱਖਾਂ ਤੇ ਖੋਜ ਕਰਨ ਲਈ ਉਤਸ਼ਾਹ ਮਿਲੇਗਾ।
- ਇਹ ਖੋਜ ਕਾਰਜ ਅਕਾਦਮਿਕ ਪੱਧਰ 'ਤੇ ਇਸ ਗ੍ਰੰਥ ਨੂੰ ਹੋਰ ਵਧੇਰੇ ਸੁਖੈਨ ਤੇ ਵਧੀਆ ਢੰਗ ਰਾਹੀਂ ਸਮਝਣ ਵਿਚ ਸਹਾਈ ਸਿੱਧ ਹੋਵੇਗਾ।

ਅਸੀਂ ਉਮੀਦ ਕਰਦੇ ਹਾਂ ਕਿ ਇਹ ਖੋਜ ਕਾਰਜ ਸਿੱਖ ਚਿੰਤਨ, ਵਿਆਖਿਆਕਾਰੀ ਅਤੇ ਇਤਿਹਾਸਕਾਰੀ ਨਾਲ ਜੁੜੇ ਹੋਏ ਖੋਜਾਰਥੀਆਂ ਅਤੇ ਵਿਦਿਆਰਥੀਆਂ ਲਈ ਲਾਹੇਵੰਧ ਸਿੱਧ ਹੋਵੇਗਾ।

# ਪੁਸਤਕ ਸੂਚੀ


- ਊਧਮ ਸਿੰਘ, *ਸੱਚਾ ਗੁਰੂ,* ਨੈਸ਼ਨਲ ਪ੍ਰੈਸ, ਦਿੱਲੀ, 1956.
- ਓਸ਼ੋ, *ੴ ਸਤਿਨਾਮੁ,* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2019.
- ਅਸ਼ੋਕ, ਸ਼ਮਸ਼ੇਰ ਸਿੰਘ (ਸੰਪਾ.), *ਗੁਰਬਿਲਾਸ ਪਾਤਸ਼ਾਹੀ 10 ਕ੍ਰਿਤ ਕੁਇਰ ਸਿੰਘ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.
- ਅਮਰਜੀਤ ਸਿੰਘ (ਡਾ.), *ਮੁੱਢਲੇ ਸਿੱਖ ਸ੍ਰੋਤ ਤੇ ਸਿੱਖ ਰਹਿਤ,* ਭਾਈ ਚਤਰ ਸਿੰਘ ਜੀਵਨ ਸਿੰਘ, ਸ੍ਰੀ ਅੰਮ੍ਰਿਤਸਰ, 2012.
- ਆਹਲੂਵਾਲੀਆ, ਜਸਬੀਰ ਸਿੰਘ (ਡਾ.), *ਸਿੱਖ ਫ਼ਲਸਫ਼ੇ ਦੀ ਭੂਮੀਕਾ,* ਰਘਬੀਰ ਰਚਨਾ ਪ੍ਰਕਾਸ਼ਨ, 1976,
- ਐਨ. ਕੌਰ, *ਸੁਕਰਾਤ ਜੀਵਨ ਤੇ ਦਰਸ਼ਨ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2019.
- ਸਤਿਬੀਰ ਸਿੰਘ, *ਰਛਿਆ ਰਹਿਤ,* ਨਿਊ ਬੁੱਕ ਕੰਪਨੀ, ਮਾਈ ਹੀਰਾ ਗੇਟ ਜਲੰਧਰ, 1989.
- ਸੰਤੋਖ ਸਿੰਘ (ਭਾਈ), *ਸ੍ਰੀ ਜਪ ਜੀ ਸਾਹਿਬ ਗਰਬ ਗੰਜਨੀ ਟੀਕਾ,* ਭਾਈ ਚਤਰ ਸਿੰਘ ਜੀਵਨ ਸਿੰਘ, ਸ੍ਰੀ ਅੰਮ੍ਰਿਤਸਰ, 2006.
- _________, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* ਭਾਈ ਵੀਰ ਸਿੰਘ (ਸੰਪਾ.), ਜਿਲਦ 1-14, ਭਾਸ਼ਾ ਵਿਭਾਗ, ਪੰਜਾਬ, 2011.
- ਸ਼ਮਸ਼ੇਰ ਸਿੰਘ, *ਸਿੱਖ ਧਰਮ ਵਿੱਚ ਆਦਰਸ਼ ਮਨੁੱਖ ਦਾ ਸੰਕਲਪ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1995.
- ਸਰਬਜਿੰਦਰ ਸਿੰਘ, (ਡਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ,* ਧਰਮ ਚਿੰਤਕ ਵਿਸ਼ੇਸ਼ ਅੰਕ, ਪੰਜਾਬੀ ਯੂਨੀਵਰਸਿਟੀ ਪਟਿਆਲਾ, ਜੂਨ 2007.

- ________, *ਵਿਸ਼ਵ ਧਰਮ ਬਾਨੀ ਸੰਪ੍ਰਦਾਇ ਅਤੇ ਚਿੰਤਕ* (ਭਾਗ ਦੂਜਾ) ਪੰਜਾਬੀ ਯੂਨੀਵਰਸਿਟੀ, ਪਟਿਆਲਾ, 2011.
- *ਸਿੱਖ ਰਹਿਤ ਮਰਯਾਦਾ*, ਸਕੱਤਰ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਅੰਮ੍ਰਿਤਸਰ, 2016.
- ਸੁਰਜੀਤ ਸਿੰਘ, *ਸਿੱਖ ਰਹਿਤ ਤੇ ਸਿੱਖ ਆਚਰਣ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 1999.
- ਸ਼ੇਰ ਸਿੰਘ (ਪ੍ਰੋ.), *ਗੁਰਮਤਿ ਦਰਸ਼ਨ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2010.
- ਸੇਵਾ ਸਿੰਘ (ਭਾਈ)*, ਕਬਿੱਤ ਸਵੱਯੇ ਭਾਈ ਗੁਰਦਾਸ ਜੀ, ਸਟੀਕ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2014.
- ਸੇਵਾ ਸਿੰਘ, (ਸੰਤ), *ਸਬਦੁ ਗੁਰ ਪੀਰਾ,* ਹੇਮਗਿਰੀ ਪ੍ਰਿੰਟਿੰਗ ਪ੍ਰੈੱਸ, ਜਲੰਧਰ, 2008.
- ਹਰਮੀਤ ਸਿੰਘ (ਡਾ.), *ਮਹਾਂਕਵੀ ਸੰਤੋਖ ਸਿੰਘ ਦਾ ਰਚਨਾ ਸੰਸਾਰ,* ਮਨਪ੍ਰੀਤ ਪ੍ਰਕਾਸ਼ਨ ਜਲੰਧਰ, 2003.
- ਹੀਰਾ, ਭਗਤ ਸਿੰਘ, *ਗੁਰੂ ਮਾਨਿਓ ਗ੍ਰੰਥ,* ਨੈਸ਼ਨਲ ਬੁਕ ਸ਼ਾਪ, ਚਾਂਦਨੀ ਚੌਂਕ, ਦਿੱਲੀ, 2004.
- ਕਰਮਜੀਤ ਸਿੰਘ (ਸੰਪਾ.), *ਸਾਹਿਤ ਗਗਨ ਦੇ ਸੂਰਜ: ਮਹਾਂਕਵੀ ਸੰਤੋਖ ਸਿੰਘ,* ਲੋਕ ਗੀਤ ਪ੍ਰਕਾਸ਼ਨ, 2014.
- ਕਲਸੀ, ਮਹਿੰਗਾ ਸਿੰਘ, *ਚਿਰ ਭਇਓ ਦਰਸਨੁ ਦੇਖੇ,* ਪ੍ਰਿੰਟ ਮੀਡੀਆ ਹਾਊਸ, ਚੰਡੀਗੜ੍ਹ, 2004.
- ਕਾਹਲੋਂ, ਰੁਪਿੰਦਰ ਕੌਰ (ਡਾ.),(ਸੰਪਾ.), *ਮਹਾਕਵੀ ਸੰਤੋਖ ਸਿੰਘ ਰਚਿਤ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਅਨੁਕ੍ਰਮਣਿਕਾ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.
- ਕਿਰਪਾਲ ਸਿੰਘ (ਡਾ.), *ਸਿਖ ਇਤਿਹਾਸ ਦੇ ਚੋਣਵੇਂ ਪੱਖ,* ਸਿੰਘ ਬ੍ਰਦਰਜ਼, 2019.
- ________, *ਭਾਈ ਸੰਤੋਖ ਸਿੰਘ ਕ੍ਰਿਤ ਸ੍ਰੀ ਗੁਰ ਨਾਨਕ ਪ੍ਰਕਾਸ਼: ਇਤਿਹਾਸਕ ਪਰਿਪੇਖ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2006.

- ਖਜ਼ਾਨ ਸਿੰਘ (ਗਿਆਨੀ), *ਜੀਵਨ ਕਥਾ ਚੂੜਾਮਣਿ ਕਵਿ ਸੰਤੋਖ ਸਿੰਘ ਜੀ,* ਮਹਾਂ ਕਵੀ ਭਾਈ ਸੰਤੋਖ ਸਿੰਘ ਯਾਦਗਾਰ ਕਮੇਟੀ, ਨਵੀਂ ਦਿੱਲੀ, 1966.
- ਖੋਜੀ, *ਗੁਰਬਾਣੀ ਵਿਚਾਰੁ,* ਹਰਜੀਤ ਪ੍ਰਿੰਟਿੰਗ ਪ੍ਰੈਸ, ਫੇਜ਼ 5, ਮੁਹਾਲੀ, ਮਿਤੀ ਹੀਨ.
- ਗੰਡਾ ਸਿੰਘ (ਸੰਪਾ.), *ਕਵੀ ਸੈਨਾਪਤਿ ਰਚਿਤ ਸ੍ਰੀ ਗੁਰ ਸੋਭਾ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1988.
- ਗੁਰਸ਼ਰਨ ਜੀਤ ਸਿੰਘ, *ਗੁਰੂ ਨਾਨਕ ਬਾਣੀ ਦਾ ਸਮਾਜ-ਸ਼ਾਸਤਰੀ ਪਰਿਪੇਖ,* ਸਿੰਘ ਬ੍ਰਦਰਜ਼ ਅੰਮ੍ਰਿਤਸਰ, 1998.
- _________, *ਧਰਮ ਫ਼ਿਰਕੇ ਗਿਰੋਹ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2019.
- ਗੁਰਨਾਮ ਕੌਰ, (ਸੰਪਾ.), *ਸਿੱਖ ਚਿੰਤਨ ਅਨੁਸਾਰ ਸੇਵਾ ਦਾ ਸੰਕਲਪ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.
- ਗੁਰਮੁਖ ਸਿੰਘ (ਡਾ.) (ਸੰਪਾ.), *ਗੁਰ ਬਿਲਾਸ ਪਾਤਸ਼ਾਹੀ-6 ਕ੍ਰਿਤ ਭਗਤ ਸਿੰਘ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.
- ਗੁਲਸ਼ਨ, ਗੁਰਬਖਸ਼ ਸਿੰਘ, *ਦਰਪਣ ਸਿੱਖ ਰਹਿਤ ਮਰਯਾਦਾ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2016.
- ਗੋਇਲ, ਜੈ ਭਗਵਾਨ (ਡਾ.), *ਗੁਰ ਪ੍ਰਤਾਪ ਸੂਰਜ (ਸੰਖਿਪਤ),* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972.
- _________, *ਗੁਰੂ ਪ੍ਰਤਾਪ ਸੂਰਜ ਗ੍ਰੰਥ ਕੇ ਕਾਵਯ ਪਕਸ਼ ਕਾ ਅਧਿਐਨ (ਹਿੰਦੀ),* ਕੁਰੂਕਸ਼ੇਤਰਾ ਯੂਨੀਵਰਸਿਟੀ, ਕੁਰੂਕਸ਼ੇਤਰਾ, 1966.
- _________, *ਮਹਾਂ ਕਵੀ ਸੰਤੋਖ ਸਿੰਘ ਜੀਵਨ ਤੇ ਰਚਨਾ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972.
- ਚਾਕਰ, ਅਮਰ ਸਿੰਘ (ਸੰਪਾ.), *ਗਿਆਨ ਰਤਨਾਵਲੀ ਭਾਈ ਗੁਰਦਾਸ ਜੀ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2011.

- ਜਸਪਾਲ ਸਿੰਘ (ਡਾ.), *ਰਾਜ ਦਾ ਸਿੱਖ ਸੰਕਲਪ,* ਨਵਯੁਗ ਪਬਲਿਸ਼ਰਜ, ਦਿੱਲੀ, 2009.
- ਜੱਗੀ, ਗੁਰਸ਼ਰਨ ਕੌਰ (ਡਾ.), *ਵਾਰਾਂ ਭਾਈ ਗੁਰਦਾਸ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1987.
- ਜੋਗਿੰਦਰ ਸਿੰਘ (ਡਾ.), *ਇਹੁ ਅਚਾਰਾ ਸਿਖ ਰੀ,* ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ, 1994.
- ਜੋਧ ਸਿੰਘ (ਡਾ.), *ਸਿੱਖ ਸਿਧਾਂਤ, ਸਰੂਪ ਤੇ ਸਮਰੱਥਾ,* ਸਿੰਘ ਬ੍ਰਦਰਜ਼, 1991.
- ਢਿੱਲੋਂ, ਬਲਵੰਤ ਸਿੰਘ (ਡਾ.), *ਸ੍ਰੀ ਗੁਰ ਪੰਥ ਪ੍ਰਕਾਸ਼ ਕ੍ਰਿਤ ਸ. ਰਤਨ ਸਿੰਘ ਭੰਗੂ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2004.
- ਤਾਰਨ ਸਿੰਘ (ਡਾ.), *ਨਾਨਕ ਪ੍ਰਕਾਸ਼ ਪੱਤ੍ਰਿਕਾ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਜੂਨ 1976.
- _________, *ਸਿੱਖ, ਸਿੱਖੀ ਅਤੇ ਸਿਧਾਂਤ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ, 2015.
- ਦਰਸ਼ਨ ਸਿੰਘ, *ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1971.
- ਦਰਸ਼ਨ ਸਿੰਘ (ਡਾ.), *ਧਰਮ ਅਧਿਐਨ ਅਤੇ ਸਿੱਖ ਅਧਿਐਨ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.
- _________, *ਭਾਈ ਗੁਰਦਾਸ ਸਿੱਖੀ ਦੇ ਪਹਿਲੇ ਵਿਆਖਿਆਕਾਰ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1997.
- ਧਾਲੀਵਾਲ, ਤੇਜਿੰਦਰ ਕੌਰ, *ਯਹੂਦੀ ਅਤੇ ਇਸਾਈ ਧਰਮ,* ਗ੍ਰੇਸ਼ੀਅਸ ਬੁਕਸ, ਪਟਿਆਲਾ, 2008.
- ਨਈਅਰ, ਗੁਰਬਚਨ ਸਿੰਘ (ਡਾ.), *ਸਿੱਖ ਇਤਿਹਾਸ ਦੇ ਚੋਣਵੇਂ ਮੂਲ ਸਰੋਤ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.
- ਨੇਕੀ, ਜਸਵੰਤ ਸਿੰਘ (ਡਾ.), *ਗੁਰਮਤਿ ਮਨੋਵਿਗਿਆਨ,* ਸਿੰਘ ਬ੍ਰਦਰਜ਼, 2012.

- ਪਦਮ, ਪਿਆਰਾ ਸਿੰਘ, *ਮਹਾ ਕਵੀ ਸੰਤੋਖ ਸਿੰਘ,* ਕਲਮ ਮੰਦਿਰ ਲੋਅਰ ਮਾਲ, ਪਟਿਆਲਾ, 1990
- _________, *ਰਹਿਤਨਾਮੇ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, 2010.
- ਪਾਲ, ਮੁਹਿੰਦਰ ਸਿੰਘ, *ਗੁਰਮਿਤ ਜੀਵਨ,* ਸਰਦਾਰ ਭਗਵੰਤ ਸਿੰਘ ਸਫਰੀ ਗਰੇਟਰ ਪੰਜਾਬ ਪ੍ਰੈੱਸ, 163 A, ਚੰਡੀਗੜ, 1990.
- ਪਿਆਰ ਸਿੰਘ (ਡਾ.), (ਸੰਪਾ.), *ਭਾਈ ਜੋਧ ਸਿੰਘ ਗੱਦ ਸੌਰਭ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.
- ਪ੍ਰੀਤਮ ਸਿੰਘ (ਪ੍ਰੋ.), *ਗੁਰੂ ਨਾਨਕ ਵਿਚਾਰ ਅਧਿਐਨ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 1969.
- ਬੇਅੰਤ ਕੌਰ (ਡਾ.), ਸਿੱਖ ਧਰਮ-ਸ਼ਾਸ਼ਤਰ ਦਾ ਤੱਤ ਸਾਰ (ਉੱਤਰ-ਆਧੁਨਿਕ ਪਰਿਪੇਖ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2010.
- ਬਲਕਾਰ ਸਿੰਘ (ਡਾ.), *ਸਿੱਖ ਰਹੱਸਵਾਦ: ਅਨੁਭੂਤੀ ਅਤੇ ਅਭਿਵਿਅਕਤੀ ਦਾ ਵਿਸ਼ਲੇਸ਼ਣਾਤਮਕ ਅਧਿਐਨ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.
- _________, *ਗੁਰਮਤਿ ਵਿਵੇਚਨ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 1982.
- _________, (ਸੰਪਾ.), *ਗੁਰੂ ਨਾਨਕ ਚਿੰਤਨ ਦੀ ਭੂਮਿਕਾ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਿਰਸਿਟੀ, ਪਟਿਆਲਾ, 1998,
- ਬਲਵਿੰਦਰ ਪਾਲ ਸਿੰਘ, *ਸਿੱਖ ਨੈਤਿਕਚਾਰ ਅਤੇ ਸਮਾਜਿਕ ਆਰਥਕ ਵਿਕਾਸ,* ਧਰਮ ਪ੍ਰਚਾਰ ਕਮੇਟੀ, ਅੰਮ੍ਰਿਤਸਰ,
- ਬਾਂਸਲ, ਸੁਖਦੇਵ ਸਿੰਘ, *ਮੁਕਤ ਮਾਰਗ,* ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, 2015.
- ਬੀਰ, ਰਘਬੀਰ ਸਿੰਘ, *ਸਿਮਰਨ ਮਹਿਮਾ,* ਆਤਮ ਸਾਇੰਸ ਟਰੱਸਟ, ਨਵੀਂ ਦਿੱਲੀ, 2007.
- ਬੇਦੀ, ਕਾਲਾ ਸਿੰਘ, *ਵਾਰਕਾਰ ਗੁਰੂ ਨਾਨਕ: ਵਾਰਾਂ ਗੁਰੂ ਨਾਨਕ ਦਾ ਵਿਸ਼ਲੇਸ਼ਣ ਤੇ ਵਿਵੇਚਨ,* ਨਵੀਂ ਦਿੱਲੀ: ਪੰਜਾਬੀ ਬੁਕ ਸਟੋਰ, 1968.

- ਭੱਲਾ, ਸਰੂਪ ਦਾਸ, *ਮਹਿਮਾ ਪ੍ਰਕਾਸ਼,* ਭਾਗ ਦੂਜਾ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਜਨਵਰੀ 1971.
- ਭੱਲਾ, ਜਸਬੀਰ ਸਿੰਘ, (ਡਾ.), *ਧਰਮ ਅਤੇ ਸਮਾਜ ਇਕ ਅਧਿਐਨ,* ਮਨਪ੍ਰੀਤ ਪ੍ਰਕਾਸ਼ਨ, ਜਲੰਧਰ, 2002.
- ਭਾਟੀਆ, ਸੁਰਜੀਤ ਸਿੰਘ, *ਸਿਮਰਨ ਸੇਵਾ ਸਿੱਖ ਆਚਰਣ,* ਲਾਹੌਰ ਬੁੱਕ ਸ਼ਾਪ, ਲੁਧਿਆਣਾ, 1987.
- ਰਾਮਮੂਰਤੀ ਮਿਸ਼ਰ, *ਮਹਾਂਮਾਨਵ ਬਨਨੇ ਕੀ ਆਚਾਰ ਸਹਿੰਤਾ,* ਅਲਪਨਾ ਪ੍ਰਕਾਸ਼ਨ, ਪੁਰਾਣਾ ਅੱਲਾਪੁਰ, ਇਲਾਹਾਬਾਦ, 2012,
- ਮਨਜੀਤ ਸਿੰਘ, *ਧਰਮ ਦਰਸ਼ਨ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007.
- ਮੋਂਗਾ ਸੋਨਦੀਪ (ਡਾ.), *ਸ੍ਰੀ ਗੁਰੂ ਗ੍ਰੰਥ ਸਾਹਿਬ: ਵਿਸ਼ਵ ਸ਼ਾਂਤੀ ਦਾ ਪ੍ਰਵਚਨ,* ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ, ਪਟਿਆਲਾ, 2017.
- ਰਣਧੀਰ ਸਿੰਘ (ਸੰਪਾ.), *ਪ੍ਰੇਮ ਸੁਮਾਰਗ ਗ੍ਰੰਥ,* ਨਿਊ ਬੁੱਕ ਕੰਪਨੀ ਮਾਈ ਹੀਰਾ ਗੇਟ, ਜਲੰਧਰ, 2000.
- ਵਜ਼ੀਰ ਸਿੰਘ, *ਧਰਮ ਦਾ ਦਾਰਸ਼ਨਿਕ ਪੱਖ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1999.
- ਵੀਰ ਸਿੰਘ (ਭਾਈ), (ਸੰਪਾ.), *ਸਿੱਖਾਂ ਦੀ ਭਗਤਮਾਲਾ,* ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2011.


**ਕੋਸ਼**


- ਓਅੰਕਾਰ ਸਿੰਘ, *ਕਬਿੱਤ ਸਵੈਯੇ ਭਾਈ ਗੁਰਦਾਸ ਅਨੁਕ੍ਰਮਣਿਕਾ ਤੇ ਕੋਸ਼,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1993.
- ਗੁਰਚਰਨ ਸਿੰਘ (ਡਾ.), (ਸੰਪਾ.), *ਸ੍ਰੀ ਗੁਰੂ ਗ੍ਰੰਥ ਕੋਸ਼,* ਜਿਲਦ ਦੂਜੀ, ਪੰਜਾਬੀ ਯੂਨੀਵਰਸਿਟੀ,

ਪਟਿਆਲਾ, 2008.

- _________, (ਸੰਪਾ.), *ਸ੍ਰੀ ਗੁਰੂ ਗ੍ਰੰਥ ਕੋਸ਼,* ਜਿਲਦ ਪਹਿਲੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.
- ਜੱਗੀ, ਰਤਨ ਸਿੰਘ (ਡਾ.), *ਸਿੱਖ ਪੰਥ ਵਿਸ਼ਵਕੋਸ਼* ਭਾਗ ਪਹਿਲਾ, ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005.
- _________, *ਪੰਜਾਬੀ ਸਾਹਿਤ ਸੰਦਰਭ ਕੋਸ਼,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1994.
- ਨਵਲਜੀ, *ਨਾਲੰਦਾ ਵਿਸ਼ਾਲ ਸ਼ਬਦ ਸਾਗਰ,* ਇੰਮਪੀਰੀਅਲ ਬੁੱਕ ਡਿਪੋ, ਨਵੀਂ ਦਿੱਲੀ, ਮਿਤੀ ਹੀਨ.
- ਨਾਭਾ, ਕਾਨ੍ਹ ਸਿੰਘ (ਭਾਈ), *ਗੁਰੁਮਤ ਮਾਰਤੰਡ ਭਾਗ 2,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 2008.
- _________, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, 1999.
- *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ* (ਭਾਗ 1-4), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, 2002.
- *ਕੁਰਾਨ ਮਜੀਦ,* ਸਯੱਦ ਅਬੁਲ ਆਲਾ ਮੌਦੂਦੀ (ਟੀਕਾਕਾਰ), ਰਮਜ਼ਾਨ ਸਈਦ (ਅਨੁ.), ਦਿੱਲੀ ਅਲ-ਕੁਰਆਨ ਇੰਸਟੀਚਿਊਟ, ਦਿੱਲੀ, 2015.
- *ਪਵਿੱਤਰ ਬਾਇਬਲ,* ਬਾਈਬਲ ਸੋਸਾਇਟੀ ਆਫ ਇੰਡੀਆ, ਬੰਗਲੋਰ, 1981.
- *ਰਿਗਵੇਦ (ਸੰਸਕ੍ਰਿਤ-ਹਿੰਦੀ),* ਗੰਗਾ ਸਹਾਇ ਸ਼ਰਮਾ, (ਡਾ.), (ਟੀਕਾਕਾਰ), ਸੰਸਕ੍ਰਿਤ ਸਾਹਿਤਯ ਪ੍ਰਕਾਸ਼ਨ, ਨਵੀਂ ਦਿੱਲੀ, 2014.

**English Books**

- Avtar Singh, *Ethic of the Sikhs,* Publication Bureau Punjabi University, Patiala, 1970.
- Darshan Singh (Ed.), *Guru Granth Sahib among the Scriptures of the World,*

Publication Bureau, Punjabi University, Patiala, 2004.

- Farida Khanam (Dr.), *A Study of World's Major Religions,* Chaus Publishing Company, City Chowk, Aurangabad, 2014.
- Harbans Singh (ed.), *Approaches to the Study of Religion,* Publication Bureau Punjabi University, Patiala, 1999.
- Kohli, S.S, *Philosophy of Guru Nanak,* Publication Bureau, Panjab University, Chandigarh, 1998.
- Max Arthur Macauliffe, *The Sikh Religion*, Part (1 & 2), Satvic Media Pvt. Ltd., Amritsar, 2009.

ਇੰਟਰਨੈੱਟ ਲਿੰਕਸ/ਵੈਬਸਾਇਟਾਂ

- https://pa.wikipedia.org/wiki/%E0%A8%A6%E0%A8%B8%E0%A8%B5%E0%A9%B0%E
- http://www.sikhmarg.com/2017/0903-gurbani-ate-daan.html
- https://pa.wikipedia.org/wiki/%E0%A8%B8%E0%A9%87%E0%A8%B5%E0%A8%BE
- https://punjabipedia.org/topic.aspx?txt=%E0%A8%B8%E0%A8%A4%E0%A8%BF%E0%A8%B8%E0%A9%B0%E0%A8%97%E0%A8%A4%20%E0%A8%B8%E0%A8%BE%E0%A8%A7%E0%A8%B8%E0%A9%B0%E0%A8%97%E0%A8%A4
- https://punjabipedia.org/topic.aspx?txt=%u0a38%u0a3f%u0a71%u0a16+%u0a27%u0a30%u0a2e+%u0a05%u0a24%u0a47+%u0a1c%u0a3e%u0a24-%u0a2a%u0a3e%u0a24
- https://punjabipedia.org/topic.aspx?txt=%E0%A8%B8%E0%A9%B0%E0%A8%A4%E0%A9%8B%
- https://punjabipedia.org/topic.aspx?txt=%E0%A8%B9%E0%A8%BF%E0%A9%B0%E0%A8%B8%E0%A8%BE
- https://punjabipedia.org/topic.aspx?txt=%E0%A8%89%E0%A8%AA%E0%A8%95%E0%A8%B

# ਨਾਨਕ ਪ੍ਰਕਾਸ਼ ਪੱਤ੍ਰਿਕਾ

ਜੂਨ 2016 ਅੰਕ ਪਹਿਲਾ

## ਬਾਬਾ ਬੰਦਾ ਸਿੰਘ ਬਹਾਦਰ ਵਿਸ਼ੇਸ਼ ਅੰਕ

ਸੰਪਾਦਕ
ਡਾ. ਸਰਬਜਿੰਦਰ ਸਿੰਘ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

Scanned by CamScanner

©
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ
*(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਿਤ)*

**NANAK PARKASH PATRIKA** *(Punjabi)*
**Journal of Sikh Studies**

*Edited by*
**DR. SARBJINDER SINGH**
*Professor & Chairperson*
Bhai Gurdas Chair
Punjabi University, Patiala

ਸਰਪ੍ਰਸਤ
**ਡਾ. ਜਸਪਾਲ ਸਿੰਘ**
ਵਾਈਸ-ਚਾਂਸਲਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ISBN : 978-81-302-0487-1

2019
ਕਾਪੀਆਂ : 500
ਕੀਮਤ : 100/-

ਪੁਸਤਕ ਮੰਗਵਾਉਣ ਲਈ ਬਣਦੀ ਕੀਮਤ ਦਾ ਬੈਂਕ ਡਰਾਫਟ ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾ ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੂੰ ਭੇਜਿਆ ਜਾਵੇ ।

ਲੇਜ਼ਰ ਟਾਈਪ ਸੈਟਿੰਗ : ਵੈਸਟਰਨ ਪ੍ਰਿੰਟਰਜ਼, ਪਟਿਆਲਾ
ਡਾ. ਮਨਜੀਤ ਸਿੰਘ ਨਿੱਜਰ, ਰਜਿਸਟਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ ਪ੍ਰਕਾਸ਼ਿਤ ਕੀਤੀ ਅਤੇ ਮੈਸਰਜ਼ ਘੁਮਾਣ ਪ੍ਰਿੰਟਰਜ਼, ਪਟਿਆਲਾ ਵਿਖੇ ਛਾਪੀ ।

Scanned by CamScanner

# ਨਵਾਂ ਇਤਿਹਾਸ ਸਿਰਜਿਆ ਸੀ ਬਾਬਾ ਬੰਦਾ ਸਿੰਘ ਬਹਾਦਰ ਨੇ

ਇਤਿਹਾਸ ਦੇ ਪੰਨਿਆਂ 'ਤੇ ਬਾਬਾ ਬੰਦਾ ਸਿੰਘ ਬਹਾਦਰ ਦਾ ਨਾਂ ਸੁਨਹਿਰੇ ਅੱਖਰਾਂ ਵਿਚ ਦਰਜ ਹੈ। ਆਪਣੇ ਵਿਲੱਖਣ ਕਿਰਦਾਰ ਨਾਲ ਉਸਨੇ ਭਵਿੱਖ ਦੀ ਬਣਤਰ ਤੇ ਨੁਹਾਰ ਬਦਲ ਦਿੱਤੀ ਸੀ। ਦਸਮ ਪਿਤਾ ਗੁਰੂ ਗੋਬਿੰਦ ਸਿੰਘ ਪਾਤਸ਼ਾਹ ਪਾਸੋਂ ਬਖਸ਼ਿਸ਼ਾਂ ਪ੍ਰਾਪਤ ਕਰਕੇ ਉਸਨੇ ਇਕ ਵੱਡੀ ਇਤਿਹਾਸਿਕ ਮੁਹਿੰਮ ਦਾ ਆਗਾਜ਼ ਕੀਤਾ ਸੀ, ਜਿਸ ਦਾ ਅੰਜਾਮ ਪਹਿਲਾ ਖੁਦਮੁਖਤਿਆਰ ਖਾਲਸਾ ਰਾਜ ਸੀ। ਬੜੇ ਲੰਮੇ ਵਕਫੇ ਤੋਂ ਬਾਅਦ ਆਪਣੀ ਧਰਤੀ 'ਤੇ ਆਪਣੇ ਲੋਕਾਂ ਦੀ ਹਕੂਮਤ ਕਾਇਮ ਹੋਈ ਸੀ। ਨਿਰਸੰਦੇਹ, ਇਹ ਇਕ ਵੱਡੀ ਇਤਿਹਾਸਿਕ ਪ੍ਰਾਪਤੀ ਸੀ। ਦੂਜੇ ਪਾਸੇ ਜਿਸ ਤਰ੍ਹਾਂ ਖੜ੍ਹੇ ਮੱਥੇ ਇਕ ਮਹਾਨ ਉਦੇਸ਼ ਦੀ ਪ੍ਰਾਪਤੀ ਲਈ ਉਸਨੇ ਆਪਣੇ ਪ੍ਰਾਣ ਦੀ ਆਹੂਤੀ ਦਿੱਤੀ ਸੀ, ਉਸ ਦਾ ਵੀ ਇਕ ਆਪਣਾ ਨਿਵੇਕਲਾ ਇਤਿਹਾਸਿਕ ਮਹੱਤਵ ਹੈ। ਸਿੱਖ ਇਤਿਹਾਸ ਦਾ ਹਰ ਸਫ਼ਾ ਸ਼ਹੀਦਾਂ ਦੇ ਲਹੂ ਨਾਲ ਭਿੱਜਿਆ ਹੋਇਆ ਹੈ, ਪਰ ਸ਼ਹਾਦਤਾਂ ਦੇ ਇਤਿਹਾਸ ਵਿਚ ਵੀ ਬੰਦਾ ਸਿੰਘ ਬਹਾਦਰ ਦੀ ਵੱਖਰੀ ਥਾਂ ਹੈ।

ਇਤਿਹਾਸ ਦੇ ਘਟਨਾਕ੍ਰਮ ਨੂੰ ਘੋਖੀਏ, ਤਾਂ ਸਾਰੀ ਗੱਲ ਨਾਂਦੇੜ ਦੀ ਧਰਤੀ 'ਤੇ ਹੋਈ ਇਕ ਮੁਲਾਕਾਤ ਤੋਂ ਸ਼ੁਰੂ ਹੋਈ ਸੀ। ਇਸ ਮੁਲਾਕਾਤ ਵਿਚ ਇਕ ਨਿਵੇਕਲਾ ਸੰਵਾਦ ਵਾਪਰਿਆ ਸੀ। ਭਾਈ ਰਤਨ ਸਿੰਘ ਭੰਗੂ ਦੇ 'ਪੰਥ ਪ੍ਰਕਾਸ਼' ਵਿਚ ਗੁਰੂ ਗੋਬਿੰਦ ਸਿੰਘ ਅਤੇ ਮਾਧੋਦਾਸ ਵਿਚਕਾਰ ਹੋਈ ਗੱਲਬਾਤ ਦਾ ਵੇਰਵਾ ਇਸ ਤਰ੍ਹਾਂ ਦਰਜ ਹੈ:

ਤਬ ਉਨ ਕਹਯੋ 'ਮੈਂ ਬੰਦਾ ਤੇਰਾ। ਮੈਂ ਤੁਹਿ ਸਿਖ, ਗੁਰੂ ਤੂੰ ਮੇਰਾ।'
ਪਿਛਲੀ ਬਾਤ ਮਾਫ ਹਮ ਕੀਜੈ। ਅਬ ਹੁਇ ਫਿਰ ਤੋਂ ਜੀ ਆਯੋ ਕੀਜੈ।
ਅਬ ਮੈਂ ਭਯੋ, ਤੁਮਾਰੋ ਦਾਸ। ਸੋ ਮੈਂ ਕਰੋਂ, ਹੁਕਮ ਹੋਇ ਖਾਸ।
ਹਮ ਕੋ ਕੀਜੈ ਅਪਨੋ ਦਾਸ। ਦਾਸ ਜਾਨ ਰਾਖੋ ਨਿਜ ਪਾਸ॥

ਇਸ ਸੰਵਾਦ ਤੋਂ ਬਾਅਦ ਮਾਧੋਦਾਸ ਬੈਰਾਗੀ ਨੇ ਆਪਣੀ ਪਿਛਲੀ ਜ਼ਿੰਦਗੀ ਨਾਲੋਂ ਤੋੜ ਵਿਛੋੜਾ ਕਰ ਲਿਆ ਸੀ। ਇਕ ਵੱਡੇ ਉਦੇਸ਼ ਲਈ, ਇਕ ਨਵੀਂ ਜ਼ਿੰਦਗੀ ਜੀਉਣ ਦਾ ਅਹਿਦ ਕਰ ਲਿਆ ਸੀ। ਗੁਰੂ ਸਾਹਿਬ ਨੇ ਉਸਨੂੰ ਖੰਡੇ-ਬਾਟੇ ਦੇ ਅੰਮ੍ਰਿਤ ਦੀ ਦਾਤ ਬਖਸ਼ ਕੇ ਮਾਧੋਦਾਸ ਤੋਂ ਬੰਦਾ ਸਿੰਘ ਬਣਾ ਦਿੱਤਾ ਸੀ ਅਤੇ ਖਾਲਸੇ ਦਾ ਜਥੇਦਾਰ ਥਾਪ ਦਿੱਤਾ ਸੀ। ਫਿਰ ਪੰਜਾਬ ਵੱਲ ਰਵਾਨਾ ਕਰਨ ਵੇਲੇ, ਸਮੇਤ ਨਿਸ਼ਾਨ ਸਾਹਿਬ ਅਤੇ ਨਗਾਰੇ ਦੇ, ਆਪਣੇ ਭੱਥੇ ਵਿਚੋਂ ਪੰਜ ਤੀਰ ਦਿੱਤੇ ਸਨ। ਨਾਲ ਹੀ ਉਸ ਦੀ ਮਦਦ ਲਈ ਪੰਜ ਮੁਖੀ ਸਿੰਘਾਂ ਅਤੇ 20 ਦੇ ਕਰੀਬ ਹੋਰ ਜਾਂਬਾਜ ਸਿੰਘਾਂ ਨੂੰ ਵੀ ਉਸਦੇ ਨਾਲ ਤੋਰ ਦਿੱਤਾ ਸੀ। ਪੰਜਾਬ ਦੇ ਮੁਖੀ ਸਿੱਖਾਂ ਦੇ ਨਾਂ ਹੁਕਮਨਾਮੇ ਵੀ ਗੁਰੂ ਸਾਹਿਬ ਨੇ ਬੰਦਾ ਸਿੰਘ ਨੂੰ ਸੌਂਪ ਦਿੱਤੇ ਸਨ ਜਿਹਨਾਂ ਵਿਚ ਉਸਦੀ ਅਗਵਾਈ ਵਿਚ ਖਾਲਸੇ ਨੂੰ ਉਸਦੀ ਮੁਹਿੰਮ ਵਿਚ ਸ਼ਾਮਲ ਹੋਣ ਦੇ ਆਦੇਸ਼ ਦਰਜ ਸਨ।

ਇਤਿਹਾਸਿਕ ਸਰੋਤਾਂ ਮੁਤਾਬਕ 1708 ਈਸਵੀ ਦੇ ਅਕਤੂਬਰ ਦੇ ਮਹੀਨੇ, ਬੰਦਾ ਸਿੰਘ ਨੇ ਗੁਰੂ ਗੋਬਿੰਦ ਸਿੰਘ ਦੀ ਆਗਿਆ ਦਾ ਪਾਲਣ ਕਰਦਿਆਂ ਬੜੇ ਮਜਬੂਤ ਇਰਾਦੇ ਨਾਲ ਪੰਜਾਬ ਵੱਲ ਕੂਚ ਕਰ ਦਿੱਤਾ ਸੀ। ਖਾਲਸਾ ਫੌਜ ਇਕ ਤੋਂ ਬਾਅਦ ਇਕ ਜਿੱਤ ਹਾਸਲ ਕਰ ਰਹੀ ਸੀ ਅਤੇ ਉਸਦੇ ਹੌਂਸਲੇ ਵਧਦੇ ਚਲੇ ਜਾ ਰਹੇ ਸਨ। ਦੂਜੇ ਪਾਸੇ, ਸਰਹਿੰਦ ਦੇ ਹਾਕਮ ਵਜ਼ੀਰ ਖਾਨ ਨੂੰ ਬੰਦਾ ਸਿੰਘ ਦੀਆਂ ਲਗਾਤਾਰ ਹੋ ਰਹੀਆਂ ਜਿੱਤਾਂ ਦੀ ਖਬਰ ਮਿਲ ਰਹੀ ਸੀ। ਉਹ ਬੁਰੀ ਤਰ੍ਹਾਂ ਸਹਿਮਿਆ ਹੋਇਆ ਸੀ। ਡਰੇ ਹੋਏ ਵਜ਼ੀਰ ਖਾਨ ਨੇ ਜਹਾਦ ਦਾ ਨਾਅਰਾ ਲਾ ਕੇ ਚਾਰੇ ਪਾਸਿਉਂ ਮਦਦ ਦੀ ਗੁਹਾਰ ਲਾਉਣੀ ਸ਼ੁਰੂ ਕਰ ਦਿੱਤੀ।

ਖਾਲਸਾ ਫੌਜ, ਬੰਦਾ ਸਿੰਘ ਦੀ ਕਮਾਨ ਹੇਠਾਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਉਪਰ ਜ਼ੁਲਮ ਕਰਨ ਵਾਲੇ ਜ਼ਾਲਮਾਂ ਨੂੰ ਸਬਕ ਸਿਖਾਉਣ ਲਈ ਤਤਪਰ ਸੀ। ਉਸਦੇ ਸਬਰ ਦਾ ਪਿਆਲਾ ਲਬਾਲਬ ਭਰਿਆ ਹੋਇਆ ਸੀ।

Scanned by CamScanner

ਆਖਰ ਬੰਦਾ ਸਿੰਘ ਨੇ ਸਿੱਖਾਂ ਨੂੰ ਸਰਹਿੰਦ 'ਤੇ ਚੜ੍ਹਾਈ ਦੇ ਹੁਕਮ ਦੇ ਦਿੱਤੇ ਅਤੇ ਨਤੀਜੇ ਵਜੋਂ ਚਪੜ-ਚਿੜੀ ਦੇ ਮੈਦਾਨ ਵਿਚ 12 ਮਈ, 1710 ਨੂੰ ਇਕ ਗਹਿਗੱਚ ਅਤੇ ਫੈਸਲਾਕੁੰਨ ਲੜਾਈ ਹੋਈ। ਸਿੱਖ ਸਿਰ-ਧੜ ਦੀ ਬਾਜ਼ੀ ਲਾ ਕੇ ਵਜ਼ੀਰ ਖਾਨ ਦੀ ਲਾਮ-ਲਸ਼ਕਰ ਵਾਲੀ ਫੌਜ 'ਤੇ ਟੁੱਟ ਪਏ। ਇਸ ਖੂਨੀ ਲੜਾਈ ਵਿਚ ਵਜ਼ੀਰ ਖਾਂ ਮਾਰਿਆ ਗਿਆ ਅਤੇ ਉਸਦੀ ਮੌਤ ਨਾਲ ਸ਼ਾਹੀ ਫੌਜ ਵਿਚ ਬੁਰੀ ਤਰ੍ਹਾਂ ਭਗਦੜ ਮਚ ਗਈ। ਬੰਦਾ ਸਿੰਘ ਦੀ ਅਗਵਾਈ ਵਿਚ ਖਾਲਸੇ ਨੇ ਸਰਹਿੰਦ ਨੂੰ ਫ਼ਤਿਹ ਕਰ ਲਿਆ।

ਬੰਦਾ ਸਿੰਘ ਦੀ ਮੁਹਿੰਮ ਦੀ ਕਾਮਯਾਬੀ ਦੀ ਇਹ ਸਿਖਰ ਸੀ। ਇਕ ਤਰ੍ਹਾਂ ਨਾਲ ਸਤਲੁਜ ਤੋਂ ਜਮੁਨਾ ਤਕ ਖਾਲਸਾ ਰਾਜ ਕਾਇਮ ਹੋ ਗਿਆ ਸੀ। ਬਾਜ ਸਿੰਘ ਨੂੰ ਸਰਹਿੰਦ ਦਾ ਹਾਕਮ ਨਿਯੁਕਤ ਕਰ ਦਿੱਤਾ ਗਿਆ। ਮੁਖਲਿਸਪੁਰ ਨੂੰ ਲੋਹਗੜ੍ਹ ਦਾ ਨਾਂ ਦੇ ਕੇ ਉਸਨੂੰ ਨਵੇਂ ਸਥਾਪਿਤ ਰਾਜ ਦੀ ਰਾਜਧਾਨੀ ਐਲਾਨ ਦਿੱਤਾ ਗਿਆ।

ਗਹੁ ਨਾਲ ਵੇਖੀਏ ਤਾਂ ਭਾਰਤ ਦੀ ਧਰਤੀ 'ਤੇ ਪਹਿਲੇ ਖਾਲਸਾ ਰਾਜ ਦੇ ਰੂਪ ਵਿਚ, ਬੜੇ ਲੰਮੇ ਸਮੇਂ ਬਾਅਦ ਇਕ ਆਜ਼ਾਦ ਤੇ ਖ਼ੁਦਮੁਖਤਿਆਰ ਰਾਜ ਦੀ ਸਥਾਪਨਾ ਹੋਈ ਸੀ। ਉਹ ਵੀ ਜੰਗ ਦੇ ਮੈਦਾਨ ਵਿਚ ਜ਼ਾਲਮ ਹੁਕਮਰਾਨਾਂ ਨੂੰ ਫੈਸਲਾਕੁੰਨ ਸ਼ਿਕਸਤ ਦੇ ਕੇ। ਇਹ ਵੀ ਧਿਆਨਯੋਗ ਤੱਥ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਰਾਜ ਨੂੰ ਵਿਅਕਤੀਗਤ ਰਾਜ ਦਾ ਸਰੂਪ ਨਹੀਂ ਸੀ ਦਿਤਾ। ਨਵੇਂ ਬਣੇ ਰਾਜ ਵਿਚ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਨਾਂ ਦਾ ਸਿੱਕਾ ਜਾਰੀ ਕੀਤਾ ਸੀ। ਫਿਰ ਇਸ ਰਾਜ ਵਿਚ ਲੋਕਤੰਤਰੀ ਅਤੇ ਧਰਮ-ਨਿਰਪੱਖ ਪਰੰਪਰਾਵਾਂ ਦੀ ਵਜਾਹਤ ਹੁੰਦੀ ਸਾਫ ਨਜ਼ਰ ਆ ਰਹੀ ਸੀ। ਆਮ ਲੋਕਾਂ ਦੇ ਬੁਨਿਆਦੀ ਅਧਿਕਾਰਾਂ ਨੂੰ ਬਹਾਲ ਕਰ ਦਿੱਤਾ ਗਿਆ ਸੀ। ਸਾਧਨ-ਵਿਹੂਣੇ ਲੋਕਾਂ ਨੂੰ ਰਾਜ ਸੱਤਾ ਵਿਚ ਹਿੱਸੇਦਾਰੀ ਪ੍ਰਾਪਤ ਹੋ ਗਈ ਸੀ। ਜ਼ਿਮੀਦਾਰੀ ਪ੍ਰਥਾ ਨੂੰ ਖਤਮ ਕਰ ਦਿੱਤਾ ਗਿਆ ਸੀ ਅਤੇ ਵਾਹੀਕਾਰ ਕਿਸਾਨਾਂ ਨੂੰ ਮਾਲਕੀ ਦੇ ਅਧਿਕਾਰ ਦੇ ਦਿੱਤੇ ਗਏ ਸਨ।

ਪਰ ਇਤਿਹਾਸ ਦਾ ਇਕ ਹੋਰ ਦੌਰ ਸਾਡੇ ਸਾਹਮਣੇ ਹੈ। ਹਾਲਾਤ ਨੇ ਇਸ ਰਾਜ ਨੂੰ ਬਹੁਤਾ ਸਮਾਂ ਨਹੀਂ ਦਿੱਤਾ। ਪ੍ਰਸਥਿਤੀਆਂ ਬਦਲ ਗਈਆਂ। ਆਖਰੀ ਮੁਹਿੰਮ ਵੇਲੇ, ਲੰਮੀ ਘੇਰਾਬੰਦੀ ਤੋਂ ਬਾਅਦ, ਗੁਰਦਾਸ ਨੰਗਲ ਦੀ ਗੜ੍ਹੀ 'ਚੋਂ ਬਾਬਾ ਬੰਦਾ ਸਿੰਘ ਬਹਾਦਰ ਅਤੇ ਉਸਦੇ ਜਾਂਬਾਜ ਸਾਥੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਫਿਰ ਇਕ ਜਲੂਸ ਦੀ ਸ਼ਕਲ ਵਿਚ ਸਾਰਿਆਂ ਨੂੰ ਦਿੱਲੀ ਲਿਆਂਦਾ ਗਿਆ। ਜਲੂਸ ਦੀ ਇਕ ਵੱਖਰੀ ਦਾਸਤਾਨ ਹੈ। ਮਿਰਜਾ ਮੁਹੰਮਦ ਹਰੀਸੀ, ਜਿਸ ਨੇ ਆਪਣੀ ਅੱਖੀਂ ਇਹ ਜਲੂਸ ਵੇਖਿਆ ਅਤੇ ਫਿਰ ਸਾਰੇ ਵਾਕਿਆਤ ਨੂੰ ਇਬਰਤਨਾਮਾ ਵਿਚ ਕਲਮਬੰਦ ਕੀਤਾ, ਲਿਖਦਾ ਹੈ – 'ਦਿੱਲੀ ਸ਼ਹਿਰ ਦਾ ਵਿਰਲਾ ਹੀ ਕੋਈ ਬੰਦਾ ਹੋਵੇਗਾ ਜਿਹੜਾ ਇਹ ਜਲੂਸ ਵੇਖਣ ਨਾ ਆਇਆ ਹੋਵੇ। ਸੜਕਾਂ ਤੇ ਬਾਜ਼ਾਰਾਂ ਵਿਚ ਇਹੋ ਜਿਹੀ ਭੀੜ ਪਹਿਲਾਂ ਸ਼ਾਇਦ ਹੀ ਕਦੇ ਵੇਖੀ ਗਈ ਹੋਵੇ।'

ਜਲੂਸ ਦੀ ਤਰਤੀਬ ਬਹੁਤ ਭਿਆਨਕ ਤੇ ਖ਼ੌਫ਼ਨਾਕ ਸੀ। ਅੱਜ ਵੀ ਦਿਲ ਕੰਬ ਉਠਦਾ ਹੈ ਤਫ਼ਸੀਲ ਸੁਣ ਕੇ। ਸਭ ਤੋਂ ਪਹਿਲਾਂ ਨੇਜਿਆਂ ਤੇ ਬਰਛਿਆਂ ਉਪਰ ਟੰਗੇ ਸਿੱਖਾਂ ਦੇ ਸਿਰ ਸਨ, ਜਿਨ੍ਹਾਂ ਦੀ ਗਿਣਤੀ ਤਕਰੀਬਨ ਦੋ ਹਜ਼ਾਰ ਸੀ। ਇਸ ਤੋਂ ਬਾਅਦ ਵਾਰੀ ਸੀ ਬੰਦਾ ਸਿੰਘ ਬਹਾਦਰ ਦੀ। ਉਹ ਹਾਥੀ ਉਪਰ ਰੱਖੇ ਲੋਹੇ ਦੇ ਪਿੰਜਰੇ ਵਿਚ, ਤਿੱਲੇ ਵਾਲੀ ਲਾਲ ਪੱਗ ਬੰਨ੍ਹੀ ਅਤੇ ਤਿੱਲੇ ਨਾਲ ਕੱਢੀ ਹੋਈ ਲਾਲ ਪੁਸ਼ਾਕ ਪਾਈ, ਸੰਗਲਾਂ ਵਿੱਚ ਕੈਦ ਸੀ। ਉਸ ਦੇ ਪੈਰਾਂ ਵਿਚ ਬੇੜੀਆਂ ਸਨ, ਗਲੇ ਵਿਚ ਚੱਕਰ ਅਤੇ ਸਰੀਰ ਦੁਆਲੇ ਸੰਗਲਾਂ ਹੀ ਸੰਗਲਾਂ। ਜਿਸ ਲੋਹੇ ਦੇ ਪਿੰਜਰੇ ਵਿਚ ਸੰਗਲਾਂ ਨਾਲ ਜਕੜਿਆ ਹੋਇਆ ਬੰਦਾ ਕੈਦ ਸੀ, ਉਸ ਦੇ ਚਾਰੇ ਪਾਸੇ ਮੋਟੀਆਂ ਸੰਗਲਾਂ ਦਾ ਇਕ ਹੋਰ ਘੇਰਾ ਪਾਇਆ ਹੋਇਆ ਸੀ ਤਾਂ ਜੋ ਪਰਾਕ੍ਰਮੀ ਬੰਦਾ ਸੰਗਲਾਂ ਤੇ ਪਿੰਜਰਾ ਤੋੜ ਕੇ ਬਾਹਰ ਨਾ ਨਿਕਲ ਆਵੇ। ਫਿਰ ਕੋਈ ਜ਼ੋਖ਼ਮ ਨਾ ਲੈਂਦਿਆਂ, ਹੁਕਮਰਾਨਾਂ ਦੀ ਹਦਾਇਤ 'ਤੇ ਇਕ ਮੁਗਲ ਫ਼ੌਜੀ ਅਫ਼ਸਰ, ਨੰਗੀ ਤਲਵਾਰ ਲੈ ਕੇ ਤਿਆਰੀ ਵਿਚ ਉਸ ਦੇ ਪਿੱਛੇ ਖੜ੍ਹਾ ਕੀਤਾ ਗਿਆ ਸੀ। ਬੰਦਾ ਸਿੰਘ ਤੋਂ ਬਾਅਦ ਜਲੂਸ ਵਿਚ 740 ਸਿੱਖ ਕੈਦੀ ਸਨ। ਸਾਰੇ ਜਲੂਸ ਦੇ ਅੰਤ ਵਿਚ ਜਿੱਤ ਦੇ ਨਸ਼ੇ ਵਿਚ ਮਗਰੂਰ, ਪਰ ਦਿਲੋਂ ਹਾਲਾਂ ਵੀ ਡਰੇ ਹੋਏ, ਮੁਗਲ ਫ਼ੌਜ ਦੇ ਸਿਪਾਹ-ਸਲਾਰ ਘੋੜਿਆਂ ਉਪਰ ਸਵਾਰ ਸਨ।

ਜਲੂਸ ਤੋਂ ਬਾਅਦ ਗੱਲ ਤੁਰਦੀ ਹੈ ਦਿਲ-ਕੰਬਾ ਦੇਣ ਵਾਲੀ ਖ਼ੌਫ਼ਨਾਕ ਸ਼ਹਾਦਤਾਂ ਦੀ। ਸਰਬਰਾਹ ਖ਼ਾਨ ਕੋਤਵਾਲ ਦੀ ਨਿਗਰਾਨੀ ਵਿਚ 'ਚਬੂਤਰਾ ਕੋਤਵਾਲੀ' ਦੇ ਸਾਹਮਣੇ ਸਿੱਖਾਂ ਦਾ ਕਤਲੇਆਮ ਸ਼ੁਰੂ ਹੋ ਗਿਆ। ਰੋਜ਼ ਇਕ ਸੌ ਸਿੱਖਾਂ

Scanned by CamScanner

ਨੂੰ ਕੈਦਖ਼ਾਨੇ ਵਿਚੋਂ ਕੱਢਿਆ ਜਾਂਦਾ ਅਤੇ ਫਿਰ ਕਤਲਗਾਹ ਵਿਚ ਉਨ੍ਹਾਂ ਦੀਆਂ ਲਾਈਨਾਂ ਬਣਾਈਆਂ ਜਾਂਦੀਆਂ। ਜੱਲਾਦ ਹਰ ਇਕ ਸਿੱਖ ਨੂੰ ਇਕ ਵਾਰ ਜ਼ਰੂਰ ਪੁੱਛਦਾ ਸੀ ਕਿ ਕੀ ਉਹ ਆਪਣਾ ਧਰਮ ਛੱਡ ਕੇ ਇਸਲਾਮ ਧਾਰਣ ਲਈ ਤਿਆਰ ਹੈ ਅਤੇ ਫਿਰ ਸਿੱਖ ਦੇ ਨਾਂਹ ਕਰਨ 'ਤੇ ਉਸ ਦਾ ਸਿਰ ਧੜ ਨਾਲੋਂ ਜੁਦਾ ਕਰ ਦਿੱਤਾ ਜਾਂਦਾ ਸੀ। ਹਫ਼ਤਾ ਭਰ ਇਹ ਸਿਲਸਿਲਾ ਚਲਦਾ ਰਿਹਾ। ਸਾਰੇ ਸਿੱਖਾਂ ਨੇ ਮੌਤ ਨੂੰ ਹੱਸ ਹੱਸ ਕੇ ਕਬੂਲ ਕੀਤਾ ਅਤੇ ਉਨ੍ਹਾਂ ਵਿਚੋਂ ਇਕ ਵੀ ਇਹੋ ਜਿਹਾ ਨਹੀਂ ਨਿਕਲਿਆ ਜਿਸ ਨੇ ਮੁਗਲ ਹਕੂਮਤ ਦੀ ਈਨ ਮੰਨੀ ਹੋਵੇ ਜਾਂ ਸਿੱਖੀ ਤੋਂ ਮੁਨਕਰ ਹੋਇਆ ਹੋਵੇ।

ਸਿੱਖਾਂ ਦੇ ਇਸ ਕਤਲੇਆਮ ਤੋਂ ਤਿੰਨਾਂ ਮਹੀਨਿਆਂ ਬਾਅਦ ਬੰਦਾ ਸਿੰਘ ਬਹਾਦਰ ਨੂੰ ਕਿਲ੍ਹੇ ਦੀ ਕੈਦ ਵਿਚੋਂ ਕੱਢਿਆ ਗਿਆ। ਉਸ ਦੇ ਨਾਲ ਉਸ ਦਾ ਪੁੱਤਰ ਅਜੈ ਸਿੰਘ ਅਤੇ ਕੁਝ ਹੋਰ ਸਿੱਖ ਵੀ ਸਨ। ਇਬਰਤਨਾਮਾ ਹਰੀਸੀ ਅਨੁਸਾਰ ਬੰਦਾ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਖ਼ੁਆਜਾ ਕੁਤਬੁਦੀਨ ਬਖ਼ਤਿਆਰ ਕਾਕੀ ਦੀ ਦਰਗਾਹ 'ਤੇ ਲਿਆਂਦਾ ਗਿਆ ਅਤੇ ਉਨ੍ਹਾਂ ਨੂੰ ਬਹਾਦਰ ਸ਼ਾਹ ਦੇ ਮਕਬਰੇ ਦੁਆਲੇ ਪਰਿਕਰਮਾ ਵੀ ਕਰਾਈ ਗਈ।

ਸਰਕਾਰੀ ਦਰਬਾਰੀ ਕਾਰਵਾਈ ਪੂਰੀ ਕਰਨ ਉਪਰੰਤ ਬਾਬਾ ਬੰਦਾ ਸਿੰਘ ਨੂੰ ਬਿਠਾ ਕੇ, ਉਸ ਦੇ 4 ਸਾਲ ਦੇ ਪੁੱਤਰ ਅਜੈ ਸਿੰਘ ਨੂੰ ਉਸ ਦੀ ਝੋਲੀ ਵਿਚ ਪਾਇਆ ਗਿਆ ਅਤੇ ਕਿਹਾ ਗਿਆ ਕਿ ਉਹ ਉਸ ਦੀ ਜਾਨ ਲਵੇ। ਪਰ ਕੋਈ ਪਿਤਾ ਆਪਣੇ ਪੁੱਤਰ ਦੀ ਜਾਨ ਕਿੱਦਾਂ ਲੈ ਸਕਦਾ ਹੈ। ਬੰਦੇ ਨੇ ਨਾਂਹ ਕਰ ਦਿੱਤੀ। ਜੱਲਾਦ ਨੇ ਬੰਦੇ ਦੇ ਸਾਹਮਣੇ ਉਸ ਦੇ ਪੁੱਤਰ ਦੇ ਟੁਕੜੇ-ਟੁਕੜੇ ਕਰ ਦਿੱਤੇ ਅਤੇ ਇਕ ਲੰਮੇ ਚਾਕੂ ਨਾਲ ਬੱਚੇ ਦਾ ਕਲੇਜਾ ਕੱਢ ਕੇ ਪਿਤਾ ਦੇ ਮੂੰਹ ਵਿਚ ਤੁੰਨ ਦਿੱਤਾ। ਪੁੱਤਰ ਤੋਂ ਬਾਅਦ ਪਿਤਾ ਦੀ ਵਾਰੀ ਸੀ। ਬੰਦਾ ਸਿੰਘ ਬਹਾਦਰ ਨੂੰ ਤਸੀਹੇ ਤੇ ਤਸੀਹੇ ਦਿੱਤੇ ਜਾਣ ਲੱਗ ਪਏ। ਇਤਿਹਾਸਿਕ ਹਵਾਲਿਆਂ ਨਾਲ ਡਾ. ਗੰਢਾ ਸਿੰਘ ਵੱਲੋਂ ਦਿੱਤੀ ਤਫ਼ਸੀਲ ਮੁਤਾਬਕ - 'ਪਹਿਲਾਂ ਜੱਲਾਦ ਨੇ ਛੁਰੇ ਨਾਲ ਉਸਦੀ ਸੱਜੀ ਅੱਖ ਕੱਢ ਦਿੱਤੀ ਅਤੇ ਫੇਰ ਖੱਬੀ। ਇਸ ਤੋਂ ਬਾਅਦ ਉਸਦਾ ਖੱਬਾ ਪੈਰ ਵੱਢ ਦਿੱਤਾ ਅਤੇ ਉਸ ਦੇ ਪਿੱਛੋਂ ਦੋਨੋਂ ਹੱਥ ਵੱਢ ਕੇ ਵੱਖ-ਵੱਖ ਕਰ ਦਿੱਤੇ। ਫੇਰ ਭਖਦੇ ਲਾਲ ਗਰਮ ਲੋਹੇ ਦਿਆਂ ਚਿਮਟਿਆਂ ਨਾਲ ਉਸ ਦੇ ਪਿੰਡੇ ਦੇ ਮਾਸ ਦੀਆਂ ਬੋਟੀਆਂ ਖਿੱਚ ਖਿੱਚ ਤੋੜੀਆਂ ਗਈਆਂ ਅਤੇ ਅੰਤ ਵਿਚ ਉਸਦਾ ਸਿਰ ਵੱਢ ਦਿੱਤਾ ਅਤੇ ਸਰੀਰ ਦੇ ਬੰਦ ਬੰਦ ਕੱਟ ਦਿੱਤੇ। ਇਨ੍ਹਾਂ ਸਾਰੇ ਦੁੱਖ ਭਰਿਆਂ ਤਸੀਹਿਆਂ ਵਿਚ ਬੰਦਾ ਸਿੰਘ ਵਾਹਿਗੁਰੂ ਅਤੇ ਗੁਰੂ ਦੀ ਰਜ਼ਾ ਵਿਚ ਰਾਜੀ ਬਿਲਕੁਲ ਅਡੋਲ, ਇਸਥਿਰ ਅਤੇ ਸ਼ਾਂਤ-ਚਿਤ ਰਿਹਾ।'

ਸੱਚਮੁਚ, ਨਵਾਂ ਇਤਿਹਾਸ ਸਿਰਜਿਆ ਸੀ - ਬਾਬਾ ਬੰਦਾ ਸਿੰਘ ਬਹਾਦਰ ਨੇ। ਦੁਨੀਆਂ ਦੇ ਇਤਿਹਾਸ ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਵਰਗੀ ਕੋਈ ਦੂਸਰੀ ਮਿਸਾਲ ਨਹੀਂ ਮਿਲਦੀ। ਅੱਜ 300 ਸਾਲਾ ਸ਼ਹੀਦੀ ਸਮਾਗਮ ਦੇ ਮੌਕੇ 'ਤੇ ਬਾਬਾ ਬੰਦਾ ਸਿੰਘ ਬਹਾਦਰ ਦੇ ਵਿਲੱਖਣ ਕਿਰਦਾਰ ਨੂੰ ਅਤੇ ਉਸ ਦੀ ਬੇਮਿਸਾਲ ਸ਼ਹਾਦਤ ਨੂੰ ਪ੍ਰਣਾਮ ਕਰਨਾ ਚਾਹੁੰਦਾ ਹਾਂ ਅਤੇ ਅਕੀਦਤ ਪੇਸ਼ ਕਰਨਾ ਚਾਹੁੰਦਾ ਹਾਂ।

ਪੰਜਾਬੀ ਯੂਨੀਵਰਸਿਟੀ
ਪਟਿਆਲਾ

**ਡਾ. ਜਸਪਾਲ ਸਿੰਘ**
ਵਾਈਸ ਚਾਂਸਲਰ

Scanned by CamScanner

# ਸੰਪਾਦਕੀ

ਆਪਣੀ ਵਿਰਸਾਤ ਦੇ ਫ਼ਖ਼ਰ ਨੂੰ ਯਾਦ ਕਰਨਾ ਤੇ ਉਸਨੂੰ ਜਨ-ਸਮੂਹ ਦੀ ਚੇਤਨਾ ਦਾ ਭਾਗ ਬਣਾਉਣਾ, ਜਾਗਦੀਆਂ ਕੌਮਾਂ, ਸਭਿਆਚਾਰਾਂ ਅਤੇ ਭੂਗੋਲਿਕ ਖਿੱਤਿਆਂ ਦੀ ਜ਼ੁੰਮੇਵਾਰੀ ਹੁੰਦੀ ਹੈ। ਜਿਹੜੀਆਂ ਵੀ ਕੌਮਾਂ, ਖਿੱਤੇ ਅਤੇ ਸਭਿਆਚਾਰਕ ਇਕਾਈਆਂ ਆਪਣੀ ਵਿਰਾਸਤ ਦੇ ਫ਼ਖ਼ਰ ਨੂੰ ਭੁੱਲ ਜਾਂਦੀਆਂ ਹਨ, ਉਹ ਆਪਣਾ ਸਿਧਾਂਤ, ਸਰੂਪ ਅਤੇ ਵਿਰਾਸਤੀ ਜਲੌਅ ਗਵਾ, ਬੀਤੇ ਦੀ ਬਾਤ ਹੋ ਜਾਂਦੀਆਂ ਹਨ। ਮਨੁੱਖੀ ਇਤਿਹਾਸਿਕ ਪ੍ਰਸੰਗ ਵਿਚ ਅਨੇਕਾਂ ਉਦਾਹਰਨਾਂ ਇਸ ਦੀ ਪੁਸ਼ਟੀ ਵਿਚ ਦਿੱਤੀਆਂ ਜਾ ਸਕਦੀਆਂ ਹਨ ਕਿ ਅਨੇਕਾਂ ਅਮੀਰ ਸਭਿਆਚਾਰਾਂ, ਕੌਮਾਂ ਅਤੇ ਧਰਮਾਂ ਨੇ ਜਦੋਂ ਜਦੋਂ ਵੀ ਅਤੇ ਜਿੱਥੇ ਜਿੱਥੇ ਵੀ ਆਪਣੇ ਵਿਰਾਸਤ ਰੂਪੀ ਖਜ਼ਾਨੇ ਨੂੰ ਸੰਭਾਲਣ ਵਿਚ ਅਵੇਸਲਾਪਣ ਜਾਂ ਅਣਗਹਿਲੀ ਕੀਤੀ, ਉਹ ਸਾਰੇ ਦੇ ਸਾਰੇ ਕੇਵਲ ਇਤਿਹਾਸ ਦੀ ਕਿਸੇ ਸਮੇਂ ਵਾਪਰੀ ਇਕ ਘਟਨਾ ਬਣ ਕੇ ਰਹਿ ਗਏ। ਵਿਰਾਸਤੀ ਫ਼ਖ਼ਰ ਜਿੱਥੇ ਕੌਮੀਅਤ ਪ੍ਰਸੰਗ ਲਈ ਆਦਰਸ਼ ਬਣਦਾ ਹੈ, ਉੱਥੇ ਨਾਲ ਦੀ ਨਾਲ ਮਨੁੱਖੀ ਸਮਾਜ ਵਿਚ ਸਬਰ, ਸਿਦਕ, ਖੇੜਾ ਤੇ ਅਡੋਲ ਦ੍ਰਿੜਤਾ ਲਿਆਉਣ ਲਈ ਕੇਂਦਰੀ ਭੂਮਿਕਾ ਵੀ ਵਿਰਾਸਤੀ ਫ਼ਖ਼ਰ ਹੀ ਅਦਾ ਕਰਦਾ ਹੈ। ਇਸ ਲਈ ਸੰਸਾਰ ਦੀ ਹਰ ਸੁਜੱਗ ਕੌਮੀਅਤ ਆਪਣੇ ਵਿਰਾਸਤੀ ਜਾਹੋ-ਜਲਾਲ ਨੂੰ ਆਪੋ-ਆਪਣੇ ਢੰਗ ਨਾਲ ਯਾਦ ਕਰ ਅਕੀਦਤ ਦੇ ਫੁੱਲ ਭੇਂਟ ਕਰਦੀ ਹੈ। ਇਸ ਦੇ ਇਕ ਰੂਪ ਦੇ ਦੀਦਾਰੇ ਸਿੱਖ ਅਰਦਾਸ ਵਿਚੋਂ ਇਸ ਤਰ੍ਹਾਂ ਕੀਤੇ ਜਾ ਸਕਦੇ ਹਨ :

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲੀ ਮੁਕਤਿਆਂ, ਹਠੀਆਂ, ਜਪੀਆਂ, ਤਪੀਆਂ, ਜਿਹਨਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿਠ ਕੀਤਾ, ਤਿਨਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ। ਜਿਨਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦੁਆਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ! ਬੋਲੋ ਜੀ ਵਾਹਿਗੁਰੂ!!

ਸਿੱਖ ਅਰਦਾਸ ਨੇ ਆਪਣੇ ਵਿਰਾਸਤੀ ਇਤਿਹਾਸ ਨੂੰ ਸਦੈਵ ਸਮਿਆਂ ਲਈ ਸੰਭਾਲਦੇ ਹੋਏ ਵਡੇਰਿਆਂ ਦੁਆਰਾ ਸਿਰ ਦੀ ਸਰਦਾਰੀ ਲਈ ਕਾਇਮ ਕੀਤੇ ਇਤਿਹਾਸ ਨੂੰ ਨਿਤ ਦੀ ਦਿਨ-ਚਰੀਆ ਵਿਚ ਸ਼ਾਮਲ ਕਰਕੇ ਪ੍ਰੇਰਨਾਦਾਇਕ (Text) ਸੁਰੱਖਿਅਤ ਕਰ ਦਿੱਤੀ ਹੈ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਵਿਰਾਸਤੀ ਜਲੌਅ ਦੀ ਖੁਸ਼ਬੂ ਨੂੰ ਸਦੈਵ ਅੰਗੀਕਾਰ ਕਰ ਸਕਣ।

ਧਿਆਨ ਰਹੇ ਕਿ ਵਿਰਾਸਤੀ ਫ਼ਖ਼ਰ ਦੇ ਨਾਲ-ਨਾਲ ਇਹ ਗੱਲ ਵੀ ਸਦੈਵ-ਸਮਿਆਂ ਲਈ ਆਪਣੀ ਮਾਨਸਿਕਤਾ ਦਾ ਹਿੱਸਾ ਬਣਾ ਲੈਣੀ ਚਾਹੀਦੀ ਹੈ ਕਿ ਇਤਿਹਾਸ ਦੀ ਸਿਰਜਣਾ ਮਹਿਜ਼ ਇਹ ਕਹਿ ਲੈਣ ਨਾਲ ਨਹੀਂ ਹੁੰਦੀ ਕਿ ਕਿਰਪਾ ਕਰਕੇ ਮੈਨੂੰ ਆਪਣਾ ਇਤਿਹਾਸ ਸਿਰਜਣ ਦਾ ਮੌਕਾ ਦਿਓ। ਇਤਿਹਾਸ ਅਤਿ ਜੋਖਮ ਅਤੇ ਜਟਿਲ ਪ੍ਰਸਥਿਤੀਆਂ ਨਾਲ ਦਸਤਪੰਜਾ ਲੈ ਕੇ ਸਿਰਜਿਆ ਜਾਂਦਾ ਹੈ। ਸਥਾਪਤੀ ਦੇ ਉਲਟ ਚੱਲਣਾ ਬਹੁਤ ਬਿਖਮ ਮਾਰਗ ਹੁੰਦਾ ਹੈ। ਪਰ ਬਿਖਮ ਮਾਰਗ 'ਤੇ ਚੱਲੇ ਬਿਨਾਂ ਨਾ ਤੇ ਗੁਲਾਮ ਮਾਨਸਿਕਤਾ ਨੂੰ ਸੁਤੰਤਰ ਅਤੇ ਸਿਹਤਮੰਦ ਮਾਨਸਿਕਤਾ ਵਿਚ ਤਬਦੀਲ ਕੀਤਾ ਜਾ ਸਕਦਾ ਹੈ ਅਤੇ ਨਾ ਹੀ ਜੁੱਗ ਗਰਦੀ ਤੇ ਚੰਗੇਜ਼ੀ ਰਾਜ ਸੱਤਾ ਨੂੰ ਨੇਸਤੋ-ਨਾਬੂਦ।

ਧਾਰਮਿਕ ਕੌਮੀਅਤਾਂ ਦੀ ਅਜਿਹੀ ਜੁਝਾਰੂ ਬਿਰਤੀ ਦੇ ਇਤਿਹਾਸਿਕ ਪ੍ਰਸੰਗ ਦਾ ਅਧਿਐਨ ਸੁਖੈਨ ਪ੍ਰਕਾਰਜ ਨਹੀਂ ਹੈ। ਇਹ ਤੱਥ ਵੀ ਵਿਚਾਰਨਯੋਗ ਹੈ ਕਿ ਇਤਿਹਾਸ ਸਿਰਜਕ ਦੇ ਤੌਰ 'ਤੇ ਨਿਵੇਕਲੀ ਕੌਮੀਅਤੀ ਦਿੱਖ ਵਜੋਂ ਸਥਾਪਤੀ ਅਤੇ ਜੁਝਾਰੂ ਮਾਨਵਤਾ ਦੇ ਤੌਰ 'ਤੇ ਸਦੀਵੀ ਪਹਿਚਾਣ ਦਾ ਪ੍ਰਸੰਗ ਵੀ ਕੁਝ ਕੌਮੀਅਤਾਂ ਤੱਕ ਹੀ ਸੀਮਿਤ ਕਿਉਂ ਰਹਿੰਦਾ ਹੈ। ਅਜਿਹੀਆਂ ਕੌਮਾਂ ਦਾ ਮਨੁੱਖ ਰੰਗੀਆਂ ਹੋਈਆਂ ਰੂਹਾਂ ਵਿਚ ਕਿਵੇਂ ਤਬਦੀਲ ਹੋ ਜਾਂਦਾ ਹੈ ਅਤੇ ਇਨ੍ਹਾਂ ਰੰਗੀਆਂ ਹੋਈਆਂ ਰੂਹਾਂ ਵਿਚ ਸੱਚ ਲਈ ਕੁਰਬਾਨ ਹੋਣ ਦੀ ਤੜਪ ਕਿੱਥੋਂ ਅਤੇ ਕਿਵੇਂ ਪੈਦਾ ਹੋ ਜਾਂਦੀ ਹੈ। ਇਹ ਪ੍ਰਸੰਗ ਅਤਿ-ਹੈਰਾਨੀਜਨਕ ਹੈ। ਹਾਲਾਂਕਿ ਇਸ ਆਤਮਿਕ ਕੁਰਬਾਨੀ ਲਈ ਉਨ੍ਹਾਂ ਅੰਦਰ ਨਾ ਤਾਂ ਕੋਈ ਭੋਰਾ ਲਾਲਚ ਹੁੰਦਾ ਹੈ ਅਤੇ ਨਾ ਹੀ ਕੋਈ ਨਿੱਜ ਦੇ ਸੁਆਰਥ। ਸਗੋਂ ਅੰਤਰ ਆਤਮੇ ਵੱਸੇ ਹੋਏ ਚਾਅ ਦਾ ਸੁਤੇ-ਸਿੱਧ ਪ੍ਰਗਟਾਵਾ ਹੁੰਦਾ ਹੈ ਪਰ

Scanned by CamScanner

(x)

ਇਹ ਗੱਲ ਬਹੁਤ ਹੀ ਧਿਆਨ ਦੇਣ ਯੋਗ ਹੈ ਕਿ ਇਹ ਚਾਅ ਮਾਸੂਮ ਤੇ ਹੋ ਸਕਦਾ ਹੈ, ਬਚਗਾਨਾ ਨਹੀਂ। ਇਹ 'ਚਖਤ
ਇਹ ਗੱਲ ਬਹੁਤ ਹੀ ਧਿਆਨ ਦੇਣ ਯੋਗ ਹੈ ਕਿ ਇਹ ਚਾਅ ਜਿਹੜਾ ਸਮਰਪਿਤ ਭਾਵਨਾ ਦੇ ਸੇਕ ਨਾਲ ਹੌਲੀ-ਹੌਲੀ ਪੱਕਦਾ ਰਹਿੰਦਾ
ਉਪਰਿ ਲੜਿ ਮਰੈ' ਦਾ ਉਹ ਪ੍ਰਚੰਡ ਵੇਗ ਹੁੰਦਾ ਹੈ ਜਿਹੜਾ ਇਤਿਹਾਸ ਵਿਚ ਪ੍ਰਗਟ ਹੋ ਜਾਂਦਾ ਹੈ। ਇਸਦਾ ਕਿਸੇ ਵੀ ਜਬਰ ਵਿਰੁੱਧ ਕਿਸੇ
ਹੈ। ਲੋੜ ਪੈਣ ਅਤੇ ਅਵਸਰ ਮਿਲਣ 'ਤੇ ਇਤਿਹਾਸ ਵਿਚ ਕੇਂਦਰੀ ਭੂਮਿਕਾ ਨਿਭਾਉਂਦਾ ਹੈ। ਜੁੱਧਬੀਰ ਕੌਮਾਂ ਅਜਿਹੇ ਖ਼ਜ਼ਾਨੇ
ਵੀ ਸਮੇਂ ਪ੍ਰਚੰਡ ਹੋ ਜਾਣ ਪਿੱਛੇ 'ਪਿਓ ਦਾਦੇ ਦਾ ਖ਼ਜ਼ਾਨਾ' ਕੇਂਦਰੀ ਭੂਮਿਕਾ ਹਿੱਤ ਆਪਣੇ ਰੋਲ ਮਾਡਲ ਦੇ ਸਨਮੁਖ ਰਹਿਣ ਦੀ
ਤੋਂ ਚਾਰਜ ਹੁੰਦੀਆਂ ਹਨ ਅਤੇ ਨਿਸ਼ਚਿਤ ਨਿਸ਼ਾਨੇ ਦੀ ਪੂਰਤੀ ਹਿੱਤ ਆਪਣੇ ਰੋਲ ਮਾਡਲ ਦੇ ਸਨਮੁਖ ਰਹਿਣ ਦੀ
ਤੋਂ ਚਾਰਜ ਹੁੰਦੀਆਂ ਹਨ ਅਤੇ ਮੌਤ ਨੂੰ ਇਕੋ ਜਿਹਾ ਸਮਝਦੀਆਂ ਹਨ। ਸਪੱਸ਼ਟ ਹੁੰਦਾ ਹੈ ਕਿ 'ਮਰਕੇ ਫਿਰ ਜਿਉ
ਬਚਨ-ਬੱਧਤਾ ਨਾਲ ਜ਼ਿੰਦਗੀ ਅਤੇ ਮੌਤ ਨੂੰ ਇਕੋ ਜਿਹਾ ਸਮਝਦੀਆਂ ਹਨ। ਉਨ੍ਹਾਂ ਦਾ ਵਿਰਾਸਤੀ ਫ਼ਖ਼ਰ ਅਤੇ ਸ਼ਾਨਦਾਰ ਰਵਾਇਤਾਂ
ਉਠਣ' ਦੇ ਵਿਸ਼ਵਾਸ ਅਤੇ ਸਦੀਵੀ ਇਤਿਹਾਸਿਕ ਪ੍ਰਸੰਗ ਲਈ ਉਨ੍ਹਾਂ ਦਾ ਵਿਰਾਸਤੀ ਫ਼ਖ਼ਰ ਅਤੇ ਸ਼ਾਨਦਾਰ ਰਵਾਇਤਾਂ
ਕੇਂਦਰੀ ਭੂਮਿਕਾ ਨਿਭਾਉਂਦੀਆਂ ਹਨ।

## II

ਭੂਮਿਕਾ ਵਿਚ ਉਠਾਏ ਗਏ ਪ੍ਰਸ਼ਨ ਦਾ ਉੱਤਰ ਦੇਣ ਲਈ ਹੁਣ ਅਸੀਂ ਇਥੇ ਇਕ ਅਜਿਹੀ ਧਾਰਮਿਕ ਕੌਮ ਦੀ ਗੱਲ
ਭੂਮਿਕਾ ਵਿਚ ਉਠਾਏ ਗਏ ਪ੍ਰਸ਼ਨ ਦਾ ਉੱਤਰ ਤੱਕ ਆਪਣਾ ਖ਼ੂਬਸੂਰਤ ਵਰਤਮਾਨ ਸਥਾਪਿਤ ਕਰਨ ਲਈ ਸੰਘਰਸ਼
ਕਰਾਂਗੇ ਜਿਸਨੇ ਆਪਣੇ ਸਥਾਪਨਾ ਵਰ੍ਹੇ ਤੋਂ ਲੈ ਕੇ ਸਮਕਾਲ ਤੱਕ ਆਪਣਾ ਖ਼ੂਬਸੂਰਤ ਵਰਤਮਾਨ ਸਥਾਪਿਤ ਕਰਨ ਲਈ ਸੰਘਰਸ਼
ਕਰਾਂਗੇ ਜਿਸਨੇ ਆਪਣੇ ਸਥਾਪਨਾ ਵਰ੍ਹੇ ਤੋਂ ਲੈ ਕੇ ਭਾਣਾ ਸਮਝਕੇ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਜ਼ੁਲਮ ਵਿਰੁੱਧ
ਨੂੰ ਕੁਲ ਜ਼ਿੰਦਗੀ ਅੰਗੀਕਾਰ ਕਰੀ ਰੱਖਿਆ ਹੈ। ਜ਼ੁਲਮ ਨੂੰ ਭਾਣਾ ਸਮਝਕੇ ਮੰਨਣ ਤੋਂ ਇਨਕਾਰ ਕਰ ਲਈ। ਮਨੁੱਖਤਾ ਦੀ ਬੰਦ ਖਲਾਸੀ ਲਈ
ਡਟਣ ਅਤੇ ਅਤਿਆਚਾਰ ਵਿਰੁੱਧ ਜੂਝ ਮਰਨ ਦੀ ਹਿੰਮਤ ਆਪਣੇ ਅੰਦਰ ਪੈਦਾ ਕਰ ਲਈ। ਮਨੁੱਖਤਾ ਦੀ ਬੰਦ ਖਲਾਸੀ ਲਈ
"ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਬੰਦ ਬੰਦ ਕਟਾਏ, ਪਰ ਧਰਮ ਨਹੀਂ ਹਾਰਿਆ"। ਇਸ ਕੌਮੀਅਤ
"ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਜਾਣਿਆ ਜਾਂਦਾ ਹੈ। ਮੂਲ ਰੂਪ ਵਿਚ ਪੰਜਾਬ ਦੇ ਇਹ ਬਸ਼ਿੰਦੇ ਕੁਲ ਸੰਸਾਰ
ਨਾਲ ਸੰਬੰਧਿਤ ਮਨੁੱਖ ਨੂੰ 'ਸਿੱਖ' ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਮੂਲ ਰੂਪ ਵਿਚ ਪੰਜਾਬ ਦੇ ਇਹ ਬਸ਼ਿੰਦੇ ਪਿੱਠ-ਭੂਮੀ ਹੈ।
ਨੂੰ ਆਪਣਾ ਘਰ ਸਮਝਦੇ ਹਨ ਅਤੇ 'ਉਜੜ ਜਾਓ' ਦਾ ਸਿਧਾਂਤਿਕ ਸੰਕਲਪੀ ਪ੍ਰਸੰਗ ਇਨ੍ਹਾਂ ਦੀ ਪਿੱਠ-ਭੂਮੀ ਹੈ।
ਨੂੰ ਆਪਣਾ ਘਰ ਸਮਝਦੇ ਹਨ ਅਤੇ 'ਉਜੜ ਜਾਓ' ਦਾ ਸਿਧਾਂਤਿਕ ਸੁਚੇਤ ਹਾਂ ਤੇ ਇਥੇ ਮੈਂ ਸਿੱਖ ਮਹਾਂਨਾਇਕ ਬਾਬਾ

ਇਸ ਪ੍ਰਵੇਸ਼ਿਕਾ ਦੀਆਂ ਸੀਮਾਵਾਂ ਪ੍ਰਤੀ ਮੈਂ ਪੂਰਨ ਤੌਰ 'ਤੇ ਸੁਚੇਤ ਹਾਂ ਤੇ ਇਥੇ ਮੈਂ ਸਿੱਖ ਮਹਾਂਨਾਇਕ ਬਾਬਾ
ਇਸ ਪ੍ਰਵੇਸ਼ਿਕਾ ਦੀਆਂ ਸੀਮਾਵਾਂ ਪ੍ਰਤੀ ਮਹਾਂ-ਗਾਇਨ ਕਰਨ ਦੀ ਕੋਸ਼ਿਸ਼ ਕਰਾਂਗਾ, ਪਰ ਮੇਰੇ ਚੇਤਿਆਂ ਦਾ ਭਾਗ
ਬੰਦਾ ਸਿੰਘ ਬਹਾਦਰ ਦੀ ਅਜ਼ੀਮ ਗਾਥਾ ਦਾ ਮਹਾਂ-ਗਾਇਨ ਕਰਨ ਦੀ ਕੋਸ਼ਿਸ਼ ਕਰਾਂਗਾ, ਪਰ ਮੇਰੇ ਮਹਾਂ-ਨਾਇਕ ਦੀ ਗਾਥਾ
ਹੈ ਕਿ ਸਿੱਖ, ਸਿੱਖ ਧਰਮ ਅਤੇ ਸਿੱਖ ਅਜ਼ਾਦੀ ਦੇ ਪ੍ਰਸੰਗ ਨੂੰ ਸਮਝੇ ਬਿਨਾਂ ਬਾਬਾ ਜੀ ਵਰਗੇ ਮਹਾਂ-ਨਾਇਕ ਦੀ ਗਾਥਾ
ਹੈ ਕਿ ਸਿੱਖ, ਸਿੱਖ ਧਰਮ ਅਤੇ ਸਿੱਖ ਅਜ਼ਾਦੀ ਦੇ ਵਿਚ ਕੀਤੀ ਗੱਲ ਦੀ ਪੁਸ਼ਟੀ ਹਿੱਤ ਇਹ ਵੀ
ਨਾਲ ਇਨਸਾਫ ਨਹੀਂ ਕੀਤਾ ਜਾ ਸਕਦਾ। ਇਸ ਦੇ ਨਾਲ ਹੀ ਭੂਮਿਕਾ ਵਿਚ ਕੀਤੀ ਗੱਲ ਦੀ ਪੁਸ਼ਟੀ ਹਿੱਤ ਇਹ ਵੀ
ਸਪੱਸ਼ਟ ਕਰਨਾ ਪਵੇਗਾ ਕਿ ਸਿੱਖ ਮਨੋਬਿਰਤੀ ਵਿਚ ਸ਼ੋਸ਼ਣਕਾਰੀ ਸਾਮਰਾਜ ਵਿਰੋਧੀ ਕਿਰਦਾਰ ਦੇ ਬੀਜ ਕਿੱਥੇ ਪਏ
ਸਪੱਸ਼ਟ ਕਰਨਾ ਪਵੇਗਾ ਕਿ ਸਿੱਖ ਮਨੋਬਿਰਤੀ ਵਿਚ 'ਤੇ ਆਧਾਰਿਤ ਲੋਕ ਹਿਤੂ ਡੈਮੋਕਰੈਟਿਕ (ਗੁਰਮਤਿ
ਹਨ ਅਤੇ ਕਿਉਂ ਇਕ ਘਟ ਗਿਣਤੀ ਭਾਈਚਾਰਾ ਖਾਲਸਾਈ ਸਿਧਾਂਤਾਂ 'ਤੇ ਆਧਾਰਿਤ ਲੋਕ ਹਿਤੂ ਡੈਮੋਕਰੈਟਿਕ (ਗੁਰਮਤਿ
ਹਨ ਅਤੇ ਕਿਉਂ ਇਕ ਘਟ ਗਿਣਤੀ ਭਾਈਚਾਰਾ ਖਾਲਸਾਈ ਸਿਧਾਂਤਾਂ ਕੁਰਬਾਨੀਆਂ ਦਿੰਦਾ ਹੈ।
ਗਣਰਾਜ) ਸਟੇਟ ਦੇ ਨਿਰਮਾਣ ਲਈ ਸਭ ਤੋਂ ਵੱਧ ਕੁਰਬਾਨੀਆਂ ਵਿਚ ਇਕ ਨਵਾਂ ਧਰਮ ਅਤੇ ਸਿੱਖ

ਧਰਮਾਂ ਦੇ ਪ੍ਰਸੰਗ ਵਿਚ ਸਿੱਖ ਧਰਮ ਸੰਸਾਰ ਦੇ ਮਹੱਤਵਪੂਰਨ ਧਰਮਾਂ ਵਿਚ ਇਕ ਨਵਾਂ ਧਰਮ ਅਤੇ ਸਿੱਖ
ਧਰਮਾਂ ਦੇ ਪ੍ਰਸੰਗ ਵਿਚ ਸਿੱਖ ਧਰਮ ਅਤੇ ਸਰਬੱਤ ਦੇ ਭਲੇ ਦੇ ਵਿਲੱਖਣ ਸਿਧਾਂਤਾਂ
ਨਿਵੇਕਲੀ ਕੌਮ ਹੈ। ਇਹ ਆਪਣੇ ਵਿਲੱਖਣ, ਆਲੌਕਿਕ, ਲੋਕ ਹਿਤਕਾਰੀ ਅਤੇ ਸਰਬੱਤ ਦੇ ਭਲੇ ਦੇ ਵਿਲੱਖਣ ਸਿਧਾਂਤਾਂ
ਨਿਵੇਕਲੀ ਕੌਮ ਹੈ। ਇਹ ਆਪਣੇ ਪਹਿਚਾਣ ਸਥਾਪਿਤ ਕਰ ਚੁੱਕਿਆ ਹੈ। ਇਸ ਧਰਮ ਦਾ
ਕਰਕੇ ਵਿਸ਼ਵ ਧਰਮਾਂ ਅਤੇ ਕੌਮੀਅਤਾਂ ਵਿਚ ਆਪਣੀ ਵੱਖਰੀ ਪਹਿਚਾਣ ਸਥਾਪਿਤ ਕਰ ਚੁੱਕਿਆ ਹੈ। ਇਸ ਧਰਮ ਦਾ
ਕਰਕੇ ਵਿਸ਼ਵ ਧਰਮਾਂ ਅਤੇ ਕੌਮੀਅਤਾਂ ਨਾਲ ਹੋਇਆ। ਇਨ੍ਹਾਂ ਤੇ ਅਵਤਰਣ ਹੋਏ
ਇਤਿਹਾਸਿਕ ਪ੍ਰਗਟਾਅ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਸੰਸਾਰੀ ਆਗਮਨ ਨਾਲ ਹੋਇਆ। ਇਨ੍ਹਾਂ ਤੇ ਅਵਤਰਣ ਹੋਏ
ਇਤਿਹਾਸਿਕ ਪ੍ਰਗਟਾਅ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਦਿਸ਼ਾ ਨਿਰਦੇਸ਼ ਵਿਚ ਚੱਲਣ
'ਦੈਵੀ ਨਾਦ' ਦੇ ਪ੍ਰਕਾਸ਼ ਵਿਚੋਂ ਸਿੱਖ ਧਰਮ ਦਾ ਜਨਮ ਹੁੰਦਾ ਹੈ ਅਤੇ ਇਸ ਦੈਵੀ ਨਾਦ ਦੀ ਦਿਸ਼ਾ ਨਿਰਦੇਸ਼ ਵਿਚ ਚੱਲਣ
'ਦੈਵੀ ਨਾਦ' ਦੇ ਪ੍ਰਕਾਸ਼ ਵਿਚੋਂ ਸਿੱਖ ਧਰਮ ਬਾਹਰੀ ਸਰੂਪ ਤੇ ਚਰਿੱਤਰ, ਅਲਬੇਲਾ
ਵਾਲੇ ਪਾਂਧੀਆਂ ਦੀ ਪਹਿਚਾਣ ਸਿੱਖ ਦੇ ਤੌਰ 'ਤੇ ਹੋਈ ਹੈ। ਇਨ੍ਹਾਂ ਦਾ ਵਿਲੱਖਣ ਬਾਹਰੀ ਸਰੂਪ ਤੇ ਚਰਿੱਤਰ, ਅਲਬੇਲਾ
ਵਾਲੇ ਪਾਂਧੀਆਂ ਦੀ ਪਹਿਚਾਣ ਸਿੱਖ ਦੇ ਤੌਰ ਕਰਵਾਉਂਦਾ ਹੈ। ਸਿਧਾਂਤ ਦਾ ਅਮਲੀ ਪ੍ਰਕਾਸ਼ਨ
ਕਾਰ-ਵਿਹਾਰ, ਸਿੱਖੀ ਸਿਧਾਂਤਾਂ ਦੇ ਅਮਲ ਵਿਚ ਉਤਰਨ ਦੇ ਦੀਦਾਰੇ ਕਰਵਾਉਂਦਾ ਹੈ। ਸਿਧਾਂਤ ਦਾ ਅਮਲੀ ਪ੍ਰਕਾਸ਼ਨ
ਕਾਰ-ਵਿਹਾਰ, ਸਿੱਖੀ ਸਿਧਾਂਤਾਂ ਦੇ ਅਮਲ ਵਿਚ ਮਨੁੱਖ ਦੇ ਦੀਦਾਰੇ ਪ੍ਰੋ. ਪੂਰਨ ਸਿੰਘ ਦੇ ਮਹਾਂ ਕਾਵਿ
ਜਾਂ ਖਾਲਸਾਈ ਸਭਿਆਚਾਰ ਦੀ ਅਖੰਡ ਧਾਰਾ ਨਾਲ ਜੁੜੇ ਹੋਏ ਇਸ ਮਨੁੱਖ ਦੇ ਦੀਦਾਰੇ ਪ੍ਰੋ. ਪੂਰਨ ਸਿੰਘ ਦੇ ਮਹਾਂ ਕਾਵਿ
ਵਿਚ ਇਸ ਤਰ੍ਹਾਂ ਹੁੰਦੇ ਹਨ :

ਪਿਆਰ ਨਾਲ ਇਹ ਕਰਨ ਗੁਲਾਮੀ,
ਜਾਨ ਕੋਹ ਆਪਣੀ ਵਾਰ ਦਿੰਦੇ,
ਪਰ ਟੈਂ ਨਾ ਮੰਨਣ ਕਿਸੀ ਦੀ,
ਖਲੋ ਜਾਣ ਡਾਂਗਾਂ ਮੋਢੇ ਤੇ ਉਲਾਰਕੇ,
ਮੰਨਣ ਬਸ ਇਕ ਆਪਣੀ ਜਵਾਨੀ ਦੇ ਜ਼ੋਰ ਦੀ,
ਅਖੜਖਾਂਦ, ਅਲਬੇਲੇ।
ਧੁਰ ਥੀ ਸਤਿਗੁਰਾਂ ਦੇ ਅਜਾਦ ਕੀਤੇ,
ਇਹ ਬੰਦੇ।

Scanned by CamScanner

ਅਜਿਹੀ ਵਿਲੱਖਣ ਮਾਨਸਿਕਤਾ ਵਾਲੀ ਕੌਮੀਅਤ ਦੀ ਸਿਰਜਣ ਪ੍ਰਕਿਰਿਆ ਵਿਚ ਪੈਗੰਬਰ ਅਤੇ ਉਨ੍ਹਾਂ ਉਪਰ ਉਤਰੇ 'ਰੱਬੀ ਬੋਲ' ਕੇਂਦਰੀ ਭੂਮਿਕਾ ਨਿਭਾਉਂਦੇ ਹਨ। ਰੱਬੀ ਬੋਲਾਂ ਦੇ ਲਿਖਤ ਸੰਗ੍ਰਹਿ ਨੂੰ ਧਰਮ ਗ੍ਰੰਥ ਦੀ ਸੰਗਿਆ ਨਾਲ ਨਿਵਾਜਿਆ ਜਾਂਦਾ ਹੈ। ਪਵਿੱਤਰ ਧਰਮ ਗ੍ਰੰਥਾਂ ਵਿਚ ਅੰਕਿਤ ਸਿਧਾਂਤਾਂ 'ਤੇ ਚਲਦਿਆਂ ਮਨੁੱਖ ਮਹਿਜ਼ ਪਰਮਾਤਮ ਰਹੱਸ ਤੋਂ ਹੀ ਜਾਣੂ ਨਹੀਂ ਹੁੰਦਾ ਸਗੋਂ ਉਹ ਨਿਰਭਉ ਨਿਰਵੈਰੀ ਕੀਮਤਾਂ ਦਾ ਮਾਲਕ ਵੀ ਬਣ ਜਾਂਦਾ ਹੈ। ਇਲਾਹੀ ਨਦਰ ਦੀ ਬਖਸ਼ਿਸ਼ ਨਾਲ ਸਰਸ਼ਾਰ ਹੋਈ ਰੂਹ ਹੀ 'ਨਾ ਕੋ ਬੈਰੀ ਨਹੀ ਬਿਗਾਨਾ' ਦੇ ਮਾਡਲ 'ਤੇ ਆਧਾਰਿਤ 'ਬੇਗਮਪੁਰੇ' ਵਰਗੇ ਸਮਾਜ ਦੀ ਸਿਰਜਣਾ ਦਾ ਸੰਕਲਪ ਲੈ ਸਕਦੀ ਹੈ। ਇਸੇ ਕਰਕੇ ਦੈਵੀ ਨਾਦ ਨੂੰ 'ਬਾਰਸ਼ਿ ਰਹਿਮਤ' ਦੀ ਸੰਗਿਆ ਨਾਲ ਵੀ ਨਿਵਾਜਿਆ ਜਾਂਦਾ ਹੈ। ਇਸ ਨਾਦ ਨੇ (ਗੁਰੂ ਗ੍ਰੰਥ ਸਾਹਿਬ) ਸੰਸਾਰ ਰੂਪੀ ਮਾਰੂਥਲਾਂ ਦੀ ਤਪਸ਼ ਵਿਚ ਭੁਜ ਰਹੀ ਲੋਕਾਈ ਲਈ ਪਾਣੀ ਦਾ ਠੰਢਾ ਮਿੱਠਾ ਝਰਨਾ ਬਣ ਆਪਣਾ ਕਰਤੱਵ ਹੀ ਨਹੀਂ ਨਿਭਾਇਆ ਸਗੋਂ ਠੰਢੀ ਮਿੱਠੀ ਛਾਂ ਬਣ ਕੁਲ ਲੋਕਾਈ ਦਾ ਦਰਦ ਆਪਣੇ ਸੀਨੇ ਨਾਲ ਲਾ ਕੇ ਉਨ੍ਹਾਂ ਦਾ ਮਾਰਗ ਦਰਸ਼ਨ ਵੀ ਕੀਤਾ।

ਇਹ ਗੱਲ ਬਹੁਤ ਹੀ ਧਿਆਨ ਵਿਚ ਰੱਖਣ ਵਾਲੀ ਹੈ ਕਿ ਕਿਸੇ ਵੀ ਇਲਹਾਮ ਦੀ ਵਿਲੱਖਣਤਾ ਇਸ ਗੱਲ ਵਿਚ ਵੀ ਹੁੰਦੀ ਹੈ ਕਿ ਉਹ ਕਿਹੋ ਜਿਹੇ ਵਿਅਕਤਿਤਵ ਦੀ ਘਾੜਤ ਘੜਦਾ ਹੈ। ਗੁਰਮਤਿ ਇਲਹਾਮ (ਬਾਣੀ) ਦੀ ਚੇਤਨਾ ਨੇ ਨਿਰਭਉ, ਨਿਰਵੈਰੀ ਕੀਮਤਾਂ ਦਾ ਮਾਲਕ ਬਣ ਸਦੀਆਂ ਤੋਂ ਦੱਬੀ ਕੁਚਲੀ ਲੋਕਾਈ ਨੂੰ ਮਨੁੱਖ ਹੋਣ ਦਾ ਅਹਿਸਾਸ ਹੀ ਨਹੀਂ ਸੀ ਕਰਾਇਆ ਸਗੋਂ 'ਪਤ ਸੇਤੀ' ਜ਼ਿੰਦਗੀ ਜਿਉਣ ਲਈ 'ਜੂਝ ਮਰੋ ਤਉ ਸਾਚ ਪਤੀਜੈ' ਦਾ ਨਵਾਂ ਸਿਧਾਂਤਿਕ ਮਾਰਗ ਵੀ ਪ੍ਰਦਾਨ ਕਰਾਇਆ ਸੀ। ਇਹ ਮਾਰਗ ਨਵੀਂ ਤੇ ਸਨਮਾਨਜਨਕ ਜ਼ਿੰਦਗੀ ਦਾ ਸੀ, ਸਿਰ ਉਚਾ ਚੁੱਕ ਕੇ ਮੜ੍ਹਕ ਨਾਲ ਤੁਰਨ ਦਾ ਸੀ, ਮਨੁੱਖੀ ਖੇੜੇ ਦਾ ਸੀ, ਸਰਬੱਤ ਦੀ ਅਜ਼ਾਦੀ ਦਾ ਸੀ, ਕੁਲ ਸੰਸਾਰੀ ਰੋਕਾਂ ਤੇ ਮਨਾਹੀਆਂ ਨੂੰ ਢਾਹ ਕੇ ਗੁਰਮਤਿ ਗਣਰਾਜ ਦੀ ਸਥਾਪਨਾ ਦਾ ਸੀ (ਗੁਰਮਤਿ ਗਣਰਾਜ : ਪਰਮਾਤਮਾ ਦੇ ਇਕਤਾ ਤੋਂ ਮਨੁੱਖ ਦੀ ਏਕਤਾ ਤੇ ਅਜ਼ਾਦੀ ਦਾ ਸੰਕਲਪ, ਜਿਸ ਦਾ ਸੰਵਿਧਾਨਕ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ)। ਜਨ ਸਧਾਰਨ ਦੇ ਮਸਤਕ ਵਿਚ ਇਕ ਨਵੀਂ ਸਵੇਰ ਦਾ ਆਗਾਜ਼ ਹੋਇਆ। ਜਿਸਨੇ ਗੁਲਾਮ ਮਾਨਸਿਕਤਾ ਦੇ ਅੰਦਰ ਸੁਤੰਤਰਤਾ ਦੀ ਚਿਣਗ ਵੀ ਪੈਦਾ ਕਰ ਦਿੱਤੀ ਸੀ ਅਤੇ ਸਹਿਮ ਦੇ ਸਾਏ ਹੇਠ ਜੀਅ ਰਹੀ ਲੋਕਾਈ ਨੂੰ ਸਿਰ ਉਚਾ ਚੁੱਕ ਕੇ ਚੱਲਣ ਦਾ ਵੱਲ ਵੀ ਸਿਖਾ ਦਿੱਤਾ ਸੀ। ਨਾਲ ਦੀ ਨਾਲ ਇਸ ਚੇਤਨਾ ਨੂੰ ਵੀ ਲੋਕ ਮਨਾਂ ਦਾ ਹਿੱਸਾ ਬਣਾ ਦਿੱਤਾ ਸੀ ਕਿ ਬੁਰਾਈ ਦੇ ਖਾਤਮੇ ਲਈ ਤਲਵਾਰ ਦੇ ਮੁੱਠੇ ਨੂੰ ਹੱਥ ਪਾਉਣਾ ਵਾਜਬ ਹੈ ਅਤੇ ਹਰ ਬੁਰਾਈ ਨੂੰ ਖਤਮ ਕਰਕੇ ਨਿਰਭੈਅ ਹੋ ਕੇ ਵਿਚਰਨਾ ਸਿੱਖ ਦੀ ਧਾਰਮਿਕ ਪੁਖਤਗੀ ਵਾਸਤੇ ਜ਼ਰੂਰੀ ਹੈ। ਦਸਮ ਪਾਤਸ਼ਾਹ ਦਾ ਸੰਦੇਸ਼ ਹੈ:

ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥

ਸਿੱਖ ਧਰਮ ਦੇ ਬਾਨੀ ਇਸ ਗੱਲ ਤੋਂ ਚੇਤੰਨ ਸਨ ਕਿ ਕਿਸੇ ਵੀ ਦੇਸ਼ ਜਾਂ ਕੌਮ ਦੀ ਆਤਮਾ ਆਜ਼ਾਦ ਅਤੇ ਉਸਾਰੂ ਅਧਿਆਤਮਿਕ ਵਾਯੂ-ਮੰਡਲ ਵਿਚ ਹੀ ਪ੍ਰਫੁਲਿਤ ਹੋ ਸਕਦੀ ਹੈ। ਪਰ ਹਿੰਦੋਸਤਾਨ ਦੇ ਲੋਕਾਂ ਦੀ ਆਤਮਾ ਸਿੱਖ ਧਰਮ ਦੇ ਆਗਮਨ ਵੇਲੇ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਤੋਂ ਪੂਰੀ ਤਰ੍ਹਾਂ ਅਸਮਰੱਥ ਹੋ ਗਈ ਸੀ। ਹਿੰਦੋਸਤਾਨੀਆਂ ਦੇ ਮਨਾਂ ਵਿਚ ਕਮਜ਼ੋਰੀ, ਨਿਰਾਸ਼ਤਾ ਤੇ ਫੁੱਟ ਦੇ ਕਾਲੇ ਬੱਦਲਾਂ ਨੇ ਮਾਨਵ ਨੂੰ ਐਨਾ ਹੀਣਤਾ ਵੱਲ ਧੱਕ ਦਿੱਤਾ ਸੀ ਕਿ ਉਨ੍ਹਾਂ ਨੇ ਗੁਲਾਮੀ ਦੀ ਘੁਟਣ ਨੂੰ ਹੀ ਜੀਵਨ ਤਸੱਵਰ ਕਰ ਲਿਆ ਸੀ। ਕੌਮੀਅਤ ਦਾ ਪ੍ਰਸ਼ਨ ਅਤੇ ਆਜ਼ਾਦੀ ਦੀ ਭਾਵਨਾ ਦਾ ਪ੍ਰਸ਼ਨ ਹੀ ਲੋਕ ਮਾਨਸਿਕਤਾ ਵਿਚੋਂ ਗੁੰਮ ਸੀ। ਅਜਿਹੀ ਸਮਾਜਿਕ ਉਥਲ-ਪੁਥਲ ਦੀ ਸਥਿਤੀ ਵਿਚ ਹਿੰਦੋਸਤਾਨ ਦੀ ਧਰਤੀ ਉਤੇ ਉਸ ਸਮੇਂ ਗੁਰੂ ਨਾਨਕ ਪਾਤਸ਼ਾਹ ਦਾ ਆਗਮਨ ਹੋਇਆ। ਉਨ੍ਹਾਂ ਦਾ ਆਗਮਨ ਹੀ ਸਿੱਖ ਧਰਮ ਦਾ ਉਦੈ ਸੀ। ਸਿੱਖ ਧਰਮ ਦੀ ਸਿਧਾਂਤਿਕ 'ਦੈਵੀ ਲਲਕਾਰ' ਨੇ ਇਸ ਧਰਤਿ ਤੇ ਸ਼ੋਸ਼ਿਤ ਤੋਂ ਸੁਤੰਤਰਤਾ ਦਾ ਪ੍ਰਸੰਗ ਸਥਾਪਿਤ ਕੀਤਾ ਅਤੇ ਲੋਕਾਂ ਨੇ ਸਿਰ ਉੱਚਾ ਚੁੱਕ ਕੇ ਤੁਰਨ ਦਾ ਜੇਰਾ ਕਰ ਲਿਆ।

## III

ਦੋ ਅਰਥਾਂ ਵਿਚ ਗੁਰਬਾਣੀ 'ਧੁਰ ਕੀ ਬਾਣੀ' ਪ੍ਰਵਾਨ ਹੋ ਚੁੱਕੀ ਹੈ। ਪਹਿਲਾ ਇਹ ਕਿ ਬਾਣੀ ਵਿਚ 'ਪਰਤਖਿ ਗੁਰੂ ਨਿਸਤਾਰੇ' ਦੀ ਗੁਹਜ ਜੋਤਿ ਨਿਹਿਤ ਹੈ। ਦੂਜਾ ਇਹ ਕਿ ਬਾਣੀ ਵਿਚ 'ਸਗਲੀ ਚਿੰਤ ਮਿਟਾਈ' ਦੀ ਜੁਗਤਿ ਪ੍ਰਤੱਖ ਹੈ। ਅਸਲ ਵਿਚ ਇਹੀ ਸਿੱਖ ਕੌਮ ਦੀਆਂ ਸ਼ਾਨਦਾਰ ਰਵਾਇਤਾਂ ਦਾ ਸਿਧਾਂਤਿਕ ਅਤੇ ਇਤਿਹਾਸਿਕ ਪ੍ਰਸੰਗ ਹੈ, ਜਿਸ ਤੋਂ ਕਿਸੇ ਵੀ ਸੰਕਟ ਵੇਲੇ ਕੌਮ ਅਗਵਾਈ ਲੈਂਦੀ ਹੈ। ਜਦੋਂ ਵੀ ਕੌਮ ਦੇ ਸਨਮੁਖ ਜਾਂ ਉਸਦੇ ਇਰਦ-ਗਿਰਦ ਸਮੱਸਿਆਵਾਂ ਦੇ ਜੰਗਲ ਪੈਦਾ ਹੋ ਜਾਂਦੇ ਹਨ ਤਾਂ ਆਪ-ਮੁਹਾਰੇ ਉਸਦੇ ਮਨ ਮਸਤਕ ਵਿਚ ਆਪਣੀ ਵਿਰਾਸਤ ਦਾ ਫ਼ਖ਼ਰ ਰੂਪਮਾਨ ਹੋਣ ਲੱਗਦਾ ਹੈ। ਉਸਦੇ ਅੰਦਰ ਉਸ ਵਿਰੁੱਧ ਡਟਣ ਤੇ ਜੂਝ ਮਰਨ ਦੀ ਹਿੰਮਤ ਪੈਦਾ ਹੋ ਜਾਂਦੀ ਹੈ। ਸ਼ਹੀਦੀ ਦਾ ਚਾਓ

Scanned by CamScanner

ਉਮੜਨਾ ਸ਼ੁਰੂ ਹੋ ਜਾਂਦਾ ਹੈ। ਇਹ ਸ਼ਹੀਦੀ ਕੋਈ ਅਣਚਾਹੀ ਮੌਤ ਮਰਨ ਦਾ ਨਾਂ ਨਹੀਂ ਹੈ। ਇਹ ਤਾਂ ਉਸਦੀ ਸਿਦਕ ਸਬੂਰੀ ਦੀ ਪ੍ਰੀਖਿਆ ਹੈ, ਜਿਸ ਦਾ ਧਾਰਨੀ ਹੋ ਕੇ ਉਹ ਤਸ਼ੱਦਦ, ਜ਼ੁਲਮ ਅਤੇ ਸ਼ੋਸ਼ਣ ਵਿਰੁੱਧ ਸੰਗਰਾਮ ਰਚਾਉਣ ਲਈ ਕਿਰਿਆਸ਼ੀਲ ਹੁੰਦਾ ਹੋਇਆ ਆਪਣੀ ਦਿਗ ਵਿਜੈ ਸਥਾਪਿਤ ਕਰਦਾ ਹੈ। ਸਿੱਖ ਕੌਮ ਦੇ ਇਤਿਹਾਸਿਕ ਪ੍ਰਸੰਗ ਵਿਚੋਂ ਇਸ ਦੇ ਦੀਦਾਰੇ ਕੀਤੇ ਜਾ ਸਕਦੇ ਹਨ। ਬੰਦਾ ਸਿੰਘ ਬਹਾਦਰ ਤੋਂ ਲੈ ਕੇ ਘੱਲੂਘਾਰਿਆਂ ਦਾ ਸਮਾਂ, ਮਿਸਲਾਂ ਦੇ ਸਮੇਂ ਤੋਂ ਲੈ ਕੇ ਪੰਜਾਬ ਦਾ ਅੰਗਰੇਜ਼ੀ ਰਾਜ ਵਿਚ ਸ਼ਾਮਲ ਕਰ ਲੈਣ ਦਾ ਸਮਾਂ। ਕੂਕਾ ਲਹਿਰ ਤੋਂ ਸਿੰਘ ਸਭਾਈ ਪ੍ਰਸੰਗ ਅਤੇ ਗਦਰ ਲਹਿਰ ਤੋਂ ਲੈ ਕੇ ਹਿੰਦੋਸਤਾਨ ਦੀ ਆਜ਼ਾਦੀ ਤੱਕ ਦਾ ਸਮਾਂ, ਅਸਲ ਵਿਚ ਵੱਖ ਵੱਖ ਜੁਝਾਰੂ ਲਹਿਰਾਂ ਦਾ ਹੀ ਨਿਵੇਕਲਾ ਸਿੱਖ ਪ੍ਰਸੰਗ ਹੈ। ਇਨ੍ਹਾਂ ਜੁਝਾਰੂ ਲਹਿਰਾਂ ਵਿਚੋਂ ਇਕ ਲਹਿਰ ਹੈ ਜਿਸਦੀ ਪੁਨਰ ਪੜ੍ਹਤ ਦਾ ਪ੍ਰਸੰਗ ਨਾਨਕ ਪ੍ਰਕਾਸ਼ ਪੱਤ੍ਰਿਕਾ ਦੇ ਮਾਧਿਅਮ ਰਾਹੀਂ ਉਸੇ ਧਰਤੀ 'ਤੇ ਕੀਤਾ ਜਾ ਰਿਹਾ ਹੈ ਜਿਸ ਧਰਤੀ 'ਤੇ ਮਨੁੱਖਤਾ ਦੀ ਬੰਦ ਖਲਾਸੀ ਦਾ ਉਨ੍ਹਾਂ ਨੇ ਸੁਪਨਾ ਲਿਆ ਸੀ।

ਇਹ ਲਹਿਰ ਨਾਂਦੇੜ ਦੀ ਧਰਤੀ ਤੋਂ ਦਸਮ ਪਾਤਸ਼ਾਹ ਹਜ਼ੂਰ ਦੀ ਅਸੀਸ ਨਾਲ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਪਾਤਸ਼ਾਹ ਨੇ ਸਥਾਪਿਤ ਕੀਤੀ ਸੀ, ਜਿਸ ਨੇ ਹਿੰਦੁਸਤਾਨ ਦੀ ਧਰਤੀ ਤੋਂ ਮੁਗਲੀਆ ਹਕੂਮਤ ਨੂੰ ਨੇਸਤੋ-ਨਾਬੂਦ ਕਰ ਹਿੰਦੁਸਤਾਨ ਦੀ ਅਜ਼ਾਦੀ ਦੀ ਪਹਿਲੀ ਜੰਗ ਸਿੱਖਾਂ ਵੱਲੋਂ ਸਮੂਹ ਲਈ, ਦਾ ਪ੍ਰਸੰਗ ਸਥਾਪਿਤ ਕਰ ਦਿੱਤਾ ਸੀ।

## IV

ਕਿਸੇ ਵੀ ਧਰਮ ਜਾਂ ਕੌਮ ਨਾਲ ਜੁੜੀਆਂ ਹੋਈਆਂ ਇਤਿਹਾਸਿਕ ਘਟਨਾਵਾਂ ਜਾਂ ਸੰਸਾਰ ਵਿਚ ਵਾਪਰਦੇ ਘਟਨਾਕ੍ਰਮ ਦੀ ਕੇਵਲ ਤੱਥ ਆਧਾਰਿਤ ਸਮੀਖਿਆ-ਦਰ-ਸਮੀਖਿਆ ਸਾਨੂੰ ਇਕ ਖਾਸ ਤਰ੍ਹਾਂ ਦਾ ਪ੍ਰਵਚਨ ਉਸਾਰਨ ਵਿਚ ਤਾਂ ਸਹਾਈ ਹੋ ਸਕਦੀ ਹੈ ਪਰ ਇਸ ਸਾਰੇ ਦਾ ਕਾਰਨ ਬਣੀਆਂ ਮੂਲ ਪਰੰਪਰਾਵਾਂ ਦੀ ਸਮਝ ਨਾ ਹੋਣ ਕਰਕੇ, ਅਕਸਰ ਅਸੀਂ ਉਸ ਖਾਸ ਸਿਧਾਂਤਿਕ ਤੇ ਇਤਿਹਾਸ ਸਿਰਜਤ ਤੱਤ ਨੂੰ ਸਾਹਮਣੇ ਲਿਆਉਣ ਤੋਂ ਵਾਂਝੇ ਰਹਿ ਜਾਂਦੇ ਹਾਂ ਜਿਹੜਾ ਅਸਲ ਵਿਚ ਉਸਦਾ ਮੂਲ ਆਧਾਰ ਹੁੰਦਾ ਹੈ। ਬੇਸ਼ੱਕ ਸੰਸਾਰ ਦੀਆਂ ਅਨੇਕਾਂ ਲਹਿਰਾਂ ਦਾ ਇਹ ਦੁਖਾਂਤ ਰਿਹਾ ਹੈ, ਪਰ ਜੋ ਨਾ-ਇਨਸਾਫ਼ੀ ਬਾਬਾ ਬੰਦਾ ਸਿੰਘ ਬਹਾਦਰ ਨਾਲ ਹੋਈ ਹੈ, ਉਸ ਦੀ ਮਿਸਾਲ ਸੰਸਾਰ ਵਿਚ ਕਿਤੇ ਵੀ ਨਹੀਂ ਮਿਲਦੀ।

ਸੰਬੰਧਿਤ ਦੀ ਪੁਸ਼ਟੀ ਹਿੱਤ ਪ੍ਰਸਿੱਧ ਵਿਦਵਾਨ ਵਾਲਟਰ ਬੈਂਜੇਮਨ ਦਾ ਕਥਨ ਹੈ, "ਅਕਸਰ ਸਮੇਂ ਦੀਆਂ ਹਾਕਮ ਜਮਾਤਾਂ ਲੋਕਾਂ ਦਾ ਇਤਿਹਾਸ ਪਲੀਤ ਕਰਨ ਵਿਚ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਖਾਸ ਕਰਕੇ ਉਨ੍ਹਾਂ ਦੀਆਂ ਕਾਮਯਾਬ ਜੱਦੋ-ਜਹਿਦਾਂ ਅਤੇ ਉਨ੍ਹਾਂ ਦੇ ਅਤੀਤ ਦੇ ਹਰਮਨ ਪਿਆਰੇ ਨਾਇਕਾਂ ਦਾ ਇਤਿਹਾਸ। ਅਜਿਹਾ ਕਰਨ ਲਈ ਉਹ ਹਰ ਉਚਿਤ ਜਾਂ ਅਣਉਚਿਤ ਤਰੀਕਾ (ਸਾਮ, ਦਾਮ, ਦੰਡ, ਭੇਦ) ਅਪਣਾਉਂਦੇ ਹਨ। ਆਪਣੇ ਨਿਸ਼ਾਨੇ ਦੀ ਪੂਰਤੀ ਹਿੱਤ ਕਈ ਵਾਰ ਉਨ੍ਹਾਂ ਨੂੰ ਦਮਨ ਵੀ ਕਰਨਾ ਪੈਂਦਾ ਹੈ ਅਤੇ ਗਲਤ ਬਿਆਨਬਾਜ਼ੀ ਵੀ। ਬਹੁਤੀ ਵਾਰ ਸੰਬੰਧਿਤ ਕੌਮ ਦੇ ਕੁਝ ਬੰਦਿਆਂ ਦੀ ਲਾਲਚੀ ਬਿਰਤੀ ਉਨ੍ਹਾਂ ਲਈ ਬੇਹੱਦ ਲਾਹੇਵੰਦ ਸਿੱਧ ਹੁੰਦੀ ਹੈ। ਕਿਉਂਕਿ ਅਜਿਹੀ ਬਿਰਤੀ ਵਾਲਾ ਮਨੁੱਖ ਕੌਮ ਦੀ ਵਫ਼ਾਦਾਰੀ ਛੱਡ ਕੇ ਹਾਕਮਾਂ ਦੀ ਵਫ਼ਾਦਾਰੀ ਪ੍ਰਤੀ ਸੇਧਤ ਹੋ ਜਾਂਦਾ ਹੈ। ਇਸ ਲਈ ਹਰੇਕ ਸਮੇਂ 'ਤੇ ਆਪਣੇ ਇਤਿਹਾਸ ਦੀ ਰਾਖੀ ਖੁਦ ਆਪ (ਕੌਮ) ਨੂੰ ਹੀ ਕਰਨੀ ਪੈਂਦੀ ਹੈ।" ਸਪੱਸ਼ਟ ਹੋਇਆ ਕਿ ਆਪਣੇ ਇਤਿਹਾਸ ਪ੍ਰਤੀ ਥੋੜ੍ਹਾ ਜਿਹਾ ਅਵੇਸਲਾਪਣ ਵੀ ਕੌਮੀਅਤ ਦੇ ਵਿਰਾਸਤੀ ਪ੍ਰਸੰਗ ਦੀ ਸਦ-ਤਾਜ਼ਗੀ ਨੂੰ ਦੂਸ਼ਿਤ ਕਰਨ ਵਿਚ ਵੱਡੀ ਭੂਮਿਕਾ ਨਿਭਾ ਸਕਦਾ ਹੈ। ਵਾਰਸ ਜੇ ਸੁੱਤੜ ਜਾਂ ਮੌਕਾ-ਪ੍ਰਸਤ ਹੋ ਜਾਣ ਤਾਂ ਇਸ ਖਲਾਅ ਵਿਚ ਘੁਸਪੈਠ ਦੀਆਂ ਸੰਭਾਵਨਾਵਾਂ ਵਧ ਜਾਂਦੀਆਂ ਹਨ। ਇਸ ਹਾਲਤ ਵਿਚ ਵਿਰਾਸਤ ਦੇ ਰੰਗਾਂ ਨੂੰ ਸਦੈਵ-ਸਮਿਆਂ ਲਈ ਸੁਰੱਖਿਅਤ ਰੱਖਣ ਅਤੇ ਆਮ ਚੇਤਨਾ ਤੱਕ ਲੈ ਕੇ ਜਾਣ ਦੀ ਜ਼ੁੰਮੇਵਾਰੀ ਵਿਦਵਾਨਾਂ ਦੀ ਹੋ ਜਾਂਦੀ ਹੈ। ਜਿਹੜੀਆਂ ਕੌਮਾਂ ਵਿਦਵਾਨਾਂ ਦੀ ਪੁਸ਼ਤ-ਪਨਾਹੀ ਤੋਂ ਮਹਿਰੂਮ ਰਹਿ ਜਾਂਦੀਆਂ ਹਨ, ਉਹ ਹੌਲੀ ਹੌਲੀ ਅਗਿਆਨ ਦੇ ਰਾਹ ਪੈ ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਸਿੱਧ ਕਰਨ ਦਾ ਰਸਤਾ ਚੁਣ ਲੈਂਦੀਆਂ ਹਨ। ਗਦਰ ਲਹਿਰ ਦਾ ਇਤਿਹਾਸ ਕਿਸੇ ਨਾ ਕਿਸੇ ਰੂਪ ਵਿਚ ਇਸੇ ਦੁਖਾਂਤ ਦਾ ਸ਼ਿਕਾਰ ਹੋਇਆ ਹੈ।

ਉਪਰੋਕਤ ਪਹਿਲੂਆਂ ਦੇ ਮੱਦੇ-ਨਜ਼ਰ ਬਾਬਾ ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਉਨ੍ਹਾਂ ਅਹਿਮ ਪਹਿਲੂਆਂ ਬਾਰੇ ਗੱਲ ਕਰਨਾ ਜ਼ਰੂਰੀ ਹੋ ਜਾਂਦਾ ਹੈ ਤਾਂ ਜੋ ਉਨ੍ਹਾਂ ਦੁਆਰਾ ਸਥਾਪਿਤ ਕੀਤੇ ਸ਼ਾਨਦਾਰ ਇਤਿਹਾਸ ਵਿਚ ਕੀਤੀ ਗਈ ਘੁਸਪੈਠ ਨੂੰ ਜਨ-ਸਧਾਰਨ ਦੀ ਚੇਤਨਾ ਦਾ ਹਿੱਸਾ ਬਣਾ ਕੇ ਉਨ੍ਹਾਂ ਦੇ ਇਤਿਹਾਸਿਕ ਪੱਖ ਦੀ ਪੁਨਰ ਪੜ੍ਹਤ ਹੀ ਨਾ ਕੀਤੀ ਜਾਵੇ ਸਗੋਂ ਉਸ ਜ਼ਰਖੇਜ਼ ਇਤਿਹਾਸ ਦੀ ਹਕੀਕਤ ਦੀ ਪੁਨਰ ਉਸਾਰੀ ਵੀ ਕੀਤੀ ਜਾਵੇ, ਜੋ ਬਾਬਾ ਜੀ ਦੁਆਰਾ ਗੁਰੂ ਗੋਬਿੰਦ ਸਿੰਘ ਦੀ ਅਸੀਸ ਨਾਲ ਸਥਾਪਿਤ ਕੀਤਾ ਸੀ।

**ਡਾ. ਸਰਬਜਿੰਦਰ ਸਿੰਘ**
ਸੰਪਾਦਕ

Scanned by CamScanner

# ਤਤਕਰਾ


| | | | |
|---|---|---|---|
| | ਦੋ ਸ਼ਬਦ | - ਡਾ. ਜਸਪਾਲ ਸਿੰਘ (ਵਾਈਸ-ਚਾਂਸਲਰ) | (v) |
| | ਸੰਪਾਦਕੀ | - ਡਾ. ਸਰਬਜਿੰਦਰ ਸਿੰਘ | (ix) |
| 1. | ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦੀ ਕਹਾਣੀ ਰਬਿੰਦਰ ਨਾਥ ਟੈਗੋਰ ਦੀ ਜ਼ੁਬਾਨੀ | - ਡਾ. ਜਸਪਾਲ ਸਿੰਘ | 1 |
| 2. | ਬਾਬਾ ਬੰਦਾ ਸਿੰਘ ਬਹਾਦਰ | - ਡਾ. ਗੰਡਾ ਸਿੰਘ | 4 |
| 3. | ਪਹਿਲਾ ਸਿੱਖ ਹੁਕਮਰਾਨ - ਬਾਬਾ ਬੰਦਾ ਸਿੰਘ ਬਹਾਦਰ | - ਡਾ. ਕਿਰਪਾਲ ਸਿੰਘ | 24 |
| 4. | ਬਾਬਾ ਬੰਦਾ ਸਿੰਘ ਬਹਾਦਰ ਦਾ ਸਿੱਖ ਪ੍ਰਸੰਗ | - ਡਾ. ਬਲਕਾਰ ਸਿੰਘ | 30 |
| 5. | ਬਾਬਾ ਬੰਦਾ ਸਿੰਘ ਬਹਾਦਰ | - ਡਾ. ਬਲਵੰਤ ਸਿੰਘ ਢਿੱਲੋਂ | 56 |
| 6. | ਬੰਦਾ ਸਿੰਘ ਬਹਾਦਰ ਦੇ ਖ਼ਾਲਸਾ ਰਾਜ ਦਾ ਪ੍ਰਭੂਸੱਤਾ-ਸਿਧਾਂਤ | - ਡਾ. ਸੁਖਦਿਆਲ ਸਿੰਘ | 64 |
| 7. | ਬਾਬਾ ਬੰਦਾ ਸਿੰਘ ਬਹਾਦਰ | - ਡਾ. ਹਰਪਾਲ ਸਿੰਘ ਪੰਨੂ | 75 |
| 8. | ਮਾਲਾ ਕਿਉਂ ਤਲਵਾਰ ਬਣੀ : ਬਹੁਪੱਖੀ ਅਧਿਐਨ | - ਡਾ. ਧਰਮ ਸਿੰਘ | 86 |
| 9. | ਗਿਆਨੀ ਗਿਆਨ ਸਿੰਘ ਰਚਿਤ 'ਪੰਥ ਪ੍ਰਕਾਸ਼' ਵਿਚ ਬੰਦਾ ਸਿੰਘ ਬਹਾਦਰ ਦੀ ਸ਼ਖ਼ਸੀਅਤ | - ਡਾ. ਸੁਰਜੀਤ ਸਿੰਘ ਭੱਟੀ | 94 |
| 10. | ਸ਼ਹਾਦਤ ਦੇ ਸਿੱਖ-ਪ੍ਰਸੰਗ ਵਿਚ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ | - ਡਾ. ਗੁਲਜ਼ਾਰ ਸਿੰਘ ਕੰਗ | 103 |
| 11. | ਬਾਬਾ ਬੰਦਾ ਸਿੰਘ ਬਹਾਦਰ ਅਤੇ ਮਾਤਾ ਸੁੰਦਰੀ ਜੀ | - ਡਾ. ਪਰਮਵੀਰ ਸਿੰਘ | 108 |
| 12. | ਬਾਬਾ ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ | - ਡਾ. ਅਮਰਜੀਤ ਸਿੰਘ | 115 |
| 13. | ਬਾਬਾ ਬੰਦਾ ਸਿੰਘ ਬਹਾਦਰ ਗਿਆਨੀ ਗਿਆਨ ਸਿੰਘ ਦੀਆਂ ਨਜ਼ਰਾਂ ਵਿਚ | - ਡਾ. ਅਮਰ ਸਿੰਘ | 120 |
| 14 | ਬੰਦਾ ਸਿੰਘ ਬਹਾਦਰ ਦੀ ਸ਼ਖ਼ਸੀਅਤ : ਇਤਿਹਾਸਕਾਰਾਂ ਦੀਆਂ ਨਜ਼ਰ ਵਿਚ | - ਡਾ. ਬਲਵਿੰਦਰਜੀਤ ਕੌਰ ਭੱਟੀ | 133 |


Scanned by CamScanner

15. ਬਾਬਾ ਬੰਦਾ ਸਿੰਘ ਬਹਾਦਰ ਦਾ ਲਾਸਾਨੀ ਵਿਅਕਤਿਤਵ 138
- ਡਾ. ਮਲਕਿੰਦਰ ਕੌਰ

16. ਬਾਬਾ ਬੰਦਾ ਸਿੰਘ ਬਹਾਦਰ : ਇਤਿਹਾਸ, ਯਾਦ ਅਤੇ ਸਮਕਾਲ 143
- ਡਾ. ਅਬਨੀਸ਼ ਕੌਰ

17. ਬੰਦਾ ਸਿੰਘ ਬਹਾਦਰ, ਸਿੱਖ ਇਤਿਹਾਸਕਾਰੀ ਅਤੇ ਸਾਖੀ-ਨੇਮ 148
- ਡਾ. ਜਸਵਿੰਦਰ ਸਿੰਘ

18. ਚਤ੍ਰਜੁਗੀ ਗ੍ਰੰਥ ਵਿਚ ਵਰਣਿਤ ਬਾਬਾ ਬੰਦਾ ਸਿੰਘ ਬਹਾਦਰ ਦਾ ਜੀਵਨ ਬਿਰਤਾਂਤ 158
- ਡਾ. ਕੁਲਵਿੰਦਰ ਸਿੰਘ

19. ਬਾਬਾ ਬੰਦਾ ਸਿੰਘ ਬਹਾਦਰ : ਪ੍ਰਮੁੱਖ ਯਾਦਗਾਰਾਂ 166
- ਸਿਮਰਜੀਤ ਸਿੰਘ

20. ਮਾਧੋ ਦਾਸ ਤੋਂ ਬਾਬਾ ਬੰਦਾ ਸਿੰਘ (ਭੱਟ ਵਹੀਆਂ ਦੇ ਵਿਸ਼ੇਸ਼ ਹਵਾਲੇ ਵਿਚ) 189
- ਡਾ. ਤੇਜਿੰਦਰਪਾਲ ਸਿੰਘ

21. ਬੰਦਾ ਸਿੰਘ ਬਹਾਦਰ ਦੀ ਸ਼ਖ਼ਸੀਅਤ : ਅਣਗੌਲੇ ਇਤਿਹਾਸਕ ਪੱਖ 196
- ਸੁਖਵਿੰਦਰ ਕੌਰ

22. ਸਿੱਖ ਜਰਨੈਲ ਬੰਦਾ ਸਿੰਘ ਬਹਾਦਰ 202
- ਡਾ. ਬਲਜੀਤ ਸਿੰਘ,
- ਡਾ. ਭਾਰਤਬੀਰ ਕੌਰ ਸੰਧੂ

23. ਸਿੱਖ ਸ਼ਹਾਦਤ ਅਤੇ ਬਾਬਾ ਬੰਦਾ ਸਿੰਘ ਬਹਾਦਰ 208
- ਡਾ. ਹਰਦੇਵ ਸਿੰਘ

24. ਬੰਦਾ ਸਿੰਘ ਬਹਾਦਰ ਦਾ ਵਿਅਕਤਿਤਵ : ਪ੍ਰਾਚੀਨ ਪੰਥ ਪ੍ਰਕਾਸ਼ ਕ੍ਰਿਤ ਰਤਨ ਸਿੰਘ ਭੰਗੂ ਦੇ ਆਧਾਰ 'ਤੇ 217
- ਰਾਜਬੀਰ ਕੌਰ

25. ਬਾਬਾ ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਭੁਲੇਖਿਆਂ ਦਾ ਸਪਸ਼ਟੀਕਰਨ 228
- ਸੰਦੀਪ ਸਿੰਘ

26. ਬਾਬਾ ਬੰਦਾ ਸਿੰਘ ਬਹਾਦਰ ਅਤੇ ਸਰਹਿੰਦ ਦੀ ਜਿੱਤ (ਫ਼ਾਰਸੀ ਸਰੋਤਾਂ ਦੇ ਹਵਾਲੇ ਨਾਲ) 238
- ਗੁਰਪ੍ਰੀਤ ਸਿੰਘ

27. ਬਾਬਾ ਬੰਦਾ ਸਿੰਘ ਬਹਾਦਰ ਦਾ ਵਿਅਕਤਿਤਵ (ਕੇਸਰ ਸਿੰਘ ਛਿੱਬਰ ਰਚਿਤ ਬੰਸਾਵਲੀਨਾਮਾ ਦੇ ਵਿਸ਼ੇਸ਼ ਪ੍ਰਸੰਗ ਵਿਚ) 242
- ਸੁਖਦੇਵ ਸਿੰਘ

28. ਖਾਲਸਾ ਰਾਜ ਦਾ ਸੰਸਥਾਪਕ : ਬਾਬਾ ਬੰਦਾ ਸਿੰਘ ਬਹਾਦਰ 247
- ਰਾਜੀਵਇੰਦਰ ਸਿੰਘ

29. ਬਾਬਾ ਬੰਦਾ ਸਿੰਘ ਬਹਾਦਰ ਅਤੇ ਗੁਰਦਾਸ ਨੰਗਲ : ਫਾਰਸੀ ਸ੍ਰੋਤਾਂ ਦੇ ਵਿਸ਼ੇਸ਼ ਹਵਾਲੇ ਨਾਲ 257
- ਅਜੈਪਾਲ ਸਿੰਘ

30. ਗੁਰਦਾਸ ਨੰਗਲ ਦੀ ਗੜ੍ਹੀ 264
- ਅਰਜੁਨ ਸਿੰਘ

31. ਬਾਬਾ ਬੰਦਾ ਸਿੰਘ ਬਹਾਦਰ ਦੀਆਂ ਪ੍ਰਾਪਤੀਆਂ ਦਾ ਬਹੁਪੱਖੀ ਅਧਿਐਨ 271
- ਮਨਿੰਦਰ ਸਿੰਘ


Scanned by CamScanner

32. ਬਹੁਪੱਖੀ ਸ਼ਖ਼ਸੀਅਤ : ਬਾਬਾ ਬੰਦਾ ਸਿੰਘ ਬਹਾਦਰ 275
*- ਹਰਵਿੰਦਰ ਸਿੰਘ*

33. ਸੂਰਾ ਸੁਬਾਹ ਜੋਧਾ ਪ੍ਰਚੰਡ: ਬਾਬਾ ਬੰਦਾ ਸਿੰਘ ਬਹਾਦਰ 278
*- ਬੇਅੰਤ ਸਿੰਘ*

34. ਬਾਬਾ ਬੰਦਾ ਸਿੰਘ ਬਹਾਦੁਰ ਜੀ ਦਾ ਧਾਰਮਿਕ ਤੇ ਸਮਾਜਿਕ ਉਦਾਰਵਾਦੀ ਦ੍ਰਿਸ਼ਟੀਕੋਣ 282
*- ਜਸਵਿੰਦਰ ਕੌਰ*

35. ਕਿਲ੍ਹਾ ਲੋਹਗੜ੍ਹ 286
*- ਜਗਜੀਤ ਸਿੰਘ*

36. ਪੰਜਾਬੀ ਨਾਟਕਾਂ ਵਿਚ ਬੰਦਾ ਸਿੰਘ ਬਹਾਦਰ: ਇਤਿਹਾਸ-ਬੋਧ 290
*- ਪਰਮਪਾਲ ਸਿੰਘ ਬਾਦਲ*

37. ਬਾਬਾ ਬੰਦਾ ਸਿੰਘ ਬਹਾਦਰ : ਇਕ ਸਫ਼ਲ ਯੁੱਧਨੀਤੀਵੇਤਾ 295
*- ਸਰਬਵੀਰ ਸਿੰਘ*

38. ਆਚਾਰ ਵਿਹਾਰ : ਬਾਬਾ ਬੰਦਾ ਸਿੰਘ ਬਹਾਦਰ 301
*- ਮੇਜਰ ਸਿੰਘ*

39. ਬਾਬਾ ਬੰਦਾ ਸਿੰਘ ਬਹਾਦਰ 305
*- ਰਾਜਵਿੰਦਰ ਸਿੰਘ*

40. ਬੰਦਾ ਸਿੰਘ ਬਹਾਦੁਰ ਦੀ ਸ਼ਖ਼ਸੀਅਤ ਫ਼ਾਰਸੀ ਸਰੋਤਾਂ ਦੇ ਵਿਸ਼ੇਸ਼ ਹਵਾਲੇ ਨਾਲ 307
*- ਪਵਨਪ੍ਰੀਤ ਕੌਰ*

41. ਬੰਦਾ ਸਿੰਘ ਬਹਾਦਰ ਦੇ ਅਧੀਨ ਖਾਲਸਾ ਰਾਜ ਦਾ ਸਰੂਪ 311
*- ਸ਼ਮਸ਼ੇਰ ਸਿੰਘ*

42. ਬਾਬਾ ਬੰਦਾ ਸਿੰਘ ਬਹਾਦਰ ਦੇ ਜੀਵਨ ਨਾਲ ਸੰਬੰਧਿਤ ਕੁਝ ਕਾਵਿਮਈ ਪ੍ਰਸੰਗ (ਇਤੁ ਮਾਰਗਿ ਮਹਾਂਕਾਵਿ ਦੇ ਹਵਾਲੇ ਨਾਲ) 314
*- ਕੁਲਵਿੰਦਰ ਕੌਰ*

43. ਬਾਬਾ ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਖੋਜ-ਕਾਰਜ ਬਿਊਰਾ 318
*- ਡਾ. ਸਤਵਿੰਦਰ ਸਿੰਘ*

Scanned by CamScanner

# ਆਚਾਰ ਵਿਹਾਰ : ਬਾਬਾ ਬੰਦਾ ਸਿੰਘ ਬਹਾਦਰ

ਮੇਜਰ ਸਿੰਘ

ਆਚਾਰ ਵਿਹਾਰ ਦਾ ਸੰਬੰਧ ਸਿੱਧਾ ਨੈਤਿਕਤਾ ਨਾਲ ਜੁੜਦਾ ਹੈ। ਨੈਤਿਕਤਾ ਵਿਚ ਉਹ ਸਾਰੇ ਸਿਧਾਂਤ ਆ ਜਾਂਦੇ ਹਨ ਜੋ ਇਕ ਗੁਰਮੁਖ ਦੀ ਸ਼ਖ਼ਸੀਅਤ ਨੂੰ ਉਜਾਗਰ ਕਰਦੇ ਹਨ। ਇਸ ਪੇਪਰ ਵਿਚ ਦਸਵੇਂ ਗੁਰੂ, ਗੋਬਿੰਦ ਸਿੰਘ ਜੀ ਵੱਲੋਂ ਸਿੱਖਾਂ ਦੀ ਅਗਵਾਈ ਲਈ ਥਾਪੇ ਜਥੇਦਾਰ ਬੰਦਾ ਸਿੰਘ ਬਹਾਦਰ ਦੇ ਨੈਤਿਕਤਾ ਭਰੇ ਜੀਵਨ ਨੂੰ ਉਘਾੜਣ ਦਾ ਯਤਨ ਕੀਤਾ ਗਿਆ ਹੈ। ਨਿੱਜੀ ਚਾਲ ਚਲਣ ਵਿਚ ਬੰਦਾ ਸਿੰਘ ਇਕ ਸਿਦਕੀ ਅੰਮ੍ਰਿਤਧਾਰੀ ਸਿੰਘ ਸੀ ਅਤੇ ਸਿੱਖ ਗੁਰੂ ਸਾਹਿਬਾਨਾਂ ਲਈ ਉਸ ਦਾ ਨਿਸ਼ਚਾ ਤੇ ਭਗਤੀ ਅਟੱਲ ਅਤੇ ਅਡੋਲ ਸੀ। ਆਪਣੇ ਰਾਜ ਦੇ ਸਮੇਂ ਉਸ ਦੀਆਂ ਜਾਰੀ ਕੀਤੀਆਂ ਮੋਹਰਾਂ ਅਤੇ ਸਿੱਕਿਆਂ ਉੱਪਰ ਦੀਆਂ ਲਿਖਤਾਂ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਲਈ ਉਸ ਦੀ ਅਪਾਰ ਸ਼ਰਧਾ ਦੀਆਂ ਜੀਉਂਦੀਆਂ ਜਾਗਦੀਆਂ ਯਾਦਗਾਰਾਂ ਹਨ। ਜਿਹੜਾ ਸਿੱਕਾ ਬੰਦਾ ਸਿੰਘ ਬਹਾਦਰ ਨੇ ਜਾਰੀ ਕੀਤਾ ਸੀ ਉਸਦੇ ਇਕ ਪਾਸੇ ਲਿਖਿਆ ਸੀ :

‘ਸਿੱਕਾ ਜ਼ਦ ਬਰ ਹਰ ਦੋ ਆਲਮ ਤੇਗਿ ਨਾਨਕ ਵਾਹਿਬ ਅਸਤ
ਫ਼ਤਿਹ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ ਫ਼ਜਲਿ ਸੱਚਾ ਸਾਹਿਬ ਅਸਤ’[1]

ਭਾਵ : ਮੈਂ ਦੁਨੀਆਂ ਭਰ ਵਾਸਤੇ ਸਿੱਕਾ ਜਾਰੀ ਕੀਤਾ ਹੈ। ਇਹ ਗੁਰੂ ਨਾਨਕ ਸਾਹਿਬ ਦੀ ਬਖਸ਼ਿਸ਼ ਹੈ। ਮੈਨੂੰ ਸ਼ਾਹਾਂ ਦੇ ਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿੱਤ ਬਖਸ਼ੀ ਹੈ। ਇਹ ਸੱਚੇ ਸਾਹਿਬ ਦੀ ਮਿਹਰ ਹੈ। ਸਿੱਕੇ ਦੇ ਦੂਸਰੇ ਪਾਸੇ ਲਿਖਿਆ ਸੀ :

‘ਜ਼ਰਬ-ਬ-ਅਮਾਨੁ-ਦਹਿਰ, ਮੁੱਸਵਰਤ ਸ਼ਹਿਰ,
ਜ਼ੀਨਤ-ਤਖ਼ਤ ਮੁਬਾਰਕ ਬਖ਼ਤ’[2]

ਅਰਥਾਤ : ਜਾਰੀ ਹੋਇਆ ਸੰਸਾਰ ਦੇ ਸ਼ਾਂਤੀ ਅਸਥਾਨ, ਸ਼ਹਿਰ ਦੀ ਮੂਰਤ ਧੰਨਭਾਗੀ ਰਾਜਧਾਨੀ ਤੋਂ। ਸਰਕਾਰੀ ਕੰਮਾਂ ਲਈ ਬਣਾਈ ਮੋਹਰ ਤੇ ਲਿਖਿਆ ਸੀ :

‘ਦੇਗੋ ਤੇਗੋ ਫ਼ਤਿਹ ਓ ਨੁਸਰਤਿ ਬੇ-ਦਿਰੰਗ
ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ’[3]

ਭਾਵ : ਮੈਨੂੰ ਦੇਗ ਤੇਗ ਫ਼ਤਿਹ ਤੇ ਸਫ਼ਲਤਾ ਇਕਦਮ ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਤੋਂ ਪ੍ਰਾਪਤ ਹੋਈ ਹੈ। ਇਹ ਗੱਲ ਉਨ੍ਹਾਂ ਇਤਿਹਾਸਕਾਰਾਂ ਨੂੰ ਮੁੱਢੋਂ ਹੀ ਨਕਾਰਦੀ ਹੈ ਜੋ ਕਹਿੰਦੇ ਹਨ ਕਿ ਬੰਦਾ ਸਿੰਘ ਬਹਾਦਰ ਗੁਰੂ ਤੋਂ ਬੇਮੁੱਖ ਹੋ ਗਿਆ ਸੀ।

ਬੰਦਾ ਸਿੰਘ ਦੇ ਆਚਰਣ ਸੰਬੰਧੀ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਦਰਜ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਮਾਧੋ ਦਾਸ ਵੈਰਾਗੀ ਨੂੰ ਬੰਦਾ ਸਿੰਘ ਬਣਾ ਕੇ ਸਿੱਖਾਂ ਦਾ ਆਗੂ ਥਾਪਿਆ ਸੀ ਤਾਂ ਉਸ ਨੂੰ ਜਤੀ ਰਹਿਣ ਦਾ ਹੁਕਮ ਦਿੱਤਾ ਸੀ। ਉਸ ਸਮੇਂ ਬੰਦਾ ਸਿੰਘ ਨੇ ਹੁਕਮ ਸਿਰ ਮੱਥੇ ਪ੍ਰਵਾਨ ਕੀਤਾ। ਸਰਹਿੰਦ ਦੀ ਫ਼ਤਹਿ ਤੋਂ ਬਾਅਦ ਜਦੋਂ ਉਸ ਦੀਆਂ ਜਿੱਤਾਂ ਦਾ ਸਿਲਸਿਲਾ ਜਾਰੀ ਰਿਹਾ ਤਾਂ ਉਸ ਦੀ ਤਾਕਤ ਵਧਣ ਦੇ ਨਾਲ-ਨਾਲ ਉਸ ਵਿਚ ਹੰਕਾਰ ਵੀ ਵੱਧਦਾ ਗਿਆ। ਹੰਕਾਰ ਦੇ ਨਸ਼ੇ ਵਿਚ ਉਸ ਨੇ ਗੁਰੂ ਜੀ ਦਾ ਹੁਕਮ ਭੁਲਾ ਦਿੱਤਾ ਤੇ ਚੰਬੇ ਦੇ ਰਾਜੇ ਦੀ ਲੜਕੀ ਨੂੰ ਵੇਖ ਕੇ ਉਸ ਤੇ ਮੋਹਿਤ ਹੋ ਗਿਆ ਤੇ ਉਸ ਨਾਲ ਕਾਮ ਦੇ ਪੰਘੂੜੇ ਚੜ੍ਹ ਕੇ ਝੂਟਿਆ। ‘(ਚਢਿ ਮਨਰਥ ਹਿੰਡੋਲੇ ਝੂਲਾ॥ )’[4] ਇਸ ਸੰਬੰਧੀ ਭਾਈ ਵੀਰ ਸਿੰਘ ਟਿੱਪਣੀ ਕਰਦੇ ਹੋਏ ਕਹਿੰਦੇ ਹਨ ਕਿ ‘ਜੇ ਬੰਦਾ ਬਹਾਦਰ ਨੇ ਜਤੀ ਹੋਣਾ ਛੱਡਿਆ ਹੈ ਤਾਂ ਵਿਆਹ ਕੀਤੇ ਬਿਨਾਂ ਇਸਤਰੀ ਨਹੀਂ ਲਈ।’[5] ਜੇ ਜਤੀ ਹੋਣ ਸੰਬੰਧੀ ਦੇਖਿਆ ਜਾਵੇ ਤਾਂ ਗੁਰੂ ਨਾਨਕ ਦੇਵ ਜੀ ਖੁਦ ਗ੍ਰਹਿਸਤੀ ਜੀਵਨ ਜਿਉਣ ਲਈ ਕਹਿੰਦੇ ਹਨ। ਉਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਗ੍ਰਹਿਸਤੀ ਜੀਵਨ ਜੀਵਿਆ ਹੈ। ਇਸ ਅਨੁਸਾਰ ਉਹ ਬਾਬਾ ਬੰਦਾ ਸਿੰਘ ਨੂੰ ਜਤੀ ਰਹਿਣ ਦਾ ਹੁਕਮ ਕਿਵੇਂ ਦੇ ਸਕਦੇ ਹਨ? ਜੇ ਬਾਬਾ ਬੰਦਾ ਸਿੰਘ ਨੇ ਹੁਕਮ ਦੀ ਉਲੰਘਣਾ

Scanned by CamScanner

ਕੀਤੀ ਵੀ ਹੈ ਤਾਂ ਇਸ ਪਿੱਛੇ ਇਕ ਕਾਰਨ ਮੰਨ ਲੈਣਾ ਚਾਹੀਦਾ ਹੈ ਕਿ ਬਾਬਾ ਬੰਦਾ ਸਿੰਘ ਗੁਰੂ ਜੀ ਦਾ ਸੱਚਾ ਸ਼ਰਧਾਲੂ ਹੋਣ ਦਾ ਸਬੂਤ ਦੇਣਾ ਚਾਹੁੰਦਾ ਸੀ। ਸ਼ਹੀਦੀ ਦੇਣ ਦੀ ਪ੍ਰੰਪਰਾ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ਼ੁਰੂ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਮਜ਼ਲੂਮਾਂ ਦੀ ਖ਼ਾਤਰ ਆਪਣੇ ਪਿਤਾ ਗੁਰੂ ਤੇਗ ਬਹਾਦਰ, ਆਪਣੇ ਚਾਰੇ ਪੁੱਤਰ ਵਾਰੇ। ਪੀਰ ਬੁੱਧੂ ਸ਼ਾਹ ਨੇ ਵੀ ਆਪਣੇ ਪਰਿਵਾਰ ਦੇ ਕਈ ਜੀਅ ਸ਼ਹੀਦ ਕਰਵਾਏ। ਉਸੇ ਤਰ੍ਹਾਂ ਬੰਦਾ ਸਿੰਘ ਵੀ ਆਪਣਾ ਆਪ ਤੇ ਆਪਣਾ ਵੰਸ਼ ਸਿੱਖ ਪੰਥ ਨੂੰ ਸਮਰਪਿਤ ਕਰਨਾ ਚਾਹੁੰਦਾ ਸੀ। ਜਿਸਦੀ ਮਿਸਾਲ ਇਹ ਹੈ ਕਿ ਬਾਬਾ ਬੰਦਾ ਸਿੰਘ ਦੀ ਸ਼ਹੀਦੀ ਵੇਲੇ ਉਸ ਦੇ "4 ਸਾਲ ਦੇ ਪੁੱਤਰ ਅਜੈ ਸਿੰਘ ਦੇ ਕਲੇਜੇ ਦੀਆਂ ਬੋਟੀਆਂ ਕਰ ਕੇ ਉਸ ਦੀਆਂ ਅੱਖਾਂ ਸਾਹਮਣੇ ਸ਼ਹੀਦ ਕਰ ਦਿੱਤਾ ਗਿਆ।"[6]

ਬੰਦਾ ਸਿੰਘ ਦੇ ਆਚਰਣ ਸੰਬੰਧੀ ਪ੍ਰਿੰਸੀਪਲ ਸਤਿਬੀਰ ਸਿੰਘ ਲਿਖਦੇ ਹਨ ਕਿ ਉਹਨਾਂ ਦੀ ਫੌਜ ਵਿਚ ਕੁਝ ਲੁਟੇਰੇ ਡਾਕੂ ਰਲ ਗਏ ਸਨ। ਇਹ ਉਹ ਲੋਕ ਸੀ ਜੋ ਲੁੱਟਣ ਵਿਚ ਪਹਿਲ ਕਰਕੇ ਮਾਲ ਨਾ ਮਿਲਦਾ ਦੇਖ ਕੇ ਜਬਰ ਵੀ ਕਰਦੇ ਸਨ। 'ਇਕ ਵਾਰ ਇਕ ਔਰਤ ਨੇ ਫਰਿਆਦ ਕੀਤੀ ਤੇ ਬੰਦਾ ਸਿੰਘ ਨੇ ਨਿਰਣਾ ਲੈ ਕੇ ਕਸੂਰਵਾਰ ਨੂੰ ਤੋਪ ਨਾਲ ਉਡਾਉਣ ਦਾ ਹੁਕਮ ਦਿੱਤਾ ਸੀ :

'ਜਬਾਬ ਸੁਆਲ ਵਿਚਿ ਅਖੌਤੀ 'ਸਿੱਖ' ਝੂਠਾ ਪਾਇਆ
ਤੋਪ ਅੱਗੇ ਉਡਾਇ ਤਿਸ ਨੂੰ, ਬੰਦੇ ਕਹਿਆ ॥ 40 ॥'[7]

ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਬੰਦਾ ਸਿੰਘ ਨਾ ਤਾਂ ਆਪ ਕਿਸੇ ਪ੍ਰਤੀ ਮਾੜੀ ਸੋਚ ਰੱਖਦਾ ਸੀ ਤੇ ਨਾ ਆਪਣੇ ਕਿਸੇ ਹੋਰ ਨੂੰ ਮਾੜਾ ਕੰਮ ਕਰਨ ਦਿੰਦਾ ਸੀ। ਬੰਦਾ ਸਿੰਘ ਬਹਾਦਰ 'ਤੇ ਲੱਗੇ ਜਬਰ ਜਨਾਹ ਦੇ ਦੋਸ਼ ਝੂਠੇ ਹਨ। ਜੇਕਰ ਬੰਦਾ ਸਿੰਘ ਆਪ ਇਸ ਪਾਪ ਦਾ ਭਾਗੀ ਹੁੰਦਾ ਤਾਂ ਉਹ ਕਸੂਰਵਾਰ ਨੂੰ ਮਾਰਨ ਦਾ ਹੁਕਮ ਨਾ ਦਿੰਦਾ। ਮਾਸੂਮ ਜਨਤਾ ਪ੍ਰਤੀ ਉਸ ਦਾ ਪਿਆਰ ਇਕ ਵੱਖਰੀ ਮਿਸਾਲ ਸੀ। ਉਸ ਨੇ ਇਹ ਹੁਕਮ ਦੇ ਰੱਖਿਆ ਸੀ ਕਿ :

'ਇਸਤ੍ਰੀ ਤਨ ਜੋ ਗਹਿਣਾ ਹੋਈ। ਤਾਕੋ ਹਾਥ ਨਾ ਲਾਓ ਕੋਈ।
ਪੌਰਸ਼ ਪੁਸ਼ਾਕ ਔਸਿਰ ਕੀ ਪਾਗ। ਇਨ ਭੀ ਹੱਥ ਨ ਲਾਗ ॥ 33 ॥'[8]

ਇਸ ਤੋਂ ਇਲਾਵਾ ਬੰਦੇ ਨੇ ਕਹਿ ਦਿੱਤਾ ਸੀ ਕਿ 'ਸਰਕਾਰੀ ਅਮਲਾ ਨਾ ਦਿਓ, ਉਹ ਤੁਹਾਡੀ ਰੱਛਾ ਨਹੀਂ ਕਰਦੇ। ਮੈਂ ਤੁਹਾਡੀ ਰੱਛਯਾ ਕਰਾਂਗਾ ਤੇ ਸਾਨੂੰ ਕੇਵਲ ਦੁੱਧ ਦਹੀਂ ਦਿਆ ਕਰੋ। ਅਸੀਂ ਹੋਰ ਕਰ ਨਹੀਂ ਲੈਂਦੇ।'[9] ਉਸ ਵਿਚ ਸਜ਼ਾ ਦੇਣ ਦੇ ਨਾਲ-ਨਾਲ ਤਰਸ ਦੀ ਭਾਵਨਾ ਵੀ ਸੀ। ਜਦੋਂ ਸਰਕਾਰੀ ਖਜ਼ਾਨਾ ਬੰਦ ਹੋਇਆ ਤਾਂ ਕੈਥਲ ਇਲਾਕੇ ਦਾ ਫੌਜਦਾਰ ਚੜ੍ਹਾਈ ਕਰਕੇ ਬੰਦਾ ਸਿੰਘ ਵੱਲ ਆਇਆ। ਪਹਿਲਾਂ ਬੰਦਾ ਸਿੰਘ ਨੇ ਉਸ ਨੂੰ ਬਹੁਤ ਸਮਝਾਇਆ ਪਰ ਨਾ ਮੰਨਣ 'ਤੇ ਸਿੰਘਾਂ ਨੇ ਉਸ ਨਾਲ ਦੋ ਹੱਥ ਕਰਕੇ ਉਸ ਦੇ ਸਾਥੀ ਭਜਾ ਦਿੱਤੇ। ਭਾਈ ਵੀਰ ਸਿੰਘ ਲਿਖਦੇ ਹਨ ਕਿ 'ਇਸ ਖੱਤਰੀ ਫੌਜਦਾਰ ਨੂੰ ਬੰਦੇ ਨੇ ਤਰਸਵਾਨ ਹੋ ਕੇ ਛੱਡ ਦਿੱਤਾ ਤੇ ਇਲਾਕੇ ਦਾ ਫੌਜਦਾਰ ਬਣਾ ਦਿੱਤਾ।'[10]

ਬੰਦਾ ਸਿੰਘ ਬਹਾਦਰ 'ਤੇ ਲੱਗੇ ਦੋਸ਼ਾਂ ਵਿਚ ਇਕ ਇਹ ਵੀ ਹੈ ਕਿ ਜਦੋਂ ਉਹ ਗੁਰੂ ਜੀ ਦੀ ਆਗਿਆ ਲੈ ਕੇ ਟੋਹੇ ਪਿੰਡ ਪਹੁੰਚਿਆ ਤਾਂ ਉਸ ਨੂੰ ਅਤੇ ਉਸ ਦੇ ਸਾਥੀਆਂ ਨੂੰ ਭੁੱਖ ਲੱਗੀ। ਉਹਨਾਂ ਨੇ ਕੁਝ ਖਾਣ ਦੀ ਲਾਲਸਾ ਕੀਤੀ। ਕੁਝ ਔਰਤਾਂ ਖੇਤਾਂ ਵਿਚ ਰੋਟੀਆਂ ਲੈ ਕੇ ਜਾ ਰਹੀਆਂ ਸੀ ਤਾਂ ਉਹਨਾਂ ਨੇ ਰੋਟੀਆਂ ਖੋਹ ਲਈਆਂ। ਇਸ ਸੰਬੰਧੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਲਿਖਿਆ ਹੈ :

'ਬੰਦਾ ਕਹੈ ਸੁਨਹੁ ਸਿਖ ਭਾਈ। ਇਹ ਗੁਰ ਪਠਯੋ ਛੀਨਿ ਲਿਹੁ ਖਾਈ ॥ 9 ॥'[11]

ਭਾਈ ਵੀਰ ਸਿੰਘ ਟਿੱਪਣੀ ਕਰਦੇ ਹੋਏ ਕਹਿੰਦੇ ਹਨ ਕਿ ਬੰਦੇ ਦਾ ਆਮ ਲੋਕਾਂ ਨਾਲ ਸਲੂਕ ਤਰਸਵਾਨਾਂ ਤੇ ਦੁਖੀਆਂ ਅਨਾਥਾਂ ਦਾ ਰਖਵਾਲਾ ਹੋਣ ਵਾਲਾ ਸੀ, ਉਸ ਨੇ ਕਿਸੇ ਇਸਤਰੀ ਦੀਆਂ ਰੋਟੀਆਂ ਕੀ ਖੋਹਣੀਆਂ ਸਨ, ਉਹ ਗਰੀਬਾਂ ਤੇ ਅਨਾਥਾਂ ਨੂੰ ਖੁੱਲ੍ਹੇ ਦਿਲ ਮਾਇਆ ਦੇ ਗੱਫੇ ਦੇ ਕੇ ਨਿਹਾਲ ਕਰਦਾ ਰਿਹਾ ਸੀ। ਜਿਸ ਆਦਮੀ ਨੇ ਦੀਵੇ ਵਿਚ ਤੇਲ ਪਾਇਆ, ਬੈਠਣ ਵਾਲੀ ਥਾਂ ਤੇ ਝਾੜੂ ਦਿੱਤਾ ਜਾਂ ਪੀਣ ਲਈ ਪਾਣੀ ਦਾ ਘੜਾ ਲਿਆਂਦਾ, ਕਿਸੇ ਨੂੰ ਵੀ ਇਕ ਅਸ਼ਰਫੀ ਤੋਂ ਘੱਟ ਬੰਦਾ ਨਹੀਂ ਦਿੰਦਾ ਸੀ। ਇਸ ਸੰਬੰਧੀ ਅੰਕਿਤ ਹੈ :

'ਜੇਕਰ ਕੋਈ ਦੁਖੀਆ ਆਵੈ ਕਰ ਅਰਦਾਸ ਤਿਸ ਦੁਖ ਮਿਟਾਵੈ।
ਵਾਹਿਗੁਰੂ ਕਾ ਜਾਪ ਜਪਾਵੈ ਜੋ ਮਾਂਗੈ ਤਿਸ ਸੋਊ ਦਿਵਾਵੈ॥
ਦੀਵੇ ਪਾਵੈ ਤੇਲੀ ਤੇਲ ਇਕ ਮੋਹਰ ਤਿਹ ਦੇਵੈ ਮੇਲ॥
ਠੂਠੀ ਭਾਂਡਾ ਲਯਾਵੈ ਘੁਮਯਾਰ ਦੇਵੈ ਮੋਹਰ ਕਢ ਖੀਸਯੋਂ ਡਾਰ।
ਲਕੜੀ ਚੂਹੜੋ ਲਯਾਵੈ ਜੋਈ ਮੋਹਰ ਖੀਸਯੋਂ ਦੇਵੈ ਓਈ॥'[12]

Scanned by CamScanner

ਉਸਦੇ ਵਿਹਾਰ ਸੰਬੰਧੀ ਇਕ ਹੋਰ ਗੱਲ ਇੱਥੇ ਦੱਸਣੀ ਬਣਦੀ ਹੈ ਕਿ 'ਅਮੀਨ-ਦੌਲਾ ਦਸਤੂਰੁਲ-ਇਨਸ਼ਾ (ਰੁੱਕਾਤਿ ਅਮੀਨੁ-ਦੌਲਾ) ਦੇ ਤੀਸਰੇ ਰੁੱਕੇ ਵਿਚ ਜੂਨ 1710 ਵਿਚ ਲਿਖਦਾ ਹੈ : ਉਹ ਸਾਰਿਆਂ ਦੇ ਮਨ ਆਪਣੀਆਂ ਰੁਚੀਆਂ ਵੱਲ ਮੋਹ ਲੈਂਦਾ ਸੀ। ਭਾਵੇਂ ਕੋਈ ਹਿੰਦੂ ਹੋਵੇ ਜਾਂ ਮੁਸਲਮਾਨ ਜੋ ਭੀ ਉਸ ਨੂੰ ਮਿਲਦਾ, ਇਹ ਉਸ ਨੂੰ 'ਸਿੰਘ ਕਰਕੇ ਬੁਲਾਉਂਦਾ।' ਇਕ ਵਾਰ ਸਰਹੰਦ ਦੇ ਲਾਗੇ ਦਾ ਇਕ ਸਰਕਾਰੀ ਕਰਮਚਾਰੀ ਦੀਨਦਾਰ ਖ਼ਾਨ ਬੰਦਾ ਸਿੰਘ ਨੂੰ ਮਿਲਣ ਆਇਆ। ਉਸਨੂੰ ਦੀਨਦਾਰ ਸਿੰਘ ਕਹਿ ਕੇ ਬੁਲਾਇਆ ਤੇ ਪੱਕਾ ਸਿੰਘ ਸਜ ਗਿਆ।'[13] ਅਜਿਹੀਆਂ ਕਈ ਘਟਨਾਵਾਂ ਬਾਬਾ ਬੰਦਾ ਸਿੰਘ ਦੇ ਇਤਿਹਾਸ ਵਿਚ ਮਿਲਦੀਆਂ ਹਨ।

ਬਾਬਾ ਬੰਦਾ ਸਿੰਘ ਦਾ ਵਿਹਾਰ ਨੀਵੀਂ ਜਾਤ ਵਾਲਿਆਂ ਨਾਲ ਬਹੁਤ ਚੰਗਾ ਸੀ। ਇਰਵਿਨ ਲਿਖਦਾ ਹੈ ਕਿ "ਇਕ ਚੂਹੜੇ ਜਾਂ ਚਮਾਰ ਲਈ ਜੋ ਕਿ ਹਿੰਦੁਸਤਾਨੀਆਂ ਵਿਚ ਨੀਚਾਂ ਤੋਂ ਭੀ ਨੀਚ ਗਿਣਿਆ ਜਾਂਦਾ ਹੈ , ਕੇਵਲ ਘਰੋਂ ਆ ਕੇ ਬੰਦਾ ਸਿੰਘ ਪਾਸ ਹਾਜ਼ਰ ਹੋਣਾ ਹੀ ਹੁੰਦਾ ਸੀ ਕਿ ਥੋੜੇ ਜਿਹੇ ਸਮੇਂ ਵਿਚ ਉਹ ਆਪਣੀ ਜਨਮ-ਭੂਮੀ ਦਾ ਹਾਕਮ ਬਣ ਕੇ ਆ ਜਾਂਦਾ। ਵੱਡੀਆਂ-2 ਉਚੀਆਂ ਜਾਤਾਂ ਵਾਲੇ ਉਸ ਦਾ ਸੁਆਗਤ ਕਰਦੇ ਤੇ ਉਸ ਦੀ ਹੁਕਮ-ਅਦੂਲੀ ਕਰਨ ਦਾ ਹੌਂਸਲਾ ਨਾ ਕਰਦੇ।"[14]

ਇਸ ਤੋਂ ਇਲਾਵਾ ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦਾ ਮਾਲਕ ਬਣਾ ਦਿੱਤਾ। ਜਿੱਥੋਂ ਤੱਕ ਲੋਕਾਂ ਕੋਲੋਂ ਧੰਨ ਲੁੱਟਣ ਦੀ ਗੱਲ ਹੈ ਤਾਂ ਉਸ ਨੇ ਧੰਨ ਲੁੱਟਣ ਦੀ ਬਜਾਏ ਆਮ ਲੋਕਾਂ ਵਿਚ ਧੰਨ ਵੰਡਿਆ ਹੈ। ਉਸ ਨੇ ਸਿਰਫ ਸਰਕਾਰੀ ਖ਼ਜ਼ਾਨਾ ਹੀ ਲੁੱਟਿਆ ਹੈ। ਬੰਦਾ ਸਿੰਘ ਨੇ ਇਹ ਕਹਿ ਕੇ ਵੰਡਿਆ ਕਿ ਇਹ ਧੰਨ ਤੁਹਾਡਾ ਆਪਣਾ ਹੈ, ਹਾਕਮਾਂ ਦੁਆਰਾ ਜ਼ਬਰੀ ਉਗਰਾਹਿਆ ਹੋਇਆ।

ਪ੍ਰਚਲਿਤ ਗਲਤ ਧਾਰਨਾਵਾਂ ਵਿਚੋਂ ਇਕ ਇਹ ਹੈ ਕਿ ਬੰਦਾ ਸਿੰਘ ਬਹਾਦਰ ਤਾਕਤ ਵਿਚ ਆਉਣ ਤੋਂ ਬਾਅਦ ਲਾਲਚੀ ਹੋ ਗਿਆ ਤੇ ਆਪਣੇ-ਆਪ ਨੂੰ 'ਗੁਰੂ' ਅਖਵਾਉਣਾ ਸ਼ੁਰੂ ਕਰ ਦਿੱਤਾ ਸੀ। ਭਗਤ ਕਬੀਰ ਜੀ ਦੇ ਫ਼ੁਰਮਾਨ '(ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥2॥2॥)'[15] ਅਨੁਸਾਰ ਬੰਦਾ ਸਿੰਘ ਨੇ ਆਪਣਾ ਆਪਾ ਕੁਰਬਾਨ ਕਰ ਦਿੱਤਾ। ਉਸ ਦੇ ਹੱਥ ਪੈਰ ਵੱਢ ਦਿੱਤੇ ਗਏ, ਅੱਖਾਂ ਕੱਢ ਦਿੱਤੀਆਂ ਗਈਆਂ, ਜੰਬੂਰਾਂ ਨਾਲ ਮਾਸ ਨੋਚਿਆ ਗਿਆ ਪਰ ਆਪਣਾ ਸਿੱਖੀ ਸਿਦਕ ਨਹੀਂ ਛੱਡਿਆ। ਉਸ ਦੀ ਸ਼ਹੀਦੀ ਇਸ ਗੱਲ ਦੀ ਪ੍ਰੋੜਤਾ ਕਰਦੀ ਹੈ ਕਿ ਬੰਦਾ ਸਿੰਘ ਨਾ ਤਾ ਗੁਰੂ ਬਣਿਆ ਸੀ ਤੇ ਨਾ ਹੀ ਮਾਇਆ ਦਾ ਲੋਭੀ ਸੀ।

ਓ-ਪੀ. ਰਲਹਨ ਲਿਖਦਾ ਹੈ ਕਿ "ਬੰਦੇ ਨੇ ਹਮਲਾ ਕਰਕੇ ਸੋਨੀਪਤ ਦਾ ਸ਼ਾਹੀ ਖ਼ਜ਼ਾਨਾ ਲੁੱਟ ਲਿਆ ਅਤੇ ਇੱਥੋਂ ਪ੍ਰਾਪਤ ਮਾਲ ਨੂੰ ਆਪਣੀ ਲਾਮ ਡੋਰੀ ਵਿਚ ਵੰਡ ਦਿੱਤਾ।"[16] "ਜੋ ਕੋਈ ਉਸ ਦੀ ਥੋੜ੍ਹੀ ਜਿਹੀ ਵੀ ਸੇਵਾ ਕਰਦਾ ਉਸਨੂੰ ਉਹ ਖੁੱਲ੍ਹੇ ਦਿਲ ਨਾਲ ਸੇਵਾ ਦਾ ਇਵਜ਼ਾਨਾ ਦਿੰਦਾ ਜਿਸ ਕਾਰਨ ਗਰੀਬ ਲੋਕ ਉਸ ਦੀ ਤੁਲਨਾ ਰਾਜੇ ਭੋਜ ਨਾਲ ਕਰਨ ਲੱਗ ਪਏ।"[17]

ਜ਼ਮੀਨ ਪ੍ਰਬੰਧ ਦੇ ਮਾਮਲੇ ਵਿਚ ਬੰਦੇ ਵੱਲੋਂ ਕੀਤੀਆਂ ਗਈਆਂ ਤਬਦੀਲੀਆਂ ਇਨਕਲਾਬੀ ਅਤੇ ਮਹੱਤਵਪੂਰਨ ਸਨ। "ਇਕੋ ਹੀ ਝਟਕੇ ਵਿਚ ਜ਼ਿਮੀਦਾਰੀ ਸਿਸਟਮ ਦਾ ਖਾਤਮਾ ਕਰ ਦਿੱਤਾ ਗਿਆ ਸੀ ਕਿਉਂਕਿ ਇਹ ਸਿਸਟਮ ਹੀ ਜ਼ਮੀਨ ਦੇ ਮਾਲਕਾਂ ਵੱਲੋਂ ਗਰੀਬ ਹਲਵਾਂਹਕਾਂ ਦੀ ਬੇਰਹਿਮੀ ਨਾਲ ਛਿੱਲ ਲਾਹੁਣ ਦਾ ਆਧਾਰ ਬਣਦਾ ਸੀ।"[18]

ਡਾ. ਗੰਡਾ ਸਿੰਘ ਲਿਖਦਾ ਹੈ "ਜਿਸ ਵੇਲੇ ਸਿੰਘ ਕੈਥਲ ਦੇ ਲਾਗੇ ਪੁੱਜੇ ਤਾਂ ਬੰਦਾ ਸਿੰਘ ਨੂੰ ਸੂਹ ਲੱਗੀ ਕਿ ਇਲਾਕੇ ਦਾ ਉਗਰਾਹਿਆ ਹੋਇਆ ਮਾਮਲਾ ਦਿੱਲੀ ਜਾ ਰਿਹਾ ਹੈ ਤਾਂ ਬੰਦਾ ਸਿੰਘ ਨੇ ਇਸ ਦਾ ਫਾਇਦਾ ਲਿਆ। ਇਸਦਾ ਪਤਾ ਜਦ ਕੈਥਲ ਦੇ ਹਿੰਦੂ ਆਮਿਲ ਨੂੰ ਲੱਗਾ ਤਾਂ ਫੌਜ ਲੈ ਕੇ ਬੰਦਾ ਸਿੰਘ ਨਾਲ ਟਾਕਰੇ ਲਈ ਆਇਆ। 'ਆਮਿਲ ਸਿੰਘਾਂ ਦੇ ਹੱਥ ਆ ਗਿਆ ਅਤੇ ਉਸਦੇ ਸਾਥੀ ਭੱਜ ਨਿਕਲੇ। ਬੰਦਾ ਸਿੰਘ ਨੇ ਉਸਨੂੰ ਏਸ ਸ਼ਰਤ ਤੇ ਛੱਡ ਦੇਣਾ ਪ੍ਰਵਾਨ ਕਰ ਲਿਆ ਕਿ ਉਹ ਆਪਣੇ ਸਾਰੇ ਘੋੜੇ ਸਿੰਘਾਂ ਦੇ ਹਵਾਲੇ ਕਰ ਦੇਵੇ। ਉਸ ਨੇ ਇਹ ਗੱਲ ਮੰਨ ਲਈ।"[19]

ਬੰਦਾ ਸਿੰਘ ਦੇ ਵਿਹਾਰ ਸੰਬੰਧੀ ਜੇ ਗੱਲ ਕਰੀਏ ਤਾਂ ਉਹਨਾਂ ਦਾ ਵਿਹਾਰ ਆਮ ਜਨਤਾ ਅਤੇ ਸਿੱਖਾਂ ਵਿਚ ਦਪੀਆ ਹੋਣ ਦੇ ਨਾਲ-ਨਾਲ ਮੁਸਲਮਾਨਾਂ ਵਿਚ ਵੀ ਬਹੁਤ ਚੰਗਾ ਸੀ। ਬੰਦਾ ਸਿੰਘ ਦੀ ਫ਼ੌਜ ਵਿਚ ਮੁਸਲਮਾਨ ਵੀ ਸਨ। ਉਨ੍ਹਾਂ ਨਾਲ ਵੀ ਉਹ ਵਿਤਕਰਾ ਨਹੀਂ ਕਰਦਾ ਸੀ। "18 ਅਪ੍ਰੈਲ 1714 ਦੀਆਂ ਖ਼ਬਰਾਂ ਵਿਚ ਲਿਖਿਆ ਮਿਲਦਾ ਹੈ ਕਿ ਬੰਦਾ ਸਿੰਘ ਮੁਸਲਮਾਨਾਂ ਨੂੰ ਕੋਈ ਦੁੱਖ ਨਹੀਂ ਦਿੰਦਾ। ਜੋ ਵੀ ਮੁਸਲਮਾਨ ਉਸ ਵੱਲ ਆਉਂਦਾ ਹੈ, ਉਹ ਉਸ ਦੀ ਦਿਹਾੜੀ ਤੇ ਤਨਖਾਹ ਨਿਯਤ ਕਰਕੇ ਉਸ ਦਾ ਧਿਆਨ ਰੱਖਦਾ ਹੈ। ਉਸ ਨੇ ਆਗਿਆ ਦਿੱਤੀ ਹੋਈ ਹੈ ਕਿ ਨਮਾਜ਼ ਤੇ ਖੁਤਬਾ ਜਿਵੇਂ ਮੁਸਲਮਾਨ ਚਾਹੁਣ ਪੜ੍ਹਨ।"[20] ਇਸ ਦੇ ਬਾਵਜੂਦ ਵੀ ਮੁਸਲਮਾਨ ਇਤਿਹਾਸਕਾਰਾਂ ਨੇ ਉਸ ਨੂੰ ਜ਼ਾਲਮ ਹੀ ਕਿਹਾ ਹੈ।

Scanned by CamScanner

ਮੁਸਲਮਾਨ ਇਤਿਹਾਸਕਾਰਾਂ ਦੀਆ ਗਲਤ ਬਿਆਨੀਆਂ ਦਾ ਅਸਰ ਅੰਗਰੇਜ਼ ਇਤਿਹਾਸਕਾਰਾਂ ਦੀਆ ਲਿਖਤਾਂ ਵਿਚ ਸਪੱਸ਼ਟ ਵੇਖਿਆ ਜਾ ਸਕਦਾ ਹੈ। ਮਿਸਾਲ ਵਜੋਂ ਮੈਲਕਾਮ ਲਿਖਦਾ ਹੈ ਕਿ "ਬੰਦਾ (ਸਿੰਘ) ਭਾਵੇਂ ਇਕ ਬਹਾਦਰ ਜਰਨੈਲ ਤੇ ਸਿਆਣਾ ਆਗੂ ਸੀ, ਪਰ ਉਹ ਇਕ ਕਠੋਰ ਸੁਭਾਅ ਦਾ ਮਾਲਕ ਸੀ।"[21] ਇਤਿਹਾਸਕਾਰਾਂ ਨੇ ਬੰਦਾ ਸਿੰਘ ਬਹਾਦਰ ਦੀ ਜਿਹੋ ਜਿਹੀ ਛਵੀ ਸਾਡੇ ਲੋਕਾਂ ਤੱਕ ਪਹੁੰਚਾਈ ਇਸ ਦੇ ਬਾਵਜੂਦ ਇਸ ਮਹਾਨ ਜਰਨੈਲ ਨੇ ਸਿੱਖ ਰਾਜ ਕਾਇਮ ਕਰਨ ਲਈ ਜੋ ਕੁਝ ਕੀਤਾ ਨਾ ਭੁੱਲਣਯੋਗ ਹੈ।

## ਹਵਾਲੇ ਤੇ ਟਿੱਪਣੀਆਂ

1. ਸੁਖਦਿਆਲ ਸਿੰਘ (ਡਾ.), *ਸ਼ਿਰੋਮਣੀ ਸਿੱਖ ਇਤਿਹਾਸ (1708-1799)*, ਪੰਨੇ 29-30.
2. *ਉਹੀ*, ਪੰਨਾ 29.
3. *ਉਹੀ*, ਪੰਨਾ 30.
4. ਅਜੀਤ ਸਿੰਘ ਔਲਖ, *ਸਟੀਕ ਭਾਗ ਗਿਆਰਵਾਂ*, ਪੰਨਾ 795.
5. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ ਚੌਦਵੀਂ*, ਭਾਈ ਵੀਰ ਸਿੰਘ (ਸੰਪਾ.), ਪੰਨਾ 6273.
6. ਸੋਹਣ ਸਿੰਘ ਸੀਤਲ, *ਬੰਦਾ ਸਿੰਘ ਸ਼ਹੀਦ*, ਪੰਨਾ 132.
7. *ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ*, ਪਿਆਰਾ ਸਿੰਘ ਪਦਮ (ਸੰਪਾ.), ਪੰਨਾ 200.
8. *ਸ੍ਰੀ ਗੁਰ ਪੰਥ ਪ੍ਰਕਾਸ਼*, ਬਲਵੰਤ ਸਿੰਘ ਢਿੱਲੋਂ (ਸੰਪਾ.), ਪੰਨਾ 110.
9. *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਜਿਲਦ ਚੌਦਵੀਂ*, ਭਾਈ ਵੀਰ ਸਿੰਘ (ਸੰਪਾ.), ਪੰਨਾ 6255.
10. *ਉਹੀ*, ਪੰਨਾ 6255.
11. *ਉਹੀ*, ਪੰਨਾ 6253.
12. ਬਲਬੀਰ ਕੌਰ (ਮੁੱਖ ਸੰਪਾ.), *ਜਨ ਸਾਹਿਤ, ਬੰਦਾ ਸਿੰਘ ਬਹਾਦਰ ਵਿਸ਼ੇਸ਼ ਅੰਕ*, ਪੰਨਾ 40.
13. ਗੰਡਾ ਸਿੰਘ, *ਬੰਦਾ ਸਿੰਘ ਬਹਾਦਰ*, ਪੰਨਾ 176.
14. *ਉਹੀ*, ਪੰਨਾ 176-177.
15. *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਨਾ 1105.
16. ਐਮ. ਐਸ. ਚਾਂਦਲਾ, *ਬੰਦਾ ਬਹਾਦਰ (ਆਪਣੇ ਹੀ ਨਾਇਬਾਂ ਦੀ ਗਦਾਰੀ ਦਾ ਸ਼ਿਕਾਰ)*, ਪੰਨਾ 123.
17. *ਉਹੀ*, ਪੰਨਾ 122.
18. *ਉਹੀ*, ਪੰਨਾ 140.
19. *ਉਹੀ*, ਪੰਨੇ 122-123.
20. ਸਤਿਬੀਰ ਸਿੰਘ, *ਸਾਡਾ ਇਤਿਹਾਸ*, ਪੰਨਾ 82.
21. ਡਾ. ਹਰਚੰਦ ਸਿੰਘ ਸਰਹਿੰਦੀ, *ਬਾਬਾ ਬੰਦਾ ਸਿੰਘ ਬਹਾਦਰ*, ਪੰਨਾ 77.

Scanned by CamScanner

कृण्वन्तो विश्वमार्यम्
यतेमहि स्वराज्ये
website : www.pramanaresearchjournal.com
ISSN : 2249-2976
Impact Factor : 4.005

# Pramāna

## Research Journal

**(Art, Literature, Humanity, Social Science, Commerce, Management, Law & Science Subjects)**

***(Indexed & Listed at :***
**Ulrich's Periodicals Directory ©, ProQuest. U.S.A.)**
**Copernicus, Poland**
**Research Bib., Japan**
**(Indexed & Listed at : Indian Journal Index (IJIND EX))**
**UGC Approved List Sl. No. 41241**

Year : 8
Issue : 32(ii)
**Apr-Jun** 2019
www.pramanaresearchjournal.com

यावत् जीवेत् सुखं जीवेत्

# Acharya Academy, Bharat

## ISO : 9001-2008

**बौद्धोक्त ईष्वरविषयक मान्यता**

डॉ० कुसुम रानी **80-84**

**ਮਿਥ ,ਲੋਕ ਧਰਮ ਅਤੇ ਮਿਥ ਵਿਗਿਆਨ**

**ਸੁਮਨ ਕੁਮਾਰੀ** **85-90**

**Right to Private Defense of Body Extend to Causing Death**

Miss Sonu, Dr.Seema Dahiya **91-96**

**Analysis the Types of Foot Typology of Sportsmen's and Non Sports Person**

Sunil Dhanda **97-102**

**An Analytical Insights into The Performance of Indian Banks: An Aggregate Analysis**

CA Pranav Bansal **103-111**

**ਗੁਰੂ ਗੋਬਿੰਦ ਸਿੰਘ ਦਾ ਅਨਿੰਨ ਸੇਵਕ ਮੁਸਲਿਮ ਨਾਇਕ ਸਯੱਦ ਬਦਰੂਦੀਨ (ਪੀਰ ਬੁਧੂ ਸ਼ਾਹ)**

**ਮੇਜਰ ਸਿੰਘ** **112-115**

**India in A Changing Arctic**

Nikhil **116-122**

**Women's Health and Nutritional Status**

Jai Prakash **123-127**

ਗੁਰਦਿਆਲ ਸਿੰਘ ਦੇ ਨਾਵਲਾਂ ਵਿਚ ਦੁਖਾਂਤਕ ਪੱਖ

Gurdeep Singh **128-130**

**संस्कृत वाङमय में स्तोत्र साहित्य**

डॉ० जगतनारायण कौशिक **131-134**

**वेदानां महत्त्वम्**

सरिता रानी **135-137**

**श्रीबालगोपालेन्द्रमुनिकृतमनीषापंचकमधुमंजरीटीकाया: तात्त्विकालोचनम्**

डा.दयानन्दपाणिग्राही **138-145**

**धर्मशास्त्रे चान्द्रायणव्रतस्वरूपनिरूपणम्**

डा.श्रीमती शकुन्तलादाश: **146-152**

**अष्टांग योग**

बलबीर सिंह, डॉ. रमाकान्त मिश्रा **153-157**

**पर्यावरण का प्राण : यज्ञ**

अंजलि **158-161**

**Gandhian Concept of Sustainable Rural Development**

Dr. Kuldeep Singh **162-166**

**वैदिक साहित्य में इन्द्र का स्वरूप**

नितिन कुमार **167-169**

**The Absurdity of Human Relationships : A Critical Study of Beckett's Endgame**

Kirti **170-173**

Impact Factor : 4.005

Pramāna
International Refereed

Research Journal (ISSN : 2249-2976)
Year-8, Issue-32(ii)(Apr.-Jun. 2019) (Page No. 112-115)

# ਗੁਰੂ ਗੋਬਿੰਦ ਸਿੰਘ ਦਾ ਅਨਿੰਨ ਸੇਵਕ ਮੁਸਲਿਮ ਨਾਇਕ ਸਯੱਦ ਬਦਰੂਦੀਨ (ਪੀਰ ਬੁਧੂ ਸ਼ਾਹ)

ਮੇਜਰ ਸਿੰਘ
ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ
ਵਿਭਾਗ, ਪੰਜਾਬੀ ਯੂਨੀਵਰਸਿਟੀ,
ਪਟਿਆਲਾ

ਸ਼ੋਧ ਆਲੇਖ ਸਾਰ

ਪੀਰ ਬੁੱਧੂ ਸ਼ਾਹ ਸਿੱਖ ਕੌਮ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਅ ਕਰਕੇ ਆਪਣੇ ਪੁੱਤਰਾਂ ਅਤੇ ਮੁਰੀਦਾਂ ਨੂੰ ਜੰਗ ਦੇ ਮੈਦਾਨ ਵਿੱਚ ਸ਼ਹੀਦ ਕਰਵਾਕੇ ਇੱਕ ਸ਼ਹੀਦੀ ਦੀ ਨਵੀਂ ਪਿਰਤ ਪਾ ਗਿਆ। ਪੀਰ ਬੁੱਧੂ ਸ਼ਾਹ ਦੀ ਸ਼ਹੀਦੀ ਨੂੰ ਯਾਦ ਕਰਕੇ ਇੱਕਲੀ ਸਿੱਖ ਕੌਮ ਹੀ ਨਹੀਂ ਸਗੋਂ ਪੂਰੀ ਮਨੁੱਖਤਾ ਮਾਣ ਮਹਿਸੂਸ ਕਰਦੀ ਰਹੇਗੀ। ਜਿਹੜੀਆਂ ਕੌਮਾਂ ਆਪਣੇ ਗੌਰਵਮਈ ਇਤਿਹਾਸ ਨੂੰ ਭੁੱਲ ਜਾਂਦੀਆਂ ਹਨ ਉਹ ਦੁਨੀਆਂ ਦੀ ਗਿਹਰੀ ਧੁੰਦ ਵਿੱਚ ਗਵਾਚ ਜਾਂਦੀਆਂ ਹਨ ਤੇ ਸਦਾ ਲਈ ਅਲੋਪ ਹੋ ਜਾਂਦੀਆਂ ਹਨ। ਪੀਰ ਬੁੱਧੂ ਸ਼ਾਹ ਦੀ ਸ਼ਹੀਦੀ ਹੋਰਨਾਂ ਸ਼ਹੀਦਾਂ ਦੀ ਤਰ੍ਹਾਂ ਚਮਕਦੇ ਸਿਤਾਰਿਆਂ ਵਾਂਗ ਹਮੇਸ਼ਾਂ ਚਮਕਦੀ ਰਹੇਗੀ।

ਮੁੱਖ ਸ਼ਬਦ : ਮੁਕਤੀ, ਰੂਹਾਨੀਅਤ, ਆਦਰਸ਼ਵਾਦ, ਚਮਕਦੇ ਸਿਤਾਰੇ।

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।।
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ।।[1]

ਉਪਰੋਕਤ ਪੰਗਤੀ ਵਿਚ ਸੂਰਮੇ ਦੀ ਪਹਿਚਾਣ ਤੇ ਉਦੇਸ਼ ਦਾ ਵਰਨਣ ਹੈ। ਜਿਹੜਾ ਵਿਅਕਤੀ ਧਰਮ ਤੇ ਮਜ਼ਲੂਮਾਂ ਲਈ ਲੜਦਾ ਹੈ ਤੇ ਲੜਾਈ ਵਿਚ ਉਸਦਾ ਸਰੀਰ ਕੱਟਕੇ ਟੁਕੜੇ ਟੁਕੜੇ ਕਿਉਂ ਨਾ ਹੋ ਜਾਵੇ ਪਰ ਰਣ ਤੱਤੇ ਨੂੰ ਛਡਕੇ ਨਹੀਂ ਜਾਂਦਾ ਉਹੀ ਸੂਰਮਾ(ਬਹਾਦਰ) ਹੈ। ਇਤਿਹਾਸ ਦੇ ਪੱਤਰਿਆ ਵਿਚ ਅਜਿਹਾ ਵਿਅਕਤੀ ਜੋ ਜੰਗ-ਏ-ਮੈਦਾਨ ਵਿਚ ਲੜਦਾ ਹੋਇਆ ਸ਼ਹੀਦ ਹੋ ਜਾਂਦਾ ਹੈ ਪਰ ਵਿਚੋਂ ਭੱਜਦਾ ਨਹੀਂ, ਉਹ ਮੁਕਤੀ ਹਾਸਿਲ ਕਰਦਾ ਹੈ ਜੋ ਮੈਦਾਨ ਛੱਡਦਾ ਹੈ ਜੂਨਾਂ ਵਿਚ ਭਟਕਦਾ ਰਹਿੰਦਾ ਹੈ

ਜੋ ਸੂਰਾ ਤਿਸ ਹੀ ਹੋਇ ਮਰਣਾ।।
ਜੋ ਭਾਗੈ ਤਿਸੁ ਜੋਨੀ ਫਿਰਣਾ।। [2]

ਇਸ ਪ੍ਰਕਾਰ ਗੁਰੂ ਗ੍ਰੰਥ ਸਾਹਿਬ ਵਿਚ ਸੂਰਮੇ ਦੀ ਪਹਿਚਾਣ ਅਤੇ ਉਦੇਸ਼ ਨੂੰ ਪੇਸ਼ ਕੀਤਾ ਹੈ ਤੇ ਦਸਮ ਗ੍ਰੰਥ ਵਿਚ ਬਹਾਦਰੀ ਨਾਲ ਯੁੱਧ ਲੜਨ ਵਾਲੇ ਸੂਰਮਿਆਂ ਦੀਆਂ ਜੀਵਨ-ਗਾਥਾਵਾਂ ਨੂੰ ਚਿਤਰਿਆ ਹੈ। ਦਸਮ ਗ੍ਰੰਥ ਵਿਚ ਧਰਮ ਯੁਧ ਦੇ ਚਾਉ ਨੂੰ ਪ੍ਰਚੰਡ ਕਰਨ ਲਈ ਸੂਰਮਿਆਂ ਦੇ ਜੀਵਨ ਦਾ ਵਰਨਣ ਹੈ। ਸਿੱਖ ਇਤਿਹਾਸ ਸੂਰਮਿਆਂ ਦੀ ਦਾਸਤਾਨ ਪਿਛੇ ਗੁਰਮਤਿ ਸਿਧਾਂਤ ਦੀ ਅਮੀਰ ਵਿਰਾਸਤ ਦਾ ਖ਼ਜ਼ਾਨਾ ਸ਼ਾਮਿਲ ਹੈ।

**ਸਿੱਖ** ਇਤਿਹਾਸ ਨੂੰ ਸ਼ਹਾਦਤਾਂ ਦਾ ਇਤਿਹਾਸ ਵੀ ਕਿਹਾ ਜਾਵੇ ਤਾਂ ਕੋਈ ਅਤਿ ਕਥਨੀ ਨਹੀਂ ਹੋਵੇਗੀ। ਇਸ ਦੇ ਸ਼ਹੀਦ ਧਾੜਵੀ ਜਾ ਜ਼ਾਲਮ ਨਹੀਂ ਸਨ ਸਗੋਂ ਜਬਰ ਜ਼ੁਲਮ ਦੇ ਵਿਰੁਧ, ਨਿਆਂ ਤੇ ਸਵੈਮਾਣ ਲਈ ਆਪਾ ਕੁਰਬਾਨ ਕਰਨ ਵਾਲੇ ਸਨ। ਗ਼ਰਦਿਸ਼ ਦੇ ਮਾਹੌਲ ਵਿਚ ਕੇਵਲ ਇਕ ਕੌਮ, ਖਿਤੇ ਜਾਂ ਧਰਮ ਦਾ ਸੂਰਮਾ ਸ਼ਾਮਿਲ ਨਹੀਂ ਹੋਇਆ ਸਗੋਂ ਹਰ

ਕੌਮ, ਧਰਮ ਦੇ ਮਨੁਖਤਾ ਪ੍ਰਤੀ ਦਰਦ ਰੱਖਣ ਵਾਲੇ ਅਤੇ ਜਾਗਦੀ ਜ਼ਮੀਰ ਵਾਲੇ ਸੂਰਮੇ ਗੁਰੂ ਸਾਹਿਬਾਨ ਦੇ ਨਾਲ ਹੋ ਕੇ ਲੜੇ। ਜਿਹਨਾਂ ਵਿਚ ਪੀਰ ਬੁਧੂ ਸ਼ਾਹ ਤੇ ਉਨ੍ਹਾਂ ਦੇ ਪਰਿਵਾਰ ਦਾ ਨਾਂ ਮੋਹਰੀ ਹੈ। ਪੀਰ ਬੁਧੂ ਸ਼ਾਹ ਗੁਰੂ ਗੋਬਿੰਦ ਸਿੰਘ ਜੀ ਦਾ ਅਨਿਨ ਸੇਵਕ ਸੀ। ਪੀਰ ਬੁਧੂ ਸ਼ਾਹ ਦਾ ਜਨਮ ਸਯਦ ਗੁਲਾਮ ਸ਼ਾਹ ਦੇ ਘਰ 16 ਜੂਨ 1647 ਨੂੰ ਹੋਇਆ। ਆਪ ਜੀ ਸਯਦ ਨਿਜ਼ਾਮੁਦੀਨ ਸ਼ਾਹ ਦੀ ਸਤਵੀਂ ਪੀੜ੍ਹੀ ਵਿਚੋਂ ਸਨ। ਪੀਰ ਜੀ ਦੇ ਬਚਪਨ ਦਾ ਨਾਂ ਸਯਦ ਬਦਰੂਦੀਨ ਸੀ। ਬਚਪਨ ਵਿਚ ਪੀਰ ਜੀ ਦਾ ਸੁਭਾਅ ਫੱਕਰ ਤੇ ਬੇਪਰਵਾਹ ਹੋਣ ਕਰਕੇ ਲੋਕ 'ਬੁਧੂ' ਕਹਿਣ ਲਗ ਪਏ। ਜਦੋਂ ਆਪ ਥੋੜ੍ਹੇ ਵੱਡੇ ਹੋਏ ਤਾਂ ਆਪ ਦੇ ਨਾਂ ਨਾਲ 'ਸ਼ਾਹ' ਸ਼ਬਦ ਜੁੜ ਗਿਆ ਅਤੇ ਆਪ 'ਬੁਧੂ ਸ਼ਾਹ' ਦੇ ਨਾਂ ਨਾਲ ਜਾਣੇ ਜਾਣ ਲੱਗੇ। ਅਧਿਆਤਮਕ ਰੁਚੀ ਨੇ ਆਪ ਦੇ ਨਾਲ ਪੀਰ ਜੋੜ ਦਿਤਾ ਜਿਸ ਕਰਕੇ ਆਪ 'ਪੀਰ ਬੁਧੂ ਸ਼ਾਹ' ਦੇ ਨਾਂ ਨਾਲ ਪ੍ਰਸਿਧ ਹੋਏ। ਆਪ ਧਾਰਮਿਕ ਅਧਿਐਨ ਵਿਚ ਵਿਸ਼ੇਸ਼ ਰੁਚੀ ਰਖਦੇ ਸੀ। ਕੁਰਾਨ ਸ਼ਰੀਫ ਤੋਂ ਇਲਾਵਾ ਦੂਜੇ ਮੁਸਲਮਾਨੀ ਮਹਜ਼ਬੀ ਗ੍ਰੰਥਾਂ ਦਾ ਮੁਤਾਲਿਆ ਵੀ ਕੀਤਾ। ਪੀਰ ਬੁਧੂ ਸ਼ਾਹ ਜੀ ਦਾ ਵਿਆਹ 17 ਸਾਲ ਦੀ ਉਮਰ ਵਿਚ ਬੀਬੀ ਨਸੀਰਾਂ ਨਾਲ ਹੋਇਆ। ਬੀਬੀ ਨਸੀਰਾਂ ਦੇ ਪਰਿਵਾਰ ਬਾਰੇ ਬਹੁਤੀ ਜਾਣਕਾਰੀ ਨਹੀਂ ਮਿਲਦੀ ਕੇਵਲ ਉਸਦੇ ਭਰਾ ਸੈਦ(ਸੱਯਦ) ਖਾਂ ਦਾ ਪਤਾ ਮਿਲਦਾ ਹੈ ਜੋ ਔਰੰਗਜ਼ੇਬ ਦੀ ਫੌਜ ਵਿਚ ਉਚ ਅਹੁਦੇ 'ਤੇ ਬਿਰਾਜਮਾਨ ਸੀ। ਪੀਰ ਬੁਧੂ ਸ਼ਾਹ ਜੀ ਦੇ ਪਰਿਵਾਰ ਦਾ ਪਿਛੋਕੜ ਸਮਾਣੇ ਦਾ ਸੀ। ਜਿਥੇ ਮੁਗਲ ਰਾਜਿਆਂ ਵੱਲੋਂ ਆਪ ਦੇ ਵੱਡੇ ਵਡੇਰਿਆਂ ਨੂੰ ਜ਼ਗੀਰ ਦਿਤੀ ਹੋਈ ਸੀ। ਜਿਸ ਕਰਕੇ ਆਪ ਦੇ ਪਰਿਵਾਰ ਦੀ ਮਾਲੀ ਹਾਲਤ ਵੀ ਚੰਗੀ ਸੀ।

ਪੀਰ ਬੁਧੂ ਸ਼ਾਹ ਗੁਰੂ ਘਰ ਦਾ ਸਿੱਖ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਹੀ ਬਣਿਆ ਸੀ ਪਰ ਪ੍ਰੋ. ਸਾਹਿਬ ਸਿੰਘ ਅਨੁਸਾਰ *"ਗੁਰੂ ਨਾਨਕ ਦੇ ਘਰ ਦੀ ਸ਼ੋਭਾ ਤਾਂ ਗੁਰੂ ਤੇਗ ਬਹਾਦਰ ਜੀ ਦੀ ਅਦੁਤੀ ਪਰ-ਸੁਆਰਥੀ ਕੁਰਬਾਨੀ ਭਾਰਤ ਦੀ ਹਰੇਕ ਨੁੱਕਰ ਵਿਚ ਪਹੁੰਚਾ ਦਿਤੀ ਸੀ। ਅਜੇ ਨੌ-ਦਸ ਸਾਲ ਹੀ ਹੋਏ ਸਨ । ਪੀਰ ਬੁਧੂ ਸ਼ਾਹ ਕਿਵੇਂ ਬੇਖ਼ਬਰ ਹੋ ਸਕਦਾ ਸੀ? ਉਸ ਦੇ ਅੰਦਰ ਸਿੱਖ ਧਰਮ ਦੇ ਆਦਰਸ਼ ਦੀ ਕਦਰ ਸੀ।"* ਪ੍ਰਿੰ. ਸਤਬੀਰ ਸਿੰਘ ਤਾਂ ਇਥੋਂ ਤੱਕ ਕਥਨ ਕਰਦੇ ਹਨ ਕਿ 'ਪੀਰ ਬੁਧੂ ਸ਼ਾਹ ਘੁੜਾਮ ਦੇ ਪ੍ਰਸਿਧ ਫਕੀਰ ਭੀਖਮ ਸ਼ਾਹ ਨੂੰ ਕਈ ਵਾਰ ਮਿਲੇ ਸਨ। ਗੁਰੂ ਬਹਾਦਰ ਜੀ ਦੇ ਦਰਸ਼ਨ ਵੀ ਉਨ੍ਹਾਂ (ਪਟਿਆਲਾ) ਸੈਫ਼ਾਬਾਦ ਆ ਕੇ ਕਈ ਵਾਰ ਕੀਤੇ ਸਨ'। ਇਸ ਤੋਂ ਸਪਸ਼ਟ ਹੁੰਦਾ ਹੈ ਕਿ ਪੀਰ ਬੁਧੂ ਸ਼ਾਹ ਪਹਿਲਾਂ ਤੋਂ ਹੀ ਗੁਰੂ ਘਰ ਤੋਂ ਜਾਣੂ ਸੀ। ਦਸਵੇਂ ਪਾਤਸ਼ਾਹ ਸਮੇਂ ਪੀਰ ਜੀ ਦਾ ਗੁਰੂ ਘਰ ਵਿਚ ਆਉਣਾ-ਜਾਣਾ ਕਾਫੀ ਹੋ ਗਿਆ। ਆਪ ਗੁਰੂ ਜੀ ਦੀਆਂ ਰੂਹਾਨੀਅਤ ਵਿਚਾਰਾਂ ਕਰਦੇ ਹੀ ਰਹਿੰਦੇ ਸਨ। ਪੀਰ ਜੀ ਆਪਣੇ ਪਿਤਾ ਪੁਰਖੀ ਧਰਮ ਵਿਚ ਪਰਿਪੱਕ ਪਰ ਰੂਹਾਨੀ ਤੌਰ ਤੇ ਗੁਰੂ ਜੀ 'ਤੇ ਈਮਾਨ ਰਖਣ ਵਾਲਾ ਮੁਸਲਮਾਨ ਫਕੀਰ ਸੀ। ਗੁਰੂ ਘਰ ਨਾਲ ਪੀਰ ਜੀ ਦਾ ਸਬੰਧ ਭੀਖਮ ਸ਼ਾਹ ਦੀ ਪ੍ਰੇਰਨਾ ਸਦਕਾ ਬਣਿਆ। ਗੁਰੂ ਘਰ ਦੀ ਮਹਿਮਾ ਇਕ ਫਕੀਰ ਦੇ ਮੂੰਹੋਂ ਸੁਣ ਕੇ ਆਪ ਜੀ ਦੇ ਦਿਲ ਵਿਚ ਸ਼ਰਧਾ ਆ ਗਈ। ਆਪ ਹਮੇਸ਼ਾ ਗੁਰੂ ਜੀ ਦੇ ਦਰਸ਼ਨਾਂ ਦੀ ਤਾਂਘ ਮਨ ਵਿਚ ਰਖਦੇ। ਜਦੋਂ ਆਪ ਨੂੰ ਪਤਾ ਲਗਿਆ ਕਿ ਗੁਰੂ ਜੀ ਪਉਂਟਾ ਸਾਹਿਬ ਠਹਿਰੇ ਹੋਏ ਹਨ ਤਾਂ ਆਪਣੇ ਮੁਰੀਦਾ ਨੂੰ ਨਾਲ ਲੈ ਕੇ ਉਥੇ ਪਹੁੰਚੇ।

ਪੀਰ ਬੁਧੂ ਸ਼ਾਹ ਜੀ ਖੁਲ੍ਹੇ ਖਿਆਲਾ ਦੇ ਸਯੱਦ ਸਨ ਜਿਸ ਕਰਕੇ ਆਪ ਦਾ ਸਤਿਕਾਰ ਪਠਾਣ ਬਹੁਤ ਕਰਦੇ ਸਨ। ਔਰੰਗਜ਼ੇਬ ਕਟੜ ਸੁੰਨੀ ਸੀ, ਜਿਸ ਕਰਕੇ ਉਸ ਨੇ ਰਾਜਪੂਤ, ਹਿੰਦੂ ਅਤੇ ਪਠਾਣਾਂ ਨੂੰ ਫੌਜ ਵਿਚੋਂ ਕਢ ਦਿਤਾ ਸੀ। ਪੀਰ ਬੁਧੂ ਸ਼ਾਹ ਨੇ 500 ਪਠਾਣਾ ਨੂੰ ਗੁਰੂ ਗੋਬਿੰਦ ਸਿੰਘ ਜੀ ਪਾਸ ਪਾਉਂਟਾ ਸਾਹਿਬ ਵਿਖੇ ਸਿਪਾਹੀ ਰਖਵਾ ਦਿਤਾ ਸੀ। ਇਹਨਾਂ ਸਿਪਾਹੀਆਂ ਵਿਚੋਂ ਪੰਜ ਨੂੰ ਸਰਦਾਰ ਬਣਾ ਦਿਤਾ ਗਿਆ ਜਿਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ, ਕਾਲੇ ਖਾਨ, ਭੀਖਨ ਖਾਨ, ਨਜਾਬਤ ਖ਼ਾਨ, ਹਯਾਤ ਖ਼ਾਨ ਅਤੇ ਉਮਰ ਖ਼ਾਨ।

ਇਸ ਤਰ੍ਹਾਂ ਨਾਲ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਤਾਪ ਵਧਣ ਲੱਗਾ। ਗੁਰੂ ਜੀ ਨੇ ਨਾਹਨ ਦੇ ਰਾਜੇ ਮੇਦਨੀ ਪ੍ਰਕਾਸ਼ ਦੇ ਜੋ ਇਲਾਕੇ ਰਾਜਾ ਫਤਹ ਚੰਦ ਗੜ੍ਹਵਾਲੀਏ ਨੇ ਖੋਹੇ ਸਨ, ਉਹ ਸੁਲਾਹ ਸਫਾਈ ਕਰਵਾ ਕੇ ਵਾਪਸ ਦਿਵਾ ਦਿਤੇ ਸਨ। ਇਸ ਪ੍ਰਕਾਰ ਗੜ੍ਹਵਾਲੀਆ ਰਾਜਾ ਵੀ ਗੁਰੂ ਜੀ ਦਾ ਮਿੱਤਰ ਬਣ ਗਿਆ। ਇਹ ਦੇਖ ਕੇ ਪਹਾੜੀ ਰਾਜਿਆਂ ਦੇ ਮਨ ਵਿਚ ਈਰਖਾ ਤੇ ਡਰ ਬੈਠ ਗਿਆ ਕਿ ਹੋ ਸਕਦਾ ਹੈ ਕਿ ਸਾਡੇ ਰਾਜ ਦੇ ਉਪਰ ਕਬਜਾ ਹੀ ਨਾ ਕਰ ਲੈਣ। ਦੂਸਰਾ ਕਾਰਣ

ਇਹ ਵੀ ਸੀ ਕਿ ਗੁਰੂ ਜੀ ਜਾਤ-ਪਾਤ ਤੇ ਭੇਦ-ਭਾਵ ਦਾ ਫਾਸਲਾ ਖਤਮ ਕਰਨ ਲੱਗੇ ਹੋਏ ਸਨ। ਸ. ਜਗਜੀਤ ਸਿੰਘ ਅਨੁਸਾਰ *'ਗੈਰ ਸਨਾਤਨੀ ਵਿਚਾਰਾਂ ਵਾਲੇ ਲੋਕਾਂ ਦੇ ਖਿਲਾਫ ਲੱਗੇ ਦੋਸ਼ਾਂ ਦਾ ਮੂਲ ਮੁਦਾ ਇਹ ਸੀ ਕਿ ਉਹ ਵੈਦਿਕ ਪਰੰਪਰਾ ਦੀ ਪ੍ਰਮਾਣਤਾ ਨੂੰ ਨਹੀਂ ਸਨ ਮੰਨਦੇ'।* [4] ਪਹਾੜੀ ਰਾਜੇ ਆਪਣੇ ਆਪ ਨੂੰ ਸਨਾਤਨੀ ਧਰਮ ਦੇ ਰਾਖੇ ਸਮਝਦੇ ਸਨ, ਉਹ ਇਸ ਗੱਲ ਤੋਂ ਖ਼ਾਰ ਖਾਂਦੇ ਸਨ।[5] ਜਿਸ ਕਰਕੇ ਉਹ ਯੁਧ ਕਰਨ ਲਈ ਮੌਕੇ ਦੀ ਭਾਲ ਵਿਚ ਸਨ।[*] ਰਾਜਾ ਭੀਮ ਚੰਦ ਦੇ ਪੁਤਰ ਦਾ ਵਿਆਹ ਫਤਹ ਚੰਦ ਗੜ੍ਹਵਾਲੀਏ ਦੀ ਪੁਤਰੀ ਨਾਲ ਹੋਣਾ ਸੀ। ਗੜ੍ਹਵਾਲੀਏ ਰਾਜੇ ਨੇ ਗੁਰੂ ਜੀ ਨਾਲ ਮਿਤਰਤਾ ਹੋਣ ਕਰਕੇ ਵਿਆਹ ਵਿਚ ਸ਼ਾਮਿਲ ਹੋਣ ਲਈ ਸੱਦਾ ਵੀ ਭੇਜਿਆ। ਗੁਰੂ ਜੀ ਆਪ ਤਾਂ ਨਾ ਗਏ ਪਰ ਆਪਣੇ ਦੋ ਸੇਵਕਾਂ ਨੰਦ ਅਤੇ ਚੰਦ ਨੂੰ ਤੰਬੋਲ ਦੇ ਕੇ ਭੇਜ ਦਿਤਾ। ਵਿਆਹ ਵਿਚ ਭੀਮ ਚੰਦ ਨੇ ਆਏ ਪਹਾੜੀ ਰਾਜਿਆਂ ਨੂੰ ਗੁਰੂ ਜੀ 'ਤੇ ਹਮਲਾ ਕਰਨ ਲਈ ਗੰਢ ਲਿਆ। ਗੁਰੂ ਕੀਆਂ ਸਾਖੀਆਂ ਅਨੁਸਾਰ 'ਸੰਮਤ ਸਤਰਾਂ ਸੈ ਪੈਂਤਾਲੀਸ ਅਸੂ ਸੁਦੀ ਚੌਥ ਮੰਗਲਵਾਰ' (ਲਗਭਗ 2,3 ਅਕਤੂਬਰ, ਸੰਨ1688)[◊] ਨੂੰ ਜੰਗ ਸ਼ੁਰੂ ਹੋਈ।[6] ਯੁਧ ਦੀ ਖ਼ਬਰ ਸੁਣ ਕੇ ਪੀਰ ਬੁਧੂ ਸ਼ਾਹ ਦੁਆਰਾ ਰਖਾਏ ਪਠਾਣ ਸਰਦਾਰ ਤੇ ਸਿਪਾਹੀ ਗੁਰੂ ਜੀ ਨੂੰ ਛਡ ਕੇ ਦੁਸਮਣਾਂ ਨਾਲ ਜਾ ਰਲੇ, ਉਨ੍ਹਾਂ ਵਿਚੋਂ ਕੇਵਲ ਇਕ ਸਰਦਾਰ ਕਾਲੇ ਖਾਨ ਤੇ ਸੌ ਸਿਪਾਹੀ ਹੀ ਠਹਿਰੇ ਸਨ। ਇਸ ਖ਼ਬਰ ਦਾ ਜਦੋਂ ਪੀਰ ਬੁਧੂ ਸ਼ਾਹ ਨੂੰ ਪਤਾ ਲਗਿਆ ਤਾਂ ਚਾਰ ਪੁਤਰਾਂ, ਭਤੀਜਾ, ਇਕ ਸਾਲਾ ਤੇ 700 ਮੁਰੀਦਾਂ ਨੂੰ ਲੈ ਕੇ ਭੰਗਾਣੀ ਦੇ ਮੈਦਾਨ ਵਿਚ ਪਹੁੰਚਿਆ। ਭਾਈ ਸੰਤੋਖ ਸਿੰਘ ਇਸਦਾ ਵਰਣਨ ਇਸ ਪ੍ਰਕਾਰ ਕਰਦੇ ਹਨ:

ਪ੍ਰਭੂ ਡੀਠਡਾਰੀ ਬਿਲੋਕੇ ਸਿਪਾਹੀ।। ਤਬੈ ਏਕ ਧਾਯੋ ਚਲਯੋ ਆਇ ਪਾਹੀ।।
ਗੁਰੂ ਤੀਰ ਹਵੈ ਕੈ ਕਰੀ ਤਾਂ ਸਲਾਮੰ।। ਕਹਯੋ 'ਸ਼ਾਹਿ ਬੁੱਧੂ ਸੁ ਜੋਧਾ ਤਮਾਮੰ।। 15।।
ਮੁਰੀਦ ਸਕੇਲੇ ਸਤੈ ਸਾਤ ਸੈਯਾ।। ਅਹੈਂ ਚਾਰ ਪੁਤ੍ਰੰ ਨਿਜੰ ਸੰਗ ਭੈਯਾ ।।
ਗੁਰੂ ਸੇਵ ਮੈਂ ਹਾਜ਼ਰੰ ਆਨਿ ਹੋਯੋ।। ਪਰ੍ਹਾ ਬੰਧਿ ਠਾਂਢੋ ਚਹੈ ਜੰਗ ਜੋਯੋ।।[7]

ਇਸ ਨਾਲ ਸਿੱਖ ਸੈਨਿਕਾਂ ਵਿਚ ਭਾਰੀ ਉਤਸ਼ਾਹ ਵਧਿਆ ਤੇ ਥੋੜੀ ਜਿਹੀ **ਸਿੱਖ** ਸੈਨਾ ਨੇ ਵਡੀ ਪਹਾੜੀ ਸੈਨਾ ਤੋਂ ਇਹ ਜੰਗ ਜਿਤ ਲਈ ਸੀ। ਇਸ ਵਿਚ ਜਿਥੇ ਬਹੁਤ ਸਾਰੇ ਸਿੱਖ ਸ਼ਹੀਦ ਹੋਏ ਸਨ ਉਥੇ ਪੀਰ ਬੁਧੂ ਸ਼ਾਹ ਦੇ ਤਿੰਨ ਪੁਤਰ, ਭਤੀਜਾ ਤੇ ਕਾਫੀ ਮੁਰੀਦ ਸ਼ਹੀਦ ਹੋ ਗਏ ਸਨ।[8] ਜੰਗ ਤੋਂ ਬਾਅਦ *ਗੁਰੂ ਜੀ ਸੰਗਤ ਨੂੰ ਵਿਦਾ ਕਰ ਰਹੇ ਸਨ ਤਾਂ ਪੀਰ ਬੁਧੂ ਸ਼ਾਹ ਵੀ ਵਿਦਾ ਹੋਣ ਲਈ ਹਾਜ਼ਰ ਹੋਇਆ। ਗੁਰੂ ਜੀ ਕੰਘਾ ਕਰ ਰਹੇ ਸਨ, ਬੁੱਧੂ ਸ਼ਾਹ ਨੂੰ ਅੱਧੀ ਦਸਤਾਰ, ਇਕ ਪੌਸ਼ਾਕ, ਇਕ ਹੁਕਮਨਾਮਾ, ਇਕ ਕਟਾਰ ਬਖਸਿਆ ਤੇ ਕੰਘਾ ਜਿਸ ਵਿਚੋਂ ਅਜੇ ਕੇਸ ਨਹੀਂ ਸੀ ਕੱਢੇ ਬਖਸ਼ਿਆ।* [9]

ਗੁਰੂ ਗੋਬਿੰਦ ਸਿੰਘ ਜੀ ਦੀ ਇਹ ਪਹਿਲੀ ਜੰਗ ਸੀ ਇਸ ਨਾਲ ਗੁਰੂ ਜੀ ਦੀ ਪ੍ਰਸਿਧੀ ਚਾਰੇ ਪਾਸੇ ਫੈਲ ਗਈ। ਪਹਾੜੀ ਰਾਜਿਆਂ ਦੀ ਹੇਠੀ ਹੋਈ। ਹਾਰ ਦਾ ਬਦਲਾ ਲੈਣ ਲਈ ਪਹਾੜੀਆਂ ਨੇ ਗੁਰੂ ਸਾਹਿਬ ਵਿਰੁਧ ਉਜਾਂ ਲਾਉਣੀਆਂ ਹੀ ਸੀ, ਤੇ ਪੀਰ ਬੁਧੂ ਸ਼ਾਹ ਖਿਲਾਫ ਵੀ ਸਖਤ ਕਾਰਵਾਈ ਦੇ ਹੁਕਮ ਲਈ ਬੇਨਤੀ ਕੀਤੀ। ਪਰ ਸੈਦਖਾਨ ਦਾ ਔਰੰਗਜ਼ੇਬ ਨਾਲ ਚੰਗਾ ਰਸੂਖ਼ ਹੋਣ ਕਾਰਨ ਗੱਲ ਟਾਲ ਦਿਤੀ ਗਈ। ਅੰਤ ਜਦੋਂ ਖ਼ਬਰਾਂ ਪੁਜਦੀਆਂ ਹੀ ਗਈਆਂ ਤਾਂ ਔਰੰਗਜ਼ੇਬ ਨੇ ਸੈਦਖਾਨ ਨੂੰ ਹੀ ਕਾਰਵਾਈ ਕਰਨ ਲਈ ਭੇਜਿਆ। ਪੰਜਾਬ ਆਉਣ ਤੇ ਜਦੋਂ ਉਹ ਆਪਣੀ ਭੈਣ ਤੇ ਭਣਵੱਈਏ ਦੇ ਕਹਿਣ ਤੇ ਜੰਗ ਕਰਨ ਤੋਂ ਇਨਕਾਰੀ ਹੋ ਗਿਆ ਤੇ ਕਾਰਵਾਈ ਕਰਨ ਲਈ ਉਸਮਾਨ ਖਾਨ ਹੁਰਾਂ ਨੂੰ ਕਮਾਨ ਦੇ ਦਿਤੀ। ਔਰੰਗਜ਼ੇਬ ਨੂੰ ਜਦ ਸਾਰੀ ਖ਼ਬਰ ਪੁੱਜੀ ਤਾਂ ਸਖ਼ਤ ਕਾਰਵਾਈ ਦਾ ਹੁਕਮ ਦਿਤਾ ਤੇ ਗੁਰੂ ਸਾਹਿਬ ਅਤੇ ਸਰਧਾਲੂਆਂ ਨੂੰ ਖਤਮ ਕਰਨ ਲਈ ਵੱਡੇ ਪੈਮਾਨੇ ਤੇ ਯੋਜਨਾ ਤਿਆਰ ਕੀਤੀ ਗਈ।[10] ਉਸਮਾਨ ਖਾਨ ਪੂਰੀ ਤਾਕ ਵਿਚ ਸੀ ਕਿ ਕਦੋਂ ਮੌਕਾ ਮਿਲੇ ਤੇ ਪੀਰ ਬੁਧੂ ਸ਼ਾਹ ਨੂੰ ਸਬਕ ਸਿਖਾਇਆ ਜਾ ਸਕੇ। ਗੁਰੂ ਸਾਹਿਬ ਦਾ ਹਮਾਇਤੀ ਹੋਣ 'ਤੇ ਪੀਰ ਜੀ ਖਿਲਾਫ ਉਸਮਾਨ ਖਾਨ ਨੇ ਚੜ੍ਹਾਈ ਕਰ ਦਿਤੀ। ਉਸਮਾਨ ਖਾਨ ਅਜੇ ਰਸਤੇ ਵਿਚ ਹੀ ਸੀ ਕਿ ਪੀਰ ਜੀ ਨੇ ਆਪਣੇ ਪਰਿਵਾਰ ਨੂੰ ਨਾਹਨ ਦੇ ਰਾਜੇ ਕੋਲ ਭੇਜ ਦਿਤਾ। ਇਧਰ ਉਸਮਾਨ ਖਾਨ ਨੇ ਸਢੌਰਾ ਪੁੱਜਦੇ ਹੀ ਹਵੇਲੀ ਨੂੰ ਅੱਗ ਲਗਾ ਦਿਤੀ ਤੇ ਪੀਰ ਬੁਧੂ ਸ਼ਾਹ ਨੂੰ ਗ੍ਰਿਫਤਾਰ ਕਰਕੇ

ਜੰਗਲ ਵਿਚ ਲੈ ਗਏ। ਉਥੇ ਉਹਨਾਂ ਦੇ ਸਰੀਰ ਦੇ ਟੁਕੜੇ ਕਰਕੇ ਸਰੀਰ ਨੂੰ ਸਾੜ ਦਿਤਾ ਗਿਆ। ਇਸ ਤਰ੍ਹਾਂ ਪੀਰ ਬੁਧੂ ਸ਼ਾਹ ਸਹੀਦੀ ਪਾ ਗਿਆ।

ਪੀਰ ਬੁੱਧੂ ਸ਼ਾਹ ਸਿੱਖ ਕੌਮ ਪ੍ਰਤੀ ਆਪਣੀ ਸ਼ਰਧਾ ਦਾ ਪ੍ਰਗਟਾਅ ਕਰਕੇ ਆਪਣੇ ਪੁੱਤਰਾਂ ਅਤੇ ਮੁਰੀਦਾਂ ਨੂੰ ਜੰਗ ਦੇ ਮੈਦਾਨ ਵਿੱਚ ਸ਼ਹੀਦ ਕਰਵਾਕੇ ਇੱਕ ਸ਼ਹੀਦੀ ਦੀ ਨਵੀਂ ਪਿਰਤ ਪਾ ਗਿਆ। ਪੀਰ ਬੁੱਧੂ ਸ਼ਾਹ ਦੀ ਸ਼ਹੀਦੀ ਨੂੰ ਯਾਦ ਕਰਕੇ ਇੱਕਲੀ ਸਿੱਖ ਕੌਮ ਹੀ ਨਹੀਂ ਸਗੋਂ ਪੂਰੀ ਮਨੁੱਖਤਾ ਮਾਣ ਮਹਿਸੂਸ ਕਰਦੀ ਰਹੇਗੀ। ਜਿਹੜੀਆਂ ਕੌਮਾਂ ਆਪਣੇ ਗੌਰਵਮਈ ਇਤਿਹਾਸ ਨੂੰ ਭੁੱਲ ਜਾਂਦੀਆਂ ਹਨ ਉਹ ਦੁਨੀਆਂ ਦੀ ਗਿਹਰੀ ਧੂੰਦ ਵਿੱਚ ਗਵਾਚ ਜਾਂਦੀਆਂ ਹਨ ਤੇ ਸਦਾ ਲਈ ਅਲੋਪ ਹੋ ਜਾਂਦੀਆਂ ਹਨ। ਪੀਰ ਬੁੱਧੂ ਸ਼ਾਹ ਦੀ ਸ਼ਹੀਦੀ ਹੋਰਨਾਂ ਸ਼ਹੀਦਾਂ ਦੀ ਤਰ੍ਹਾਂ ਚਮਕਦੇ ਸਿਤਾਰਿਆਂ ਵਾਂਗ ਹਮੇਸ਼ਾਂ ਚਮਕਦੀ ਰਹੇਗੀ। ਪ੍ਰਕਾਰ ਨਹੀਂ

ਹਵਾਲੇ:-----------------------------------------------------------------------------------------------------------------------------

* ਯੋਧਾ ਜੋ ਆਪਣੇ ਬਰਾਬਰ ਦੇ ਨਾਲ ਯੁਧ ਕਰ ਸਕੇ। ਮਹਾਂਬਲੀ ਜੋ 10000(ਦਸ ਹਜਾਰ) ਯੋਧਿਆਂ ਨਾਲ ਲੜਨ ਦੇ ਸਮਰਥ ਹੋਵੇ ਤੇ ਸੂਰਮਾ ਅਸੰਖ ਨਾਲ ਲੜਨ ਦੇ ਸਮਰਥ ਹੁੰਦਾ ਹੈ।(ਵੇਖੋ ਫਰੀਦਕੋਟੀ ਟੀਕਾ, ਜਪੁ ਬਾਣੀ ਵਿਚ 27ਵੀਂ ਪਉੜੀ 'ਗਾਵਹਿ ਜੋਧ ਮਹਾਬਲ ਸੂਰਾ)

1 ਸ੍ਰੀ ਗੁਰੂ ਗ੍ਰੰਥ ਸਾਹਿਬ, ਰਾਗ ਮਾਰੂ, ਭਗਤ ਕਬੀਰ ਜੀ, ਅੰਗ 1105

2 ਗੁਰੂ ਗ੍ਰੰਥ ਸਾਹਿਬ, ਰਾਗ ਮਾਰੂ, ਮਹਲਾ 5, , ਅੰਗ 1019

3 ਪ੍ਰੋ.ਸਾਹਿਬ ਸਿੰਘ, ਜੀਵਨ ਬ੍ਰਿਤਾਂਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਪ੍ਰਕਾਸ਼ਕ ਸਿੰਘ ਬ੍ਰਦਰਜ, ਚੋਦਵੀਂ ਵਾਰ 2012, ਪੰਨਾ 72

* ਭੀਖਮ ਸ਼ਾਹ ਉਹੀ ਫਕੀਰ ਸੀ ਜਿਸਨੇ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਸਮੇਂ ਪਟਨੇ ਵਲ ਨੂੰ ਸਿਜਦਾ ਕੀਤਾ ਸੀ।

4 ਸਿੱਖ ਇਨਕਲਾਬ, ਜਗਜੀਤ ਸਿੰਘ, ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਸੰਨ ਸਤੰਬਰ 2012, ਪੰਨਾ 69

5 ਸਤਬੀਰ ਸਿੰਘ ਪੰਨਾ88

▲ ਗੋਕਲ ਚੰਦ ਨਾਰੰਗ, ਸਿੱਖ ਮਤ ਦਾ ਪਰਿਵਰਤਨ ਲਿਖਦਾ ਹੈ ਕਿ "ਗੁਰੂ ਸਾਹਿਬ ਨੇ ਇਹਨਾਂ ਰਾਜਿਆਂ ਨੂੰ ਜ਼ਬਰਦਸਤੀ ਆਪਣੇ ਅਧੀਨ ਕਰਨ ਦਾ ਪ੍ਰਣ ਕਰ ਲਿਆ ਤੇ ਉਨ੍ਹਾਂ ਨੂੰ ਸਿਧੇ ਰਾਹ 'ਤੇ ਲਿਆਉਣ ਲਈ ਓਪਣੇ ਅਨੁਯਾਈਆਂ ਨੂੰ ਖੁਲੀ ਯੁਟੀ ਦੇ ਦਿਤੀ। ਸਿਖਾਂ ਨੇ, ਜੋ ਲੁੱਟ ਮਾਰ ਦਾ ਸੁਆਦ ਪਹਿਲਾਂ ਹੀ ਚਖ ਚੁਕੇ ਸਨ ਨਿਰਬਲ ਪਰੰਤੂ ਹਠੀ ਰਾਜਿਆਂ ਦੇ ਇਲਾਕੇ ਵਿਚ ਲੁਟ ਮਾਰ ਮਚਾ ਦਿਤੀ ਸੀ। (ਪੰਨਾ 93)

◊ ਸੁਖਦਿਆਲ ਸਿੰਘ ਡਾ., ਸ਼ਿਰੋਮਣੀ ਸਿੱਖ ਇਤਿਹਾਸ, ਸੰਗਮ ਪਬਲੀਕੇਸ਼ਨ ਸਮਾਣਾ, 2014, ਪੰਨਾ 235

6 ਭਾਈ ਸਵਰੂਪ ਸਿੰਘ ਕੌਸ਼ਿਸ਼, ਗੁਰੂ ਕੀਆਂ ਸਾਖੀਆਂ, ਸੰਪਾ ਪਿਆਰਾ ਸਿੰਘ ਪਦਮ, ਸਿੰਘ ਬ੍ਰਦਰਜ ਅੰਮ੍ਰਿਤਸਰ, ਸੰਨ 2014, ਪੰਨਾ 100

7 ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,ਕਵੀ ਚੂੜਾਮੜੀ ਭਾਈ ਸੰਤੋਖ ਸਿੰਘ, ਭਾਈ ਵੀਰ ਸਿੰਘ ਜੀ(ਸੰਪਾ.) ਭਾਸ਼ਾ ਵਿਭਾਗ, ਪੰਜਾਬ, ਜਿਲਦ ਗਿਆਰਵੀਂ, ਰਿਤੁ2, ਅੰਸੂ25, ਸਾਲ 1991, ਪੰਨਾ 4794

8 ਸਤਵੀਰ ਸਿੰਘ, ਪੁਰਖ ਭਗਵੰਤ(ਜੀਵਨੀ ਗੁਰੂ ਗੋਬਿੰਦ ਸਿੰਘ ਜੀ), ਨਿਊ ਬੁੱਕ ਕੰਪਨੀ ਜਲੰਧਰ, ਦਸਵੀਂ ਵਾਰ2013, ਪੰਨਾ97

9 ਤਵਾਰੀਖ ਗੁਰੂ ਖਾਲਸਾ, ਭਾਗ ਪਹਿਲਾ, ਭਾਸ਼ਾ ਵਿਭਾਗ, ਪੰਜਾਬ, ਪੰਜਵੀਂ ਵਾਰ 2013, ਪੰਨਾ 837

10 ਮੁਹੰਮਦ ਹਬੀਬ ਤੇ ਜਸਪਾਲ ਕੌਰ, ਸਿੱਖ ਧਰਮ ਨਾਲ ਸਤਿਕਾਰਿਤ ਮੁਸਲਿਮ ਸ਼ਖਸੀਅਤਾਂ, ਐਸ ਐਲ ਐਮ ਪਬਲੀਸ਼ਰਜ਼ ਪਟਿਆਲਾ, 2016 ਪੰਨਾ 24

# ਸਿੱਖ ਆਚਾਰ ਵਿਹਾਰ: ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਵਿਸ਼ੇਸ਼ ਹਵਾਲੇ ਨਾਲ

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ

ਸੋਸ਼ਲ ਸਾਇੰਸਿਜ਼ ਫੈਕਲਟੀ ਅਧੀਨ

ਪੀਐੱਚ.ਡੀ. ਦੀ ਡਿਗਰੀ ਲਈ ਪ੍ਰਸਤੁਤ

**ਖੋਜ-ਪ੍ਰਬੰਧ**

(2020)


**ਨਿਗਰਾਨ**

ਡਾ. ਅਮਰਜੀਤ ਸਿੰਘ
ਪ੍ਰਿੰਸੀਪਲ
ਗੁਰੂ ਕਾਸ਼ੀ, ਗੁਰਮਤਿ ਇੰਸਟੀਚਿਊਟ,
ਤਲਵੰਡੀ ਸਾਬੋ

**ਖੋਜਾਰਥੀ**

ਮੇਜਰ ਸਿੰਘ

**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**


Scanned by CamScanner

# ਸਾਰ


ਇਸ ਖੋਜ ਕਾਰਜ ਰਾਹੀਂ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚੋਂ ਆਚਾਰ-ਵਿਹਾਰ ਨਾਲ ਸੰਬੰਧਿਤ ਪੱਖਾਂ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।ਆਚਾਰ-ਵਿਹਾਰ ਦਾ ਸੰਬੰਧ ਮਨੁੱਖ ਦੇ ਸਮੁੱਚੇ ਆਚਰਣ ਨਾਲ ਹੈ ਜੋ ਕਿ ਮਨੁੱਖੀ ਜੀਵਨ ਦਾ ਜ਼ਰੂਰੀ ਅੰਗ ਹੈ। ਚੰਗੇ ਆਚਾਰ-ਵਿਹਾਰ ਵਾਲਾ ਮਨੁੱਖ ਹੀ ਸਮਾਜ ਵਿਚ ਸੱਭਿਅਕ ਮੰਨਿਆ ਜਾਂਦਾ ਹੈ। ਇਸ ਖੋਜ ਕਾਰਜ ਰਾਹੀਂ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਕਵੀ ਸੰਤੋਖ ਸਿੰਘ ਨੇ ਸਿੱਖਾਂ ਦੇ ਜਿਸ ਤਰ੍ਹਾਂ ਦੇ ਆਚਾਰਵਿਹਾਰ ਦੀ ਪੇਸ਼ਕਾਰੀ ਕੀਤੀ ਹੈ ਉਸ ਨੂੰ ਉਸੇ ਤਰ੍ਹਾਂ ਹੀ ਪ੍ਰਸਤੁਤ ਕਰਨ ਦੇ ਨਾਲ-ਨਾਲ ਗੁਰਬਾਣੀ ਦਾ ਸਹਾਰਾ ਲੈ ਕੇ ਵਿਸ਼ਿਆਂ ਨੂੰ ਸਪੱਸ਼ਟ ਕਰਨ ਦਾ ਯਤਨ ਕੀਤਾ ਗਿਆ ਹੈ। ਸਾਡਾ ਮਨੋਰਥ ਅਤੇ ਘੇਰਾ ਸਿਰਫ ਇਸ ਗ੍ਰੰਥਵਿਚ ਕੀਤੀ ਗਈ ਪੇਸ਼ਕਾਰੀ ਨੂੰ ਹੀ ਸਾਹਮਣੇ ਲਿਆਉਣ ਦਾ ਹੈ ਤਾਂ ਜੋ ਉਸ ਸਮੇਂ ਦੇ ਮਨੁੱਖੀ ਆਚਰਣ ਨੂੰ ਅੱਜ ਦੇ ਸਮੇਂ ਨਾਲ ਮੇਲ ਕੇ ਦੇਖਿਆ ਜਾ ਸਕੇ। ਇਸ ਵਿਚ ਤੁਲਨਾਤਮਕ ਵਿਧੀ ਰਾਹੀਂ ਵੀਆਚਾਰ ਵਿਹਾਰ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ ਤਾਂ ਜੋ ਉਸ ਸਮੇਂ ਦੇ ਆਚਾਰ-ਵਿਹਾਰ ਨੂੰ ਅੱਜ ਦੇ ਸਮੇਂ ਨਾਲ ਜੋੜ ਕੇ ਦੇਖਿਆ ਜਾ ਸਕੇ।

ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਵਰਣਿਤ ਆਚਾਰ ਵਿਹਾਰ ਨਾਲ ਸੰਬੰਧਿਤ ਇਹ ਪਹਿਲਾ ਖੋਜ ਕਾਰਜ ਹੈ। ਇਸ ਖੋਜ ਕਾਰਜ ਨੂੰ ਚਾਰ ਅਧਿਆਇਆਂ ਵਿਚ ਵੰਡਿਆ ਗਿਆ ਹੈ। ਪਹਿਲੇ ਅਧਿਆਇ ਵਿਚ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਰਚਨਾਕਾਰ ਚੂੜਾਮਣਿ ਕਵੀ ਭਾਈ ਸੰਤੋਖ ਸਿੰਘ ਦੇ ਜੀਵਨ ਅਤੇ ਰਚਨਾਵਾਂ ਸੰਬੰਧੀ ਮਿਲਦੀ ਜਾਣਕਾਰੀ ਰਾਹੀਂ ਕਵੀ ਜੀ ਦੇ ਚਰਿੱਤਰ ਨੂੰ ਉਘਾੜਿਆ ਗਿਆ ਹੈ। ਇਸ ਵਿਚ ਕਵੀ ਜੀ ਦੇ ਜੀਵਨ ਬਾਰੇ ਵੱਖ-ਵੱਖ ਵਿਦਵਾਨਾਂ ਦੀ ਖੋਜ ਮੁਤਾਬਕ ਉਨ੍ਹਾਂ ਦੀਆਂ ਨਿੱਜੀ ਰਾਵਾਂ ਨੂੰ ਹਵਾਲਿਆਂ ਦੇ ਤੌਰ ‘ਤੇ ਸ਼ਾਮਿਲ ਕਰਦੇ ਹੋਏ ਸਹੀ ਜਾਣਕਾਰੀ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਅਧਿਆਇ ਵਿਚਭਾਈ ਸੰਤੋਖ ਸਿੰਘ ਦੇ ਜਨਮ ਸਥਾਨ, ਉਨ੍ਹਾਂ ਦੇ ਜਨਮ ਦਾ ਸੰਨ, ਮਾਤਾ ਪਿਤਾ ਦਾ ਨਾਮ, ਵਿਦਿਅਕ ਗੁਰੂ (ਜਿਸ ਦੁਆਰਾ ਦਿੱਤੀ ਗਈ ਸਿੱਖਿਆ ਸਦਕਾ ਮਹਾਨ ਮਹਾਂ ਕਾਵਿ ਲਿਖਿਆ), ਉਨ੍ਹਾਂ ਦੇ ਪਟਿਆਲਾ ਨਿਵਾਸ ਬਾਰੇ ਤੇ ਬੂੜੀਆ ਰਿਆਸਤ ਵਿਚ ਨਿਵਾਸ ਆਦਿ ਸੰਬੰਧੀ ਨਿਰਣਾ ਕਰਨ ਦਾ ਯਤਨ ਕੀਤਾ ਗਿਆ ਹੈ।

ਕਵੀ ਜੀ ਦੀਆਂ ਕੁਲ ਛੇ ਰਚਨਾਵਾਂ (ਨਾਮ ਕੋਸ਼, ਸ੍ਰੀ ਨਾਨਕ ਪ੍ਰਕਾਸ਼, ਗਰਬ ਗੰਜਨੀ ਟੀਕਾ, ਬਾਲਮੀਕਿ ਰਾਮਾਇਣ, ਆਤਮ ਪੁਰਾਣ ਦਾ ਟੀਕਾ ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ) ਤੋਂ ਇਲਾਵਾ ਇਨ੍ਹਾਂ ਦੀ

ਪੰਜਾਬੀ ਵਿਚ ਲਿਖੀ ਹੋਈ ਸ਼ਿਹਰਫ਼ੀ ਅਤੇ ਕੁੱਝ ਫੁੱਟਕਲ ਰਚਨਾਵਾਂ ਬਾਰੇ ਅਤੇ ਵੱਖ- ਵੱਖ ਵਿਦਵਾਨਾਂਦੇ ਵਿਚਾਰਾਂ ਨੂੰ ਪੇਸ਼ ਕੀਤਾ ਗਿਆ ਹੈ।

ਦੂਸਰੇ ਅਧਿਆਇ ਵਿਚ ਆਚਾਰ ਵਿਹਾਰ ਦੇਅਰਥਾਂ ਬਾਰੇ ਚਰਚਾ ਕੀਤੀਗਈ ਹੈ। ਜਿਸ ਵਿਚ ਆਚਾਰ ਵਿਹਾਰ ਸੰਬੰਧੀ ਵੱਖ-ਵੱਖ ਕੋਸ਼ਾਂ ਤੇ ਵਿਦਵਾਨਾਂ ਦੀਆਂ ਟਿੱਪਣੀਆਂ ਨੂੰ ਵਰਤਿਆ ਗਿਆ ਹੈ। ਸਿੱਖ ਧਰਮ ਤੋਂ ਇਲਾਵਾ ਦੂਸਰੇ ਧਰਮ, ਜਿਵੇਂ ਕਿ ਹਿੰਦੂ, ਇਸਲਾਮ, ਇਸਾਈ, ਬੁੱਧ, ਯਹੂਦੀ, ਕਨਫਿਊਸ਼ਿਸ ਅਤੇ ਜੈਨ ਧਰਮ ਵਿਚ ਆਚਾਰ ਵਿਹਾਰ ਦੀ ਪਰਿਭਾਸ਼ਾ ਨੂੰ ਅੰਕਿਤ ਕਰਕੇ ਇਸ ਨੂੰ ਤੁਲਨਾਤਮਕ ਵਿਧੀ ਰਾਹੀਂ ਪੇਸ਼ ਕੀਤਾ ਗਿਆ ਹੈ। ਮਨੁੱਖ ਦੇ ਜਿਨ੍ਹਾਂ ਗੁਣਾਂ ਦਾ ਸੰਬੰਧ ਆਚਰਣ ਨਾਲ ਹੈ ਉਨ੍ਹਾਂ ਨੂੰ ਹੀ ਅਚਾਰ ਵਿਹਾਰ ਦੇ ਮਾਧਿਅਮ ਰਾਹੀਂ ਗੁਰਮਤਿ ਅਨੁਸਾਰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।

ਤੀਜਾ ਅਧਿਆਇ ਸਿੱਖ ਗੌਣ ਸ੍ਰੋਤਾਂ ਵਿਚੋਂ ਪ੍ਰਗਟ ਹੋਣ ਵਾਲੇ ਆਚਾਰ ਵਿਹਾਰ ਨਾਲ ਸੰਬੰਧਿਤ ਹੈ। ਇਸ ਅਧਿਆਇ ਵਿਚ ਸਿੱਖ ਗੌਣ ਗ੍ਰੰਥਾਂ ਵਿਚੋਂ ਆਚਾਰ ਵਿਹਾਰ ਨਾਲ ਸੰਬੰਧਿਤ ਹਵਾਲਿਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਸੰਬੰਧਿਤ ਵਿਸ਼ੇ ਦੀ ਉਪਲੱਬਧਤਾ ਵਾਲੇ ਹੇਠ ਲਿਖੇ ਕੁੱਝ ਚੋਣਵੇਂ ਸ੍ਰੋਤਾਂ ਨੂੰ ਇਸ ਅਧਿਆਇ ਦੀ ਸਮੱਗਰੀ ਦਾ ਆਧਾਰ ਬਣਾਇਆ ਗਿਆ ਹੈ-

1. ਭਾਈ ਗੁਰਦਾਸ ਜੀ ਦੀਆਂ ਰਚਨਾਵਾਂ (ਵਾਰਾਂ ਅਤੇ ਕਬਿੱਤ ਸਵੱਈਏ)
2. ਰਹਿਤਨਾਮੇ
3. ਪ੍ਰੇਮ ਸੁਮਾਰਗ ਗ੍ਰੰਥ
4. ਸ੍ਰੀ ਗੁਰ ਸੋਭਾ
5. ਗੁਰ ਬਿਲਾਸ ਪਾਤਸ਼ਾਹੀ ਛੇਵੀਂ
6. ਸਿੱਖਾਂ ਦੀ ਭਗਤਮਾਲਾ
7. ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ
8. ਸ੍ਰੀ ਗੁਰ ਪੰਥ ਪ੍ਰਕਾਸ਼

ਇਹਨਾਂ ਸ੍ਰੋਤਾਂ ਵਿਚ ਵਰਣਿਤ ਆਚਾਰ ਵਿਹਾਰ ਦੇ ਹਵਾਲਿਆਂ ਤੋਂ ਪਹਿਲਾਂ ਸੰਬੰਧਿਤ ਸ੍ਰੋਤ ਬਾਰੇ ਮੁੱਢਲੀ ਅਤੇ ਸੰਖੇਪ ਜਾਣਕਾਰੀ ਵੀ ਪ੍ਰਦਾਨ ਕੀਤੀ ਗਈ ਹੈ। ਅਧਿਆਇ ਵਿਚ ਸ੍ਰੋਤ ਗ੍ਰੰਥਾਂ ਵਿਚੋਂ ਉਭਰ ਕੇ

ਸਾਹਮਣੇ ਆਉਣ ਵਾਲੇ ਉਪਦੇਸ਼ਾਤਮਕ ਹਵਾਲਿਆਂ ਨੂੰ ਸਥਾਨ ਦਿੱਤਾ ਗਿਆ ਹੈ ਤਾਂ ਕਿ ਇਸ ਨਾਲ ਵਿਸ਼ੇ ਦੀ ਵਧੇਰੇ ਸਪੱਸ਼ਟਤਾ ਹੋ ਸਕੇ।

ਚੌਥਾ ਅਧਿਆਇ 'ਸਿੱਖ ਆਚਾਰ ਵਿਹਾਰ: ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਵਿਸ਼ੇਸ਼ ਹਵਾਲੇ ਨਾਲ' ਸੰਬੰਧਿਤ ਹੈ। ਇਸ ਅਧਿਆਇ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ-

1. ਧਾਰਮਿਕ ਆਚਾਰ ਵਿਹਾਰ
2. ਸਮਾਜਿਕ ਆਚਾਰ ਵਿਹਾਰ
3. ਰਾਜਨੀਤਿਕ ਆਚਾਰ ਵਿਹਾਰ

ਇਨ੍ਹਾਂ ਭਾਗਾਂ ਦੇ ਅੱਗੋਂ ਉਪ-ਸਿਰਲੇਖ ਬਣਾਏ ਗਏ ਹਨ ਤਾਂ ਕਿ ਆਚਾਰ ਵਿਹਾਰ ਵਾਲੇ ਹਰੇਕ ਪੱਖ ਨੂੰ ਚੰਗੀ ਤਰ੍ਹਾਂ ਉਜਾਗਰ ਕੀਤਾ ਜਾ ਸਕੇ।

ਧਾਰਮਿਕ ਆਚਾਰ ਵਿਹਾਰ ਵਿਚ ਨੈਤਿਕ ਗੁਣਾਂ ਜਿਵੇਂ ਸੱਚ, ਸੰਤੋਖ, ਸਬਰ, ਨਿਮਰਤਾ ਤੋਂ ਇਲਾਵਾ ਸਤਿਸੰਗਤ, ਸਿਮਰਨ, ਸਿਦਕ, ਵੰਡ ਛਕਣ, ਦਾਨ ਦੇਣ, ਰਜ਼ਾ, ਇਕ ਅਕਾਲ ਪੁਰਖ ਦੀ ਬੰਦਗੀ, ਪਰਉਪਕਾਰ, ਸਿੱਖ ਦੀ ਰਹਿਣੀ, ਮਿੱਠਾ ਬੋਲਣਾ ਆਦਿ ਤੋਂ ਇਲਾਵਾ ਕਾਮ, ਕ੍ਰੋਧ, ਲੋਭ, ਮੋਹ ਹੰਕਾਰ, ਝੂਠ, ਹਿੰਸਾ ਦਾ ਤਿਆਗ, ਭੈੜੀ ਸੰਗਤ ਦਾ ਤਿਆਗ ਕਰਨ ਆਦਿ ਹੋਰ ਕਈ ਅਜਿਹੇ ਪੱਖ, ਜਿਨ੍ਹਾਂ ਦਾ ਸੰਬੰਧ ਆਚਾਰ ਵਿਹਾਰ ਨਾਲ ਹੈ, ਨੂੰ ਇਸ ਅਧਿਆਇ ਦਾ ਹਿੱਸਾ ਬਣਾਇਆ ਗਿਆ ਹੈ।

ਸਮਾਜਿਕ ਆਚਾਰ ਵਿਹਾਰ ਵਿਚ ਕਿਰਤ, ਹੱਕ-ਸੱਚ ਦੀ ਕਮਾਈ, ਇਕ ਦੂਸਰੇ ਦੀ ਸਹਾਇਤਾ, ਇਮਾਨਦਾਰੀ, ਚੋਰੀ, ਪਰਾਈ ਇਸਤਰੀ ਨਾਲ ਸੰਗ, ਜੂਆ ਖੇਡਣਾ, ਆਦਰ-ਸਨਮਾਨ, ਮਨੁੱਖਤਾ ਦੀ ਸੇਵਾ, ਜਾਤ-ਪਾਤ, ਛੂਆ-ਛਾਤ, ਪਸ਼ੂ-ਬਲੀ, ਨਿੰਦਿਆ, ਚੁਗਲੀ ਆਦਿ ਵਿਧਿ002Dਨਿਖੇਧ ਕਰਮਾਂ ਤੇ ਹੋਰ ਵੀ ਕਈ ਪੱਖ ਜੋ ਮਨੁੱਖ ਦੇ ਆਚਾਰ ਵਿਹਾਰ ਨਾਲ ਸੰਬੰਧਿਤ ਹਨ ਉਨ੍ਹਾਂ ਨੂੰ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਹਵਾਲਿਆਂ ਨਾਲ ਹੀ ਪੇਸ਼ ਕੀਤਾ ਗਿਆ ਹੈ।

ਤੀਜਾ ਉਪ ਅਧਿਆਇ ਰਾਜਨੀਤਿਕ ਆਚਾਰ ਵਿਹਾਰ ਨਾਲ ਸੰਬੰਧਿਤ ਹੈ। ਇਸ ਵਿਚ ਉਸ ਸਮੇਂ ਦੇ ਹਾਕਮਾ ਵੱਲੋਂ ਚਲਾਈ ਜਾ ਰਹੀ ਰਾਜਨੀਤੀ, ਉਸ ਸਮੇਂ ਦੀ ਦਸ਼ਾ, ਜਿਸ ਵਿਚ ਮਨੁੱਖਤਾ ਦਾ ਘਾਣ ਹੋ ਰਿਹਾ ਸੀ, ਨੂੰ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ। ਭੈੜੀ ਰਾਜਨੀਤਿਕ ਦਸ਼ਾ ਕਾਰਨ ਆਪਣੇ ਹੀ ਲੋਕਾਂ ਦਾ

ਖ਼ੂਨ ਚੂਸਣਾ, ਹਾਕਮਾ ਦਾ ਆਚਰਣ ਤੇ ਉਨ੍ਹਾਂ ਨਾਲ ਜੁੜੇ ਹੋਏ ਵਿਅਕਤੀਆਂ ਦਾ ਆਚਰਣ, ਭੈੜੀ ਰਾਜਨੀਤੀ ਵਰਤਣਾ, ਨਿਆਂ, ਯੁੱਧ ਸਮੇਂ ਵਰਤੀ ਗਈ ਰਾਜਨੀਤੀ, ਕਪਟੀ ਚਾਲਾਂ, ਯੁੱਧ ਦੌਰਾਨ ਪਾਸਾ ਬਦਲਣਾ ਆਦਿ ਨੂੰ ਇਸ ਵਿਚ ਪੇਸ਼ ਕਰਕੇ ਰਾਜਨੀਤਿਕ ਆਚਾਰ ਵਿਹਾਰਨੂੰ ਪੇਸ਼ ਕੀਤਾ ਗਿਆ ਹੈ।

## ਸਥਾਪਨਾਵਾਂ

- ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਰਾਹੀਂ ਵਿਸ਼ਾ ਸਮੱਗਰੀ ਨਾਲ ਸੰਬੰਧਿਤ ਅਲੱਗ-ਅਲੱਗ ਪੱਖਾਂ ਨੂੰ ਅਕਾਦਮਿਕ ਤੌਰ 'ਤੇ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ।
- ਕਵੀ ਭਾਈ ਸੰਤੋਖ ਸਿੰਘ ਦੇ ਜੀਵਨ ਨਾਲ ਸੰਬੰਧਿਤ ਵੱਖ-ਵੱਖ ਵਿਦਵਾਨਾਂ ਦੀਆਂ ਰਾਵਾਂ ਨੂੰ ਇਸ ਵਿਚ ਸ਼ਾਮਿਲ ਕੀਤਾ ਗਿਆ ਹੈ।
- ਇਸ ਗ੍ਰੰਥ ਵਿਚੋਂ ਆਚਾਰ ਵਿਹਾਰ ਨੂੰ ਪ੍ਰਗਟ ਕਰਨ ਵਾਲੇ ਹਵਾਲਿਆਂ ਨੂੰ ਇਕ ਥਾਂ ਇਕੱਠਾ ਕੀਤਾ ਗਿਆ ਹੈ ਜਿਸ ਨਾਲ ਸਿੱਖ ਖੋਜਾਰਥੀਆਂ ਤੇ ਚਿੰਤਕਾਂ ਨੂੰ ਇਸ ਵਿਸ਼ੇ ਦੇ ਅਧਿਐਨ ਵਿਚ ਮਦਦ ਮਿਲੇਗੀ।
- ਗੁਰ ਪ੍ਰਤਾਪ ਸੂਰਜ ਗ੍ਰੰਥ ਤੋਂ ਇਲਾਵਾ ਗੁਰਮਤਿ ਅਤੇ ਹੋਰ ਧਰਮਾਂ ਵਿਚ ਆਚਾਰ ਵਿਹਾਰ ਦੀਆਂ ਪਰਿਭਾਸ਼ਾਵਾਂ ਨੂੰ ਵੀਇਸ ਦਾ ਹਿੱਸਾ ਬਣਾਇਆ ਹੈ ਤਾਂ ਜੋ ਆਚਾਰ ਵਿਹਾਰ ਰਾਹੀਂ ਜੀਵਨ ਸੇਧ ਮਿਲੇ।
- ਵਿਸ਼ੇ ਦੀ ਸਮੱਗਰੀ ਇਕ ਥਾਂ ਇਕੱਠੀ ਹੋ ਗਈ ਹੈ।
- ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਆਚਾਰ ਵਿਹਾਰ ਨਾਲ ਸੰਬੰਧਿਤ ਇਸ ਖੋਜ ਕਾਰਜ ਨਾਲ ਭਵਿੱਖ ਦੇ ਖੋਜਾਰਥੀਆਂ ਨੂੰ ਇਸ ਗ੍ਰੰਥ ਵਿਚਲੇ ਹੋਰ ਅਨੇਕਾਂ ਪੱਖਾਂ ਤੇ ਖੋਜ ਕਰਨ ਲਈ ਉਤਸ਼ਾਹ ਮਿਲੇਗਾ।
- ਇਹ ਖੋਜ ਕਾਰਜ ਅਕਾਦਮਿਕ ਪੱਧਰ ‘ਤੇ ਇਸ ਗ੍ਰੰਥ ਨੂੰ ਹੋਰ ਵਧੇਰੇ ਸੁਖੈਨ ਤੇ ਵਧੀਆ ਢੰਗ ਰਾਹੀਂ ਸਮਝਣ ਵਿਚ ਸਹਾਈ ਸਿੱਧ ਹੋਵੇਗਾ।

ਅਸੀਂ ਉਮੀਦ ਕਰਦੇ ਹਾਂ ਕਿ ਇਹ ਖੋਜ ਕਾਰਜ ਸਿੱਖ ਚਿੰਤਨ, ਵਿਆਖਿਆਕਾਰੀ ਅਤੇ ਇਤਿਹਾਸਕਾਰੀ ਨਾਲ ਜੁੜੇ ਹੋਏ ਖੋਜਾਰਥੀਆਂ ਅਤੇ ਵਿਦਿਆਰਥੀਆਂ ਲਈ ਲਾਹੇਵੰਧ ਸਿੱਧ ਹੋਵੇਗਾ।

# ABSTRACT

All religions passess one scripture, where the words of it's prophets are compiled. The rest is dealth as literature of that tradition. When talking about the original sikh sources, we come across many writings where the lifes of eminent sikhs and household of the Guru's are dealth with remarkable beauty. these sources give a comprehencive information about various aspects of sikh religion and morals.

Sri Gur pratap suraj Granth occupies its important place in sikh texts. It is a relevent source of sikh history. It was composed by eminent poet Bhai Santokh singh. It's homily is conducted in all historical Gurdwaras on a daily basis. It is a combined title for 2 of his important works namely- 'Sri Nanak Prakash and Gur Pratap Suraj Granth.

No research on ethical aspect has been done. So our research is a pioneering and novel.

This research work is divided into four chapters. The first chapter deals with the life and works of poet Santokh Singh. Second chapter is tited, Moral Conduct: Meaning, Form and defination nad gives a discription of Sikh moral aspects. Third division is a study of ethical principle in sikh literature. The final chapter is a study of moral teachings in Gur pratap Suraj Granth.

This research work will throw light on many new points. It will also be benefitial for future scholars who can get directions from it.


**Key words:** ਗੌਣ ਸ੍ਰੋਤ (secondary source), ਸਰਵੋਤਮ (prominent), ਰਚਨਾਵਾਂ (writings), ਸੰਮਲਿਤ (inclusive), ਸੰਬੰਧਿਤ (related)

## ਪ੍ਰਕਾਸ਼ਿਤ ਹੋ ਚੁੱਕੇ ਰਿਸਰਚ ਪੇਪਰਾਂ ਦਾ ਪ੍ਰਮਾਣ-ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਮੇਜਰ ਸਿੰਘ ਦੇ ਹੇਠ ਲਿਖੇ ਰਿਸਰਚ ਪੇਪਰ ਵੱਖ-ਵੱਖ ਪੱਤ੍ਰਿਕਾਵਾਂ/ਮੈਗਜ਼ੀਨਾਂ ਵਿਚ ਪ੍ਰਕਾਸ਼ਿਤ ਹੋ ਚੁੱਕੇ ਹਨ-

1. ਨਾਨਕ ਪ੍ਰਕਾਸ਼ ਪੱਤ੍ਰਿਕਾ (ਜੂਨ 2016, ਅੰਕ ਪਹਿਲਾ)(ISBN: 978-81-302-0487-1)
   ਆਚਾਰ ਵਿਹਾਰ: ਬਾਬਾ ਬੰਦਾ ਸਿੰਘ ਬਹਾਦਰ, ਪੰਨੇ 301-304
2. ਪਰਮਾਨਾ (ਰਿਸਰਚ ਜਰਨਲ) (IssN): 2249-2976)
   ਗੁਰੂ ਗੋਬਿੰਦ ਸਿੰਘ ਦਾ ਅਨਿੰਨ ਸਵੇਕ ਮੁਸਲਿਮ ਨਾਇਕ ਸਯੱਦ ਬਦਰੂਦੀਨ (ਪੀਰ ਬੁਧੂ ਸ਼ਾਹ) ਪੰਨੇ 112-115

ਨਿਗਰਾਨ — ਖੋਜਾਰਥੀ

ਡਾ. ਅਮਰਜੀਤ ਸਿੰਘ — ਮੇਜਰ ਸਿੰਘ

# ਘੋਸ਼ਣਾ-ਪੱਤਰ

ਮੈਂ ਬਿਆਨ ਕਰਦਾ ਹਾਂ ਕਿ **'ਸਿੱਖ ਆਚਾਰ ਵਿਹਾਰ: ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਵਿਸ਼ੇਸ਼ ਹਵਾਲੇ ਨਾਲ'** ਵਿਸ਼ੇ ਤੇ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਵੀ ਅਜਿਹਾ ਖੋਜ-ਕਾਰਜ ਸ਼ਾਮਿਲ ਨਹੀਂ, ਜਿਸ ਵਿਚ ਕਿਸੇ ਹੋਰ ਯੂਨੀਵਰਸਿਟੀ ਜਾਂ ਅਦਾਰੇ ਵਲੋਂ ਕੋਈ ਡਿਗਰੀ, ਡਿਪਲੋਮਾ ਜਾਂ ਸਰਟੀਫਿਕੇਟ ਦਿੱਤਾ ਗਿਆ ਹੋਵੇ।

ਖੋਜਾਰਥੀ

ਮੇਜਰ ਸਿੰਘ

ਮੇਜਰ ਸਿੰਘ

Scanned by CamScanner

# ਭੂਮਿਕਾ

ਧਰਮ ਗ੍ਰੰਥ, ਕਿਸੇ ਵੀ ਧਰਮ ਜਾਂ ਕੌਮ ਦੀ ਵਿਰਾਸਤ ਦਾ ਮਾਣ ਹੁੰਦਾ ਹੈ। ਧਰਮ ਗ੍ਰੰਥ ਤੋਂ ਬਿਨ੍ਹਾਂ ਕਿਸੇ ਵੀ ਧਰਮ ਜਾਂ ਕੌਮ ਦਾ ਕੋਈ ਵੀ ਵਜੂਦ ਨਹੀਂ ਹੈ ਕਿਉਂਕਿ ਧਰਮ ਗ੍ਰੰਥ ਹਰ ਧਰਮ ਦਾ ਪ੍ਰਮੁੱਖ ਆਧਾਰ ਹੁੰਦਾ ਹੈ ਜੋ ਉਸ ਦੀ ਨਿਆਰੀ ਹਸਤੀ ਨੂੰ ਨਿਰਧਾਰਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਧਰਮ ਗ੍ਰੰਥ ਵਿਚ ਉਸ ਕੌਮ ਦੇ ਨਬੀ, ਪੈਗੰਬਰਾਂ ਦੇ ਬੋਲਾਂ ਨੂੰ ਸੰਗ੍ਰਹਿ ਕਰਕੇ ਇਕ ਥਾਂ 'ਤੇ ਅੰਕਿਤ ਕੀਤਾ ਜਾਂਦਾ ਹੈ। ਗੌਣ ਗ੍ਰੰਥਾਂ ਵਿਚ ਉਸ ਧਰਮ ਦੇ ਨਬੀ, ਪੈਗੰਬਰ, ਗੁਰੂਆਂ ਦੀਆਂ ਜੀਵਨ ਕਥਾਵਾਂ ਜਾਂ ਨਾਇਕਾਂ ਦੇ ਕਿਰਦਾਰ ਪੇਸ਼ ਕੀਤੇ ਹੁੰਦੇ ਹਨ। ਧਰਮ ਗ੍ਰੰਥ ਵਿਚ ਦੈਵੀ ਗੁਣਾਂ ਦੇ ਵਰਣਨ ਦੀ ਪ੍ਰਧਾਨਤਾ ਹੁੰਦੀ ਹੈ ਤੇ ਗੌਣ ਸ੍ਰੋਤਾਂ ਵਿਚ ਰਚਨਾਕਾਰ ਦੀਆਂ ਆਪਣੀਆਂ ਵਿਆਖਿਆਵਾਂ ਅਤੇ ਪਹੁੰਚ-ਵਿਧੀਆਂ ਵੀ ਸ਼ਾਮਿਲ ਹੋ ਜਾਂਦੀਆਂ ਹਨ।

ਸਿੱਖ ਧਰਮ ਦਾ ਧਰਮ ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਹੈ। ਇਸ ਪਵਿੱਤਰ ਗ੍ਰੰਥ ਵਿਚ ਸਿੱਖ ਗੁਰੂ ਸਾਹਿਬਾਨ ਦੇ ਨਾਲ-ਨਾਲ ਮੁਸਲਮਾਨ ਫ਼ਕੀਰਾਂ, ਹਿੰਦੂ ਭਗਤਾਂ ਤੇ ਭੱਟਾਂ ਦੀ ਬਾਣੀ ਵੀ ਅੰਕਿਤ ਕੀਤੀ ਗਈ ਹੋਣ ਕਰਕੇ ਇਹ ਧਰਮ ਗ੍ਰੰਥ ਸਾਰੇ ਸੰਸਾਰ ਦਾ ਸਾਂਝਾ ਗ੍ਰੰਥ ਮੰਨਿਆ ਜਾ ਸਕਦਾ ਹੈ।

ਜੇਕਰ ਸਿੱਖ ਧਰਮ ਦੇ ਗੌਣ ਸ੍ਰੋਤਾਂ ਦੀ ਗੱਲ ਕਰੀਏ ਤਾਂ ਅਨੇਕਾਂ ਹੀ ਅਜਿਹੇ ਸ੍ਰੋਤ ਗ੍ਰੰਥ ਹਨ ਜਿਨ੍ਹਾਂ ਵਿਚ ਗੁਰੂ ਘਰ ਦੇ ਨਿਕਟ ਵਰਤੀ ਤੇ ਅਨਿੰਨ ਸਿੱਖਾਂ ਦੇ ਜੀਵਨ ਚਰਿੱਤਰਾਂ ਨੂੰ ਬਹੁਤ ਹੀ ਬਾਖ਼ੂਬੀ ਢੰਗ ਨਾਲ ਚਿਤਰਿਆ ਗਿਆ ਹੈ। ਇਨ੍ਹਾਂ ਸ੍ਰੋਤ ਗ੍ਰੰਥਾਂ ਵਿਚੋਂ ਸਿੱਖ ਧਰਮ ਦੇ ਅਨੇਕ ਪੱਖਾਂ ਬਾਰੇ ਵਿਸਤ੍ਰਿਤ ਵੇਰਵੇ ਮਿਲਦੇ ਹਨ ਜਿਨ੍ਹਾਂ ਵਿਚੋਂ ਆਚਾਰ ਵਿਹਾਰ ਵਾਲਾ ਪੱਖ ਵੀ ਸ਼ਾਮਿਲ ਹੈ। ਇਹ ਪੱਖ ਕਿਸੇ ਵੀ ਧਰਮ ਦਾ ਅਹਿਮ ਪਹਿਲੂ ਹੁੰਦਾ ਹੈ ਜਿਹੜਾ ਉਸ ਕੌਮ ਦੇ ਧਾਰਮਿਕ ਤੇ ਸਮਾਜਿਕ ਵਿਹਾਰ ਦੇ ਪ੍ਰਗਟਾਵੇ ਦਾ ਮੁੱਖ ਅਧਾਰ ਹੁੰਦਾ ਹੈ। ਵੱਖ ਵੱਖ ਮੌਕਿਆਂ ਉਤੇ ਸੂਝਵਾਨ ਸਿੱਖਾਂ ਵਲੋਂ ਲਿਖੇ ਗਏ ਕੁੱਝ ਪ੍ਰਮੁੱਖ ਸ੍ਰੋਤ ਗ੍ਰੰਥ ਇਸ ਪ੍ਰਕਾਰ ਹਨ-ਭਾਈ ਗੁਰਦਾਸ ਜੀ ਦੀਆਂ ਵਾਰਾਂ, ਰਹਿਤਨਾਮੇ, ਪ੍ਰੇਮ ਸੁਮਾਰਗ, ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਗੁਰ ਬਿਲਾਸ ਪਾਤਸ਼ਾਹੀ ਦਸਵੀਂ (ਕੁਇਰ ਸਿੰਘ), ਮਹਿਮਾ ਪ੍ਰਕਾਸ਼, ਗੁਰ ਬਿਲਾਸ ਪਾਤਸ਼ਾਹੀ 10 (ਸੁੱਖਾ ਸਿੰਘ), ਬੰਸਾਵਲੀ ਨਾਮਾ, ਪੰਥ ਪ੍ਰਕਾਸ਼, ਗੁਰ ਪ੍ਰਤਾਪ ਸੂਰਜ ਗ੍ਰੰਥ ਆਦਿ। ਭਾਈ ਗੁਰਦਾਸ ਜੀ ਦੀ



Scanned by CamScanner

ਰਚਨਾ ਨੂੰ ਗੁਰਬਾਣੀ ਦੀ ਕੁੰਜੀ ਹੋਣ ਦਾ ਰੁਤਬਾ ਹਾਸਲ ਹੈ। ਦੂਜੇ ਸ੍ਰੋਤਾਂ ਨੂੰ ਇਹ ਦਰਜਾ ਨਹੀਂ ਦਿੱਤਾ ਜਾਂਦਾ ਜਿਸ ਕਰਕੇ ਇਨ੍ਹਾਂ ਦੇ ਕੁੱਝ ਪੱਖਾਂ 'ਤੇ ਕਿੰਤੂ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਪਰ ਇਨ੍ਹਾਂ ਨੂੰ ਮੁੱਢੋਂ ਨਕਾਰ ਦੇਣਾ ਯੋਗ ਨਹੀਂ। ਇਨ੍ਹਾਂ ਸ੍ਰੋਤਾਂ ਦਾ ਇਤਿਹਾਸਕ ਤੇ ਧਾਰਮਿਕ ਪੱਖ ਤੋਂ ਆਪਣਾ ਇਕ ਵਿਸ਼ੇਸ਼ ਮਹੱਤਵ ਰਿਹਾ ਹੈ ਤੇ ਸਦਾ ਬਣਿਆ ਰਹੇਗਾ।

ਇਨ੍ਹਾਂ ਇਤਿਹਾਸਕ ਗੌਣ ਗ੍ਰੰਥਾਂ ਵਿਚੋਂ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਧਾਰਮਿਕ, ਸਾਹਿਤਕ ਤੇ ਇਤਿਹਾਸਕ ਪੱਖ ਤੋਂ ਆਪਣਾ ਇਕ ਨਿਵੇਕਲਾ ਸਥਾਨ ਹੈ। ਇਸ ਨੂੰ ਸਿੱਖ ਇਤਿਹਾਸ ਦਾ ਮਹੱਤਵਪੂਰਨ ਸ੍ਰੋਤ ਕਿਹਾ ਜਾ ਸਕਦਾ ਹੈ। ਇਸ ਗ੍ਰੰਥ ਦੇ ਰਚਨਹਾਰ ਮਹਾਂਕਵੀ ਭਾਈ ਸੰਤੋਖ ਸਿੰਘ ਹਨ ਜਿਨ੍ਹਾਂ ਨੂੰ 'ਚੂੜਾਮਣਿ' ਦੀ ਉਪਾਧੀ ਨਾਲ ਨਿਵਾਜਿਆ ਗਿਆ ਹੈ। ਕਵੀ ਜੀ ਨੇ ਆਪਣੀ ਜ਼ਿੰਦਗੀ ਦਾ ਬਹੁਤਾ ਸਮਾਂ ਸਿੱਖ ਇਤਿਹਾਸ ਨੂੰ ਲੱਭਣ ਅਤੇ ਲਿਖਣ ਵਿਚ ਗੁਜ਼ਾਰਿਆ। ਉਨ੍ਹਾਂ ਨੇ ਆਪਣੇ ਵਿਦਿਅਕ ਗੁਰੂ ਸੰਤ ਸਿੰਘ ਪਾਸੋਂ ਵਿੱਦਿਆ ਹਾਸਲ ਕਰ ਕੇ ਕਈ ਮਿਆਰੀ ਮੌਲਿਕ ਤੇ ਅਨੁਵਾਦਕ ਕਿਰਤਾਂ ਦੀ ਰਚਨਾ ਕੀਤੀ ਜਿਵੇਂ ਕਿ- ਨਾਮਕੋਸ਼, ਗੁਰੂ ਨਾਨਕ ਪ੍ਰਕਾਸ਼, ਗਰਬ ਗੰਜਨੀ ਟੀਕਾ, ਬਾਲਮਿਕੀ ਰਮਾਇਣ, ਆਤਮ ਪੁਰਾਨ, ਗੁਰ ਪ੍ਰਤਾਪ ਸੂਰਜ ਗ੍ਰੰਥ। ਇਨ੍ਹਾਂ ਰਚਨਾਵਾਂ ਵਿਚੋਂ ਹੀ ਇਕ ਰਚਨਾ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਹੈ ਜਿਸ ਦੀ ਕਥਾ ਗੁਰਦੁਆਰਿਆਂ ਵਿਚ ਰੋਜ਼ਾਨਾ ਹੁੰਦੀ ਹੈ। ਇਹ ਗ੍ਰੰਥ ਭਾਈ ਸੰਤੋਖ ਸਿੰਘ ਦੀਆਂ ਦੋ ਰਚਨਾਵਾਂ- 'ਸ੍ਰੀ ਗੁਰ ਨਾਨਕ ਪ੍ਰਕਾਸ਼' ਅਤੇ 'ਗੁਰ ਪ੍ਰਤਾਪ ਸੂਰਜ ਗ੍ਰੰਥ' ਦਾ ਮਿਲਵਾਂ ਸੰਗ੍ਰਹਿ ਹੈ। 'ਸ੍ਰੀ ਗੁਰ ਨਾਨਕ ਪ੍ਰਕਾਸ਼' ਵਿਚ ਕੇਵਲ ਗੁਰੂ ਨਾਨਕ ਦੇਵ ਜੀ ਦੀ ਜੀਵਨ ਕਥਾ ਦਾ ਹੀ ਵਰਣਨ ਕੀਤਾ ਗਿਆ ਹੈ ਜੋ ਕਿ ਪੂਰਬਾਰਧ ਤੇ ਉਤਰਾਰਧ ਦੇ ਰੂਪ ਵਿਚ ਹੈ। ਪੂਰਬਾਰਧ ਵਿਚ 73 ਅਤੇ ਉਤਰਾਰਧ ਵਿਚ 57 ਅਧਿਆਇ ਸ਼ਾਮਿਲ ਹਨ। 'ਗੁਰ ਪ੍ਰਤਾਪ ਸੂਰਜ' ਗ੍ਰੰਥ ਵਿਚ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਤੱਕ ਦਾ ਇਤਿਹਾਸ ਮਣਕਿਆਂ ਦੀ ਮਾਲਾ ਵਾਂਗ ਪਰੋਇਆ ਹੋਇਆ ਹੈ। ਇਸ ਮਿਲਵੇਂ ਸੰਗ੍ਰਹਿ ਨੂੰ ਸੂਰਜ ਪ੍ਰਕਾਸ਼ ਦੇ ਨਾਮ ਨਾਲ ਵੀ ਜਾਣਿਆ ਜਾਂਦਾ ਹੈ।

ਇਸ ਗ੍ਰੰਥ ਦਾ ਪਹਿਲਾ ਭਾਗ ਜੋ ਕਿ 'ਸ੍ਰੀ ਨਾਨਕ ਪ੍ਰਕਾਸ਼' ਹੈ, ਦੀ ਰਚਨਾ ਦਾ ਕਾਰਜ ਭਾਈ ਸੰਤੋਖ ਸਿੰਘ ਨੇ 1823 ਇ: ਵਿਚ ਕੈਥਲ ਦੇ ਰਾਜਾ ਭਾਈ ਉਦਯ ਸਿੰਘ ਦੀ ਸਰਪ੍ਰਸਤੀ ਵਿਚ ਰਹਿੰਦਿਆਂ ਪੂਰਾ ਕੀਤਾ ਸੀ। ਇਸ ਵਿਚ ਵਰਤੇ ਗਏ ਛੰਦਾਂ ਦੀ ਗਿਣਤੀ ਲਗਭਗ 9700 ਹੈ। ਇਸ ਖ਼ੂਬਸੂਰਤ ਰਚਨਾ ਤੋਂ ਹੀ ਪ੍ਰਭਾਵਿਤ ਹੋ ਕੇ ਕੈਥਲ ਪਤੀ ਰਾਜਾ ਉਦਯ ਸਿੰਘ ਨੇ ਗੁਰ ਪ੍ਰਤਾਪ ਸੂਰਜ ਗ੍ਰੰਥ ਲਿਖਣ ਦਾ ਵਿਲੱਖਣ ਕਾਰਜ



Scanned by CamScanner

ਕਵੀ ਜੀ ਨੂੰ ਸੌਂਪਿਆ ਸੀ।

ਗੁਰ ਪ੍ਰਤਾਪ ਸੂਰਜ ਗ੍ਰੰਥ ਨਾਨਕ ਪ੍ਰਕਾਸ਼ ਦਾ ਦੂਸਰਾ ਹਿੱਸਾ ਹੈ। ਇਸ ਵਿਚ 51829 ਬੰਦਾਂ ਦੀ ਵਰਤੋਂ ਕੀਤੀ ਗਈ ਹੈ ਜਿਸ ਕਰਕੇ ਇਹ ਵਡ-ਆਕਾਰੀ ਗ੍ਰੰਥ ਮਹਾਨ ਇਤਿਹਾਸਿਕ ਮਹਾਂ-ਕਾਵਿ ਬਣ ਜਾਂਦਾ ਹੈ। ਇਸ ਵਿਚ ਵੱਖ-ਵੱਖ ਛੰਦਾਂ, ਰਸਾਂ, ਅਲੰਕਾਰਾਂ, ਦੋਹਰਿਆਂ ਆਦਿ ਦੀ ਭਰਪੂਰ ਮਾਤਰਾ ਵਿਚ ਵਰਤੋਂ ਕੀਤੀ ਗਈ ਹੈ ਜਿਸ ਨਾਲ ਇਸ ਨੂੰ ਪੜ੍ਹਦੇ ਸੁਣਦੇ ਇਕ ਅਦਭੁੱਤ ਰਸ ਦਾ ਅਨੁਭਵ ਹੁੰਦਾ ਹੈ।

ਕਵੀ ਜੀ ਨੇ ਇਸ ਸੰਪੂਰਨ ਗ੍ਰੰਥ ਨੂੰ ਸੂਰਜ ਦੀ ਗਰਦਿਸ਼ ਨਾਲ ਜੁੜੇ ਕੁਦਰਤੀ ਵਰਤਾਰੇ ਨਾਲ ਜੋੜ ਕੇ ਗ੍ਰੰਥ ਦਾ ਨਾਮਕਰਣ ਕੀਤਾ ਹੈ। ਇਸ ਗ੍ਰੰਥ ਨੂੰ ਸੂਰਜ ਦੀ ਗਤੀ ਦੇ ਅਨੁਸਾਰ ਬਾਰ੍ਹਾਂ ਮਹੀਨਿਆਂ ਦੀਆਂ ਬਾਰ੍ਹਾਂ ਰਾਸ਼ੀਆਂ ਜਿਸ ਨੂੰ 'ਰਾਸਿ' ਦਾ ਨਾਮ ਦਿੱਤਾ ਗਿਆ, ਵਿਚ ਵੰਡਿਆ ਹੈ। ਮੌਸਮ ਦੀਆਂ ਛੇ ਰੁੱਤਾਂ ਦੇ ਅਨੁਸਾਰ ਛੇ ਰੁੱਤਾਂ ਅਤੇ ਦੋ ਆਇਨਾਂ- ਉਤਰਾਇਣ ਅਤੇ ਦਖਣਾਇਣ ਵਿਚ ਵੰਡਿਆ ਹੈ। ਇਸ ਦੇ ਹਰੇਕ ਅਧਿਆਇ ਨੂੰ ਸੂਰਜ ਦੀਆਂ ਕਿਰਨਾਂ ਜਾਣ ਕੇ ਅੰਸੂ ਦਾ ਨਾਮ ਦਿੱਤਾ ਹੈ। ਇਸ ਦੇ ਇਤਿਹਾਸ ਦੀ ਕਥਾ ਸੁਣਦੇ ਹੋਏ ਜਾਂ ਪੜ੍ਹਦੇ ਹੋਏ ਇਸ ਵਿਚਲੀ ਕੀਤੀ ਹੋਈ ਕੁਦਰਤੀ ਵੰਡ ਨੂੰ ਉਹੀ ਮਹਿਸੂਸ ਕਰ ਸਕਦਾ ਹੈ ਜੋ ਕੁਦਰਤ ਦਾ ਗਿਆਤਾ ਹੋਵੇ। ਇਸ ਗ੍ਰੰਥ ਦੀ ਸੰਪਾਦਨਾ ਦਾ ਕਾਰਜ ਭਾਈ ਵੀਰ ਸਿੰਘ ਦੁਆਰਾ 1935 ਈ. ਵਿਚ ਕੀਤਾ ਗਿਆ ਜਿਸ ਨੂੰ ਅਜੋਕੇ ਸਮੇਂ ਵਿਚ ਭਾਸ਼ਾ ਵਿਭਾਗ, ਪੰਜਾਬ ਵਲੋਂ 14 ਜਿਲਦਾਂ ਵਿਚ ਛਾਪਿਆ ਗਿਆ ਹੈ।

ਹੱਥਲੇ ਖੋਜ-ਪ੍ਰਬੰਧ ਅੰਦਰ ਇਸ ਗ੍ਰੰਥ ਵਿਚੋਂ ਆਚਾਰ ਵਿਹਾਰ ਨਾਲ ਸੰਬੰਧਿਤ ਪੱਖ ਨੂੰ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਆਚਾਰ ਵਿਹਾਰ ਦਾ ਸੰਬੰਧ ਮਨੁੱਖ ਦੇ ਸਮੁੱਚੇ ਆਚਰਣ ਨਾਲ ਹੁੰਦਾ ਹੈ ਜੋ ਕਿ ਮਨੁੱਖੀ ਜੀਵਨ ਦਾ ਇਕ ਜ਼ਰੂਰੀ ਅੰਗ ਹੈ। ਆਚਾਰ ਵਿਹਾਰ ਵਾਲਾ ਮਨੁੱਖ ਹੀ ਸਮਾਜ ਵਿਚ ਸੱਭਿਅਕ ਮੰਨਿਆ ਜਾਂਦਾ ਹੈ। ਇਸ ਖੋਜ ਕਾਰਜ ਰਾਹੀਂ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚ ਕਵੀ ਸੰਤੋਖ ਸਿੰਘ ਨੇ ਜਿਸ ਤਰ੍ਹਾਂ ਦੇ ਸਿੱਖ ਆਚਾਰ ਵਿਹਾਰ ਦੀ ਪੇਸ਼ਕਾਰੀ ਕੀਤੀ ਹੈ ਉਸ ਨੂੰ ਉਸੇ ਤਰ੍ਹਾਂ ਹੀ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਵਿਚ ਆਪਣੇ ਵਲੋਂ ਕਿਸੇ ਪ੍ਰਕਾਰ ਦਾ ਕੋਈ ਨਿਰਣਾ ਪੇਸ਼ ਨਹੀ ਕੀਤਾ ਗਿਆ ਪਰ ਆਚਾਰ ਵਿਹਾਰ ਦੀ ਸਪੱਸ਼ਟਤਾ ਵਾਸਤੇ ਗੁਰਬਾਣੀ ਦਾ ਸਹਾਰਾ ਜ਼ਰੂਰ ਲਿਆ ਗਿਆ ਹੈ। ਸਾਡਾ ਮਨੋਰਥ



Scanned by CamScanner

ਅਤੇ ਘੇਰਾ ਸਿਰਫ ਇਸ ਵਿਚ ਕੀਤੀ ਗਈ ਪੇਸ਼ਕਾਰੀ ਨੂੰ ਹੀ ਸਾਹਮਣੇ ਲਿਆਉਣ ਦਾ ਹੈ ਤਾਂ ਜੋ ਸੂਰਜ ਪ੍ਰਕਾਸ਼ ਵਿਚ ਉਧਰਿਤ ਸਿੱਖੀ ਆਚਰਣ ਦੀ ਆਧੁਨਿਕ ਦੌਰ ਵਿਚ ਸਾਰਥਿਕਤਾ ਤੇ ਮਹੱਤਵ ਨੂੰ ਉਜਾਗਰ ਕੀਤਾ ਜਾ ਸਕੇ। ਭਾਵੇਂ ਇਸ ਨੂੰ ਤੁਲਨਾਤਮਕ ਵਿਧੀ ਰਾਹੀਂ ਪੇਸ਼ ਨਹੀਂ ਕੀਤਾ ਗਿਆ ਪਰ ਉਸ ਸਮੇਂ ਦੇ ਆਚਾਰ ਵਿਹਾਰ ਨੂੰ ਅੱਜ ਦੇ ਸਮੇਂ ਨਾਲ ਮੇਲ ਕੇ ਦੇਖਿਆ ਜਾ ਸਕਦਾ ਹੈ।

## ਖੋਜ ਵਿਧੀ

ਧਰਮਾਂ ਦਾ ਅਧਿਐਨ ਕਰਨ ਲਈ ਖੋਜ ਵਿਧੀ ਇਕ ਵਿਸ਼ੇਸ਼ ਮਹੱਤਵ ਰੱਖਦੀ ਹੈ। ਖੋਜ ਵਿਧੀ ਤੋਂ ਬਿਨ੍ਹਾਂ ਕੋਈ ਵੀ ਖੋਜ-ਕਾਰਜ ਸੁਚੱਜੇ ਢੰਗ ਨਾਲ ਨਹੀਂ ਕੀਤਾ ਜਾ ਸਕਦਾ। ਹੱਥਲੇ ਖੋਜ-ਕਾਰਜ ਲਈ ਇਸ ਦੇ ਸਰੂਪ ਅਨੁਸਾਰ ਧਰਮ-ਸ਼ਾਸਤਰੀ ਤੇ ਅੰਤਰ-ਅਨੁਸ਼ਾਸ਼ਨੀ ਵਿਧੀ ਦੀ ਵਰਤੋਂ ਕੀਤੀ ਗਈ ਹੈ।

## ਖੋਜ ਸਮੱਸਿਆਵਾਂ

ਗ੍ਰੰਥ ਦੇ ਵਡ-ਆਕਾਰੀ ਹੋਣ ਕਰਕੇ ਇਸ ਨੂੰ ਨੀਝ ਨਾਲ ਪੜ੍ਹਨਾ ਹੀ ਆਪਣੇ ਆਪ ਵਿਚ ਇਕ ਚੁਣੌਤੀ ਵਾਂਗ ਸੀ। ਇਕ ਤਾਂ ਇਸ ਦੇ 14 ਭਾਗ ਤੇ ਦੂਸਰਾ ਇਸ ਵਿਚ ਵਰਤੀ ਗਈ ਬ੍ਰਜ ਭਾਸ਼ਾ ਅਤੇ ਪ੍ਰਤੀਕਾਤਮਕ ਸ਼ੈਲੀ ਨੂੰ ਪੜ੍ਹਨਾ ਤੇ ਸਮਝਣਾ ਇਕ ਬਹੁਤ ਵੱਡੀ ਸਮੱਸਿਆ ਸੀ। ਭਾਵੇਂ ਭਾਈ ਵੀਰ ਸਿੰਘ ਨੇ ਔਖੇ ਸ਼ਬਦਾਂ ਦੇ ਅਰਥ ਫੁੱਟ ਨੋਟ ਦੇ ਕੇ ਸਪੱਸ਼ਟ ਕੀਤੇ ਹਨ, ਪਰ ਫਿਰ ਵੀ ਕਈ ਅਜਿਹੇ ਸ਼ਬਦ ਸਨ ਜਿਨ੍ਹਾਂ ਨੂੰ ਸਮਝਣ ਲਈ ਕੋਸ਼ ਅਤੇ ਹੋਰਾਂ ਸੰਪਾਦਕਾਂ ਵੱਲੋਂ ਪ੍ਰਕਾਸ਼ਿਤ ਕੀਤੇ ਹੋਏ ਗ੍ਰੰਥਾਂ ਵਿਚੋਂ ਅਰਥ ਵੇਖਣੇ ਪਏ। ਦੂਸਰੀ ਸਮੱਸਿਆ ਇਸ ਗ੍ਰੰਥ 'ਤੇ ਖੜ੍ਹੇ ਕੀਤੇ ਜਾਣ ਵਾਲੇ ਸਵਾਲੀਆ ਨਿਸ਼ਾਨ ਹਨ ਕਿਉਂਕਿ ਇਸ ਗ੍ਰੰਥ ਵਿਚ ਕਈ ਥਾਵਾਂ 'ਤੇ ਗੁਰਮਤਿ ਵਿਰੋਧੀ ਗੱਲਾਂ ਵੀ ਮਿਲਦੀਆਂ ਹਨ। ਗ੍ਰੰਥ ਵਿਚ ਆਏ ਵੇਦਾਂਤਕ ਪ੍ਰਭਾਵ ਨੂੰ ਗੁਰਮਤਿ ਨਾਲੋਂ ਨਿਖੇੜ ਕੇ ਪ੍ਰਸੰਗਾਂ ਨੂੰ ਸਮਝਣਾ ਅਤੇ ਲਿਖਣਾ ਸਾਡੇ ਲਈ ਬਹੁਤ ਹੀ ਮੁਸ਼ਕਿਲ ਭਰਿਆ ਕਾਰਜ ਸੀ। ਇਨ੍ਹਾਂ ਮੁਸ਼ਕਿਲਾਂ ਦੇ ਬਾਵਜੂਦ ਆਪਣੇ ਵਿਸ਼ੇ ਦੇ ਮੁਤਾਬਕ ਹੱਥਲੇ ਖੋਜ ਕਾਰਜ ਨੂੰ ਸਿਦਕ ਦਿਲੀ ਤੇ ਨਿਸ਼ਠਾ ਨਾਲ ਪੂਰਾ ਕਰਨ ਦਾ ਯਤਨ ਕੀਤਾ ਗਿਆ ਹੈ।

## ਅਧਿਆਇ ਵੰਡ

ਇਸ ਖੋਜ ਕਾਰਜ ਦਾ ਮੁੱਖ ਮੰਤਵ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚੋਂ ਸਿੱਖ ਆਚਾਰ ਵਿਹਾਰ ਨਾਲ



Scanned by CamScanner

ਸੰਬੰਧਿਤ ਸਮਗਰੀ ਨੂੰ ਇਕ ਜਗ੍ਹਾ ਪ੍ਰਸਤੁਤ ਕਰਨਾ ਹੈ। ਇਸ ਖੋਜ-ਕਾਰਜ ਦੇ ਚਾਰ ਅਧਿਆਇ ਹਨ ਜਿਨ੍ਹਾਂ ਰਾਹੀਂ ਵਿਧੀ ਬੱਧ ਢੰਗ ਨਾਲ ਖੋਜ-ਕਾਰਜ ਨੂੰ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਗਿਆ ਹੈ।

ਪਹਿਲਾ ਅਧਿਆਇ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਰਚਨਾਕਾਰ ਚੂੜਾਮਣਿ ਕਵੀ ਭਾਈ ਸੰਤੋਖ ਸਿੰਘ ਦੇ ਜੀਵਨ ਅਤੇ ਰਚਨਾਵਾਂ ਨਾਲ ਸੰਬੰਧਿਤ ਹੈ। ਇਸ ਵਿਚ ਕਵੀ ਜੀ ਦੇ ਜੀਵਨ ਬਾਰੇ ਵੱਖ-ਵੱਖ ਵਿਦਵਾਨਾਂ ਦੀ ਖੋਜ ਮੁਤਾਬਕ ਉਨ੍ਹਾਂ ਦੀਆਂ ਨਿੱਜੀ ਰਾਵਾਂ ਨੂੰ ਹਵਾਲਿਆਂ ਦੇ ਤੌਰ 'ਤੇ ਸ਼ਾਮਿਲ ਕਰਦੇ ਹੋਏ ਸਹੀ ਜਾਣਕਾਰੀ ਤੱਕ ਪਹੁੰਚਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਅਧਿਆਇ ਵਿਚ ਭਾਈ ਸੰਤੋਖ ਸਿੰਘ ਦੇ ਜਨਮ ਸਥਾਨ, ਉਨ੍ਹਾਂ ਦੇ ਜਨਮ ਦਾ ਸੰਨ, ਮਾਤਾ ਪਿਤਾ ਦਾ ਨਾਮ, ਵਿਦਿਅਕ ਗੁਰੂ (ਜਿਸ ਦੁਆਰਾ ਦਿੱਤੀ ਗਈ ਸਿੱਖਿਆ ਸਦਕਾ ਮਹਾਨ ਮਹਾਂ-ਕਾਵਿ ਲਿਖਿਆ), ਉਨ੍ਹਾਂ ਦੇ ਪਟਿਆਲਾ ਨਿਵਾਸ ਬਾਰੇ ਤੇ ਬੂੜੀਆ ਰਿਆਸਤ ਵਿਚ ਨਿਵਾਸ ਆਦਿ ਸੰਬੰਧੀ ਨਿਰਣਾ ਕਰਨ ਦਾ ਯਤਨ ਕੀਤਾ ਗਿਆ ਹੈ।

ਕਵੀ ਜੀ ਦੀਆਂ ਕੁੱਲ ਛੇ ਰਚਨਾਵਾਂ ਦਾ ਸਹੀ ਵੇਰਵਾ ਪ੍ਰਾਪਤ ਹੁੰਦਾ ਹੈ ਜੋ ਕਿ ਇਸ ਪ੍ਰਕਾਰ ਹਨ- ਨਾਮ ਕੋਸ਼, ਸ੍ਰੀ ਨਾਨਕ ਪ੍ਰਕਾਸ਼, ਗਰਬ ਗੰਜਨੀ ਟੀਕਾ, ਬਾਲਮੀਕਿ ਰਾਮਾਇਣ, ਆਤਮ ਪੁਰਾਣ ਦਾ ਟੀਕਾ ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ। ਇਸ ਤੋਂ ਇਲਾਵਾ ਇਨ੍ਹਾਂ ਦੀਆਂ ਕੁੱਝ ਫੁੱਟਕਲ ਰਚਨਾਵਾਂ ਅਤੇ ਪੰਜਾਬੀ ਵਿਚ ਲਿਖੀ ਹੋਈ ਸ਼ਿਹਰਫ਼ੀ ਵੀ ਪ੍ਰਾਪਤ ਹੁੰਦੀ ਹੈ। ਸ਼ਿਹਰਫ਼ੀ ਬਾਰੇ ਭਾਂਵੇ ਵੱਖ-ਵੱਖ ਵਿਦਵਾਨਾਂ ਵਿਚ ਮੱਤ-ਭੇਦ ਹਨ ਪਰ ਕਵੀ ਜੀ ਦੇ ਨਾਮ ਨਾਲ ਜੁੜੀ ਹੋਣ ਕਰਕੇ ਇਸ ਰਚਨਾ ਨੂੰ ਵੀ ਖੋਜ ਕਾਰਜ ਵਿਚ ਸ਼ਾਮਿਲ ਕੀਤਾ ਗਿਆ ਹੈ।

ਦੂਸਰਾ ਅਧਿਆਇ 'ਆਚਾਰ ਵਿਹਾਰ: ਅਰਥ ਪਰਿਭਾਸ਼ਾ ਤੇ ਸਰੂਪ (ਧਰਮਾਂ ਦੇ ਪ੍ਰਸੰਗ ਵਿਚ)' ਦੇ ਬਾਰੇ ਚਾਨਣ ਪਾਉਂਦਾ ਹੈ। ਇਸ ਵਿਚ ਆਚਾਰ ਵਿਹਾਰ ਦਾ ਅਰਥ, ਉਸ ਦਾ ਸਰੂਪ ਤੇ ਉਸ ਸੰਬੰਧੀ ਮਿਲਦੀਆਂ ਪਰਿਭਾਸ਼ਾਵਾਂ ਬਾਰੇ ਚਰਚਾ ਕੀਤੀ ਹੈ। ਇਸ ਵਿਚ ਆਚਾਰ ਵਿਹਾਰ ਸੰਬੰਧੀ ਵੱਖ-ਵੱਖ ਕੋਸ਼ਾਂ ਤੇ ਵਿਦਵਾਨਾਂ ਦੀਆਂ ਟਿੱਪਣੀਆਂ ਨੂੰ ਹਵਾਲਿਆਂ ਦੇ ਤੌਰ 'ਤੇ ਵਰਤਿਆ ਹੈ। ਸਿੱਖ ਧਰਮ ਤੋਂ ਇਲਾਵਾ ਦੂਸਰੇ ਧਰਮ, ਜਿਵੇਂ ਕਿ- ਹਿੰਦੂ, ਇਸਲਾਮ, ਇਸਾਈ, ਬੁੱਧ, ਯਹੂਦੀ, ਕਨਫਿਊਸ਼ਿਸ ਅਤੇ ਜੈਨ ਧਰਮ ਵਿਚ ਆਚਾਰ ਵਿਹਾਰ ਸੰਬੰਧੀ ਮਿਲਦੀਆਂ ਪਰਿਭਾਸ਼ਾਵਾਂ ਨੂੰ ਅੰਕਿਤ ਕਰਕੇ ਇਸ ਨੂੰ ਤੁਲਨਾਤਮਕ ਵਿਧੀ ਰਾਹੀਂ ਪੇਸ਼ ਕੀਤਾ



Scanned by CamScanner

ਹੈ। ਮਨੁੱਖ ਦੇ ਜਿਨ੍ਹਾਂ ਗੁਣਾਂ ਅਤੇ ਔਗੁਣਾਂ ਦਾ ਸੰਬੰਧ ਆਚਾਰ ਵਿਹਾਰ ਨਾਲ ਹੈ ਉਸ ਦੀ ਨਿਸ਼ਾਨ ਦੇਹੀ ਕਰਕੇ ਇਸ ਅਧਿਆਇ ਅੰਦਰ ਪ੍ਰਸਤੁਤ ਕੀਤਾ ਗਿਆ ਹੈ।

ਤੀਜਾ ਅਧਿਆਇ ਸਿੱਖ ਗੌਣ ਸ੍ਰੋਤਾਂ ਵਿਚ ਵਰਣਿਤ ਸਿੱਖ ਆਚਾਰ ਵਿਹਾਰ ਨਾਲ ਸੰਬੰਧਿਤ ਹੈ। ਇਸ ਅਧਿਆਇ ਵਿਚ ਸਿੱਖ ਗੌਣ ਸ੍ਰੋਤਾਂ ਵਿਚੋਂ ਆਚਾਰ ਵਿਹਾਰ ਨਾਲ ਸੰਬੰਧਿਤ ਹਵਾਲਿਆਂ ਨੂੰ ਸ਼ਾਮਿਲ ਕੀਤਾ ਹੈ। ਸੰਬੰਧਿਤ ਵਿਸ਼ੇ ਦੀ ਉਪਲੱਬਧਤਾ ਵਾਲੇ ਹੇਠ ਲਿਖੇ ਕੁੱਝ ਚੋਣਵੇਂ ਸ੍ਰੋਤਾਂ ਨੂੰ ਇਸ ਅਧਿਆਇ ਦੀ ਸਮੱਗਰੀ ਦਾ ਆਧਾਰ ਬਣਾਇਆ ਗਿਆ ਹੈ-

1 ਭਾਈ ਗੁਰਦਾਸ ਜੀ ਦੀਆਂ ਰਚਨਾਵਾਂ (ਵਾਰਾਂ ਅਤੇ ਕਬਿੱਤ ਸਵੱਈਏ)

2 ਰਹਿਤਨਾਮੇ

3 ਪ੍ਰੇਮ ਸੁਮਾਰਗ ਗ੍ਰੰਥ

4 ਸ੍ਰੀ ਗੁਰ ਸੋਭਾ

5 ਗੁਰ ਬਿਲਾਸ ਪਾਤਸ਼ਾਹੀ ਛੇਵੀਂ

6 ਸਿੱਖਾਂ ਦੀ ਭਗਤਮਾਲਾ

7 ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ

8 ਸ੍ਰੀ ਗੁਰ ਪੰਥ ਪ੍ਰਕਾਸ਼

ਸ੍ਰੋਤ ਵਿਚ ਵਰਣਿਤ ਆਚਾਰ ਵਿਹਾਰ ਦੇ ਹਵਾਲਿਆਂ ਤੋਂ ਪਹਿਲਾਂ ਸੰਬੰਧਿਤ ਸ੍ਰੋਤ ਬਾਰੇ ਮੁੱਢਲੀ ਅਤੇ ਸੰਖੇਪ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਅਧਿਆਇ ਵਿਚ ਸ੍ਰੋਤ ਗ੍ਰੰਥਾਂ ਵਿਚੋਂ ਆਚਾਰ ਵਿਹਾਰ ਨਾਲ ਸੰਬੰਧਿਤ ਉਪਦੇਸ਼ਾਤਮਕ ਹਵਾਲਿਆਂ ਨੂੰ ਸਥਾਨ ਦਿੱਤਾ ਗਿਆ ਹੈ ਤਾਂ ਕਿ ਇਸ ਨਾਲ ਵਿਸ਼ੇ ਦੀ ਵਧੇਰੇ ਸਪੱਸ਼ਟਤਾ ਹੋ ਸਕੇ।

ਚੌਥਾ ਅਧਿਆਇ 'ਸਿੱਖ ਆਚਾਰ ਵਿਹਾਰ: ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੇ ਵਿਸ਼ੇਸ਼ ਹਵਾਲੇ ਨਾਲ' ਸੰਬੰਧਿਤ ਹੈ। ਇਸ ਅਧਿਆਇ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ-

1. ਧਾਰਮਿਕ ਆਚਾਰ ਵਿਹਾਰ
2. ਸਮਾਜਿਕ ਆਚਾਰ ਵਿਹਾਰ



Scanned by CamScanner

3. ਰਾਜਨੀਤਿਕ ਆਚਾਰ ਵਿਹਾਰ

ਇਨ੍ਹਾਂ ਦੇ ਅੱਗੋਂ ਉਪ-ਅਧਿਆਇ ਬਣਾਏ ਗਏ ਹਨ ਤਾਂ ਕਿ ਆਚਾਰ ਵਿਹਾਰ ਵਾਲੇ ਹਰੇਕ ਪੱਖ ਨੂੰ ਚੰਗੀ ਤਰ੍ਹਾਂ ਉਜਾਗਰ ਕੀਤਾ ਜਾ ਸਕੇ। ਧਾਰਮਿਕ ਆਚਾਰ ਵਿਹਾਰ ਵਿਚ ਪ੍ਰਮੁੱਖ ਸਥਾਨ ਰੱਖਣ ਵਾਲੇ ਨੈਤਿਕ ਗੁਣਾਂ ਜਿਵੇਂ ਸੱਚ, ਸੰਤੋਖ, ਸਬਰ, ਨਿਮਰਤਾ, ਤੋਂ ਇਲਾਵਾ ਸਤਿਸੰਗਤ, ਸਿਮਰਨ, ਸਿਦਕ, ਵੰਡ ਛਕਣ, ਦਾਨ ਦੇਣ, ਰਜ਼ਾ, ਇਕ ਅਕਾਲ ਪੁਰਖ ਦੀ ਬੰਦਗੀ, ਪਰਉਪਕਾਰ, ਸਿੱਖ ਦੀ ਰਹਿਣੀ, ਮਿੱਠਾ ਬੋਲਣਾ ਆਦਿ ਤੋਂ ਇਲਾਵਾ ਕਾਮ, ਕ੍ਰੋਧ, ਲੋਭ, ਮੋਹ ਹੰਕਾਰ, ਝੂਠ, ਹਿੰਸਾ ਦਾ ਤਿਆਗ, ਭੈੜੀ ਸੰਗਤ ਦਾ ਤਿਆਗ ਕਰਨ ਆਦਿ ਤੋਂ ਬਿਨ੍ਹਾਂ ਆਚਾਰ ਵਿਹਾਰ ਨਾਲ ਸੰਬੰਧਿਤ ਹੋਰ ਕਈ ਪੱਖਾਂ ਨੂੰ ਇਸ ਅਧਿਆਇ ਦਾ ਹਿੱਸਾ ਬਣਾਇਆ ਗਿਆ ਹੈ।

ਸਮਾਜਿਕ ਆਚਾਰ ਵਿਹਾਰ ਵਿਚ ਕਿਰਤ, ਹੱਕ ਸੱਚ ਦੀ ਕਮਾਈ, ਇਕ ਦੂਸਰੇ ਦੀ ਸਹਾਇਤਾ, ਮਨੁੱਖਤਾ ਦੀ ਸੇਵਾ, ਇਮਾਨਦਾਰੀ, ਦਸਵੰਧ, ਵੱਡਿਆਂ ਦਾ ਸਤਿਕਾਰ ਕਰਨਾ ਨਿੰਦਿਆ, ਚੁਗਲੀ, ਚੋਰੀ, ਪਰਾਈ ਇਸਤਰੀਆਂ ਨਾਲ ਸੰਗ, ਜੂਆ ਖੇਡਣਾ, ਜਾਤ-ਪਾਤ, ਛੂਆ-ਛਾਤ, ਪਸ਼ੂ ਬਲੀ ਆਦਿ ਦਾ ਤਿਆਗ ਕਰਨ ਭਾਵ ਵਿਧਿ-ਨਿਖੇਧ ਕਰਮਾਂ ਤੇ ਹੋਰ ਵੀ ਕਈ ਪੱਖ ਜੋ ਮਨੁੱਖ ਦੇ ਆਚਾਰ ਵਿਹਾਰ ਨਾਲ ਸੰਬੰਧਿਤ ਹਨ ਉਨ੍ਹਾਂ ਨੂੰ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਹਵਾਲਿਆਂ ਨਾਲ ਪੇਸ਼ ਕੀਤਾ ਗਿਆ ਹੈ।

ਤੀਜਾ ਉਪ ਅਧਿਆਇ ਰਾਜਨੀਤਿਕ ਆਚਾਰ ਵਿਹਾਰ ਨਾਲ ਸੰਬੰਧਿਤ ਹੈ। ਇਸ ਵਿਚ ਉਸ ਸਮੇਂ ਦੇ ਹਾਕਮਾਂ ਵੱਲੋਂ ਚਲਾਈ ਜਾ ਰਹੀ ਰਾਜਨੀਤੀ, ਉਸ ਸਮੇਂ ਦੀ ਰਾਜਨੀਤਿਕ ਦਸ਼ਾ ਜਿਸ ਵਿਚ ਮਨੁੱਖ ਦਾ ਘਾਣ ਹੋ ਰਿਹਾ ਸੀ, ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ। ਭੈੜੀ ਰਾਜਨੀਤਿਕ ਦਸ਼ਾ ਕਾਰਨ ਅਨਿਆਂ ਕਰਨਾ ਆਪਣੇ ਹੀ ਲੋਕਾਂ ਦਾ ਖ਼ੂਨ ਚੂਸਣਾ, ਗੁਰੂ ਨਾਨਕ ਦੇਵ ਜੀ ਦੇ ਸਮੇਂ ਹਾਕਮਾਂ ਦਾ ਆਚਰਣ, ਜ਼ੋਰ-ਜ਼ਬਰਦਸਤੀ ਕਰਨਾ, ਭੈੜੀ ਰਾਜਨੀਤੀ ਵਰਤਣਾ, ਨਿਆਂ, ਯੁੱਧ ਸਮੇਂ ਵਰਤੀ ਗਈ ਰਾਜਨੀਤੀ, ਕਪਟੀ ਚਾਲਾਂ, ਯੁੱਧ ਦੌਰਾਨ ਪਾਸਾ ਬਦਲਣਾ ਆਦਿ ਨੂੰ ਇਸ ਉਪ ਅਧਿਆਇ ਵਿਚ ਪੇਸ਼ ਕਰਕੇ ਰਾਜਨੀਤਿਕ ਆਚਾਰ ਵਿਹਾਰ ਨੂੰ ਪੇਸ਼ ਕੀਤਾ ਹੈ।

ਇਸ ਅਧਿਆਇ ਵਿਚ ਭਾਈ ਵੀਰ ਸਿੰਘ ਵਲੋਂ ਸੰਪਾਦਿਤ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਨੂੰ ਖੋਜ-ਕਾਰਜ ਦਾ ਆਧਾਰ ਬਣਾਇਆ ਹੈ। ਫੁੱਟ ਨੋਟਾਂ ਵਿਚ ਭਾਈ ਵੀਰ ਸਿੰਘ ਵਾਲੇ ਗ੍ਰੰਥ ਨੂੰ ਜਿਲਦ ਪਹਿਲੀ,



Scanned by CamScanner

ਦੂਜੀ, ਤੀਜੀ ਆਦਿ ਨਾਮ ਦਿੱਤਾ ਗਿਆ ਹੈ। ਕੁੱਲ ਅਧਿਆਇਆਂ ਵਿਚ ਗੁਰੂ ਸਾਹਿਬਾਨ, ਲਿਖਾਰੀਆਂ, ਕਵੀਆਂ ਦੇ ਨਿੱਜੀ ਬੋਲਾਂ ਨੂੰ ਇਟਾਲਿਕ ਕੀਤਾ ਗਿਆ ਹੈ ਤਾਂ ਜੋ ਉਨ੍ਹਾਂ ਦੇ ਨਿੱਜੀ ਬਚਨਾਂ ਜਾਂ ਰਾਵਾਂ ਨੂੰ ਅਸਾਨੀ ਨਾਲ ਪੜ੍ਹਿਆ ਤੇ ਸਮਝਿਆ ਜਾ ਸਕੇ।

ਇਸ ਖੋਜ ਕਾਰਜ ਦੌਰਾਨ ਮੇਰਾ ਨਿੱਜੀ ਤਜ਼ਰਬਾ ਇਹ ਰਿਹਾ ਕਿ ਰੂਹਾਨੀਅਤ ਨਾਲ ਲਬਰੇਜ਼ ਅਤੇ ਪਰਉਪਕਾਰੀ ਆਤਮਾ ਕਵੀ ਸੰਤੋਖ ਸਿੰਘ ਦੇ ਜੀਵਨ ਦੇ ਵਿਭਿੰਨ ਪੱਖਾਂ ਤੇ ਕਾਰਜਾਂ ਨੂੰ ਗਹਿਰਾਈ ਨਾਲ ਵਾਚਣ ਦਾ ਮੌਕਾ ਮਿਲਿਆ। ਜਿਸ ਸਦਕਾ ਕਵੀ ਜੀ ਦੀ ਅਣਥੱਕ ਮਿਹਨਤ ਅਤੇ ਘਾਲਣਾ ਤੋਂ ਪ੍ਰੇਰਨਾ ਮਿਲੀ ਅਤੇ ਮੈਨੂੰ ਮੇਰੀਆਂ ਅਣਗਿਣਤ ਅਮਲੀ ਜੀਵਨ ਦੀਆਂ ਊਣਤਾਈਆਂ ਦਾ ਅਹਿਸਾਸ ਹੋਇਆ।

ਮੈਂ ਆਪਣੇ ਖੋਜ-ਕਾਰਜ ਦੀਆਂ ਅਨੇਕਾਂ ਸੀਮਾਵਾਂ ਤੋਂ ਪੂਰਨ ਤੌਰ 'ਤੇ ਸੁਚੇਤ ਹਾਂ। ਹਥਲੇ ਖੋਜ-ਕਾਰਜ ਦਾ ਵਿਸ਼ਾ ਤੇ ਖੋਜ ਸਮਗਰੀ ਦਾ ਮੁੱਖ ਸ੍ਰੋਤ ਇਕ ਬਹੁਤ ਹੀ ਵਿਸਥਾਰਮਈ ਅਤੇ ਅਨੇਕ ਪਸਾਰੀ ਰਚਨਾ ਹੈ ਜਿਸ ਕਰਕੇ ਇਸ ਦੇ ਸਾਰੇ ਪਹਿਲੂਆਂ ਨੂੰ ਵਿਚਾਰਨਾ ਸੰਭਵ ਨਹੀਂ ਸੀ। ਇਸ ਵਿਚ ਘਾਟਾਂ ਰਹਿਣੀਆਂ ਵੀ ਸੁਭਾਵਿਕ ਹਨ। ਫਿਰ ਵੀ ਉਮੀਦ ਹੈ ਕਿ ਇਹ ਖੋਜ-ਕਾਰਜ ਅਕਾਦਮਿਕਤਾ ਦੇ ਖੇਤਰ ਵਿਚ ਕੁੱਝ ਯੋਗਦਾਨ ਜ਼ਰੂਰ ਪਾਵੇਗਾ। ਅੰਤ ਵਿਚ ਹਲੀਮੀ ਸਹਿਤ ਇਹ ਖੋਜ-ਕਾਰਜ ਵਿਦਵਾਨਾਂ ਦੇ ਨਿਰੀਖਣ ਹਿਤ ਪੇਸ਼ ਕਰਦਾ ਹਾਂ।

ਸੰਤੋਖ ਸਿੰਘ



Scanned by CamScanner

# ਤਤਕਰਾ


ਪੰਨਾ

ਭੂਮਿਕਾ ........................................................................ i-viii

ਅਧਿਆਇ ਪਹਿਲਾ ........................................................................ 1-39

**ਕਵੀ ਸੰਤੋਖ ਸਿੰਘ ਦਾ ਜੀਵਨ ਅਤੇ ਰਚਨਾ ਸੰਸਾਰ**

ਅਧਿਆਇ ਦੂਜਾ ........................................................................ 40-83

**ਆਚਾਰ ਵਿਹਾਰ: ਅਰਥ, ਪਰਿਭਾਸ਼ਾ ਅਤੇ ਸਰੂਪ (ਧਰਮਾਂ ਦੇ ਪ੍ਰਸੰਗ ਵਿਚ)**

ਅਧਿਆਇ ਤੀਜਾ ........................................................................ 84-123

**ਸਿੱਖ ਗੌਣ ਸ੍ਰੋਤਾਂ ਵਿਚ ਵਰਣਿਤ ਸਿੱਖ ਆਚਾਰ ਵਿਹਾਰ**

ਅਧਿਆਇ ਚੌਥਾ ........................................................................ 124-185

**ਸਿੱਖ ਆਚਾਰ ਵਿਹਾਰ: ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਵਿਸ਼ੇਸ਼ ਹਵਾਲੇ ਨਾਲ**

ਸਾਰ ........................................................................ 186-189

ਪੁਸਤਕ ਸੂਚੀ ........................................................................ 190-197


Scanned by CamScanner